# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 12 | Issue 4 | 26 January 2022 to 1 February 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਪੰਜਾਬ ਵਿਚ ਪਹਿਲੀ ਵਾਰ ਹੋਣਗੇ ਪੰਜ ਕੋਣੀ ਮੁਕਾਬਲੇ

**✪ ਕਿਸਾਨ ਮਾਲਵੇ, ਮਾਝੇ ਵਿਚ ਤੇ ਬਸਪਾ ਦੁਆਬੇ ਵਿਚ ਹੋਂਦ ਉਜਾਗਰ ਕਰਨ ਲਗੀ ✪ ਬਾਦਲ ਦਲ ਆਪਣੀ ਸਥਿਤੀ ਸੁਧਾਰਨ ਲਗਾ ✪ ਕਾਂਗਰਸ ਪਾਟੋਧਾੜ ਵਲ, ਸਿੱਧੂ ਤੇ ਚੰਨੀ ਦੀ ਜੰਗ ਕਾਂਗਰਸ ਲਈ ਧਰਮ ਸੰਕਟ ✪ ਆਪ ਮਾਲਵੇ ਦੇ ਕੁਝ ਖੇਤਰਾਂ ਵਿਚ ਸੀਮਤ ✪ ਹਾਈ ਕੋਰਟ ਵੱਲੋਂ ਮਜੀਠੀਆ ਦੀ ਜ਼ਮਾਨਤ ਰੱਦ ਹੋਣ ਕਾਰਨ ਬਾਦਲ ਦਲ ਧਰਮ ਸੰਕਟ ਵਿਚ , ਕਾਂਗਰਸ ਵਲੋ ਮਜੀਠੀਆ ਦੀ ਗ੍ਰਿਫ਼ਤਾਰੀ ਦੀ ਮੰਗ ✪ ਬੇਅਦਬੀ ਦਾ ਮੁਦਾ ਸਤਾਧਾਰੀ ਪਾਰਟੀਆਂ ਦਾ ਨੁਕਸਾਨ ਕਰੇਗਾ**

**ਬਘੇਲ ਸਿੰਘ ਧਾਲੀਵਾਲ**

ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਜਿਹਾ ਪਹਿਲੀ ਵਾਰ ਹੋਣ ਜਾ ਰਿਹਾ ਹੈ ਕਿ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਪੰਜ ਕੋਣੀ ਮੁਕਾਬਲੇ ਹੋਣ ਜਾ ਰਹੇ ਹਨ। ਇਨਾਂ ਮੁਕਾਬਲਿਆਂ 'ਚ ਕਾਂਗਰਸ, ਆਪ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ, ਭਾਜਪਾ, ਕੈਪਟਨ, ਢੀਂਡਸਾ ਗਠਜੋੜ ਅਤੇ 22 ਕਿਸਾਨ ਜਥੇਬੰਦੀਆਂ ਵੱਲੋਂ ਬਣਾਏ ਗਏ ਸੰਯੁਕਤ ਸਮਾਜ ਮੋਰਚਾ ਵੱਲੋਂ ਵਿਧਾਨ ਸਭਾ ਚੋਣਾਂ ਲਈ ਪੂਰੀ ਤਿਆਰੀ ਕੀਤੀ ਜਾ ਚੁੱਕੀ ਹੈ। ਇਹ ਪੰਜੇ ਧਿਰਾਂ ਦਾਅਵਾ ਕਰ ਰਹੀਆਂ ਹਨ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਉਨਾਂ ਦੀ ਹੀ ਜਿੱਤ ਹੋਵੇਗੀ ਅਤੇ ਉਨਾਂ ਦੀ ਹੀ ਸਰਕਾਰ ਬਣੇਗੀ। ਪੰਜੇ ਧਿਰਾਂ ਵੱਲੋਂ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਗਿਆ ਹੈ। ਭਾਜਪਾ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਲਈ ਕਾਂਗਰਸ ਤੋਂ ਬਾਗੀ ਹੋਏ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਬਾਦਲ ਤੋਂ ਬਾਗੀ ਹੋਏ ਸੁਖਦੇਵ ਸਿੰਘ ਢੀਂਡਸਾ ਦੇ ਸਹਿਯੋਗ ਨਾਲ ਸਾਰੀਆਂ ਸੀਟਾਂ ਲੜਨ ਲਈ ਸਰਗਰਮ ਹੈ।ਕੈਪਟਨ ਅਮਰਿੰਦਰ ਸਿੰਘ ਨੂੰ ਆਸ ਹੈ ਕਿ ਕਾਂਗਰਸ ਤੋਂ ਟਿਕਟਾਂ ਨਾ ਮਿਲਣ ਤੋਂ ਨਿਰਾਸ਼ ਆਗੂ ਉਨਾਂ ਵੱਲ ਆ ਸਕਦੇ ਹਨ। ਪਰ ਹਾਲੇ ਤਕ ਵਡਾ ਕਾਂਗਰਸੀ ਉਮੀਦਵਾਰ ਉਸਦੇ ਖੇਮੇ ਵਿਚ ਨਹੀਂ ਆਇਆ। ਇਸੇ ਤਰਾਂ ਅਕਾਲੀ ਦਲ ਬਾਦਲ ਤੋਂ ਨਾਰਾਜ਼ ਆਗੂਆਂ ਨੂੰ ਭਾਜਪਾ ਗਠਜੋੜ ਵਿਚ ਲਿਆਉਣ ਲਈ ਭਾਜਪਾ ਵੱਲੋਂ ਸੁਖਦੇਵ ਸਿੰਘ ਢੀਂਡਸਾ ਸਰਗਰਮ ਹੈ । ਪਰ ਢੀਂਡਸਾ ਕਾਮਯਾਬ ਨਹੀਂ ਹੋ ਰਹੇ।ਪੰਜਾਬ ਵਿਚ ਪੰਜਵੀਂ ਧਿਰ ਵਜੋਂ ਉੱਭਰ ਕੇ ਆਏ ਸੰਯੁਕਤ ਸਮਾਜ ਮੋਰਚਾ ਨੂੰ ਆਸ ਹੈ ਕਿ ਮੋਰਚਾ ਪੰਜਾਬ ਵਿਚ ਅਗਲੀ ਸਰਕਾਰ ਬਣਾਏਗਾ। ਭਾਵੇਂ ਕਿ ਅਨੇਕਾਂ ਕਿਸਾਨ ਜਥੇਬੰਦੀਆਂ ਨੇ ਵਿਧਾਨ ਸਭਾ ਚੋਣਾਂ ਤੋਂ ਕਿਨਾਰਾ ਕੀਤਾ ਹੈ ਅਤੇ ਗੁਰਨਾਮ ਸਿੰਘ ਚਢੂਨੀ ਗਰੁੱਪ ਨਾਲ ਸੰਯੁਕਤ ਸਮਾਜ ਮੋਰਚੇ ਦਾ ਚੋਣ ਗਠਜੋੜ ਹੋ ਗਿਆ ਹੈ।




**ਨਾਮਜ਼ਦਗੀ ਦਾਖ਼ਲ ਕਰਨ ਸਮੇਂ ਉਮੀਦਵਾਰ ਨਾਲ 2 ਵਿਅਕਤੀ ਹੀ ਜਾ ਸਕਣਗੇ**

ਚੋਣ ਕਮਿਸ਼ਨ ਭਾਰਤ ਵਲੋਂ ਜਾਰੀ ਹਦਾਇਤਾਂ ਅਨੁਸਾਰ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿਖੇ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਉਮੀਦਵਾਰ ਨਾਲ 2 ਵਿਅਕਤੀ ਹੀ ਜਾ ਸਕਣਗੇ ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਫ਼ਸਰ ਪੰਜਾਬ ਡਾ: ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵਲੋਂ ਪਹਿਲਾਂ ਤੋਂ ਜਾਰੀ ਹਦਾਇਤਾਂ ਵਿਚ ਸੋਧ ਕਰਦੇ ਹੋਏ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਨਾਲ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ 5 ਤੋਂ ਘਟਾ ਕੇ 2 ਕਰ ਦਿੱਤੀ ਗਈ ਹੈ, ਇਸ ਦੇ ਨਾਲ ਹੀ ਨਾਮਜ਼ਦਗੀ ਪੱਤਰ ਦਾਖਲ ਕਰਨ ਜਾਣ ਲਈ ਪਹਿਲਾਂ ਤੋਂ 3 ਗੱਡੀਆਂ ਦੀ ਗਿਣਤੀ ਨੂੰ ਘਟਾ ਕੇ 2 ਕਰ ਦਿੱਤਾ ਗਿਆ ਹੈ । ਉਨਾਂ ਦੱਸਿਆ ਕਿ ਉਮੀਦਵਾਰ ਜ਼ਮਾਨਤ ਰਾਸ਼ੀ ਆਨਲਾਈਨ ਵਿਧੀ ਰਾਹੀਂ ਜਮਾਂ ਕਰਵਾ ਸਕਦਾ ਹੈ ।ਇਸ ਤੋਂ ਇਲਾਵਾ ਖ਼ਜ਼ਾਨੇ 'ਵਿਚ ਜ਼ਮਾਨਤ ਰਾਸ਼ੀ ਜਮਾਂ ਕਰਵਾਉਣ ਦੀ ਸਹੂਲਤ ਵੀ ਉਪਲਬਧ ਹੈ । ਸੀ.ਈ.ਓ ਨੇ ਦੱਸਿਆ ਕਿ ਉਮੀਦਵਾਰ ਆਨਲਾਈਨ ਵਿਧੀ ਰਾਹੀਂ ਆਪਣਾ ਵੋਟਰ ਪ੍ਰਮਾਣ ਪੱਤਰ ਵੀ ਹਾਸਿਲ ਕਰ ਸਕਦਾ ਹੈ ।ਭਾਰਤੀ ਚੋਣ ਕਮਿਸ਼ਨ ਵਲੋਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਨਾਮਜ਼ਦਗੀ ਪੱਤਰ ਦੇ ਹਿੱਸੇ ਫਾਰਮ ਨੰਬਰ 26 'ਵਿਚ ਸੋਧ ਕਰ ਦਿੱਤੀ ਗਈ ਹੈ ਅਤੇ ਵਿਧਾਨ ਸਭਾ ਜਾਂ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਇਹ ਲਾਜ਼ਮੀ ਕਰ ਦਿੱਤਾ ਗਿਆ ਹੈ ਕਿ ਉਹ ਆਪਣੇ ਵਿਰੁੱਧ ਚੱਲ ਰਹੇ ਅਪਰਾਧਿਕ ਮਾਮਲਿਆਂ ਬਾਰੇ ਜਾਂ ਜਿਨਾਂ ਵਿਚ ਉਨਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਬਾਰੇ ਪੂਰੀ ਜਾਣਕਾਰੀ ਆਪਣੀ ਪਾਰਟੀ ਅਤੇ ਆਮ ਲੋਕਾਂ ਨੂੰ ਅਖ਼ਬਾਰ ਅਤੇ ਬਿਜਲਈ ਮੀਡੀਆ ਰਾਹੀਂ ਦੇਣ ।

**ਚੋਣ ਸਰਵੇਖਣ ਝੂਠੇ**

ਬਹੁਤੇ ਟਿੱਪਣੀਕਾਰ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਇਸ ਵਾਰ ਪੰਜਾਬ ਦਾ ਚੋਣ ਦ੍ਰਿਸ਼ ਵਧੇਰੇ ਪਾਰਟੀਆਂ ਚੋਣ ਮੈਦਾਨ ਵਿਚ ਹੋਣ ਕਰਕੇ ਕਾਫੀ ਗੁੰਝਲਦਾਰ ਹੈ। ਇਸ ਕਰਕੇ ਚੋਣਾਂ ਦੇ ਨਤੀਜਿਆਂ ਸੰਬੰਧੀ ਕੋਈ ਸਟੀਕ ਭਵਿੱਖਬਾਣੀ ਕਰਨੀ ਬੇਹੱਦ ਮੁਸ਼ਕਿਲ ਹੈ। ਇਨਾਂ ਅਖੌਤੀ ਚੋਣ ਸਰਵੇਖਣਾਂ ਵਿਚ ਆਮ ਆਦਮੀ ਪਾਰਟੀ ਨੂੰ ਪਹਿਲੇ ਨੰਬਰ 'ਤੇ, ਕਾਂਗਰਸ ਨੂੰ ਦੂਜੇ ਅਤੇ ਅਕਾਲੀ ਦਲ-ਬਸਪਾ ਗੱਠਜੋੜ ਨੂੰ ਤੀਜੇ ਸਥਾਨ 'ਤੇ ਦਿਖਾਇਆ ਗਿਆ ਹੈ। ਏ.ਬੀ.ਪੀ. ਨਿਊਜ਼-ਸੀ ਵੋਟਰ ਦਾ ਸਰਵੇ ਕਾਂਗਰਸ ਨੂੰ 37-43, ਆਪ ਨੂੰ 52-58, ਅਕਾਲੀ ਦਲ ਨੂੰ 17-23 ਅਤੇ ਭਾਜਪਾ ਨੂੰ 1 ਤੋਂ 3 ਸੀਟਾਂ ਦੇ ਰਿਹਾ ਹੈ। ਇੰਡੀਆ ਅਹੈੱਡ-ਈ.ਟੀ.ਜੀ. ਸਰਵੇ ਕਾਂਗਰਸ ਨੂੰ 40-44, ਆਪ ਨੂੰ 59-64, ਅਕਾਲੀ ਦਲ ਨੂੰ 8-11 ਅਤੇ ਭਾਜਪਾ ਨੂੰ 1-2 ਸੀਟਾਂ ਦੇ ਰਿਹਾ ਹੈ। ਰਿਪਬਲਿਕ-ਪੀ ਮਾਰਕ ਸਰਵੇ ਕਾਂਗਰਸ ਨੂੰ 42-48, ਆਪ ਨੂੰ 50-56, ਅਕਾਲੀ ਦਲ ਨੂੰ 13-17, ਭਾਜਪਾ 1-3 ਸੀਟਾਂ ਦੇ ਰਿਹਾ ਹੈ। ਨਿਊਜ਼ਐਕਸ-ਪੋਲਸਟਾਰਟ ਸਰਵੇ ਕਾਂਗਰਸ ਨੂੰ 40-45, ਆਪ ਨੂੰ 47-52, ਅਕਾਲੀ ਦਲ ਨੂੰ 22-26 ਅਤੇ ਭਾਜਪਾ ਨੂੰ 1-2 ਸੀਟਾਂ ਦੇ ਰਿਹਾ ਹੈ। ਟਾਈਮਜ਼ ਨਾਉ ਵੋਟਰ ਸਰਵੇ ਕਾਂਗਰਸ ਨੂੰ 41-47, ਆਪ ਨੂੰ 54-58, ਅਕਾਲੀ ਦਲ ਨੂੰ 11-15 ਅਤੇ ਭਾਜਪਾ ਨੂੰ 1-3 ਸੀਟਾਂ ਦੇ ਰਿਹਾ ਹੈ। ਜ਼ੀ-ਡਿਜ਼ਾਈਨ ਬਾਕਸਡ ਸਰਵੇ ਕਾਂਗਰਸ ਨੂੰ 35-38, ਆਪ ਨੂੰ 36-39, ਅਕਾਲੀ ਦਲ ਨੂੰ 32-35 ਅਤੇ ਭਾਜਪਾ ਨੂੰ 4-7 ਸੀਟਾਂ ਦੇ ਰਿਹਾ ਹੈ।

ਉਪਰੋਕਤ ਚੋਣ ਸਰਵੇਖਣਾਂ ਵਿਚੋਂ ਸਿਰਫ ਇਕ ਚੋਣ ਸਰਵੇਖਣ ਵਿਚ ਹੀ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਮਿਲਦਾ ਦਿਖਾਇਆ ਗਿਆ ਹੈ। **ਬਾਕੀ ਸਫ਼ਾ 29 'ਤੇ**

## ਪੰਜਾਬ ਦੀ ਇੱਕ ਹੋਰ ਧੀ ਨੀਨਾ ਪੁਰੇਵਾਲ ਜੱਜ ਬਣੀ



**ਸਰੀ/ਏ.ਟੀ.ਨਿਊਜ਼ :-** ਉਂਝ ਤਾਂ ਪੰਜਾਬੀ ਜਿਥੇ ਵੀ ਜਾਂਦੇ ਹਨ ਉਥੇ ਹੀ ਆਪਣੀ ਛਾਪ ਛੱਡ ਦਿੰਦੇ ਹਨ, ਪ੍ਰੰਤੂ ਇਥੇ ਅਸੀਂ ਤੁਹਾਨੂੰ ਪੰਜਾਬ ਦੀ ਇੱਕ ਉਸ ਧੀ ਬਾਰੇ ਦੱਸ ਰਹੇ ਹਾਂ, ਜਿਸ ਨੇ ਕੈਨੇਡਾ ਦੀ ਸਰਕਾਰ ਵਿੱਚ ਵੱਡੇ ਅਹੁਦੇ ਦਾ ਮਾਣ ਹਾਸਲ ਕੀਤਾ ਹੈ। ਇਸ ਪੰਜਾਬ ਦੀ ਧੀ ਦਾ ਨਾਂ ਨੀਨਾ ਪੁਰੇਵਾਲ ਹੈ, ਜਿਸ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਜੱਜ ਬਣਨ ਦਾ ਮਾਣ ਹਾਸਲ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਨੀਨਾ ਪੁਰੇਵਾਲ ਨਾਲ ਦੋ ਹੋਰ ਨਵੇਂ ਜੱਜ ਸਕਾਟ ਮੁਲਡਰ ਅਤੇ ਮਾਈਕਲ ਮੁਨਰੋ ਵੀ ਨਿਯੁਕਤ ਕੀਤੇ ਗਏ ਹਨ। ਸਰਕਾਰ ਵੱਲੋਂ ਕਿਹਾ ਗਿਆ ਕਿ ਉਹ 31 ਜਨਵਰੀ 2022 ਤੋਂ ਆਪਣਾ ਅਹੁਦਾ ਸੰਭਾਲ ਲੈਣਗੇ।

ਨੀਨਾ ਪੁਰੇਵਾਲ ਉੱਤਰੀ ਖੇਤਰ ਵਿੱਚ ਆਪਣੀ ਜ਼ਿੰਮੇਵਾਰੀ ਸੰਭਾਲਣਗੇ। ਬੀਸੀ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਕਿ ਉਨਾਂ ਦੀ ਨਿਯੁਕਤੀ ਨਾਲ ਚੱਲ ਰਹੇ ਉੱਤਰੀ ਜ਼ਮਾਨਤ ਪਾਇਲਟ ਪ੍ਰੋਜੈਕਟ ਲਈ ਮਦਦ ਮਿਲੇਗੀ। ਨੀਨਾ ਪੁਰੇਵਾਲ ਨੇ ਵਿਕਟੋਰੀਆ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ, 2005 ਵਿੱਚ ਗ੍ਰੈਜੂਏਸ਼ਨ ਕੀਤੀ ਅਤੇ 2013 ਵਿੱਚ ਆਕਸਫੋਰਡ ਯੂਨੀਵਰਸਿਟੀ ਤੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਪੰਜਾਬ ਦੀ ਇਸ ਧੀ ਨੇ ਕਾਨੂੰਨੀ ਖੇਤਰ ਵਿੱਚ ਆਪਣੇ ਕਰੀਅਰ ਦੌਰਾਨ ਤਨਜ਼ਾਨੀਆ ਵਿੱਚ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਪੀਵੋਟ ਲੀਗਲ ਸੋਸਾਇਟੀ/ਐਲਐਲਪੀ ਲਈ ਸੂਬਾਈ ਸਰਕਾਰ ਦੇ ਚਾਈਲਡ ਐਂਡ ਯੂਥ ਐਡਵੋਕੇਟ ਵਜੋਂ ਅਤੇ ਡਿਊਟੀ ਸਲਾਹਕਾਰ ਵਜੋਂ ਵੀ ਕੰਮ ਕੀਤਾ।

## 26 ਜਨਵਰੀ : ਬਲੈਕ ਡੇ ਅਤੇ ਫਲੈਗ ਡੇ



26 ਜਨਵਰੀ ਭਾਰਤੀ ਵਿਧਾਨ ਠੋਸੇ ਜਾਣ ਕਰ ਕੇ ਸਿੱਖ ਕੌਮ ਲਈ 'ਬਲੈਕ ਡੇ' ਤਾਂ ਹੈ ਹੀ, ਪਰ ਪਿੱਛਲੇ ਸਾਲ ਕਿਸਾਨ ਮੋਰਚੇ ਦੌਰਾਨ ਜੁਗਰਾਜ ਸਿੰਘ ਤੇ ਹੋਰ ਨੌਜਵਾਨਾਂ ਵੱਲੋਂ ਲਾਲ ਕਿਲੇ ਉਤੇ ਖਾਲਸਈ ਨਿਸ਼ਾਨ ਝੁਲਾਏ ਜਾਣ ਕਰ ਕੇ 'ਫਲੈਗ ਡੇ' ਵੀ ਬਣ ਗਿਆ ਹੈ ।

ਇਸ 'ਫਲੈਗ ਡੇ' ਤੇ ਉਹਨਾਂ ਸਾਰੇ ਨੌਜਵਾਨਾਂ ਨੂੰ ਜਿਨ੍ਹਾਂ ਨੇ ਲਾਲ ਕਿਲੇ ਉਤੇ ਖਾਲਸਈ ਝੰਡਾ ਝੁਲਾਇਆ, ਅਤੇ ਝੁਲਾਏ ਜਾਣ ਦੀ ਹਮਾਇਤ ਕੀਤੀ, ਫਲੈਗ ਡੇ ਮੁਬਾਰਕ ਹੋਵੇ । ਇਹ ਝੰਡਾ ਝੁਲਾਇਆ ਜਾਣਾ ਭਾਵੇਂ ਇੱਕ ਸਿੰਬਾਲਿਕ ਕਾਰਵਾਈ ਸੀ, ਪਰ ਇਸ ਨੇ ਆਜ਼ਾਦੀ ਪਸੰਦ ਸਿੱਖ ਜਜ਼ਬਾਤਾਂ ਦੀ ਤਰਜਮਾਨੀ ਕਰ ਕੇ ਇਤਿਹਾਸ ਵਿੱਚ ਆਪਣੀ ਵਿਸੇਸ਼ ਥਾਂ ਬਣਾ ਲਈ ਹੈ । ਸਿੱਖ ਕੌਮ ਦੇ ਮਨਾਂ ਵਿੱਚ ਸਦੈਵ ਸਮਿਆਂ ਲਈ ਇਸ ਸੰਘਰਸ਼ ਦੀ ਯਾਦ ਦਿਵਾਉਂਦਾ ਰਹੇਗਾ । ਸਿੱਖ ਕੌਮ ਦੀ ਸੂਰਬੀਰਤਾ ਅੱਜ ਵੀ ਜਿਊਂਦੀ ਹੈ ਅੱਜ ਵੀ ਨੌਜਵਾਨਾਂ ਦੇ ਦਿਲਾਂ ਵਿੱਚ ਆਪਣੀ ਕੌਮ ਲਈ ਮਰ ਮਿਟਣ ਦਾ ਜਜ਼ਬਾ ਕਾਇਮ ਹੈ ।

**ਗਜਿੰਦਰ ਸਿੰਘ, ਦਲ ਖਾਲਸਾ**

# ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਜਥੇਦਾਰ ਹਰਪ੍ਰੀਤ ਸਿੰਘ ਚਿੰਤਤ

**✪ ਕਿਹਾ ਕਿ ਸਰਕਾਰ ਦੀਆਂ ਏਜੰਸੀਆਂ ਦੋਸ਼ੀਆਂ ਨੂੰ ਫੜਨ ਵਿੱਚ ਬੁਰੀ ਤਰਾਂ ਫੇਲ**

**✪ ਮੌਕੇ 'ਤੇ ਫੜੇ ਦੋਸ਼ੀਆਂ ਨੂੰ ਪ੍ਰਸ਼ਾਸਨ ਵੱਲੋਂ ਪਾਗਲ ਕਰਾਰ ਦਿੱਤਾ ਜਾਂਦਾ**

**ਅੰਮ੍ਰਿਤਸਰ/ਏ.ਟੀ.ਨਿਊਜ਼:** ਪੰਜਾਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਦਰਮਿਆਨ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਬੇਅਦਬੀਆਂ ਕੌਣ ਕਰਵਾ ਰਿਹਾ ਹੈ ਤੇ ਇਨਾਂ ਦੇ ਪਿੱਛੇ ਕੌਣ ਸਾਜ਼ਿਸ਼ਕਰਤਾ ਹੈ, ਇਹ ਖੋਜ ਕਰਨ 'ਚ ਸਰਕਾਰ ਬੁਰੀ ਤਰਾਂ ਅਸਫ਼ਲ ਹੋਈ ਹੈ। ਉਨਾਂ ਕਿਹਾ ਕਿ ਭਾਰਤ ਸਰਕਾਰ ਦੀਆਂ ਏਜੰਸੀਆਂ ਬੁਰੀ ਤਰਾਂ ਫੇਲ ਹੋ ਗਈਆਂ ਹਨ। ਉਨਾਂ ਕਿਹਾ ਕਿ ਜਿਹੜਾ ਵੀ ਦੋਸ਼ੀ ਮੌਕੇ 'ਤੇ ਫੜਿਆ ਜਾਂਦਾ ਹੈ, ਉਸ ਨੂੰ ਪ੍ਰਸ਼ਾਸਨ ਵੱਲੋਂ ਪਾਗਲ ਕਰਾਰ ਦੇ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਤੇ ਪੰਜਾਬ ਸਰਕਾਰ



ਦਾ ਤੰਤਰ ਬੁਰੀ ਤਰਾਂ ਫੇਲ ਹੋਇਆ ਹੈ। ਉਨਾਂ ਕਿਹਾ ਕਿ ਜੇ ਵੱਡੇ-ਵੱਡੇ ਘਪਲਿਆਂ ਦਾ ਪਰਦਾਫਾਸ਼ ਹੋ ਜਾਂਦਾ ਹੈ ਤਾਂ ਸਿੱਖਾਂ ਦੇ ਮਾਮਲੇ 'ਚ ਦੋਸ਼ੀਆਂ ਨੂੰ ਏਜੰਸੀਆਂ ਕਿਉਂ ਨਹੀਂ ਫੜ ਰਹੀਆਂ। ਉਨਾਂ ਕਿਹਾ ਕਿ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸ ਤਰਾਂ ਲੱਗ ਰਿਹਾ ਹੈ, ਜਿਵੇਂ ਜਾਣਬੁੱਝ ਕੇ ਸਿੱਖ ਮਨਾਂ ਨੂੰ ਠੇਸ ਪਹੁੰਚਾਉਣ ਲਈ ਇਹ ਸਭ ਕੀਤਾ ਜਾ ਰਿਹਾ ਹੈ।

ਉਨਾਂ ਗੁਰਦੁਆਰਾ ਕਮੇਟੀਆਂ ਤੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਵਧਾਨੀ ਵਰਤਣ ਤੇ ਸੀ. ਸੀ. ਟੀ. ਵੀ. ਕੈਮਰੇ ਲਗਵਾਏ ਜਾਣ ਤਾਂ ਕਿ ਕੋਈ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਨਮਾਨ ਨੂੰ ਢਾਅ ਲਾਉਣ ਦੀ ਕੋਸ਼ਿਸ਼ ਨਾ ਕਰ ਸਕੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਪੁਰਾਤਨ ਦਰਵਾਜੇ ਕੇਂਦਰੀ ਅਜਾਇਬਘਰ ਕੀਤੇ ਸੁਸ਼ੋਭਿਤ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨੀ ਡਿਉੜੀ ਦੇ 1835 ਈਸਵੀਂ ਵਿਚ ਲਗਾਏ ਦਰਵਾਜੇ ਜੋ ਕਿ ਗਏ ਜੋ ਲਗਭਗ 175 ਸਾਲ ਦਾ ਸਮਾਂ ਲੱਗੇ ਰਹੇ ਹਨ, ਇਨਾਂ ਨੂੰ ਕੇਂਦਰੀ ਸਿੱਖ ਅਜਾਇਬਘਰ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਸ਼ੁਸ਼ੋਬਿਤ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸਥਿਤ ਦਰਸ਼ਨੀ ਡਿਉੜੀ ਦੇ ਇਤਿਹਾਸਕ ਦਰਵਾਜੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਲਗਾਏ ਗਏ ਸਨ, ਜਿਨਾਂ ਦੇ ਇਤਿਹਾਸ ਨੂੰ ਸੋਮ ਨਾਥ ਦੇ ਮੰਦਰ ਨਾਲ ਵੀ ਜੋੜਿਆਂ ਜਾਂਦਾ ਰਿਹਾ ਹੈ, ਜਿਸ ਸਬੰਧੀ ਅੱਜ ਵੀ ਸਵਾਲਿਆ ਚਿੰਨ ਹੀ ਪੈਦਾ ਹੁੰਦਾ ਆ ਰਿਹਾ ਹੈ। ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਨਵੇਂ ਤਿਆਰ ਕੀਤੇ ਗਏ ਦਰਵਾਜ਼ਿਆਂ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਪਾਸੋਂ ਕਾਰ ਸੇਵਾ ਰਾਹੀਂ ਤਿਆਰ ਕਰਵਾ ਕੇ 6 ਅਕਤੂਬਰ 2018 ਨੂੰ ਸੁਸ਼ੋਭਿਤ ਕਰ ਦਿੱਤੇ ਸਨ। ਇਨਾਂ ਨਵੇਂ ਦਰਵਾਜਿਆਂ ਵਿਚ ਹਾਥੀ ਦੰਦ ਦੀ ਵਰਤੋਂ 'ਤੇ ਪਾਬੰਦੀ ਹੋਣ ਕਾਰਨ ਸਮੁੰਦਰੀ ਸਿਪੀ ਦਾ ਇਸਤਮਾਲ ਕੀਤਾ ਗਿਆ



ਸੀ। ਦੱਸਣਯੋਗ ਹੈ ਕਿ ਇਨਾਂ ਨੂੰ ਹੂ-ਬ-ਹੂ ਬਣਾਉਣ ਲਈ ਕਾਰ ਸੇਵਾ ਬਾਬਾ ਕਸ਼ਮੀਰਾ ਸਿੰਘ ਭੂਰੀ ਵਾਲਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 4 ਜੁਲਾਈ 2010 ਨੂੰ ਸੇਵਾ ਸੌਂਪੀ ਸੀ। ਆਰਜੀ ਤੌਰ 'ਤੇ ਸਾਗਵਾਨ ਲੱਕੜ ਅਤੇ ਲੌਹੇ (ਸਟੀਲ) ਦੀ ਚਦਰ ਨਾਲ ਤਿਆਰ ਕੀਤੇ ਦਰਵਾਜੇ ਉਸ ਸਮੇਂ ਲਗਾ ਦਿੱਤੇ ਸਨ। ਨਵੇਂ ਤਿਆਰ ਹੋਏ ਦਰਵਾਜਿਆਂ 'ਤੇ ਕਾਲੀ ਟਾਹਲੀ ਦੀਆਂ ਤਕਰੀਬਨ 10 ਸਤੀਰੀਆਂ 100 ਕਿਲੋ ਚਾਂਦੀ ਅਤੇ 110 ਕਿੱਲੋ ਦੇ ਕਰੀਬ ਹਾਥੀ ਦੰਦ ਜਿਸ ਨੂੰ ਤਰਾਸ਼ ਕੇ ਸੋਨੇ ਦੀਆਂ ਮੇਖਾਂ ਨਾਲ ਜੜਨਾ ਸੀ, ਪਰ ਇਸ ਦੀ ਥਾਂ ਸਿਪੀਆਂ ਦਾ ਇਸਤੇਮਾਲ ਕੀਤਾ ਗਿਆ ਸੀ। ਦਰਵਾਜਿਆਂ 'ਤੇ ਲੱਕੜ ਅਤੇ ਚਾਂਦੀ ਦਾ ਕੰਮ ਤਕਰੀਬਨ ਜੁਲਾਈ 2013 ਵਿਚ ਹੋ ਚੁੱਕਾ ਸੀ ਅਤੇ ਇਸ ਉਪਰ ਹੋਣ ਵਾਲੇ ਹਾਥੀ ਦੰਦ ਦਾ ਕੰਮ ਜਾਰੀ ਸੀ ਅਤੇ ਹਾਥੀ ਦੰਦ ਦੇ ਇਸਤੇਮਾਲ ਕੀਤੇ ਜਾਣ 'ਤੇ ਪਾਬੰਧੀ ਹੋਣ ਕਾਰਨ ਆਖਰ ਕਮੇਟੀ ਨੇ ਇਸ ਦੇ ਬਦਲ ਦੀ ਥਾਂ ਸਿਪੀ ਲਗਾਉਣ ਦਾ ਮੰਨ ਬਣਾਇਆ ਸੀ, ਜਿਸ ਦੀ ਸੇਵਾ 6 ਅਕਤੂਬਰ 2018 ਨੂੰ ਮੁਕੰਮਲ ਕੀਤੀ ਸੀ। ਉਸ ਤੋਂ ਬਾਅਦ ਪੁਰਾਤਨ ਦਰਵਾਜੇ 4 ਜੁਲਾਈ 2010 ਤੋਂ ਹੀ ਪਰਿਕਰਮਾ ਦੇ ਬਰਾਂਡੇ ਵਿਚ ਹੀ ਰੱਖੇ ਹੋਏ ਸਨ, ਜਿਨਾਂ ਨੂੰ ਆਖਰ ਹੁਣ ਕੇਂਦਰੀ ਸਿੱਖ ਅਜਾਇਬਘਰ ਵਿਚ ਸ਼ੁਸ਼ੋਬਿਤ ਕਰ ਦਿੱਤਾ ਹੈ।

# ਬਾਦਲਾਂ ਨਾਲ ਰਲ ਕੇ ਡੇਰਾ ਮੁਖੀ ਨੇ ਬੇਅਦਬੀਆਂ ਕਰਵਾਈਆਂ : ਮਾਨ ਨੇ ਲਗਾਏ ਦੋਸ਼

## ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਪਿੰਡ ਠੀਕਰੀਵਾਲਾ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ

**ਮਹਿਲ ਕਲਾ/ਏ.ਟੀ.ਨਿਊਜ਼ :** ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਪਿੰਡ ਠੀਕਰੀਵਾਲਾ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਲ 2015 ਵਿਚ ਬਰਗਾੜੀ ਵਿਚ ਡੇਰਾ ਸਿਰਸਾ ਮੁਖੀ ਨੇ ਬਾਦਲਾਂ ਨਾਲ ਸਾਜ਼ਿਸ਼ ਘੜ ਕੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ।

ਇਸ ਮਾਮਲੇ ਵਿਚ ਇਨਸਾਫ ਲੈਣ ਲਈ ਪਿਛਲੇ 200 ਦਿਨ ਤੋਂ ਬਰਗਾੜੀ ਵਿੱਚ ਮੋਰਚਾ ਲਾਇਆ ਹੋਇਆ ਹੈ। ਇਸ ਮੌਕੇ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਿਸਾਨ ਵਿੰਗ ਦੇ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਅਦਾਕਾਰ ਦੀਪ ਸਿੱਧੂ ਨੇ ਵੀ ਸ਼ਹੀਦ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲਾ ਪ੍ਰਧਾਨ ਨਿਰਭੈ ਸਿੰਘ ਛੀਨੀਵਾਲ ਨੇ ਕਿਹਾ ਕਿ ਸੇਵਾ ਸਿੰਘ ਠੀਕਰੀਵਾਲਾ ਨੇ 9 ਮਹੀਨੇ ਦੀ ਲੰਮੀ ਭੁੱਖ ਹੜਤਾਲ ਕੀਤੀ। ਇਸ ਸਮੇਂ ਦੌਰਾਨ ਉਨਾਂ ਨੂੰ ਤਸੀਹੇ ਦਿੱਤੇ ਗਏ ਜਿਸ ਤੋਂ ਬਾਅਦ ਉਨਾਂ ਪਟਿਆਲਾ ਜੇਲ 'ਚ ਰਜਵਾੜਾਸ਼ਾਹੀ ਖ਼ਿਲਾਫ਼ ਲੜਦਿਆਂ ਸ਼ਹਾਦਤ ਦਿੱਤੀ। ਉਨਾਂ ਦੱਸਿਆ ਕਿ ਕਿਸਾਨ ਲਹਿਰ ਨੂੰ ਉਨਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਮਿਲੀ।

# ਗੁਰਦੁਆਰਾ ਸਾਹਿਬ ਵਿੱਚ ਚੋਰੀ ਕਰਨ ਆਇਆ ਕਾਬੂ

## ਬੇਅਦਬੀ ਦੀ ਵੀ ਕਬੂਲੀ ਗੱਲ

ਭਿੰਡੀ ਸੈਦਾਂ-ਥਾਣਾ ਭਿੰਡੀ ਸੈਦਾਂ ਅਧੀਨ ਆਉਂਦੇ ਪਿੰਡ ਭਿੰਡੀ ਔਲਖ਼ ਕਲਾਂ ਦੇ ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚ ਇੱਕ ਵਿਅਕਤੀ ਵੱਲੋਂ ਪੈਸੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਸਬੰਧੀ ਪੁਲਿਸ ਥਾਣਾ ਭਿੰਡੀ ਸੈਦਾਂ ਦੇ ਮੁੱਖ ਅਫ਼ਸਰ ਕਮਲਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਜਰਨੈਲ ਸਿੰਘ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਕਿ ਬੀਤੀ ਸ਼ਾਮ ਜਦੋਂ ਉਹ ਗੁਰਦਆਰਾ ਸਾਹਿਬ ਵਿਖੇ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਆਇਆ ਤਾਂ ਗੁਰਦੁਆਰਾ ਸਾਹਿਬ ਦੇ ਮੇਨ ਦਰਵਾਜ਼ੇ ਦਾ ਜਿੰਦਰਾ ਟੁੱਟਿਆ ਹੋਇਆ ਸੀ। ਇਸ ਤੋਂ ਬਾਅਦ ਅੰਦਰ ਜਾ ਕੇ ਦੇਖਣ 'ਤੇ ਪਤਾ ਲੱਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰੱਖੀ ਹੋਈ ਗੋਲਕ ਦਾ ਜਿੰਦਰਾ ਵੀ ਟੁੱਟਾ ਹੋਇਆ ਸੀ ਤੇ ਉਸ 'ਚੋਂ ਕਰੀਬ 8000 ਰੁਪਏ ਚੋਰੀ ਕੀਤਾ ਗਿਆ।

ਉਨਾਂ ਕਿਹਾ ਕਿ ਇਸ ਮਾਮਲੇ ਦੀ ਪੁਲਿਸ ਵੱਲੋਂ ਤਫਤੀਸ਼ ਕਰਨ 'ਤੇ ਪਿੰਡ ਦੇ ਸਰਪੰਚ ਜਗਦੀਸ਼ ਸਿੰਘ, ਜਿਸ ਦਾ ਘਰ ਬਿਲਕੁਲ ਗੁਰਦੁਆਰਾ ਸਾਹਿਬ ਦੇ ਗੁਆਂਢ ਵਿੱਚ ਹੈ, ਨੇ ਦੱਸਿਆ ਕਿ ਬੀਤੀ ਸ਼ਾਮ ਜਦ ਉਹ



ਗੁਰਦੁਆਰਾ ਸਾਹਿਬ ਦੇ ਅੱਗੋਂ ਲੰਘ ਰਿਹਾ ਸੀ ਤਾਂ ਗੁਰਸਾਹਿਬ ਸਿੰਘ ਭਿੰਡੀ ਔਲਖ਼ ਗੁਰਦੁਆਰਾ ਸਾਹਿਬ ਦੇ ਅੰਦਰੋਂ ਹੱਥ ਵਿੱਚ ਪੈਸੇ ਲੈ ਕੇ ਨਿਕਲ ਰਿਹਾ ਹੈ, ਜਿਸ ਤੋਂ ਬਾਅਦ ਪੁਲਸ ਵੱਲੋਂ ਗੁਰਸਾਹਿਬ ਸਿੰਘ ਨੂੰ ਕਾਬੂ ਕਰਨ 'ਤੇ ਕੀਤੀ ਪੁੱਛਗਿੱਛ ਦੌਰਾਨ ਉਸ ਨੇ ਚੋਰੀ ਦਾ ਜ਼ੁਰਮ ਕਬੂਲ ਕੀਤਾ ਤੇ ਸੋਸ਼ਲ ਮੀਡੀਆ 'ਤੇ ਬੇਅਦਬੀ ਦੀ ਵੀ ਗੱਲ ਕਬੂਲੀ। ਪੁਲਿਸ ਵੱਲੋਂ ਗੁਰਸਾਹਿਬ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਨ ਤੇ ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰ ਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ,

ਬਾਕੀ ਸਫ਼ਾ 30 'ਤੇ

# ਜਸਤਰਵਾਲ ਬੇਅਦਬੀ ਘਟਨਾ ਬਾਰੇ ਗ੍ਰਿਫ਼ਤਾਰ ਦੋਸ਼ੀ ਦੀ ਸ਼ਨਾਖ਼ਤ

## ਅਦਾਲਤ ਤੇ ਮੈਡੀਕਲ ਰਿਪੋਰਟਾਂ ਅਨੁਸਾਰ ਦੋਸ਼ੀ ਨੂੰ ਪਾਗਲ ਦਸਿਆ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਪਿੰਡ ਜਸਤਰਵਾਲ ਦੇ ਗੁਰਦੁਆਰਾ ਨਾਨਕਸਰ 'ਚ ਪੰਜ ਜਨਵਰੀ ਨੂੰ ਵਾਪਰੀ ਬੇਅਦਬੀ ਦੀ ਘਟਨਾ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮ ਦੀ ਸ਼ਨਾਖਤ ਉਸ ਦੇ ਪਿਤਾ ਤੇ ਰਿਸ਼ਤੇਦਾਰ ਵੱਲੋਂ ਕੀਤੀ ਗਈ ਹੈ। ਇਸ ਦਾ ਖ਼ੁਲਾਸਾ ਜ਼ਿਲਾ ਦਿਹਾਤੀ ਪੁਲਿਸ ਦੇ ਸਾਬਕਾ ਐੱਸਐੱਸਪੀ ਰਕੇਸ਼ ਕੌਸ਼ਲ ਨੇ ਕੀਤਾ ਹੈ।

ਐੱਸਪੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਇਸ ਵਿਅਕਤੀ ਦੀ ਸ਼ਨਾਖ਼ਤ ਜੇਨਾਰੁਲ ਹੱਕ ਪੁੱਤਰ ਰਫੀਕ ਉੱਲ ਇਸਲਾਮ ਵਾਸੀ ਸ਼ਹਿਬਾਜ਼ਪੁਰ, ਚਰਖਾਤੋਲਾ (ਪੱਛਮੀ ਬੰਗਾਲ) ਵਜੋਂ ਹੋਈ ਹੈ। ਉਨਾਂ ਦੱਸਿਆ ਕਿ ਇਸ ਦੇ ਪਿਤਾ ਅਤੇ ਚਚੇਰੇ ਭਰਾ ਨੇ ਇੱਥੇ ਆ ਕੇ ਉਸ ਦੀ ਸ਼ਨਾਖਤ ਕੀਤੀ ਹੈ। ਉਨਾਂ ਦੱਸਿਆ ਕਿ ਜੇਨਾਰੁਲ ਜਦੋਂ 16-17 ਵਰਿਆਂ ਦਾ ਸੀ ਤਾਂ ਘਰ ਛੱਡ ਕੇ ਚਲਾ ਗਿਆ ਸੀ। ਪਿਛਲੇ 7-8 ਵਰਿਆਂ ਤੋਂ ਉਹ ਲਾਪਤਾ ਸੀ। ਉਨਾਂ ਪੁਲਿਸ ਨੂੰ ਦੱਸਿਆ ਕਿ ਸ਼ੁਰੂ ਤੋਂ ਹੀ ਮਾਨਸਿਕ ਹਾਲਤ ਠੀਕ ਨਹੀਂ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ 'ਤੇ ਵੀ ਇਸ ਦੀ ਮੈਡੀਕਲ ਜਾਂਚ ਕਰਾਈ ਹੈ ਅਤੇ ਰਿਪੋਰਟ ਵਿਚ ਉਸ ਦੀ ਮਾਨਸਿਕ ਹਾਲਤ ਠੀਕ ਨਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਨੇ ਬੇਅਦਬੀ ਘਟਨਾ ਕਿਸੇ ਸਾਜ਼ਿਸ਼ ਤਹਿਤ ਜਾਂ ਜਾਣਬੁਝ ਕੇ ਨਹੀਂ ਕੀਤੀ। ਮੁਲਜ਼ਮ ਦੀ ਗ੍ਰਾਮ ਪੰਚਾਇਤ ਵੱਲੋਂ ਭੇਜਿਆ ਇੱਕ ਸਰਟੀਫਿਕੇਟ ਵੀ ਉਸ ਦੀ ਸ਼ਨਾਖ਼ਤ ਦੀ ਪੁਸ਼ਟੀ ਕਰਦਾ ਹੈ। ਇਸ ਵਿਅਕਤੀ ਨੇ ਗੁਰਦੁਆਰੇ ਵਿਚ ਪਾਵਨ ਸਰੂਪ ਨੂੰ ਹੋਰ ਥਾਂ ਰੱਖ ਦਿੱਤਾ ਸੀ ਅਤੇ ਕਈ ਧਾਰਮਿਕ ਚਿੰਨ ਤੇ ਸਾਜ਼ੋ-ਸਾਮਾਨ ਗੁਰਦੁਆਰੇ ਤੋਂ ਬਾਹਰ ਲੈ ਆਇਆ ਸੀ। ਲੋਕਾਂ ਨੇ ਇਸ ਨੂੰ ਕਾਬੂ ਕਰ ਲਿਆ ਸੀ।

# ਮਾਮਲਾ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਬੇਅਦਬੀ ਦਾ

## ✪ ਪੰਜਾਬ ਸਰਕਾਰ ਤੁਰੰਤ ਜਾਂਚ ਕਰੇ ✪ ਘੱਟਗਿਣਤੀਆਂ ਕਮਿਸ਼ਨ ਵਲੋਂ ਅਪੀਲ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਘੱਟਗਿਣਤੀਆਂ ਬਾਰੇ ਰਾਸ਼ਟਰੀ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਸਤੰਬਰ ਵਿਚ ਵਾਪਰੀ ਉਸ ਘਟਨਾ ਦੀ ਤਵਸੀਲੀ ਘੋਖ ਕਰਨ ਨੂੰ ਕਿਹਾ ਹੈ, ਜਿਸ ਵਿਚ ਇਕ ਵਿਅਕਤੀ ਨੇ ਗੁਰਦੁਆਰੇ ਵਿਚ ਸਿਗਰੇਟ ਪੀਣ ਅਤੇ ਉਸ ਦਾ ਧੂੰਆਂ ਰਾਗੀ ਸਿੰਘਾਂ ਵੱਲ ਛੱਡ ਕੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਇਸ ਸਬੰਧੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਪੰਜਾਬ ਦੇ ਮੁੱਖ ਸਕੱਤਰ ਅਨਿਰੁੱਧ ਤਿਵਾੜੀ ਨੂੰ ਚਿੱਠੀ ਲਿਖ ਕੇ ਇਸ ਸੰਵੇਦਨਸ਼ੀਲ ਮੁੱਦੇ ਦੇ ਇਕ ਅਹਿਮ ਨੁਕਤੇ ਵੱਲ ਧਿਆਨ ਦੁਆਉਂਦਿਆਂ ਕਿਹਾ ਕਿ ਕਮਿਸ਼ਨ ਨੂੰ ਪੜਤਾਲੀਆ ਬਿਊਰੋ ਵਲੋਂ ਹਾਸਲ ਹੋਈ ਰਿਪੋਰਟ ਮੁਤਾਬਿਕ ਦੋਸ਼ੀ ਵਲੋਂ ਅਜਿਹਾ ਜੁਰਮ ਪਹਿਲਾਂ ਵੀ 1 ਸਤੰਬਰ 2019 ਵਿਚ ਇਕ ਹੋਰ ਡੇਰੇ ਵਿਚ ਵੀ ਕੀਤਾ ਗਿਆ ਸੀ। ਲਾਲਪੁਰਾ ਨੇ ਮੁੜ ਅਜਿਹੀ ਬੇਅਦਬੀ ਦੀ ਹਰਕਤ ਕਰਨ ਪਿੱਛੇ ਦੇ ਮਕਸਦ ਦੀ ਪੂਰੀ ਤਹਿਕੀਕਾਤ ਕਰਨ ਨੂੰ ਕਿਹਾ।

# ਪਟਿਆਲਾ ਦੇ ਕਾਲ਼ੀ ਮਾਤਾ ਮੰਦਰ ਵਿੱਚ ਬੇਅਦਬੀ ਦੀ ਕੋਸ਼ਿਸ਼ ਵਿੱਚ ਦੋਸ਼ੀ ਦਬੋਚਿਆ

ਪਟਿਆਲਾ-ਪਟਿਆਲਾ ਦੇ ਇਤਿਹਾਸਕ ਸ਼੍ਰੀ ਕਾਲ਼ੀ ਮਾਤਾ ਮੰਦਰ ਵਿਖੇ ਬੀਤੇ ਦਿਨੀ ਇੱਕ ਵਿਅਕਤੀ ਨੇ ਬੇਅਦਬੀ ਦੀ ਕੋਸ਼ਿਸ਼ ਕੀਤੀ। ਇਸ ਵਿਅਕਤੀ ਨੂੰ ਮੌਕੇ 'ਤੇ ਹੀ ਪੁਜਾਰੀ ਅਤੇ ਉੱਥੇ ਮੌਜੂਦ ਸੁਰੱਖਿਆ ਗਾਰਡਾਂ ਵੱਲੋਂ ਦਬੋਚ ਲਿਆ ਗਿਆ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਵੱਡੀ ਗਿਣਤੀ 'ਚ ਸ਼੍ਰੀ ਕਾਲ਼ੀ ਮਾਤਾ ਦੇ ਭਗਤ ਅਤੇ ਹਿੰਦੂ ਸੰਗਠਨਾਂ ਦੇ ਆਗੂ ਮੌਕੇ 'ਤੇ ਪਹੁੰਚ ਗਏ, ਜਿੰਨਾਂ ਨੇ ਰੋਡ ਜਾਮ ਕਰਕੇ ਸਰਕਾਰ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਕਾਬੂ ਕੀਤੇ ਗਏ ਵਿਅਕਤੀ ਨੂੰ ਥਾਣਾ ਕੋਤਵਾਲੀ ਵਿਖੇ ਲਿਜਾਇਆ ਗਿਆ, ਜਿੱਥੇ ਉਸ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਚੋਣ ਕਮਿਸ਼ਨ ਵਲੋਂ ਰੈਲੀਆਂ ਤੇ ਰੋਡ ਸ਼ੋਅ 'ਤੇ 31 ਤੱਕ ਪਾਬੰਦੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਕੋਰੋਨਾ ਵਾਇਰਸ ਦੇ ਖਤਰੇ ਕਾਰਨ ਚੋਣ ਕਮਿਸ਼ਨ ਨੇ ਪੰਜਾਬ ਸਮੇਤ ਪੰਜ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਰੈਲੀਆਂ ਅਤੇ ਸਿਆਸੀ ਸਭਾਵਾਂ 'ਤੇ ਲਾਈ ਪਾਬੰਦੀ 31 ਜਨਵਰੀ ਤੱਕ ਵਧਾ ਦਿੱਤੀ ਹੈ। ਕਮਿਸ਼ਨ ਵਲੋਂ ਘਰ-ਘਰ ਜਾ ਕੇ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਹੱਦ 5 ਤੋਂ ਵਧਾ ਕੇ 10 ਕਰ ਦਿੱਤੀ ਗਈ ਹੈ, ਜਿਨਾਂ ਵਿਚ ਸੁਰੱਖਿਆ ਅਮਲਾ ਸ਼ਾਮਿਲ ਨਹੀਂ ਹੈ। ਕਮਿਸ਼ਨ ਨੇ ਵੀਡੀਓ ਵੈਨ ਦੇ ਪ੍ਰਚਾਰ ਲਈ ਲਈ ਖੁੱਲੀ ਥਾਂ ਵਿਚ ਇਸਤੇਮਾਲ ਦੀ ਵੀ ਇਜਾਜ਼ਤ ਦੇ ਦਿੱਤੀ ਹੈ, ਜਿਸ ਨੂੰ ਵੇਖਣ ਲਈ 400 ਤੱਕ ਲੋਕ ਆ ਸਕਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਵਿਦਿਆਰਥੀਆਂ ਦਾ ਕਰਜਾ ਮੁਆਫ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਨਹੀਂ ਕਰ ਸਕਿਆ ਬਾਈਡਨ ਪ੍ਰਸ਼ਾਸਨ

## 70000 ਵਿਅਕਤੀ 5 ਅਰਬ ਡਾਲਰ ਦੀ ਰਾਹਤ ਦੀ ਉਡੀਕ ਵਿੱਚ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਵਿਵਾਦਿਤ ਕਰਜਾ ਮੁਆਫੀ ਪ੍ਰੋਗਰਾਮ ਜਿਸ ਤਹਿਤ 22000 ਵਿਦਿਆਰਥੀਆਂ ਦਾ ਕਰਜਾ ਖਤਮ ਕਰ ਦੇਣ ਦਾ ਅਨੁਮਾਨ ਲਾਇਆ ਗਿਆ ਸੀ, ਉਪਰ ਅਮਲ ਨਾ ਹੋਣ ਕਾਰਨ ਕਰਜਾ ਮੁਆਫੀ ਦੀ ਉਡੀਕ ਕਰਨ ਵਾਲਿਆਂ ਦੀ ਕਤਾਰ ਲੰਬੀ ਹੁੰਦੀ ਜਾ ਰਹੀ ਹੈ। 'ਯੂ ਐਸ ਡਿਪਾਰਟਮੈਂਟ ਆਫ ਐਜੂਕੇਸ਼ਨ' ਨੇ ਰਾਸ਼ਟਰਪਤੀ ਜੋਅ ਬਾਈਡਨ ਦੇ ਕਾਰਜਕਾਲ ਦਾ ਇਕ ਵਰਾ ਪੂਰਾ ਹੋਣ 'ਤੇ ਕਰਜਾ ਮੁਆਫੀ ਦੇ ਅੰਕੜੇ ਜਾਰੀ ਕੀਤੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਕਰਜਾ ਮੁਆਫੀ ਦੇ ਪ੍ਰੋਗਰਾਮ ਉਪਰ ਅਮਲ ਨਹੀਂ ਹੋਇਆ। ਕਰਜਾ ਮੁਆਫੀ ਦਾ ਪ੍ਰੋਗਰਾਮ 2007 ਵਿਚ ਸ਼ੁਰੂ ਕੀਤਾ ਗਿਆ ਸੀ ਜਿਸ ਤਹਿਤ ਉਨਾਂ ਵਿਦਿਆਰਥੀਆਂ ਦਾ ਕਰਜਾ ਮੁਆਫ ਕੀਤਾ ਜਾਣਾ ਸੀ ਜੋ ਪੜਾਈ ਤੋਂ ਬਾਅਦ ਅਧਿਆਪਕ, ਪੁਲਿਸ ਅਫਸਰ, ਅੱਗ ਬੁਝਾਊ ਵਿਭਾਗ ਜਾਂ ਹੋਰ ਜਨਤਿਕ ਸੇਵਾਵਾਂ ਵਿਚ 10 ਸਾਲ ਨੌਕਰੀ ਕਰਨਗੇ। ਅਸਲ ਵਿਚ ਸੰਘੀ ਸਰਕਾਰ ਨੇ ਅੱਜ ਤੱਕ ਕਿਸੇ ਦੇ ਵੀ ਕਰਜੇ ਉਪਰ ਲਕੀਰ ਨਹੀਂ ਫੇਰੀ। ਬਾਈਡਨ ਪ੍ਰਸ਼ਾਸਨ ਨੇ ਪਿਛਲੇ ਸਾਲ ਅਕਤੂਬਰ ਵਿਚ ਮਾਪਦੰਡਾਂ ਨੂੰ ਨਰਮ ਕੀਤਾ ਸੀ ਤੇ ਅੰਦਾਜਾ ਲਾਇਆ ਸੀ ਕਿ 22000 ਤੋਂ ਵਧ ਵਿਅਕਤੀਆਂ ਦਾ ਕਰਜਾ ਫੌਰੀ ਖਤਮ ਹੋ ਜਾਵੇਗਾ ਤੇ 27000 ਹੋਰ ਵਿਅਕਤੀ ਨੌਕਰੀ ਕਰਨ ਦਾ ਸਬੂਤ ਦੇਣ ਉਪਰੰਤ ਇਸ ਦੇ ਯੋਗ ਹੋ ਜਾਣਗੇ। ਬਾਈਡਨ ਪ੍ਰਸ਼ਾਸਨ ਦਾ ਅਨੁਮਾਨ ਸੀ ਕਿ ਪ੍ਰੋਗਰਾਮ ਵਿਚ ਤਬਦੀਲੀਆਂ ਨਾਲ 5,50,000 ਕਰਜਦਾਰਾਂ ਨੂੰ ਲਾਭ ਹੋ ਸਕਦਾ ਹੈ। ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ ਇਸ ਵੇਲੇ ਮੋਟੇ ਤੌਰ 'ਤੇ 70000 ਵਿਅਕਤੀ 5 ਅਰਬ ਡਾਲਰ ਰਾਹਤ ਦੀ ਉਡੀਕ ਵਿਚ ਹਨ। ਸਿੱਖਿਆ ਵਿਭਾਗ ਦੇ ਅੰਡਰ ਸੈਕਟਰੀ ਜੇਮਜ ਕਵਾਲ ਨੇ ਇਸ ਬਾਰੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਹੈ ਕਿ ਜਿਨਾਂ ਵਿਅਕਤੀਆਂ ਨੇ ਜਨਤਿਕ ਸੇਵਾ ਵਿਚ ਪੂਰਾ ਦਹਾਕਾ ਕੰਮ ਕੀਤਾ ਹੈ, ਉਨਾਂ ਨੂੰ ਰਾਹਤ ਮਿਲਣੀ ਚਾਹੀਦੀ ਹੈ ਪਰੰਤੂ 'ਸਿਸਟਮ' ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਨਾਂ ਕਿਹਾ ਕਿ 'ਅਧਿਆਪਕ, ਨਰਸਾਂ, ਫਸਟ ਰਿਸਪਾਂਡਰਜ ਤੇ ਹਜਾਰਾਂ ਹੋਰ ਵਰਕਰ ਵਿਸ਼ੇਸ਼ ਕਰਕੇ ਇਸ ਮਹਾਂਮਾਰੀ ਦੇ ਦੌਰ ਵਿਚ ਸਾਡੀ ਰੀੜ ਦੀ ਹੱਡੀ ਹਨ ਤੇ ਬਾਈਡਨ ਪ੍ਰਸ਼ਾਸਨ ਵੀ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਇਹ ਗੱਲ ਦੁਹਰਾਉਂਦਾ ਆਇਆ ਹੈ।' ਇਸ ਵੇਲੇ ਬਾਈਡਨ ਪ੍ਰਸ਼ਾਸਨ ਕਰਜਾ ਮੁਆਫੀ ਦੇ ਪ੍ਰੋਗਰਾਮ ਨੂੰ ਲੈ ਕੇ ਭਾਰੀ ਦਬਾਅ ਹੇਠ ਹੈ। ਉਂਝ ਸਿੱਖਿਆ ਵਿਭਾਗ ਬਾਈਡਨ ਪ੍ਰਸ਼ਾਸਨ ਵੱਲੋਂ ਕਾਰਜਭਾਰ ਸੰਭਾਲਣ ਉਪਰੰਤ 6,75,000 ਕਰਜਦਾਰਾਂ ਦੇ ਤਕਰੀਬਨ 15 ਅਰਬ ਡਾਲਰ ਦੇ ਕਰਜੇ ਉਪਰ ਲਕੀਰ ਫੇਰ ਚੁੱਕਾ ਹੈ ਪ੍ਰੰਤੂ ਇਹ ਕਰਜਾ ਮੁਆਫੀ ਉਨਾਂ ਲੋਕਾਂ ਦੀ ਹੋਈ ਹੈ ਜੋ ਸਥਾਈ ਤੌਰ 'ਤੇ ਅਪਾਹਜ ਹੋ ਗਏ ਹਨ ਜਾਂ ਸਕੂਲਾਂ ਦੁਆਰਾ ਧੋਖੇ ਦਾ ਸ਼ਿਕਾਰ ਹੋਏ ਹਨ।

# ਕੇਜਰੀਵਾਲ ਪ੍ਰੋਫੈਸਰ ਭੁੱਲਰ ਦੀ ਤੁਰੰਤ ਰਿਹਾਈ ਕਰਨ : ਬਾਬਾ ਬੇਦੀ

## ✪ ਸਿੱਖ ਨੌਜਵਾਨਾਂ ਦੀ ਰਿਹਾਈ ਤੇ ਪੰਜਾਬ ਦੇ ਮਸਲਿਆਂ ਲਈ ਮੋਦੀ ਸਰਕਾਰ ਕਾਰਵਾਈ ਕਰੇ

## ✪ ਅਕਾਲ ਤਖਤ ਸਾਹਿਬ, ਪੰਥਕ ਜਥੇਬੰਦੀਆਂ, ਬਾਦਲ ਦਲ ਆਦਿ ਸਾਂਝੀ ਰਾਏ ਬਣਾਉਣ

**ਊਨਾ/ਏ.ਟੀ.ਨਿਊਜ਼:-** ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਗੁਰੂ ਨਾਨਕ ਸਾਹਿਬ ਅੰਸ਼ ਵੰਸ਼ ਪੀੜੀ ਸਤਾਰਵੀਂ ਨੇ ਕਿਹਾ ਕਿ ਸਿਖ ਨੌਜਵਾਨਾਂ ਦੀਆਂ ਰਿਹਾਈਆਂ ਹੋਣੀਆਂ ਚਾਹੀਦੀਆਂ ਹਨ। ਉਹ ਕਨੂੰਨ ਅਨੁਸਾਰ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਹਨ ਤੇ ਅਗਾਊਂ ਸਿੱਖਾਂ ਦੀਆਂ ਬਲੈਕ ਲਿਸਟਾਂ ਨਹੀਂ ਬਣਨੀਆਂ ਚਾਹੀਦੀਆਂ। ਪੰਜਾਬ ਦੇ ਸਮੁਚੇ ਮਸਲੇ ਮੋਦੀ ਸਰਕਾਰ ਨੂੰ ਹੱਲ ਕਰਨੇ ਚਾਹੀਦੇ ਹਨ। ਸਰਦਾਰ ਦਵਿੰਦਰਪਾਲ ਸਿੰਘ ਭੁੱਲਰ ਦੀ ਤੁਰੰਤ ਰਿਹਾਈ ਹੋਣੀ ਚਾਹੀਦੀ ਹੈ। ਉਹ ਇਸ ਬਾਰੇ ਪੰਥਕ ਤੇ ਪੰਜਾਬ ਹਿਤਾਂ ਲਈ ਸਰਕਾਰ ਨਾਲ ਗਲਬਾਤ ਕਰਨ ਨੂੰ ਵੀ ਤਿਆਰ ਹਨ।ਸਮੁਚੇ ਪੰਥ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ, ਬਾਦਲ ਦਲ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਅੰਮ੍ਰਿਤਸਰ, ਕਿਸਾਨ ਧਿਰਾਂ, ਸਿੱਖ ਵਕੀਲਾਂ ਤੇ ਪੰਥਕ ਜਥੇਬੰਦੀਆਂ ਨੂੰ ਸਿੱਖ ਪੰਥ ਤੇ ਪੰਜਾਬ ਮਸਲਿਆਂ ਬਾਰੇ ਸਾਂਝੀ ਰਾਏ ਤੇ ਇਕਮੁਠਤਾ ਪ੍ਰਗਟਾਉਣੀ ਚਾਹੀਦੀ ਹੈ।ਰਾਜਨੀਤੀ ਆਉਣ ਜਾਣ ਦਾ ਜਰੀਆ ਹੈ। ਇਹ ਸਥਿਰ ਪੈਮਾਨਾ ਨਹੀਂ। ਗੁਰੂ ਪੰਥ ਤੇ ਪੰਜਾਬ ਦੀ ਸ਼ਾਨ ਕਾਇਮ ਰਖਣਾ ਹਰੇਕ ਮਾਈ ਭਾਈ ਦਾ ਫਰਜ਼ ਹੈ।ਬਾਬਾ ਬੇਦੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਿਖ ਪੰਥ ਤੇ



ਪੰਜਾਬ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਪ੍ਰੋਫੈਸਰ ਭੁੱਲਰ ਦੀ ਰਿਹਾਈ ਦੇ ਆਦੇਸ਼ ਦੇਣੇ ਚਾਹੀਦੇ ਹਨ। ਇਸ ਨਾਲ ਕਿਸੇ ਤਰਾਂ ਉਨਾਂ ਦਾ ਰਾਜਨੀਤਕ ਨੁਕਸਾਨ ਨਹੀਂ ਹੋਵੇਗਾ ਸਗੋਂ ਫਾਇਦਾ ਹੋਵੇਗਾ। ਉਨਾਂ ਕਿਹਾ ਕਿ ਉਹ ਕੇਜਰੀਵਾਲ ਤੋਂ ਆਸ ਕਰਦੇ ਹਨ ਕਿ ਉਹ ਮਨੁੱਖੀ ਅਧਿਕਾਰਾਂ ਦੇ ਹਕ ਵਿਚ ਭੂਮਿਕਾ ਨਿਭਾਉਣਗੇ। ਉਨਾਂ ਕਿਹਾ ਕਿ ਉਹ ਅਠਾਰਵੀਂ ਸਦੀ ਦੇ ਬਾਬਾ ਸਾਹਿਬ ਸਿੰਘ ਬੇਦੀ ਜਿਨਾਂ ਸਿੱਖ ਮਿਸਲਾਂ ਇਕਠੀਆਂ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਰਾਜ ਸਥਾਪਿਤ ਕੀਤਾ ਤੇ ਉਨਾਂ ਦੇ ਸਪੁਤਰ ਬਾਬਾ ਬਿਕਰਮਾ ਸਿੰਘ ਬੇਦੀ ਨੇ 1849 ਦੀ ਅੰਗਰੇਜ਼ਾਂ ਖਿਲਾਫ ਜੰਗ ਲੜਕੇ ਭਾਰਤ ਦੀ ਅਜਾਦੀ ਲਈ ਬਿਗਲ ਵਜਾਇਆ। ਉਸ ਮਹਾਨ ਵਿਰਾਸਤ ਦੇ ਵਾਰਿਸ ਹੋਣ ਨਾਤੇ ਸਮੂਹ ਪੰਜਾਬੀਆਂ ਨੂੰ ਪੰਥ ਤੇ ਪੰਜਾਬ ਦੇ ਹੱਕਾਂ ਲਈ ਸਾਂਝੇ ਤੌਰ ਉਪਰ ਅਵਾਜ਼ ਉਠਾਉਣ ਦੀ ਅਪੀਲ ਕਰਦੇ ਹਨ ਤੇ ਪੰਜਾਬ ਜਾਤਾਂ ਤੇ ਧਰਮਾਂ ਦੇ ਨਾਮ ਵੰਡਿਆ ਨਹੀਂ ਜਾਣਾ ਚਾਹੀਦਾ। ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਉਪਰ ਪੰਜਾਬ ਜਿਊਂਦਾ ਵਸਦਾ ਰਹਿਣਾ ਚਾਹੀਦਾ ਹੈ ਤੇ ਪੰਜਾਬ ਦੇ ਹੱਕਾਂ ਉਪਰ ਪਹਿਰਾ ਦੇਣਾ ਚਾਹੀਦਾ ਹੈ।

# ਜਾਅਲੀ ਕਾਲਜਾਂ ਵਲੋਂ ਪੰਜਾਬੀ ਵਿਦਿਆਰਥੀਆਂ ਨਾਲ ਠੱਗੀ

## ਤਿੰਨ ਕਾਲਜਾਂ ਨੇ ਕੀਤੀ ਕਰੋੜਾਂ ਦੀ ਧੋਖਾਧੜੀ

**ਕੈਨੇਡਾ/ਏ.ਟੀ.ਨਿਊਜ਼ :** ਕੈਨੇਡਾ ਦੇ ਮਾਂਟਰੀਅਲ ਸ਼ਹਿਰ ਦੇ ਤਿੰਨ ਕਾਲਜਾਂ ਨੇ ਖੁਦ ਨੂੰ ਦੀਵਾਲੀਆ ਐਲਾਨ ਕੇ ਵਿਦੇਸ਼ ਗਏ ਸੈਂਕੜੇ ਪੰਜਾਬੀ ਤੇ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਜਗਰਾਓਂ ਤੋਂ ਪੜਾਈ ਲਈ ਮੌਂਟਰੀਅਲ ਗਏ ਵਰੁਣ ਖੰਨਾ, ਜੋ ਲੋਕ ਆਗੂ ਕੰਵਲਜੀਤ ਖੰਨਾ ਦੇ ਪੁੱਤਰ ਹਨ, ਨੇ ਦੱਸਿਆ ਕਿ ਮੌਂਟਰੀਅਲ ਦੇ ਤਿੰਨ ਕਾਲਜਾਂ ਐੱਮ-ਕਾਲਜ, ਸੀਡੀਈ ਤੇ ਸੀਸੀਐੱਸਕਿਊ ਵਿਚ ਭਾਰਤ ਦੇ ਹਜ਼ਾਰਾਂ ਵਿਦਿਆਰਥੀਆਂ ਲੱਖਾਂ ਡਾਲਰ ਫੀਸਾਂ ਭਰ ਕੇ ਦਾਖ਼ਲ ਲਿਆ ਸੀ ਤੇ ਮੌਜੂਦਾ ਸਮੇਂ ਆਨਲਾਈਨ ਪੜਾਈ ਕਰ ਰਹੇ ਸਨ। ਇਸੇ ਦੌਰਾਨ ਇਨਾਂ ਤਿੰਨਾਂ ਕਾਲਜਾਂ ਦੇ ਦੋ ਮਾਲਕਾਂ (ਕੈਰਲ ਤੇ ਨਵੀਨ) ਨੇ ਆਪਣੇ ਤਿੰਨੇ ਕਾਲਜਾਂ ਦੇ ਦੀਵਾਲੀਆ ਹੋਣਾ ਦਿਖਾ ਕੇ ਇਕ ਵੱਡੀ ਧੋਖਾਧੜੀ ਨੂੰ ਅੰਜਾਮ ਦਿੱਤਾ। ਹਾਲਾਂਕਿ ਇਨਾਂ ਵਿਚੋਂ ਇਕ ਮਾਲਕ ਕੈਰਲ ਨੂੰ ਸਥਾਨਕ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਜਦੋਂ ਕਿ ਦੂਸਰਾ ਮਾਲਕ ਨਵੀਨ ਫ਼ਰਾਰ ਹੈ। ਨੌਜਵਾਨ ਆਗੂ ਵਰੁਣ ਖੰਨਾ ਤੇ ਉਸ ਦੇ ਸਾਥੀਆਂ ਅਮੀਤੋਜ ਸ਼ਾਹ, ਪਰਮ ਢਿੱਲੋਂ, ਜੋਤ ਘੁੰਮਣ, ਹਰਜਿੰਦਰ ਸਿੱਧੂ, ਪਰਮਿੰਦਰ ਪਾਂਗਲੀ ਨੇ ਦੱਸਿਆ ਕਿ ਆਪਣੇ ਭਵਿੱਖ ਤੇ ਕਰੋੜਾਂ ਰੁਪਏ ਦੇ ਨੁਕਸਾਨ ਨੂੰ ਲੈ ਕੇ ਵੱਡੀ ਗਿਣਤੀ 'ਚ ਪੀੜਤ ਵਿਦਿਆਰਥੀ ਮੌਂਟਰੀਅਲ ਵਿਖੇ ਇਕੱਠੇ ਹੋਏ ਤੇ ਨਾਅਰੇਬਾਜ਼ੀ ਕਰਦਿਆਂ ਇਸ ਧੋਖਾਧੜੀ ਖ਼ਿਲਾਫ਼ ਰੋਸ ਪ੍ਰਗਟਾਇਆ। ਵਿਦਿਆਰਥੀਆਂ ਮੁਤਾਬਕ ਉਨਾਂ ਪੰਜਾਬ 'ਚ ਰਹਿਲ ਸਰਵਿਸ ਕੈਨੇਡਾ, ਕੈਨਮ ਸਰਵਿਸ ਸਮੇਤ ਕਈ ਹੋਰ ਏਜੰਟਾਂ ਰਾਹੀਂ ਸਟੂਡੈਂਟ ਵੀਜ਼ਾ ਲਈ ਅਪਲਾਈ ਕੀਤਾ ਸੀ। ਬੀਤੇ ਦਿਨੀਂ ਮੀਟਿੰਗ ਵਿਚ ਧੋਖਾਧੜੀ ਦੇ ਸ਼ਿਕਾਰ ਤਿੰਨਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਹੱਕਾਂ ਲਈ 13 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਇਹ ਕਮੇਟੀ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ 'ਤੇ 'ਮਾਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਨਾਂ ਹੇਠ ਆਪਣਾ ਪ੍ਰੋਗਰਾਮ ਦੇਵੇਗੀ। ਇਸ ਮੀਟਿੰਗ ਵਿਚ ਕੈਨੇਡਾ ਤੇ ਭਾਰਤ ਦੇ ਵਿਦਿਆਰਥੀਆਂ ਤੇ ਇਨਸਾਫਪਸੰਦ ਲੋਕਾਂ ਨੂੰ ਧੋਖਾਧੜੀ ਦੇ ਸ਼ਿਕਾਰ ਵਿਦਿਆਰਥੀਆਂ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ।ਪੰਜਾਬੀ ਵਿਦਿਆਰਥੀਆਂ ਨੂੰ ਚਾਹੀਦਾ ਹੈ ਵਿਦੇਸ਼ ਵਿਚ ਜਾਣ ਲਗਿਆਂ ਗੁਗਲ ਉਪਰ ਸਰਚ ਕਰਨ ਤੇ ਜਾਣਕਾਰੀ ਲੈਣ ਕਿਹੜੀ ਯੂਨੀਵਰਸਿਟੀ, ਕਾਲਜ ਚੰਗਾ ਹੈ ਤਾਂ ਜੋ ਇਨਾਂ ਠੱਗਾਂ ਤੇ ਏਜੰਟਾਂ ਦੀ ਠੱਗੀ ਤੋਂ ਬਚ ਸਕਣ।

# ਪੱਤਰਕਾਰ ਦੇ ਸਵਾਲ 'ਤੇ ਰਾਸ਼ਟਰਪਤੀ ਬਾਈਡਨ ਅੱਗ ਬਬੂਲਾ, ਕੱਢੀਆਂ ਗਾਲਾਂ



**ਵਸ਼ਿੰਗਟਨ/ਏ.ਟੀ.ਨਿਊਜ਼ :-** ਇੱਕ ਪੱਤਰਕਾਰ ਦੇ ਸਵਾਲ 'ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਇੰਨੇ ਭੜਕ ਗਏ ਕਿ ਉਨਾਂ ਨੇ ਸਭ ਦੇ ਸਾਹਮਣੇ ਮਾਈਕ 'ਤੇ ਫ਼ੌਕਸ ਨਿਊਜ਼ ਦੇ ਪੱਤਰਕਾਰ ਪੀਟਰ ਡੈਕੀ ਨੂੰ ਗਾਲਾਂ ਕੱਢ ਦਿੱਤੀਆਂ। ਇਸ ਪੱਤਰਕਾਰ ਦਾ ਕਸੂਰ ਇਹ ਸੀ ਕਿ ਉਸ ਨੇ 'ਦੇਸ਼ ਵਿੱਚ ਵਧੀ ਮਹਿੰਗਾਈ' ਉੱਤੇ ਬਾਈਡਨ ਤੋਂ ਸਵਾਲ ਕੀਤੇ ਸਨ। ਉਨਾਂ ਸਵਾਲ ਕੀਤਾ ਕਿ ਕੀ ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਉਨਾਂ ਦੀ ਨਾਕਾਮੀ ਕਾਰਨ ਤਾਂ ਨਹੀਂ ਹੈ। ਇਸ ਨਾਲ ਬਾਈਡਨ ਇੰਨਾ ਨਾਰਾਜ਼ ਹੋ ਗਏ ।

# ਤਾਲਿਬਾਨਾਂ ਵੱਲੋਂ ਵਿਰੋਧੀ ਸੁਰ ਚੁੱਕਣ 'ਤੇ ਔਰਤਾਂ ਨੂੰ ਕੀਤਾ ਜਾ ਰਿਹਾ ਏ ਅਗਵਾ



**ਕਾਬੁਲ/ਏ.ਟੀ.ਨਿਊਜ਼ :-**ਤਾਲਿਬਾਨ ਰਾਜ ਦੇ ਖ਼ਿਲਾਫ਼ ਵਿਰੋਧੀ ਸੁਰ ਚੁੱਕਣ ਵਾਲੀਆਂ ਔਰਤਾਂ ਨੂੰ ਚੁੱਪ-ਚਪੀਤੇ ਰਾਤ ਨੂੰ ਉਨਾਂ ਦੇ ਘਰੋਂ ਚੁੱਕ ਲਿਆ ਜਾਂਦਾ ਹੈ। ਇਸ ਦੇ ਬਾਵਜੂਦ ਔਰਤਾਂ ਆਪਣੇ ਅਧਿਕਾਰਾਂ ਲਈ ਡੱਟ ਕੇ ਲੜ ਰਹੀਆਂ ਹਨ। ਇੱਕ ਅਜਿਹੀ ਔਰਤ ਤਮੰਨਾ ਜਰਯਾਬੀ ਪਰਯਾਨੀ ਨੇ ਪਿਛਲੇ ਹਫ਼ਤੇ ਦਰਜਨਾਂ ਔਰਤਾਂ ਨਾਲ ਸਿੱਖਿਆ ਦੇ ਅਧਿਕਾਰ ਲਈ ਤਾਲਿਬਾਨ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਤਾਲਿਬਾਨ ਲੜਾਕਿਆਂ ਨੇ ਉਨਾਂ ਨੂੰ ਖਦੇੜਨ ਲਈ ਉਨਾਂ 'ਤੇ ਮਿਰਚ ਪਾਊਡਰ ਛਿੜਕਿਆ ਅਤੇ ਕੁਝ ਨੂੰ ਬਿਜਲੀ ਦੇ ਝਟਕੇ ਵੀ ਦਿੱਤੇ। ਤਮੰਨਾ ਕਾਬੁਲ ਦੇ ਪਰਵਾਨ-2 ਇਲਾਕੇ ਵਿੱਚ ਇੱਕ ਫਲੈਟ ਵਿੱਚ ਰਹਿੰਦੀ ਹੈ। ਹੁਣ ਉਨਾਂ ਦੇ ਆਂਢ-ਗੁਆਂਢ ਵਿੱਚ ਕਿਸੇ ਨੂੰ ਨਹੀਂ ਪਤਾ ਹੈ ਕਿ ਤਮੰਨਾ ਜਰਯਾਬੀ ਕਿੱਥੇ ਹੈ। ਉਨਾਂ ਦੇ ਗੁਆਂਢੀਆਂ ਦਾ ਕਹਿਣਾ ਹੈ ਕਿ ਤਮੰਨਾ ਅਤੇ ਉਸਦੀਆਂ ਦੋ ਭੈਣਾਂ ਨੂੰ ਤਾਲਿਬਾਨੀ ਲੈ ਗਏ ਸਨ ਅਤੇ ਉਸ ਤੋਂ ਬਾਅਦ ਉਨਾਂ ਨੂੰ ਕਿਸੇ ਨੇ ਨਹੀਂ ਦੇਖਿਆ। ਇਸ ਪ੍ਰਦਰਸ਼ਨ ਵਿੱਚ ਸ਼ਾਮਲ ਕਈ ਹੋਰ ਔਰਤਾਂ ਵੀ ਲਾਪਤਾ ਹਨ। ਪਰਵਾਨਾ ਇਬ੍ਰਾਹਿਮਖੇਲ ਦਾ ਵੀ ਕਿਸੇ ਨੂੰ ਪਤਾ ਨਹੀਂ ਹੈ ਕਿ ਉਹ ਕਿੱਥੇ ਹੈ।ਓਧਰ, ਤਾਲਿਬਾਨ ਬੁਲਾਰੇ ਸੁਹੈਲ ਸ਼ਾਹੀਨ ਦਾ ਕਹਿਣਾ ਹੈ ਕਿ ਜੇਕਰ ਇਨਾਂ ਔਰਤਾਂ ਨੂੰ ਤਾਲਿਬਾਨ ਨੇ ਹਿਰਾਸਤ ਵਿੱਚ ਲਿਆ ਹੈ ਤਾਂ ਉਹ ਉਸਨੂੰ ਸਵੀਕਾਰ ਕਰਨਗੇ। ਉਨਾਂ ਨੂੰ ਅਦਾਲਤ ਵਿੱਚ ਵੀ ਲਿਜਾਇਆ ਜਾਏਗਾ ਅਤੇ ਉੱਥੋਂ ਉਹ ਆਪਣਾ ਬਚਾਅ ਕਰਨਗੇ। ਜੇਕਰ ਉਨਾਂ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ ਤਾਂ ਦੋਸ਼ ਫ਼ਰਜ਼ੀ ਹਨ।

# ਮਾਮਲਾ ਕੈਨੇਡਾ ਤੋਂ ਅਮਰੀਕਾ ਵਿਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਣ ਦਾ

## ਬੱਚੇ ਸਣੇ ਚਾਰ ਭਾਰਤੀਆਂ ਦੀ ਠੰਢ ਕਾਰਨ ਮੌਤ

**ਓਟਵਾ/ਏ.ਟੀ.ਨਿਊਜ਼ :-** ਅਮਰੀਕਾ ਦੇ ਅਧਿਕਾਰੀਆਂ ਨੇ ਕੈਨੇਡਾ ਤੋਂ ਅਮਰੀਕਾ ਵਿੱਚ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ ਇਕ 47 ਸਾਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਅਮਰੀਕਾ ਦੇ ਮਿਨੀਸੋਟਾ ਸਰਹੱਦ ਨੇੜੇ ਕੈਨੇਡਾ ਤੋਂ ਅਮਰੀਕਾ ਗੈਰਕਾਨੂੰਨੀ ਢੰਗ ਨਾਲ ਦਾਖਲ ਕਰਵਾਉਣ ਲਈ ਲਿਆਂਦੇ ਜਾ ਰਹੇ ਚਾਰ ਭਾਰਤੀਆਂ ਦੀ ਜ਼ਬਰਦਸਤ ਠੰਢ ਕਾਰਨ ਮੌਤ ਹੋ ਗਈ ਸੀ। ਮਰਨ ਵਾਲਿਆਂ ਵਿੱਚ ਇਕ ਬੱਚਾ, ਨੌਜਵਾਨ ਤੇ ਔਰਤ ਵੀ ਸ਼ਾਮਲ ਹਨ। ਜਾਣਕਾਰੀ ਮੁਤਾਬਕ ਅਮਰੀਕੀ ਫੋਰਸ ਦੀ ਗਸ਼ਤੀ ਟੁਕੜੀ ਨੇ ਬਰਫ ਵਿੱਚ ਚਾਰ ਲਾਸ਼ਾਂ ਦੇਖੀਆਂ। ਮਰਨ ਵਾਲੇ ਇਕ ਹੀ ਪਰਿਵਾਰ ਦੇ ਸਨ। ਉਹ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਠੰਢ ਕਾਰਨ ਮਾਰੇ ਗਏ।

# ਚੌਕੀਮਾਨ ਦੇ ਬਧੇਸ਼ਾਂ ਪਰਿਵਾਰ ਨੂੰ ਭਾਰੀ ਸਦਮਾ

## ਕਰਮਨ ਵਾਸੀ ਮਾਤਾ ਗੁਰਮੀਤ ਕੌਰ ਬਧੇਸ਼ਾਂ ਦਾ ਅਕਾਲ ਚਲਾਣਾ



ਸਵ: ਗੁਰਮੀਤ ਕੌਰ ਬਧੇਸ਼ਾਂ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਬੀਤੇ ਦਿਨੀਂ ਕਰਮਨ ਨਿਵਾਸੀ ਮਾਤਾ ਗੁਰਮੀਤ ਕੌਰ ਬਧੇਸ਼ਾਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨਾਂ ਦੀ ਉਮਰ ਲਗਭਗ 78 ਸਾਲ ਸੀ। ਪੰਜਾਬ ਤੋਂ ਜ਼ਿਲਾ ਲੁਧਿਆਣਾ ਵਿੱਚ ਉਨਾਂ ਦਾ ਪਿਛਲਾ ਪਿੰਡ ਚੌਕੀਮਾਨ ਸੀ। ਮਾਤਾ ਜੀ ਆਪਣੇ ਪਰਿਵਾਰ ਸਮੇਤ ਪਿਛਲੇ 27 ਸਾਲਾ ਤੋਂ ਕਰਮਨ ਵਿਖੇ ਰਹਿ ਰਹੇ ਸਨ। ਉਹ ਬਹੁਤ ਮਿਲਾਪੜੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ ਜੋ ਪਿੱਛੇ ਪਤੀ ਮੋਹਨ ਸਿੰਘ ਬਧੇਸਾਂ ਅਤੇ ਦੋ ਪੁੱਤਰਾਂ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਬਾੜੀ ਛੱਡ ਗਏ ਹਨ। ਮਾਤਾ ਗੁਰਮੀਤ ਕੌਰ ਬਧੇਸ਼ਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 29 ਜਨਵਰੀ, 2022 ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਵਿਖੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਜਿਸ ਦਾ ਪਤਾ: **4800 E. Clayton Ave, Fowler, CA-93625** ਹੈ। ਇਸ ਉਪਰੰਤ ਉਨਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ' ਸਨਵਾਕੀਨ ਵਿਖੇ ਹੋਵੇਗੀ। ਗੁਰੂਘਰ ਦਾ ਪਤਾ: **8695 S Main St, San Joaquin, CA 93660** ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਮੋਹਨ ਸਿੰਘ ਬਧੇਸ਼ਾਂ ਨੂੰ (559) 248-6694 ਜਾਂ ਪੁੱਤਰਾਂ ਸੁਖਵਿੰਦਰ ਸਿੰਘ ਬਧੇਸ਼ਾਂ ਨੂੰ (559) 313-3557 ਜਾਂ ਮਨਜੀਤ ਸਿੰਘ ਬਧੇਸ਼ਾਂ (ਪੱਪੂ) (559) 709-8427 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡੀਅਨ ਸੰਸਦ ਮੈਂਬਰ ਬਰੈਡ ਵਿਸ ਵੱਲੋਂ ਸੰਸਦ ਦੇ ਗਲਿਆਰਿਆਂ ਵਿੱਚ ਉਠਾਈ ਜਾਵੇਗੀ ਅੰਮ੍ਰਿਤਸਰ ਲਈ ਉਡਾਣਾਂ ਦੀ ਮੰਗ

ਅੰਮ੍ਰਿਤਸਰ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਸੰਸਦ ਮੈਂਬਰ ਬਰੈਡ ਵਿਸ ਵੱਲੋਂ ਕੈਨੇਡਾ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਸੰਬੰਧੀ ਪਾਰਲੀਮੈਂਟ ਵਿੱਚ ਦਾਇਰ ਕੀਤੀ ਗਈ ਪਟੀਸ਼ਨ ਨੂੰ ਸਪਾਂਸਰ ਕਰਨ ਤੇ ਸਿੱਧੀਆਂ ਉਡਾਣਾਂ ਦੀ ਵਕਾਲਤ ਕਰਨ 'ਤੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਉਨਾਂ ਦਾ ਸ਼ੁਕਰੀਆ ਅਦਾ ਕੀਤਾ ਹੈ।

ਫਲਾਈ ਅੰਮ੍ਰਿਤਸਰ ਦੇ ਉੱਤਰੀ ਅਮਰੀਕਾ ਦੇ ਕਨਵੀਨਰ ਕੈਨੇਡਾ ਵਾਸੀ ਅਨੰਤਦੀਪ ਸਿੰਘ ਢਿੱਲੋਂ ਤੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਕੈਨੇਡਾ ਦੇ ਵੈਨਕੂਵਰ ਤੇ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਉਡਾਣਾ ਬਾਰੇ ਪਰਵਾਸੀ ਪੰਜਾਬੀਆਂ ਦੀ ਲੰਬੇ ਸਮੇਂ ਤੋਂ



ਲਟਕਦੀ ਆ ਰਹੀ ਮੰਗ ਸੰਬੰਧੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ ਦੇ ਵਸਨੀਕ ਤੇ ਫਲਾਈ ਅੰਮ੍ਰਿਤਸਰ ਦੇ ਕੈਨੇਡਾ ਤੋਂ ਬੁਲਾਰੇ ਮੋਹਿਤ ਧੰਜੂ ਨੇ ਸੰਸਦ ਵਿੱਚ ਈ-ਪਟੀਸ਼ਨ ਦੀ ਆਰੰਭਤਾ ਕੀਤੀ ਸੀ।

ਇਸ ਲਈ ਉਨਾਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮਿਸ਼ਨ-ਮੈਟਸਕੀ-ਫ੍ਰੇਜ਼ਰ ਕੈਨਿਯਨ ਹਲਕੇ ਦੀ ਨੁਮਾਇੰਦਗੀ ਕਰਦੇ ਐੱਮ. ਪੀ ਬਰੈਡ ਵਿਸ ਨੂੰ ਹਮਾਇਤ ਦੇਣ ਲਈ ਪਹੁੰਚ ਕੀਤੀ ਸੀ। ਇਸ ਪਿੱਛੋਂ ਇਹ ਪਟੀਸ਼ਨ ਹੁਣ 11 ਫਰਵਰੀ ਤੱਕ ਪਾਰਲੀਮੈਂਟ ਦੀ ਵੈੱਬਸਾਈਟ 'ਤੇ ਕੈਨੇਡਾ ਨਿਵਾਸੀਆਂ ਦੇ ਸਾਈਨ ਕਰਨ ਲਈ ਖੁੱਲੀ ਰਹੇਗੀ ਤੇ ਹੁਣ ਤੱਕ ਇਸ 'ਤੇ 6500 ਤੋਂ ਵੱਧ ਦਸਤਖ਼ਤ ਕੀਤੇ ਜਾ ਚੁੱਕੇ ਹਨ।

# ਹਾਈ ਕੋਰਟ ਵੱਲੋਂ ਹੁਕਮ ਮਜੀਠੀਆ ਨੂੰ ਪੁਲਿਸ ਤਿੰਨ ਦਿਨ ਤਕ ਨਹੀਂ ਕਰ ਸਕਦੀ ਗ੍ਰਿਫ਼ਤਾਰ

**ਚੰਡੀਗੜ/ਏ.ਟੀ.ਨਿਊਜ਼:** ਐਨਡੀਪੀਐਸ ਕੇਸ 'ਚ ਫਸੇ ਬਿਕਰਮ ਸਿੰਘ ਮਜੀਠੀਆ ਦੀ ਅਗਾਊਂ ਜ਼ਮਾਨਤ ਭਾਵੇਂ ਹਾਈ ਕੋਰਟ ਨੇ ਬੀਤੇ ਦਿਨ ਖਾਰਜ ਕਰ ਦਿੱਤੀ ਸੀ ਪਰ ਨਾਲ ਹੀ ਉਨਾਂ ਤਿੰਨ ਦਿਨਾਂ ਤਕ ਗ੍ਰਿਫ਼ਤਾਰ ਨਾ ਕਰਨ ਦੇ ਵੀ ਹੁਕਮ ਦਿੱਤੇ ਹਨ। ਹਾਲਾਂਕਿ ਮਜੀਠੀਆ ਨੇ ਉਨਾਂ ਨੂੰ ਸੱਤ ਦਿਨਾਂ ਤਕ ਗ੍ਰਿਫਤਾਰ ਨਾ ਕਰਨ ਦੀ ਮੰਗ ਕਰਦਿਆਂ ਕਿਹਾ ਸੀ ਕਿ ਜਦੋਂ ਤਕ ਸੁਪਰੀਮ ਕੋਰਟ 'ਚ ਅਪੀਲ ਦਾਇਰ ਨਹੀਂ ਹੁੰਦੀ ਉਦੋਂ ਤਕ ਉਨਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਪਰ ਹਾਈ ਕੋਰਟ ਨੇ ਸੱਤ ਦਿਨਾਂ ਦੀ ਬਜਾਏ ਸਿਰਫ਼ ਤਿੰਨ ਦਿਨ ਦਾ ਸਮਾਂ ਦਿੱਤਾ ਹੈ। ਮਜੀਠੀਆ ਇਸ ਸਮੇਂ ਦੌਰਾਨ ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀ ਕਾਗਜ਼ ਭਰ ਸਕਦੇ ਹਨ ਤੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਵੀ ਪਾਈ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਮੋਹਾਲੀ ਪੁਲਿਸ ਨੇ ਬੀਤੇ ਮੰਗਲਵਾਰ ਸਵੇਰੇ ਅੰਮ੍ਰਿਤਸਰ ਵਿਚ ਉਨਾਂ



ਦੀ ਕੋਠੀ 'ਤੇ ਛਾਪਾ ਮਾਰਿਆ। ਇੰਸਪੈਕਟਰ ਕੈਲਾਸ਼ ਨੇ ਪੁਲਿਸ ਪਾਰਟੀ ਸਮੇਤ 50 ਮਿੰਟ ਕੋਠੀ ਦੇ ਅੰਦਰ ਰਹੀ ਅਤੇ ਬਾਰੀਕੀ ਨਾਲ ਤਲਾਸ਼ੀ ਲਈ।

ਦੱਸ ਦੇਈਏ ਕਿ ਪੰਜਾਬ ਦੀ ਸਿਆਸਤ 'ਚ ਪਿਛਲੇ ਸਾਲ ਉਸ ਸਮੇਂ ਹਲਚਲ ਮਚ ਗਈ ਸੀ ਜਦੋਂ ਡਰੱਗਜ਼ ਰੈਕੇਟ ਦੀ ਜਾਂਚ ਦੀ 2018 ਦੀ ਸਟੇਟਸ ਰਿਪੋਰਟ ਦੇ ਆਧਾਰ 'ਤੇ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ਖਿਲਾਫ ਐਫਆਈਆਰ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਸਿਆਸੀ ਦੁਸ਼ਣਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ। ਕਾਂਗਰਸ ਜਿਥੇ ਦੋਸ਼ ਲਾਉਂਦੀ ਰਹੀ ਕਿ ਬਿਕਰਮ ਮਜੀਠੀਆ ਗ੍ਰਿਫਤਾਰੀ ਦੇ ਡਰੋਂ ਰੂਪੋਸ਼ ਹੋ ਗਿਆ ਹੈ, ਉੱਥੇ ਹੀ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਸਿਆਸੀ ਰੰਜਿਸ਼ ਕੱਢ ਰਹੀ ਹੈ। ਬਿਕਰਮ ਮਜੀਠੀਆ ਦੀ ਗ੍ਰਿਫਤਾਰੀ ਨੂੰ ਲੈ ਕੇ ਬੇਵਜ੍ਹਾ ਤੂਲ ਦਿੱਤਾ ਜਾ ਰਿਹਾ ਹੈ।

# ਪੰਜਾਬ ਵਿਚ ਜ਼ਾਬਤਾ ਲਾਗੂ ਹੋਣ ਉਪਰੰਤ ਚੋਣ ਕਮਿਸ਼ਨ ਵਲੋਂ ਸਖ਼ਤੀ

## ਸੂਬੇ ਵਿਚੋਂ 60.75 ਕਰੋੜ ਦੀਆਂ ਵਸਤਾਂ ਜ਼ਬਤ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਵਿਧਾਨ ਸਭਾ ਚੋਣਾਂ ਲਈ ਸੂਬੇ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ ਵੱਖ-ਵੱਖ ਇਨਫੋਰਸਮੈਂਟ ਟੀਮਾਂ ਵੱਲੋਂ ਸੂਬੇ ਵਿਚੋਂ 20 ਜਨਵਰੀ, 2022 ਤਕ ਜ਼ਾਬਤੇ ਦੀ ਉਲੰਘਣਾ ਦੇ ਸਬੰਧ 'ਚ 60.75 ਕਰੋੜ ਰੁਪਏ ਦੀ ਕੀਮਤ ਦੀਆਂ ਵਸਤਾਂ ਜ਼ਬਤ ਕੀਤੀਆਂ ਗਈਆਂ ਹਨ।

ਇਸ ਸਬੰਧੀ ਵੇਰਵੇ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਫ਼ਸਰ (ਸੀਈਓ) ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਨਿਗਰਾਨ ਟੀਮਾਂ ਨੇ 3 ਕਰੋੜ ਰੁਪਏ ਦੀ 10.33 ਲੱਖ ਲੀਟਰ ਸ਼ਰਾਬ ਜ਼ਬਤ ਕੀਤੀ ਹੈ। ਇਸੇ ਤਰਾਂ ਇਨਫੋਰਸਮੈਂਟ ਵਿੰਗਾਂ ਵੱਲੋਂ 44.57 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਬਰਾਮਦ ਕਰਨ ਤੋਂ ਇਲਾਵਾ 12.32 ਕਰੋੜ ਰੁਪਏ ਦੀ ਬੇਨਾਮੀ ਨਕਦੀ ਵੀ ਜ਼ਬਤ ਕੀਤੀ ਗਈ ਹੈ।

ਮੁੱਖ ਚੋਣ ਅਫ਼ਸਰ ਨੇ ਦੱਸਿਆ ਕਿ 1112 ਤੋਂ ਵੱਧ ਸੰਵੇਦਨਸ਼ੀਲ ਥਾਵਾਂ ਦੀ ਪਛਾਣ ਕੀਤੀ ਗਈ ਹੈ। ਇਸ ਤੋਂ ਇਲਾਵਾ ਗੜਬੜੀ ਕਰਨ ਦੀ ਸੰਭਾਵਨਾ ਵਾਲੇ 2406 ਵਿਅਕਤੀਆਂ ਦੀ ਸ਼ਨਾਖਤ ਵੀ ਕੀਤੀ ਗਈ ਹੈ, ਜਿਨਾਂ ਵਿੱਚੋਂ 1322 ਵਿਅਕਤੀਆਂ ਵਿਰੁੱਧ ਪਹਿਲਾਂ ਹੀ ਕਾਰਵਾਈ ਵਿੱਢੀ ਜਾ ਚੁੱਕੀ ਹੈ ਜਦਕਿ ਬਾਕੀਆਂ ਨੂੰ ਵੀ ਜਲਦ ਕਾਬੂ ਕਰ ਲਿਆ ਜਾਵੇਗਾ। ਉਨਾਂ ਇਹ ਵੀ ਦੱਸਿਆ ਕਿ ਸੁਰੱਖਿਆ ਦੇ ਨਜ਼ਰੀਏ ਤੋਂ ਸੀਆਰਪੀਸੀ ਐਕਟ ਦੀਆਂ ਰੋਕਥਾਮ ਸਬੰਧੀ ਧਾਰਾਵਾਂ ਤਹਿਤ 244 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ।

ਉਨਾਂ ਦੱਸਿਆ ਕਿ ਗੈਰ ਜ਼ਮਾਨਤੀ ਵਾਰੰਟਾਂ ਦੇ 2294 ਕੇਸਾਂ 'ਤੇ ਕਾਰਵਾਈ ਕੀਤੀ ਜਾ ਚੁੱਕੀ ਹੈ ਜਦਕਿ 192 ਕੇਸਾਂ 'ਤੇ ਕਾਰਵਾਈ ਅਮਲ ਅਧੀਨ ਹੈ। ਡਾ. ਰਾਜੂ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੂਬੇ ਵਿੱਚ ਕੁੱਲ 3,90,275 ਲਾਇਸੈਂਸੀ ਹਥਿਆਰਾਂ ਵਿਚੋਂ ਹੁਣ ਤਕ 3,63,907 ਹਥਿਆਰ ਜਮਾਂ ਕਰਵਾਏ ਜਾ ਚੁੱਕੇ ਹਨ। ਜੋ ਕਿ 93.72 ਫ਼ੀਸਦ ਬਣਦੇ ਹਨ। ਜਦਕਿ, ਸੂਬੇ ਵਿੱਚ 35 ਬਿਨਾਂ ਲਾਇਸੈਂਸ ਵਾਲੇ ਹਥਿਆਰ ਜ਼ਬਤ ਕੀਤੇ ਗਏ ਹਨ।

# ਦਲ ਖ਼ਾਲਸਾ ਮਨਾਏਗਾ ਗਣਤੰਤਰ ਦਿਵਸ ਵਾਲੇ ਦਿਨ ਵਿਸਾਹਘਾਤ ਤੇ ਕਾਲੇ ਦਿਨ

**ਅੰਮ੍ਰਿਤਸਰ/ਏ.ਟੀ.ਨਿਊਜ਼:** ਦਲ ਖ਼ਾਲਸਾ ਨਾਲ ਸੰਬੰਧਿਤ ਨੌਜਵਾਨ ਸਿੱਖ ਜਥੇਬੰਦੀਆਂ ਸਿੱਖ ਯੂਥ ਆਫ਼ ਪੰਜਾਬ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਭਾਰਤ ਦੇ ਗਣਤੰਤਰ ਦਿਵਸ 26 ਜਨਵਰੀ ਨੂੰ ਵਿਸਾਹਘਾਤ ਤੇ ਕਾਲੇ ਦਿਨ ਵਜੋਂ ਮਨਾਉਂਦਿਆਂ ਹੋਇਆਂ




ਸਿੱਖਾਂ ਅਤੇ ਬੰਦੀ ਸਿੰਘਾਂ ਨਾਲ ਹੋ ਰਹੀਆਂ ਸੰਵਿਧਾਨਿਕ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ, ਬਹਿਬਲ ਕਲਾਂ ਗੋਲੀ ਕਾਂਡ ਵਿੱਚ ਇਨਸਾਫ਼ ਨਾਲ ਖਿਲਵਾੜ ਤੇ ਸਿੱਖਾਂ ਦੀਆਂ ਮਨਘੜਤ ਕੇਸਾਂ 'ਚ ਗ੍ਰਿਫ਼ਤਾਰੀਆਂ ਵਿਰੁੱਧ ਗਣਤੰਤਰ ਦਿਵਸ ਮੌਕੇ ਅੰਮ੍ਰਿਤਸਰ ਵਿਖੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਜਾਵੇਗਾ। ਉਕਤ ਜਾਣਕਾਰੀ ਦਿੰਦਿਆਂ ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਦੱਸਿਆ ਕਿ ਗੁਰੂ ਨਗਰੀ ਦੇ ਭੰਡਾਰੀ ਪੁਲ ਵਿਖੇ ਸਵੇਰੇ 11:30 ਵਜੇ ਸ਼ਾਂਤਮਈ ਰੋਸ ਮੁਜ਼ਾਹਰਾ ਕਰਨ ਉਪਰੰਤ ਵਿਰਾਸਤੀ ਮਾਰਗ 'ਚ ਲੱਗੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਤੱਕ ਮਾਰਚ ਵੀ ਕੱਢਿਆ ਜਾਵੇਗਾ। ਉਨਾਂ ਦੱਸਿਆ ਕਿ ਦਲ ਖ਼ਾਲਸਾ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੋਆਬਾ, ਦੋਆਬਾ ਕਿਸਾਨ ਕਮੇਟੀ (ਪੰਜਾਬ), ਆਜ਼ਾਦ ਕਿਸਾਨ ਕਮੇਟੀ ਦੋਆਬਾ, ਸਿੱਖ ਅਲਾਇੰਸ ਅਤੇ ਅਕਾਲ ਸਟੂਡੈਂਟਸ ਫ਼ੈਡਰੇਸ਼ਨ ਨਾਲ ਮਿਲ ਕੇ ਸਾਂਝੇ ਤੌਰ 'ਤੇ 27 ਜਨਵਰੀ ਨੂੰ ਫਗਵਾੜਾ ਵਿਖੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਘਿਰਾਓ ਕੀਤਾ ਜਾਵੇਗਾ।

# ਕਿਸਾਨਾਂ ਵੱਲੋਂ ਕੈਬਨਿਟ ਮੰਤਰੀ ਤੇ ਕਾਂਗਰਸੀ ਉਮੀਦਵਾਰ ਸਿੰਗਲਾ ਨੂੰ ਕਾਲੇ ਝੰਡੇ ਵਿਖਾਏ

**ਭਵਾਨੀਗੜ/ਏ.ਟੀ.ਨਿਊਜ਼:** ਚੋਣ ਮੁਹਿੰਮ ਦੌਰਾਨ ਪਿੰਡ ਫਤਹਿਗੜ ਭਾਦਸੋਂ ਪਹੁੰਚੇ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਦੇ ਕਾਫਲੇ ਨੂੰ ਕਿਸਾਨਾਂ ਨੇ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਜ਼ਾਹਰ ਕੀਤਾ। ਜ਼ਿਕਰਯੋਗ



ਹੈ ਕਿ ਪਿੰਡ ਦੇ ਕਿਸਾਨ ਭਾਈਚਾਰੇ ਵੱਲੋਂ ਕਾਂਗਰਸ ਸਰਕਾਰ ਦੀਆਂ ਕਿਸਾਨੀ ਮਾਰੂ ਨੀਤੀਆਂ ਤੋਂ ਖ਼ਫ਼ਾ ਹੋ ਕੇ ਆਗਾਮੀ ਚੋਣਾਂ ਵਿੱਚ ਕਾਂਗਰਸ ਪਾਰਟੀ ਸਣੇ ਹਲਕਾ ਵਿਧਾਇਕ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਦਾ ਬਾਈਕਾਟ ਕਰਨ ਅਤੇ ਆਗੂਆਂ ਦਾ ਪਿੰਡ ਵਿੱਚ ਆਉਣ 'ਤੇ ਵਿਰੋਧ ਕਰਨ ਦਾ ਐਲਾਨ ਪਹਿਲਾਂ ਹੀ ਕੀਤਾ ਹੋਇਆ ਸੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੀ ਇਕਾਈ ਪਿੰਡ ਫਤਹਿਗੜ ਭਾਦਸੋਂ ਦੇ ਪ੍ਰਧਾਨ ਹਰਜੀਤ ਸਿੰਘ, ਮੱਘਰ ਸਿੰਘ ਆਦਿ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਕਰਜ਼ਾ ਮਾਫ਼ੀ, ਘਰ-ਘਰ ਨੌਕਰੀਆਂ ਤੇ ਸਮਾਰਟ ਫੋਨ ਦੇਣ ਆਦਿ ਦੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਸਗੋਂ ਉਲਟਾ ਸਰਕਾਰ ਦੇ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਉਨਾਂ ਦੇ ਪਿੰਡ ਵਿੱਚ ਸਟੇਡੀਅਮ ਵਾਲੀ ਥਾਂ ਵਿੱਚ ਧਰਮਸ਼ਾਲਾ ਦੀ ਉਸਾਰੀ ਕਰਵਾ ਕੇ ਕਿਸਾਨਾਂ ਤੇ ਮਜ਼ਦੂਰ ਭਾਈਚਾਰੇ ਵਿਚਕਾਰ ਤਣਾਅ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ।

# ਕਿਰਤੀ ਕਿਸਾਨ ਯੂਨੀਅਨ ਚੋਣਾਂ ਵਿੱਚ 'ਨੋਟਾ' ਬਟਨ ਦੱਬੇਗੀ

**ਜਲੰਧਰ/ਏ.ਟੀ.ਨਿਊਜ਼:** ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਜਨਰਲ ਕੌਂਸਲ ਦੀ ਹੁਸ਼ਿਆਰਪੁਰ ਵਿਖੇ ਹੋਈ ਦੋ ਰੋਜ਼ਾ ਮੀਟਿੰਗ ਵਿੱਚ ਰਾਜ ਦੇ 16 ਜ਼ਿਲਿਆਂ ਤੋਂ ਆਗੂਆਂ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੇ ਸੂਬਾਈ ਆਗੂਆਂ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਜਤਿੰਦਰ ਸਿੰਘ ਛੀਨਾ ਆਦਿ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੀ ਰੀਵਿਊ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਬਾਰੇ ਕਿਰਤੀ ਕਿਸਾਨ ਯੂਨੀਅਨ ਨੇ 'ਨੋਟਾ' ਦਾ ਬਟਨ ਦੱਬਣ ਦਾ ਫ਼ੈਸਲਾ ਕੀਤਾ ਹੈ।

# ..ਦੇਵ ਨੀ ਕਿਸੇ ਨੇ ਬਣ ਜਾਣਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅੱਜ 25-01-2022 ਨੂੰ ਪੰਜਾਬੀ ਦੇ ਮਸ਼ਹੂਰ ਤੇ ਹਰਮਨ ਪਿਆਰੇ ਗੀਤਕਾਰ ਦੇਵ ਥਰੀਕੇਵਾਲਾ ਜੀ ਨਹੀਂ ਰਹੇ। ਸ਼ਾਇਦ ਹੀ ਪੰਜਾਬੀ ਬੋਲਣ ਵਾਲਾ ਕੋਈ ਅਜਿਹਾ ਬਾਸ਼ਿੰਦਾ ਹੋਵੇ ਜਿਸਨੇ ਜ਼ਿੰਦਗੀ ਵਿੱਚ ਕਦੇ 'ਟਿੱਲੇ ਤੋਂ ਸੂਰਤ ਨਾ ਦੇਖੀ ਹੋਵੇ' ਜਾਂ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਓ' ਨਾ ਸੁਣਿਆ ਹੋਵੇ, ਬਹੁਤਿਆਂ ਨੇ ਤਾਂ ਸੱਥਾਂ, ਪਰ੍ਹਿਆਂ, ਖੇਤਾਂ ਬਾਲ-ਸਭਾਵਾਂ ਵਿੱਚ ਗਾਇਆ ਵੀ ਬਹੁਤ ਹੋਵੇਗਾ। ਦੇਵ ਦੇ ਗੀਤ ਪੰਜਾਬੀਆਂ ਨੇ ਲੋਕ-ਗੀਤਾਂ ਵਾਂਗ ਗਾਏ ਤੇ ਸੁਣੇ ਹਨ। ਦੇਵ ਥਰੀਕੇਵਾਲੇ ਵਾਲੇ ਨੂੰ ਭਾਵੇਂ ਕੋਈ ਜਾਣਦਾ ਹੋਵੇ ਜਾਂ ਨਾ ਪਰ ਕੋਈ ਵੀ ਪੰਜਾਬੀ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਉਸਨੇ ਇਹ ਗੀਤ ਨਹੀਂ ਮਾਣੇ। ਅੱਜ ਦੇਵ ਨੂੰ ਆਪਣੀ ਕਲਮ ਸਮੇਤ 'ਰਾਤ ਜੰਗਲ ਵਿੱਚ ਪਈ ਹੈ', ਉਸਦੀ ਛਾਤੀ 'ਤੇ ਚੱਲਦਾ ਹਲ਼ ਜਿੰਨਾਂ ਡੂੰਘਾ ਜਾਵੇਗਾ ਓਨੀ ਹੀ ਉੱਚੀ ਹੂਕ ਨਾਲ਼ ਗੁਰੂ ਗੋਰਖ ਨੂੰ ਟਿੱਲੇ ਤੋਂ ਦਿਸਦੀ ਸੂਰਤ ਉਹ ਦਿਖਾਉਂਦਾ ਰਹੇਗਾ। ਉਰਦੂ ਅਫ਼ਸਾਨਾ-ਨਿਗਾਰ ਸਆਦਤ ਹਸਨ ਮੰਟੋ ਨੇ ਆਪਣੀ ਮੌਤ ਤੋਂ ਪਹਿਲਾਂ ਕਿਹਾ ਸੀ ਕਿ 'ਮੇਰੀ ਕਬਰ ਉੱਤੇ ਲਿਖ ਦਿਓ, "ਇੱਥੇ ਸਆਦਤ ਹਸਨ ਮੰਟੋ ਹੈ। ਉਸਦੇ ਨਾਲ ਛੋਟੀ ਕਹਾਣੀ ਲਿਖਣ ਦੀਆਂ ਸਾਰੀਆਂ ਕਲਾਵਾਂ ਅਤੇ ਰਹੱਸਾਂ ਨੂੰ ਦਫ਼ਨ ਕੀਤਾ ਗਿਆ ਹੈ...', ਅੱਜ ਦੇਵ ਥਰੀਕੇਵਾਲਾ ਵੀ ਹਜ਼ਾਰਾਂ ਗੀਤਾਂ ਨੂੰ ਨਾਲ਼ ਲੈ ਚੱਲ ਵਸਿਆ ਹੈ। ਆਪਣੀ ਸਾਰੀ ਜ਼ਿੰਦਗੀ ਵਿੱਚ ਦੇਵ ਨੇ ਅਜਿਹੇ ਗੀਤ ਲਿਖੇ ਜੋ ਪੰਜਾਬੀਆਂ ਦੀ ਜ਼ੁਬਾਨ ਉੱਤੇ ਅੱਜ ਗੁੜ ਦੇ ਸਵਾਦ ਵਾਂਗ ਪਏ ਹਨ। 'ਜੈਮਲ ਫੱਤਾ', 'ਜੱਗਾ', 'ਜੁਗਨੀ', 'ਜਿਉਣਾ ਮੌੜ', 'ਸੱਸੀ', 'ਹੀਰ ਦੀਆਂ ਕਲੀਆਂ', 'ਪੂਰਨ' ਵਰਗੀਆਂ ਪੰਜਾਬ ਦੀਆਂ ਲੋਕ ਗਾਥਾਵਾਂ ਨਾਲ ਪੰਜਾਬ ਦੇ ਲੋਕਾਂ ਦੀ ਡੂੰਘੀ ਸਾਂਝ ਵਿੱਚ ਦੇਵ ਦੀ ਕਲਮ ਦਾ ਵੱਡਾ



ਯੋਗਦਾਨ ਹੈ। ਅੱਜ ਵੀ ਪੰਜਾਬ ਦੇ ਲੋਕ ਮਾਪਿਆਂ ਪ੍ਰਤੀ ਬੱਚਿਆਂ ਦੇ ਫ਼ਰਜ਼ ਨੂੰ 'ਛੇਤੀ ਕਰ ਸਰਵਣ ਪੁੱਤਰਾ' ਦੇ ਪੈਮਾਨਿਆਂ ਨਾਲ ਮੇਚਦੇ ਹਨ। ਪੰਜਾਬੀ ਗੀਤਕਾਰੀ ਦਾ ਇਹ 'ਬਾਬਾ ਬੋਹੜ' ਅੱਜ ਉਸ ਘੜੀ ਅਲਵਿਦਾ ਕਹਿ ਗਿਆ ਹੈ ਜਦੋਂ ਨਵੇਂ ਉੱਠ ਰਹੇ 'ਗੀਤਕਾਰਾਂ' ਨੂੰ ਉਸ ਕੋਲੋਂ ਸੇਧ ਲੈਣ ਦੀ ਲੋੜ ਸੀ। ਅੱਜ ਪੰਜਾਬੀ ਸਾਹਿਤ ਅਤੇ ਸੱਭਿਆਚਾਰ, ਪੰਜਾਬੀ ਬੋਲੀ ਤੇ ਪੰਜਾਬੀਅਤ ਵਿੱਚੋਂ ਉਸਦਾ ਇੱਕ 'ਬੋਹੜ' ਹੋਰ ਚਲਾ ਗਿਆ ਜਿਸਦੀ ਥਾਵੇਂ ਹੁਣ ਕੋਈ ਹੋਰ ਨਹੀਂ ਉੱਗ ਸਕਦਾ। ਦੇਵ ਥਰੀਕੇਵਾਲਾ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ ਵਿਚਕਾਰ ਨਹੀਂ ਰਹੇ ਪਰ ਉਨ੍ਹਾਂ ਦੇ ਗੀਤ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿੱਚ ਵੱਸਦੇ ਰਹਿਣਗੇ। ਸਰਬਜੀਤ ਵਿਰਦੀ ਦਾ 2019 ਵਿੱਚ ਲਿਖਿਆ ਇਹ ਗੀਤ ਅੱਜ ਹੋਰ ਵੀ ਸਾਰਥਕ ਲੱਗਦਾ ਹੈ ਕਿ 'ਗੀਤਕਾਰ ਬਹੁਤ ਜੰਮਦੇ ਪਰ ਦੇਵ ਨਹੀਂ ਕਿਸੇ ਨੇ ਬਣ ਜਾਣਾ....'

# ਵਿਧਾਨ ਸਭਾ ਚੋਣਾਂ ਵਿਚ ਸਿਆਸੀ ਪਾਰਟੀਆਂ ਵਲੋਂ ਰਵਿਦਾਸੀਆ ਸਮਾਜ ’ਤੇ ਪਾਏ ਜਾ ਰਹੇ ਨੇ ਡੋਰੇ

## ✪ ਪੰਜਾਬ ਵਿਚ ਅਨੁਸੂਚਿਤ ਭਾਈਚਾਰੇ ਦੀ ਗਿਣਤੀ 32 ਫ਼ੀਸਦੀ ✪ ਦੋਆਬਾ ਖੇਤਰ ਵਿਚ ਲਗਭਗ 12 ਲੱਖ ਰਵਿਦਾਸੀਆ ਸਮਾਜ ਨਾਲ ਸਬੰਧਤ ਲੋਕ ਸੱਚਖੰਡ ਬੱਲਾਂ ਦੇ ਪੈਰੋਕਾਰ

**ਜਲੰਧਰ/ਏ.ਟੀ.ਨਿਊਜ਼ :** ਪੰਜਾਬ ਵਿਚ ਉਂਝ ਤਾਂ ਪਹਿਲਾਂ ਵੀ 2 ਵਾਰ ਵਿਧਾਨ ਸਭਾ ਚੋਣਾਂ ਮੁਲਤਵੀ ਹੋ ਚੁੱਕੀਆਂ ਹਨ ਪਰ ਇਸ ਵਾਰ ਚੋਣਾਂ ਦੀ ਤਾਰੀਖ਼ ਬਦਲੀ ਜਾਣਾ ਇਕ ਵੱਡਾ ਘਟਨਾਚੱਕਰ ਹੈ। ਚੋਣਾਂ ਦੀ ਤਾਰੀਖ਼ ਨੂੰ ਲੈ ਕੇ ਚੋਣ ਕਮਿਸ਼ਨ ਨੇ ਜੋ ਤਬਦੀਲੀ ਕੀਤੀ ਹੈ, ਉਸ ਪਿੱਛੇ ਇਕ ਵੱਡਾ ਕਾਰਨ ਹੈ ਸ੍ਰੀ ਗੁਰੂ ਰਵਿਦਾਸ ਜਯੰਤੀ, ਜਿਸ ਕਾਰਨ 14 ਫਰਵਰੀ ਨੂੰ ਪੰਜਾਬ ਵਿਚ ਹੋਣ ਵਾਲੀਆਂ ਚੋਣਾਂ 20 ਫਰਵਰੀ ’ਤੇ ਪਾ ਦਿੱਤੀਆਂ ਗਈਆਂ ਹਨ। ਆਖ਼ਿਰ ਕੀ ਕਾਰਨ ਹੈ ਕਿ ਚੋਣ ਕਮਿਸ਼ਨ ਤੋਂ ਲੈ ਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਤਕ ਸਭ ਚੋਣਾਂ ਤੋਂ ਪਹਿਲਾਂ ਰਵਿਦਾਸੀਆ ਸਮਾਜ ’ਤੇ ਡੋਰੇ ਪਾ ਰਹੇ ਹਨ। ਇਸ ਸਭ ਦੇ ਪਿੱਛੇ ਇਕ ਵੱਡਾ ਕਾਰਨ ਹੈ, ਜਿਸ ਦਾ ਪੂਰਾ ਦਾਰੋਮਦਾਰ ਪੰਜਾਬ ਦੇ ਦਲਿਤ ਸਮਾਜ ’ਤੇ ਹੈ।

**ਅੰਕੜਿਆਂ ਵਿਚ ਰਵਿਦਾਸੀਆ ਸਮਾਜ**

ਪੰਜਾਬ ਵਿਚ ਰਵਿਦਾਸੀਆ ਸਮਾਜ ਦਾ ਵੱਡਾ ਸਥਾਨ ਹੈ ਅਤੇ ਦੋਆਬਾ ਖੇਤਰ ਵਿਚ ਇਸ ਸਮਾਜ ਦੀ ਵੱਡੀ ਪਕੜ ਹੈ। ਪੰਜਾਬ ਵਿਚ ਅਨੁਸੂਚਿਤ ਭਾਈਚਾਰੇ ਦੀ ਗਿਣਤੀ 32 ਫ਼ੀਸਦੀ ਹੈ। ਸੂਬੇ ਦੀਆਂ 117 ਸੀਟਾਂ ਵਿਚੋਂ ਦੋਆਬੇ ਦੀਆਂ 23 ਸੀਟਾਂ ਅਜਿਹੀਆਂ ਹਨ, ਜਿੱਥੇ ਅਨੁਸੂਚਿਤ ਜਾਤੀ ਦੇ ਸਮਾਜ ਦੀ ਮਜ਼ਬੂਤ ਪਕੜ ਹੈ। ਅੰਕੜਿਆਂ ਅਨੁਸਾਰ ਦੋਆਬਾ ਖੇਤਰ ਦੀ 52 ਲੱਖ ਦੀ ਅਬਾਦੀ ’ਚੋਂ 37 ਫ਼ੀਸਦੀ ਦਲਿਤ ਅਬਾਦੀ ਹੈ। ਸੂਬੇ ਭਰ ਵਿਚ ਕੁਲ 32 ਫ਼ੀਸਦੀ ਅਨੁਸੂਚਿਤ ਸਮਾਜ ਵਿਚ 60 ਫ਼ੀਸਦੀ ਰਵਿਦਾਸੀਆ ਸਮਾਜ, ਜਦਕਿ 40 ਫ਼ੀਸਦੀ ਵਾਲਮੀਕਿ ਅਤੇ ਮਜ਼ਹਬੀ ਭਾਈਚਾਰੇ ਦੇ ਲੋਕ ਹਨ। ਅੰਕੜਿਆਂ ਦਾ ਇਹ ਤਾਣਾ-ਬਾਣਾ ਸੂਬੇ ਵਿਚ ਰਵਿਦਾਸੀਆ ਸਮਾਜ ਨੂੰ ਮਜ਼ਬੂਤ ਕਰਨ ਲਈ ਕਾਫ਼ੀ ਹੈ।

**ਅਨੁਸੂਚਿਤ ਜਾਤੀ ਦੇ ਸਮਾਜ ਦੇ ਆਸ-ਪਾਸ ਸਿਆਸਤ**

ਪੰਜਾਬ ਵਿਚ ਅਨੁਸੂਚਿਤ ਜਾਤੀ ਦੇ ਸਮਾਜ ਦੇ ਆਸ-ਪਾਸ ਹੀ ਸਿਆਸਤ ਚੱਲਦੀ ਹੈ। ਕਾਂਗਰਸ ਨੇ ਜਿੱਥੇ ਅਨੁਸੂਚਿਤ ਸਮਾਜ ਨਾਲ ਸਬੰਧਤ ਚਰਨਜੀਤ ਸਿੰਘ ਚੰਨੀ ਨੂੰ ਸੀਐੱਮ. ਬਣਾ ਦਿੱਤਾ, ਉੱਥੇ ਹੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਬਸਪਾ ਨਾਲ ਗਠਜੋੜ ਕਰਕੇ ਡਿਪਟੀ ਸੀ. ਐੱਮ. ਦਾ ਅਹੁਦਾ ਅਨੁਸੂਚਿਤ ਜਾਤੀ ਨੇਤਾ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ। ਸੂਬੇ ਵਿਚ ਫਿਲਹਾਲ ਭਾਜਪਾ ਵੱਲੋਂ ਅਨੁਸੂਚਿਤ ਜਾਤੀ ਦੇ ਵਰਗ ਨੂੰ ਉੱਪਰ ਚੁੱਕਣ ਲਈ ਕੋਈ ਖ਼ਾਸ ਪੱਤੇ ਅਜੇ ਨਹੀਂ ਖੋਲੇ ਗਏ, ਜਦੋਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਅਨੁਸੂਚਿਤ ਚਿਹਰੇ ਦੇ ਤੌਰ ’ਤੇ ਪਹਿਲਾਂ ਹੀ ਹਰਪਾਲ ਚੀਮਾ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੋਈ ਹੈ।

**ਹੁਣ ਤਕ ਦੀਆਂ ਚੋਣਾਂ ਵਿਚ ਅਨੁਸੂਚਿਤ ਜਾਤੀ ਦੇ ਸਮਾਜ ’ਤੇ ਪਕੜ**

ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਅਨੁਸੂਚਿਤ ਵੋਟ ਬੈਂਕ ਹਾਸਲ ਕਰਨ ਵਿਚ ਕਾਫ਼ੀ ਹੱਦ ਤਕ ਕਾਮਯਾਬ ਰਹੇ ਸਨ ਪਰ ਸਭ ਤੋਂ ਵੱਡਾ ਅੰਕੜਾ ਕਾਂਗਰਸ ਕੋਲ ਹੀ ਸੀ। ਕਾਂਗਰਸ ਨੇ ਪੰਜਾਬ ਵਿਚ




ਅਨੁਸੂਚਿਤ ਜਾਤੀ ਦੇ ਸਮਾਜ ਨਾਲ ਸਬੰਧਤ 21 ਸੀਟਾਂ ’ਤੇ ਜਿੱਤ ਹਾਸਲ ਕੀਤੀ ਸੀ ਅਤੇ ਪਾਰਟੀ ਨੂੰ ਅਨੁਸੂਚਿਤ ਜਾਤੀ ਦੇ ਸਮਾਜ ਤੋਂ ਹਾਸਲ ਹੋਣ ਵਾਲੇ ਵੋਟ ਦਾ ਫ਼ੀਸਦੀ 36.63 ਸੀ। ਦੂਜੇ ਨੰਬਰ ’ਤੇ ਆਮ ਆਦਮੀ ਪਾਰਟੀ ਰਹੀ, ਜਿਸ ਨੇ 28 ਫ਼ੀਸਦੀ ਵੋਟ ਹਾਸਲ ਕਰਕੇ ਅਨੁਸੂਚਿਤ ਸਮਾਜ ਨਾਲ ਸਬੰਧਤ 9 ਸੀਟਾਂ ਜਿੱਤੀਆਂ ਸਨ। ਅਕਾਲੀ ਦਲ ਨੇ 3 ਸੀਟਾਂ ’ਤੇ ਕਬਜ਼ਾ ਕੀਤਾ, ਜਦਕਿ ਉਸ ਦਾ ਵੋਟ ਫ਼ੀਸਦੀ 24.57 ਸੀ। ਇਸ ਮਾਮਲੇ ਵਿਚ ਬਹੁਜਨ ਸਮਾਜ ਪਾਰਟੀ ਸਭ ਤੋਂ ਪਿੱਛੇ ਰਹੀ ਅਤੇ ਉਸ ਨੂੰ ਅਨੁਸੂਚਿਤ ਜਾਤੀ ਦੇ ਸਮਾਜ ਦਾ ਸਿਰਫ਼ 2.27 ਫ਼ੀਸਦੀ ਵੋਟ ਮਿਲਿਆ।

**ਅਨੁਸੂਚਿਤ ਜਾਤੀ ਦੇ ਸਮਾਜ ’ਤੇ ਡੇਰਾ ਇਫੈਕਟ**

ਦੋਆਬਾ ਖੇਤਰ ਵਿਚ ਰਵਿਦਾਸੀਆ ਸਮਾਜ ਵੱਡੀ ਗਿਣਤੀ ਵਿਚ ਡੇਰਾ ਸੱਚਖੰਡ ਬੱਲਾਂ ਦਾ ਪੈਰੋਕਾਰ ਹੈ। ਦੋਆਬਾ ਖੇਤਰ ਵਿਚ ਲਗਭਗ 12 ਲੱਖ ਰਵਿਦਾਸੀਆ ਸਮਾਜ ਨਾਲ ਸਬੰਧਤ ਲੋਕ ਹਨ ਅਤੇ ਇਹ ਲੋਕ ਸੱਚਖੰਡ ਬੱਲਾਂ ਦੇ ਪੈਰੋਕਾਰ ਹਨ। ਬਾਬਾ ਸੰਤ ਪੀਪਲ ਦਾਸ ਨੇ ਡੇਰਾ ਸੱਚਖੰਡ ਬੱਲਾਂ ਦੀ ਸਥਾਪਨਾ ਕੀਤੀ ਸੀ ਅਤੇ ਉਨਾਂ ਤੋਂ ਬਾਅਦ ਲਗਾਤਾਰ ਇਸ ਡੇਰੇ ਦਾ ਵਿਕਾਸ ਹੋ ਰਿਹਾ ਹੈ। ਸਿਆਸੀ ਤੌਰ ’ਤੇ ਸਿਰਫ਼ ਅਨੁਸੂਚਿਤ ਜਾਤੀ ਦੇ ਨੇਤਾ ਹੀ ਨਹੀਂ, ਸਗੋਂ ਹਰ ਵਰਗ ਦੇ ਨੇਤਾ ਡੇਰਾ ਸੱਚਖੰਡ ਬੱਲਾਂ ’ਤੇ ਨਿਰਭਰ ਕਰਦੇ ਹਨ। ਹੁਣੇ ਜਿਹੇ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਕਈ ਨੇਤਾ ਡੇਰੇ ਵਿਚ ਆਸ਼ੀਰਵਾਦ ਲੈਣ ਲਈ ਆ ਚੁੱਕੇ ਹਨ।

**ਦੋਆਬਾ ਖੇਤਰ ਦੀ ਸਿਆਸਤ**

*ਪ੍ਰਮੁੱਖ ਇਲਾਕੇ ਜਲੰਧਰ, ਕਪੂਰਥਲਾ, ਨਵਾਂਸ਼ਹਿਰ, ਹੁਸ਼ਿਆਰਪੁਰ*

*ਕੁਲ ਵਿਧਾਨ ਸਭਾ ਸੀਟਾਂ 23*

*ਕੁਲ ਅਬਾਦੀ 52 ਲੱਖ*

*ਅਨੁਸੂਚਿਤ ਜਾਤੀ ਦੀ ਅਬਾਦੀ 20 ਲੱਖ*

**ਬਸਪਾ-ਅਕਾਲੀ ਦਲ ਗਠਜੋੜ ਦਾ ਅਸਰ**

ਪੰਜਾਬ ’ਚ ਅਕਾਲੀ ਦਲ ਅਤੇ ਬਸਪਾ ਮਿਲ ਕੇ ਚੋਣ ਲੜ ਰਹੇ ਹਨ ਪਰ ਅਜਿਹਾ ਤਜਰਬਾ 1996 ਵਿਚ ਵੀ ਕੀਤਾ ਜਾ ਚੁੱਕਾ ਹੈ। ਉਸ ਵੇਲੇ ਇਸ ਗਠਜੋੜ ਨੂੰ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਅਕਾਲੀ ਦਲ ਨੂੰ 8 ਅਤੇ ਬਸਪਾ ਨੂੰ 3 ਸੀਟਾਂ ਮਿਲੀਆਂ ਸਨ। ਉਸ ਤੋਂ ਬਾਅਦ ਇਹ ਗਠਜੋੜ ਟੁੱਟ ਗਿਆ ਸੀ ਅਤੇ ਅਕਾਲੀ ਦਲ ਭਾਜਪਾ ਨਾਲ ਜਾ ਮਿਲਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ-ਬਸਪਾ ਦਾ ਗਠਜੋੜ 1996 ਵਾਲਾ ਧਮਾਕਾ ਨਾ ਕਰ ਦੇਵੇ, ਇਸੇ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕਾਂਗਰਸ ਨੇ ਪੰਜਾਬ ਵਿਚ ਅਨੁਸੂਚਿਤ ਜਾਤੀ ਦੇ ਸਮਾਜ ਦਾ ਕਾਰਡ ਖੇਡਿਆ ਅਤੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਦੂਜੇ ਪਾਸੇ ਭਾਜਪਾ ਅਨੁਸੂਚਿਤ ਜਾਤੀ ਦੇ ਸਮਾਜ ਕਾਰਡ ਖੇਡਣ ਦੀ ਤਿਆਰੀ ਵਿਚ ਸੀ ਪਰ ਕਾਂਗਰਸ ਦੇ ਝਟਕੇ ਨਾਲ ਪਾਰਟੀ ਬੈਕਫੁੱਟ ’ਤੇ ਆ ਗਈ। ਆਮ ਆਦਮੀ ਪਾਰਟੀ ਨੇ 2017 ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣ ਲੜ ਕੇ ਪੰਜਾਬ ਦੀਆਂ 9 ਅਨੁਸੂਚਿਤ ਜਾਤੀ ਦੀਆਂ ਸੀਟਾਂ ’ਤੇ ਕਬਜ਼ਾ ਕੀਤਾ ਸੀ।

# ਈਸਾਈਅਤ ਵਲ ਵੱਧ ਰਹੇ ਧਰਮ ਪਰਿਵਰਤਨ ਨੂੰ ਠੱਲ ਪਾਉਣ ਤੁਰੇ ਯੂਐੱਸਐੱਸਐੱਫ. ਦੇ ਯੋਧੇ

## 11 ਪਰਿਵਾਰ ਵਾਪਸ ਮੁੜੇ ਸਿੱਖੀ ਵੱਲ

**ਬਟਾਲਾ/ਏ.ਟੀ.ਨਿਊਜ਼ :-** ਬੀਤੇ ਦਿਨੀਂ ਬਟਾਲਾ ਦੇ ਨੇੜਲੇ ਪਿੰਡ ਹਸਨਪੁਰ ਵਿਚ ਈਸਾਈ ਪਾਦਰੀ ਵਲੋਂ ਵਿੱਤੀ ਮਦਦ ਦੇ ਨਾਮ ਉਤੇ ਮਜਬੂਰੀ ਦਾ ਫਾਇਦਾ ਉਠਾ ਕੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਸੀ, ਜਿਸਦਾ ਯੂਨਾਈਟਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨਾਂ ਅਤੇ ਪਿੰਡ ਦੇ ਗ੍ਰੰਥੀ ਸਿੰਘ ਭਾਈ ਬਲਜਿੰਦਰ ਸਿੰਘ ਵਲੋਂ ਵਿਰੋਧ ਕੀਤਾ ਗਿਆ ਅਤੇ ਘਰ ਘਰ ਜਾ ਕੇ ਪਰਿਵਰਤਨ ਪਿਛਲੇ ਕਾਰਨਾਂ ਦੀ ਘੋਖ ਕਰਕੇ, ਪਰਿਵਾਰਾਂ ਦੀ ਬਾਂਹ ਫੜੀ ਗਈ, ਨਾਲ ਹੀ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਅਸੀਂ ਹਰ ਦੁਖ ਸੁਖ ਦੀ ਘੜੀ ਵਿਚ ਤੁਹਾਡੇ ਨਾਲ ਖੜੇ ਹਾਂ, ‘ਤੁਹਾਡੀ ਹਰ ਔਕੜ ਜਾਂ ਮਜਬੂਰੀ ਨੂੰ ਸੁਨਣ, ਸੰਗਤ ਦੇ ਸਹਿਜੋਗ ਨਾਲ ਉਸਦਾ ਹੱਲ ਕੱਢਣ ਲਈ ਪੰਥ ਸਦਾ ਤਤਪਰ ਹੈ।’

ਮਜਬੂਰ ਪਰਿਵਾਰਾਂ ਵੱਲੋਂ ਵੀ ਭਰਵਾਂ ਹੁੰਗਾਰਾ ਦੇਂਦਿਆ ਸੰਗਤ ਦਾ ਸਹਿਯੋਗ ਸਵੀਕਾਰਦਿਆਂ ਗੁਰੂ ਵੱਲ ਮੁੱਖ ਰੱਖਦਿਆਂ ਸਿੱਖੀ ਵਿੱਚ ਮੁੜ ਵਾਪਸੀ ਕੀਤੀ ਗਈ। ਕੁੱਲ ਗਿਆਰਾਂ ਪਰਿਵਾਰਾਂ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕ੍ਰਿਪਾ ਕੀਤੀ, ਸੰਗਤੀ ਰੂਪ ਵਿੱਚ ਆਪ ਵਰਤ ਕੇ ਟੁੱਟਿਆਂ ਨੂੰ ਮੁੜ ਗੁਰੂਘਰ ਨਾਲ ਗੰਢਿਆ।



ਮੌਕੇ ਤੇ ਬੋਲਦਿਆਂ ਯੂਨਾਈਟਿਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੇਵਾਦਾਰ ਜੁਗਰਾਜ ਸਿੰਘ ਮਝੈਲ ਨੇ ਇਸਾਈਅਤ ਦੇ ਹਮਲੇ ਨੂੰ ਇੱਕ ਚੁਣੌਤੀ ਵਜੋਂ ਦੱਸਿਆ ਅਤੇ ਇਸ ਨੂੰ ਠੱਲ ਪਾਉਣ ਲਈ ਹਸਨਪੁਰ ਪਿੰਡ ਦੇ ਨੌਜਵਾਨਾਂ ਵਾਂਗ ਸੰਗਤ ਦੇ ਅਸਲੀ ਮਾਅਇਨੇ ਪ੍ਰਗਟ ਕਰਦਿਆਂ ਗਰੀਬ ਸਿੱਖਾਂ ਦੇ ਨਾਲ ਪਰਿਵਾਰ ਵਾਂਗ ਵਰਤੋਂ ਵਿਹਾਰ ਕਰਕੇ ਦੁੱਖ ਸੁੱਖ ਸਹਾਈ ਹੋਇਆ ਜਾਵੇ। ਆਪਣੇ ਪਿੰਡ ਦੇ ਦਾਨ ਨੂੰ ਖਿਤੇ ਦੇ ਹੀ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਵਰਤਿਆ ਜਾਵੇ। ਇਲਾਕੇ ਦੇ ਗੁਰੂਘਰਾਂ ਦੀਆਂ ਪ੍ਰਬੰਧਕ ਜਥੇਬੰਦੀਆਂ ਵੀ ਅਜਿਹਾ ਮਾਹੌਲ ਸਿਰਜਣ ਲਈ ਅਗੇ ਆਉਣ, ਜਿਸ ਵਿਚ ਲੋੜਵੰਦ ਜਨ ਇਕ ਹੱਦ ਤਕ ਗੁਪਤ ਰਹਿ ਕੇ ਹੀ ਸੰਗਤ ਦਾ ਸਹਿਜੋਗ ਪ੍ਰਾਪਤ ਕਰ ਸਕਣ। ਇਸੇ ਸਬੰਧ ਵਿਚ ਪਿੰਡ ਹਸਨਪੁਰੇ ਪਹੁੰਚ ਕੇ ਯੂਨਾਈਟਿਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੇਵਾਦਾਰ ਜੁਗਰਾਜ ਸਿੰਘ ਮਝੈਲ ਵਲੋਂ ਪਿੰਡ ਦੇ ਇਨਾਂ ਉਦਮੀ ਨੌਜਵਾਨਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਹੋਰ ਵੀ ਵੱਧ ਚੜ ਕੇ ਗੁਰੂ ਦੀਆਂ ਖੁਸ਼ੀਆਂ ਲੁਟਣ ਤੇ ਪੰਥ ਹਿਤ ਸੇਵਾ ਕਮਾਉਣ ਲਈ ਪ੍ਰੇਰਣਾ ਕੀਤੀ ਅਤੇ ਆਪਣੇ ਵਲੋਂ ਵੱਧ ਚੜ ਕੇ ਸਹਿਜੋਗ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਭਾਈ ਬਲਜਿੰਦਰ ਸਿੰਘ, ਹਰਪਾਲ ਸਿੰਘ, ਪਰਤਾਪ ਸਿੰਘ, ਕੋਮਲਪ੍ਰੀਤ ਸਿੰਘ, ਰਵੀ ਸਿੰਘ, ਅਜੇਪਾਲ ਸਿੰਘ, ਹਰਪਿੰਦਰ ਸਿੰਘ, ਪਰਮਿੰਦਰ ਸਿੰਘ, ਗਗਨਪਾਲ ਸਿੰਘ, ਸਤਿੰਦਰਪਾਲ ਸਿੰਘ, ਕਰਨਬੀਰ ਸਿੰਘ, ਇਕਬਾਲ ਸਿੰਘ ਨਾਨਕਸਰੀਆ ਆਦਿ ਹਾਜ਼ਰ ਸਨ।

# ਮਹਾਤਮਾ ਗਾਂਧੀ ਖ਼ਿਲਾ.ਫ ਭੱਦੀ ਟਿੱਪਣੀ ਕਰਨ ਵਾਲਾ ਕਾਲੀਚਰਨ ਮਹਾਰਾਜ ਰਾਏਪੁਰ ਤੋਂ ਗ੍ਰਿ.ਫਤਾਰ



**ਠਾਣੇ (ਮਹਾਰਾਸ਼ਟਰ)/ਏ.ਟੀ.ਨਿਊਜ਼ :-** ਮਹਾਰਸ਼ਟਰ ਦੇ ਠਾਣੇ ਸਿਟੀ ਪੁਲਿਸ ਨੇ ਹਿੰਦੂ ਧਾਰਮਿਕ ਆਗੂ ਕਾਲੀਚਰਨ ਮਹਾਰਾਜ ਨੂੰ ਰਾਏਪੁਰ (ਛੱਤੀਸਗੜ) ਤੋਂ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਕਾਲੀਚਰਨ ਨੂੰ ਮਹਾਤਮਾ ਗਾਂਧੀ ਖ਼ਿਲਾ.ਫ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ ਵਿਚ ਇੱਥੇ ਉਸ ਖ਼ਿਲਾ.ਫ ਇੱਥੇ ਦਰਜ ਕੇਸ ਦੇ ਸਬੰਧ ’ਚ ਗ੍ਰਿ.ਫਤਾਰ ਕੀਤਾ ਗਿਆ ਹੈ। ਮਹਾਤਮਾ ਗਾਂਧੀ ਖ਼ਿਲਾ.ਫ ਇਤਰਾਜ਼ਯੋਗ ਟਿੱਪਣੀ ਦੇ ਸਬੰਧ ’ਚ ਕਾਲੀਚਰਨ ਨੂੰ ਛੱਤੀਸਗੜ ਤੋਂ ਇਲਾਵਾ ਮਹਾਰਾਸ਼ਟਰ ਵਿੱਚ ਵੀ ਕਈ ਥਾਈਂ ਵੱਖ-ਵੱਖ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਪਿਛਲੇ ਵਰੇ 26 ਦਸੰਬਰ ਨੂੰ ਛੱਤੀਸਗੜ ਦੀ ਰਾਜਧਾਨੀ ਰਾਏਪੁਰ ਵਿੱਚ ਇੱਕ ਸਮਾਗਮ ਦੌਰਾਨ ਮਹਾਤਮਾ ਗਾਂਧੀ ਖ਼ਿਲਾ.ਫ ਟਿੱਪਣੀਆਂ ਕੀਤੀਆਂ ਸਨ। ਠਾਣੇ ਪੁਲਿਸ ਨੇ ਕਾਲੀਚਰਨ ਨੂੰ ਰਾਏਪੁਰ ਤੋਂ ਗ੍ਰਿ.ਫਤਾਰ ਕੀਤਾ ਹੈ, ਜਿੱਥੇ ਉਹ ਉਕਤ ਕੇਸ ਤਹਿਤ ਜੇਲ ਵਿੱਚ ਬੰਦ ਸੀ। ਠਾਣੇ ਦੇ ਨੌਪਾੜਾ ਪੁਲਿਸ ਸਟੇਸ਼ਨ ਵਿੱਚ ਕਾਲੀਚਰਨ ਖ਼ਿਲਾ.ਫ ਕੇਸ ਐੱਨਸੀਪੀ ਨੇਤਾ ਅਤੇ ਮਹਾਰਾਸ਼ਟਰ ਦੇ ਮੰਤਰੀ ਜਿਤੇਂਦਰ ਅਵਹਦ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਸੀ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਨੌਪਾੜਾ ਥਾਣੇ ਦੀ ਅੱਠ ਮੈਂਬਰੀ ਟੀਮ ਰਾਏਪੁਰ ਗਈ ਸੀ, ਜਿਸ ਵੱਲੋਂ ਕਾਲੀਚਰਨ ਮਹਾਰਾਜ ਨੂੰ ਗ੍ਰਿ.ਫਤਾਰ ਕੀਤਾ ਗਿਆ।

# ਗਣਤੰਤਰ ਦਿਵਸ ਪਰੇਡ ’ਚ ਪੰਜਾਬ ਦੀਆਂ ਝਾਕੀਆਂ ਹੋਣਗੀਆਂ ਸ਼ਾਮਿਲ

## ਸਿੱਖ ਲਾਈਟ ਇਨਫੈਂਟਰੀ ਕਰੇਗੀ ਸ਼ਮੂਲੀਅਤ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤੀ ਸੈਨਾ ਨੇ ਇਕ ਬਿਆਨ ਵਿਚ ਦੱਸਿਆ ਕਿ ਇਸ ਸਾਲ ਗਣਤੰਤਰ ਦਿਵਸ ਪਰੇਡ ਵਿਚ 16 ਮਾਰਚ ਟੁਕੜੀਆਂ, 17 ਮਿਲਟਰੀ ਬੈਂਡ ਅਤੇ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਤੇ ਹਥਿਆਰਬੰਦ ਸੈਨਾਵਾਂ ਦੇ ਵਿਭਾਗਾਂ ਦੀਆਂ 25 ਝਾਕੀਆਂ ਸ਼ਾਮਿਲ ਹੋਣਗੀਆਂ। ਭਾਰਤੀ ਸੈਨਾ ਦੀਆਂ 6 ਮਾਰਚ ਟੁਕੜੀਆਂ ਵਿਚ ਸਿੱਖ ਲਾਈਟ ਇਨਫੈਂਟਰੀ ਸ਼ਾਮਿਲ ਹੋਵੇਗੀ।

# ਚੋਣਾਂ ਜਾਂ ਜਮਹੂਰੀਅਤ ਦਾ ਕਤਲ



ਸ. ਦਲਵਿੰਦਰ ਸਿੰਘ ਘੁੰਮਣ

ਭਾਰਤ ਵਿੱਚ ਸਿਰਫ ਇਕ ਦਿਨ ਦਾ ਹੀ ਜਮਹੂਰੀਆਤ ਰਹਿ ਗਿਆ ਜਾਪਦਾ ਹੈ ਉਹ ਹੈ ਚੋਣਾਂ ਵਾਲਾ ਦਿਨ। ਜੋ ਦਰਸਾਉਦਾ ਹੈ ਲੋਕਤੰਤਰ ਦੇ ਛਇਆ ਹੇਠ ਜਨਤਾ ਨੂੰ ਇਨਸਾਫ, ਸਿਹਤ, ਸਿਖਿਆ, ਬੇਰੁਜ਼ਗਾਰੀ, ਗਰੀਬੀ ਤੋਂ ਨਿਜਾਤ ਦੀ ਗੱਲ ਤਾਂ ਹੋ ਰਹੀ ਹੈ। ਲਗਦਾ ਹੈ ਚੋਣਾਂ ਦੀ ਪ੍ਰਕਿਆ ਖਤਮ ਹੁੰਦੇ ਅਤੇ ਜਿੱਤ ਦੇ ਐਲਾਨ ਹੁੰਦੇ ਸਾਰ ਚੰਗੇ ਦਿਨਾਂ ਦਾ ਆਗਾਜ਼ ਹੋ ਜਾਵੇਗਾ। ਪਰ ਅਸੰਭਵ ਜਿਹਾ ਵਾਪਰ ਰਿਹਾ। ਚੋਣਾਂ ਵਿੱਚ ਹੋਏ ਸਮਾਂ, ਧੰਨ ਦੀ ਬਰਬਾਦੀ, ਲੜਾਈਆਂ ਨਾਲ ਹੋਈ ਨਫਰਤ ਦੀ ਭਰਪਾਈ ਕਦੇ ਨਹੀਂ ਹੋ ਸਕਣੀ। ਭਾਰਤੀ ਰਾਜਨੀਤੀ ਵਿੱਚ ਇਸ ਚਲਨ ਦਾ ਪ੍ਰਲਨ ਬਹੁਤ ਭਾਰੂ ਹੁੰਦਾ ਜਾ ਰਿਹਾ ਹੈ ਕਿ ਕੇਂਦਰ ਜਾਂ ਰਾਜ ਸਰਕਾਰ ਵਿੱਚ ਜਿੱਤੀ ਹੋਈ ਪਾਰਟੀ ਤੁਰੰਤ ਬਾਅਦ ਆਪਣੀ ਅਗਲੀਆਂ ਚੋਣਾਂ ਨੂੰ ਜਿੱਤਣ ਵਾਸਤੇ ਰਣਨੀਤੀ ਘੜਨ ਵਿੱਚ ਮਸ਼ਰੂਫ ਹੋ ਜਾਂਦੀ ਹੈ। ਸੱਤਾਧਾਰੀ ਪਾਰਟੀ ਨੂੰ ਇਹ ਯਾਦ ਕਰਨਾ ਅਫਸੋਸਨਾਕ ਲੱਗਣ ਲੱਗ ਪੈਂਦਾ ਹੈ ਕਿ ਲੋਕ ਸਾਡੇ ਕੋਲੋ ਇਹ ਤਵੱਜੋ ਕਿਉਂ ਕਰ ਰਹੇ ਹਨ ਕਿ ਅਸੀਂ ਹੀ ਦੇਸ਼ ਜਾਂ ਰਾਜ ਦੇ ਵਿਕਾਸ ਕਰਨ ਦੇ ਜਿੰਮੇਵਾਰ ਹਾਂ। ਦੋ ਵਾਰ ਲਗਾਤਾਰ ਚੁਣੀ ਪਾਰਟੀ ਦੀ ਬਹੁਮੱਤ ਵਾਲੀ ਸਰਕਾਰ ਦੀ ਸ਼ਾਨਦਾਰ ਜਿੱਤ, ਇਹ ਨਾਹਰੇ ਮਾਰਨ ਲੱਗ ਪੈਂਦੀ ਹੈ ਕਿ ਅਗਲੇ ਪੱਚੀ ਸਾਲ ਹੁਣ ਰਾਜ ਅਸੀਂ ਕਰਨਾ ਹੈ। ਜੇ ਦੂਜੀਆਂ ਪਾਰਟੀ ਜਾਂ ਲੀਡਰ ਚਾਹੁਣ ਤਾਂ ਸਾਡੀ ਪਾਰਟੀ ਨੂੰ ਹੀ ਸਦੀਵੀ ਜਾਂ ਸਥਾਈ ਪਾਰਟੀ ਦੀ ਤਰਾਂ ਮੰਨਣ। 'ਹੁਣ ਕੱਖਾਂ ਤੋਂ ਹੌਲਾ ਹੋ ਗਿਆ ਹੈ, ਵਿਕਾਸ ਦਾ ਨਾਹਰਾ' ਸਿਰਫ ਆਪਣਾ ਵਿਕਾਸ ਕਰਨ ਤੱਕ ਲੁੱਟਣ, ਕੁੱਟਣ ਤੱਕ ਹੈ। ਸਰਕਾਰ ਬਣਦੇ ਹੀ 'ਵਿਕਾਸ' ਨੂੰ ਜੰਮਣ ਲਾ ਦਿੰਦੇ ਹਨ ਪਰ ਟਾਇਮ ਨਹੀਂ ਦੱਸਿਆ ਜਾਂਦਾ ਕਿ ਇਹ ਅਗਲੇ ਪੰਜਾਂ ਸਾਲਾਂ ਵਿੱਚ ਜੰਮੇਗਾ ਜਾਂ ਪੱਚੀ ਸਾਲਾ ਤੱਕ। ਹੁਣ ਤਾਂ ਲੋਕ ਵੀ ਹੌਲੀ ਹੌਲੀ ਵਿਕਾਸ ਦਾ ਨਾਂ ਲੈਣਾ ਬੰਦ ਕਰੀ ਜਾ ਰਹੇ ਹਨ। ਉਨਾਂ ਨੂੰ ਆਪਣੀ ਬੇ-ਅਕਲੀ ਦਾ ਵਿਕਾਸ ਹੋਇਆ ਜਰੂਰ ਆਉਂਦਾ ਹੋਵੇਗਾ। ਅੱਜ ਦਾ ਵਿਕਾਸ ਉਹੀ ਹੈ ਜੋ ਚੋਣਾਂ ਹੋਣ ਤੋਂ ਪਹਿਲਾਂ ਰਾਤ ਦੇ ਹਨੇਰਿਆਂ ਵਿੱਚ ਘਰ ਦੇ ਕੇ ਗਏ ਸੀ। ਅੱਜ ਇੱਕ ਵਿਧਾਨ ਸਭਾ ਦੀ ਚੋਣ ਉਪਰ ਔਸਤਨ ਡੇਢ ਕਰੋੜ ਖਰਚਿਆ ਜਾ ਰਿਹਾ ਹੈ ਅਤੇ ਇੱਕ ਵਿਧਾਨ ਸਭਾ ਵਿੱਚ ਔਸਤਨ ਚਾਰ ਪੰਜ ਉਮੀਦਵਾਰ ਪਹਿਲੀ ਕਤਾਰ ਦੇ ਜਿੱਤ ਦੀ ਉਮੀਦ ਦੇ ਦਾਅਵੇਦਾਰ ਹੁੰਦੇ ਹਨ। ਉਨਾਂ ਵੱਲੋਂ ਵੀ ਖਰਚੇ ਨੂੰ ਜੋੜਿਆ ਜਾ ਸਕਦਾ ਹੈ। ਇੱਕ ਵਿਧਾਨ ਸਭਾ ਸਹਿਜੇ ਹੀ ਦਸ ਕਰੋੜੀ ਹੋ ਜਾਂਦੀ ਹੈ। ਭਾਰਤ ਦੀ ਰਾਜਨੀਤੀ ਨੇ ਲੋਕਾਂ ਦੀ ਔਕਾਤ ਦਾ ਪੈਮਾਨਾ ਮਿਥ ਲਿਆ ਹੈ। ਹੁਣ ਰਾਜਨੀਤੀ ਬਦਮਾਸ਼ੀ, ਪੁਲਿਸ ਅਤੇ ਅਦਾਲਤਾਂ ਦੀ ਛੱਤਰ ਸਾਇਆ ਹੇਠ ਪ੍ਰਵਾਨਿਤ ਧੰਦਾ ਹੈ। ਪ੍ਰਧਾਨ ਮੰਤਰੀ ਉਪਰ ਦੰਗਿਆਂ, ਕਤਲਾਂ ਦੇ ਕੇਸ ਦਰਜ ਹਨ। ਅਮਰੀਕਾ ਵਰਗੇ ਦੇਸ਼ ਵੀਜਾ ਪਾਬੰਦੀ ਵੀ ਲਾਉਦੇ ਹਨ। ਪਰ ਇਨਾਂ ਦੇਸ਼ਾਂ ਦੇ ਅਖੌਤੀ 'ਮਨੁੱਖਤਾ ਪੱਖੀ ਰਾਗ' ਗਾਉਣੇ ਵੀ ਬੇਸੁਰੇ ਲੱਗਣ ਲੱਗ ਪੈਂਦੇ ਹਨ ਜਦ ਵਪਾਰਕ ਸੰਧੀਆਂ ਲਈ ਜੱਫੀਆਂ ਪਾ ਕੇ ਕਾਤਲਾਂ ਨੂੰ ਵੀਜ਼ੇ ਦੇ ਕੇ ਹੱਲਾਸ਼ੇਰੀ ਦਿੰਦੇ ਨਜ਼ਰ ਆਉਂਦੇ ਹਨ। ਕਿਸੇ ਪੱਤਰਕਾਰ ਨੇ ਰਾਜਨੀਤਕ ਮਾਹਰ ਵਿਅਕਤੀ ਨੂੰ ਪੁੱਛ ਲਿਆ ਕਿ 'ਸ੍ਰੀ ਨਰਿੰਦਰ ਮੋਦੀ ਚੰਗਾ ਹੈ ਜਾਂ ਅਮਰੀਕਾ ਦਾ ਰਾਸ਼ਟਰਪਤੀ ਜ਼ਾਰਜ ਬੂਸ਼'। ਬਹੁਤ ਕਮਾਲੀ ਜੁਆਬ ਸੀ ਕਿ ਫਰਕ ਇੰਨਾ ਹੈ, ਸੱਤਾ ਲਈ ਮੋਦੀ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਮਾਰਿਆ ਹੈ, ਬੁਸ਼ ਨੇ ਦੂਜੇ ਦੇਸ਼ ਦੇ ਲੋਕਾਂ ਨੂੰ। ਅੱਸੀ ਫੀਸਦੀ ਤੋਂ ਵੱਧ ਲੀਡਰਾਂ ਦਾ ਚਾਲ ਚਲਣ ਰਾਜਨੀਤੀ ਦੇ ਅਨੁਕੂਲ ਨਹੀਂ ਹੈ। ਅੱਜ ਚੋਣਾਂ ਜਿੱਤਣ ਦੇ ਢੰਗ ਦੀ ਅਨੋਖੀ ਦੁਰਦਸ਼ਾ ਦਾ ਡਿਜੀਟਲ-ਕਰਨ ਹੋ ਗਿਆ ਹੈ। ਜਿਵੇਂ ਮੁਸਲਮਾਨ ਬੱਕਰੇ ਨੂੰ ਬਕਰੀਦ ਤੇ ਬਲੀ ਦਿੰਦੇ ਹਨ ਉਸੇ ਤਰਾਂ ਭਾਰਤ ਵਿੱਚ ਮੁਤੱਸਵੀ ਰਾਜਨੀਤੀ ਦੇ ਸਿਆਸਤਦਾਨ ਮੁਸਲਮਾਨਾਂ, ਸਿੱਖਾਂ, ਇਸਾਈਆਂ ਸਮੇਤ ਘੱਟਗਿਣਤੀਆਂ ਦੀ ਬਲੀ ਹਰ ਚੋਣਾਂ ਵੇਲੇ ਦਿੰਦੇ ਹਨ। ਚੋਣਾਂ ਵਿੱਚ ਘੱਟਗਿਣਤੀਆਂ ਦੇ ਕਤਲੇਆਮ ਨਾਲ ਹੀ ਸਰਕਾਰਾਂ ਬਣਦੀਆਂ ਆ ਰਹੀਆਂ ਹਨ। 1984 ਵਿੱਚ ਸਿੱਖਾਂ ਦੇ ਕਤਲੇਆਮ ਮਗਰੋਂ ਬਹੁਸੰਮਤੀ ਨਾਲ ਕੇਂਦਰ ਵਿੱਚ ਕਾਂਗਰਸ 542 ਵਿੱਚੋਂ 411 ਸੀਟਾਂ ਲੈ ਕੇ ਸਰਕਾਰ ਬਣੀ। ਇਸੇ ਤਰਾਂ ਹੀ ਗੁਜਰਾਤ ਵਿੱਚ 2002 ਦੇ ਦੰਗਿਆਂ ਤੋਂ ਬਾਆਦ ਨਰਿੰਦਰ ਮੋਦੀ ਨੇ ਭਾਰੀ ਬਹੁਮਤ ਨਾਲ ਸਰਕਾਰ ਬਣਾਈ ਅਤੇ ਲਗਾਤਾਰ ਬਣਾ ਰਿਹਾ ਹੈ। ਇਹ ਪੱਕਾ ਸੀ ਕਿ ਮੋਦੀ ਹੀ ਜਿੱਤੇਗਾ ਅਤੇ ਇਸੇ ਤਰਾਂ ਹੀ ਹੋਇਆ। ਹੈਰਾਨੀ ਵਿੱਚ ਪ੍ਰੇਸ਼ਾਨੀ ਹੈ ਕਿ ਇਹ ਕਿਵੇਂ ਹੋ ਸਕਦਾ ਹੈ ? ਕਿ ਦੁਨੀਆਂ ਦੇ ਵੱਡੇ ਲੋਕਤੰਤਰ ਅਖਵਾਉਂਦੇ ਭਾਰਤ ਵਿੱਚ ਲੋਕਾਂ ਨੂੰ ਭੇਡਾਂ ਬੱਕਰੀਆਂ ਵਾਂਗ ਮਾਰ ਕੇ ਸਰਕਾਰਾਂ ਬਣਦੀਆਂ ਹੋਣ ? ਪਰ ਸੱਚ ਤੋਂ ਮੂੰਹ ਮੋੜਦੇ ਹੋਏ ਵੀ ਅਮਰੀਕੀ ਮੈਗਜੀਨਾਂ ਵਿੱਚ ਭਾਰਤੀ ਲੀਡਰਾਂ ਨੂੰ ਪਹਿਲੇ ਨੰਬਰ 'ਤੇ ਵਿਖਾਇਆ ਜਾਂਦਾ ਹੈ। ਬਿਜਨਸ ਹੈ ਭਾਈ ! ਰਾਜਨੀਤੀ ਵਿੱਚ ਜਾਤੀਵਾਦ ਇਸ ਕਦਰ ਪੈਰ ਪਸਾਰ ਗਿਆ ਹੈ ਕਿ ਕਾਂਗਰਸ ਸੈਕੂਲਰ ਹੋ ਕੇ ਵੀ ਅੱਜ ਮੰਦਰਾਂ ਵਿੱਚ ਜਾ ਕੇ ਮੱਥੇ ਰਗੜਨ ਤੋਂ ਲੈ ਕੇ ਟਿੱਕੇ ਲੁਆ ਰਹੀ ਹੈ ਅਤੇ ਆਪਣੇ ਬਿਆਨਾਂ, ਭਾਸ਼ਣਾਂ ਵਿੱਚ ਗ੍ਰੰਥਾਂ ਦੇ ਸਲੋਕ ਪੜੇ ਜਾ ਰਹੇ ਹਨ। ਜਾਤੀ ਅਧਾਰਤ ਮੁੱਖ ਮੰਤਰੀ, ਜਾਤੀ ਅਧਾਰ ਇਲਾਕਾਈ ਵੰਡਾਂ ਕੀਤੀਆਂ ਜਾ ਰਹੀਆਂ ਹਨ। ਕਿਸ ਇਲਾਕੇ ਵਿੱਚ ਕਿਹੜੀ ਕੌਮ, ਧਰਮ ਦੇ ਲੋਕ ਰਹਿ ਰਹੇ ਹਨ। ਘੱਟਗਿਣਤੀ, ਬਹੁਗਿਣਤੀ ਅਧਾਰ ਦੇ ਚੋਣ ਹਲਕੇ ਦੀ ਵੰਡ ਕੀਤੀ ਜਾ ਰਹੀ ਹੈ। ਚੋਣਾਂ ਤੋਂ ਪਹਿਲਾਂ ਲਿਸਟਾਂ ਬਨਣ ਦਾ ਪ੍ਰਚਲਨ ਹੈ। ਫਿਰ ਇਹ ਲਿਸਟਾਂ ਚਾਹੇ ਵੋਟਾਂ ਵੇਲੇ ਕੰਮ ਆਉਣ ਜਾਂ ਕਿਸੇ ਫਿਰਕੇ ਦੀ ਨਸ਼ਲਕੁਸ਼ੀ ਵੇਲੇ। ਹਥਿਆਰ, ਜਲਣਸ਼ੀਲ ਪਦਾਰਥ ਸੱਭ ਕੁਝ ਪਾਰਟੀਆਂ ਦੇ ਦਫਤਰ-ਭੰਡਾਰਾਂ ਵਿੱਚ ਮੌਜੂਦ ਹੈ। ਵਕਤ ਹੀ ਇਸ ਨੂੰ ਵਰਤਨ ਦੀ ਵਿਉਂਤ ਦੱਸੇਗਾ। ਪਰ ਇਥੇ ਘੱਟਗਿਣਤੀ ਦੀਆਂ ਜਾਤੀਆਂ, ਧਰਮਾਂ ਵਾਲੇ ਲੋਕ ਵੀ ਆਪਣੀ ਵੋਟ-ਹੋਂਦ ਦਾ ਫਾਇਦਾ ਲੈਣ ਵਿੱਚ ਕਾਮਯਾਬ ਨਹੀ ਹੋ ਰਹੇ। ਡਰ, ਪੈਸਾ, ਸ਼ੋਹਰਤ ਸਮਾਜ ਵਿੱਚ ਵੰਡੀਆਂ ਦਾ ਮੁੱਖ ਕਾਰਨ ਬਣਿਆ ਹੋਇਆ ਹੈ

ਪੰਜਾਬ ਵਿੱਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲੀ ਵਾਰ ਆਪਣੇ ਇਤਿਹਾਸ ਦੇ ਸੌ ਸਾਲਾਂ ਦੇ ਸੱਭ ਤੋਂ ਅੰਧਕਾਰੀ-ਵਕਤ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਮਹਾਨ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਸਿੱਖੀ ਦੀ ਹੋਂਦ ਦੇ ਪਹਿਲੇ ਦੋ ਥੰਮ ਸਨ। ਬਾਦਲ ਪਰਿਵਾਰ ਦੇ ਗਲਤ ਦਰ ਗਲਤ ਫੈਸਲਿਆਂ ਨੇ ਪੰਜਾਬ ਵਿੱਚ ਦੋਹਾਂ ਸੰਸਥਾਵਾਂ ਨੂੰ ਨਿਘਾਰ ਵੱਲ ਧੱਕਿਆ ਹੈ। ਸਿਤਾਰੇ ਗਰਦਸ਼ ਵਿੱਚ ਹਨ। ਆਪਣਾ ਵਕਾਰ ਖਤਮ ਕਰ ਚੁੱਕਿਆ ਹੈ। ਬਾਦਲ ਪਰਿਵਾਰ ਲਈ ਬੀਜੇਪੀ ਨਾਲ ਗੱਲਵੱਕੜੀ ਉਸ ਅਜਗਰ ਵਰਗੀ ਬਣ ਗਈ ਜੋ ਵੱਡਾ ਸ਼ਿਕਾਰ ਕਰਨ ਤੋਂ ਪਹਿਲਾਂ ਭੁੱਖਾ ਰਹਿਣਾ ਸ਼ੁਰੂ ਕਰ ਦਿੰਦਾ ਹੈ ਅਤੇ ਬਿਨਾਂ ਚਿੱਥੇ ਘੁੰਮ ਘੁੰਮ ਕੇ ਵਲੇਵੇਂ ਪਾ ਪੂਰਾ ਨਿਗਲ ਕੇ ਡਕਾਰ ਵੀ ਨਹੀਂ ਮਾਰਦਾ।

ਅੱਜ ਅਕਾਲੀ ਦਲ ਦੀ ਅਸਲ ਹੋਂਦ ਅਤੇ ਇਤਿਹਾਸ ਨੂੰ ਫਿਰ ਪੈਰਾਂ ਸਿਰ ਕਰਨ ਲਈ ਨਵੀਂ ਦਿਸ਼ਾ ਦੀ ਲੋੜ ਮਹਿਸੂਸ ਹੋ ਰਹੀ ਹੈ।

ਹੁਣ ਬਸਪਾ ਨਾਲ ਗੱਠਜੋੜ ਕਰਕੇ ਵੀ ਬੇੜੀ ਪਾਰ ਨਹੀਂ ਲੱਗਦੀ ਦਿਸਦੀ। ਭੈਣ ਮਾਇਆਵਤੀ ਦੀ ਸਿਆਸਤ ਦਾ ਮੂਲੋਂ ਖੁੰਡੀ ਹੋ ਜਾਣਾ, ਸਾਹਿਬ ਕਾਂਸ਼ੀ ਰਾਮ ਦੀ ਬਹੁਜਨ ਸਮਾਜ ਦੀ ਵਿਗੜੀ ਦਿਸ਼ਾ ਨੂੰ ਆਪਣੇ ਹੱਕਾਂ ਲਈ ਜਗਾਉਣ ਦੀ ਉਠੀ ਲਹਿਰ ਨਾਲ ਵਿਸ਼ਵਾਸਘਾਤ ਤੋਂ ਘੱਟ ਵੇਖਣਾ ਬੇਵਕੂਫੀ ਹੋਵੇਗੀ। ਪੰਜਾਬ, ਯੂ.ਪੀ. ਵਿੱਚ ਸਮੇਤ ਹੋਰ ਰਾਜਾਂ ਵਿੱਚ ਕਿਤੇ ਵੀ ਚੋਣ ਮੁਕਾਬਲੇ ਵਿੱਚ ਨਜ਼ਰ ਨਹੀਂ ਆ ਰਹੀ। ਖਾਸ ਕਰਕੇ ਆਪਣੇ ਗੜ ਯੂ.ਪੀ. ਵਿੱਚ ਪਾਣੀਉਂ ਪਤਲੀ ਹਾਲਤ ਵਿੱਚੋ ਬਾਹਰ ਨਿਕਲਣ ਦੇ ਆਸਾਰ ਵਿਖਾਈ ਨਹੀਂ ਦਿੰਦੇ। ਕਿਸੇ ਵੇਲੇ ਭਾਰਤ ਦੀ ਸਿਆਸਤ ਦਾ ਧੁਰਾ ਬਣੀ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਦਾਆਵੇਦਾਰ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ, ਆਪਣੇ ਸਖਤ ਰਵੱਈਏ ਕਰਕੇ, ਪਾਰਟੀ ਲਈ ਬ੍ਰਾਹਮਣ ਵੋਟ ਬੈਂਕ ਦੀ ਕੋਸ਼ਿਸ਼, ਪਰਿਵਾਰਕ ਭ੍ਰਿਸ਼ਟਾਚਾਰ ਨਾਲ ਮੋਦੀ ਸਰਕਾਰ ਦੀਆਂ ਏਜੰਸੀਆਂ ਤੋਂ ਡਰੀ ਅੱਜ ਰਾਜਨੀਤੀ ਦੇ ਹੁਣ ਤੱਕ ਦੇ ਸੱਭ ਤੋਂ ਹੇਠਲੇ ਪਾਏਦਾਨ ਉਪਰ ਆ ਗਈ ਹੈ। ਬ੍ਰਾਹਮਣ ਚਿਹਰਾ ਦੇਣ ਦੀ ਕੋਸ਼ਿਸ਼ ਵਿੱਚ ਪਾਰਟੀ ਦਾ ਕਰਤਾ ਧਰਤਾ ਮਿਸ਼ਰਾ ਦੀ ਇਕ ਵੱਡੇ ਵਰਗ ਵਿੱਚੋਂ ਫੈਸਲੇ ਲੈਣ ਨਾਲ ਬਹੁਜਨ ਸਮਾਜ ਵਿੱਚ ਪਾਰਟੀ ਪ੍ਰਤੀ ਦੂਰੀ ਵਧੀ ਹੈ। ਪੰਜਾਬ ਵਿੱਚ ਅਕਾਲੀ ਗੱਠਜੋੜ ਵਿੱਚ ਵੀਹ ਸੀਟਾਂ ਦੀ ਭਾਈਵਾਲੀ ਵੀ ਸਿਰਫ ਦੁਆਬੇ ਜੋਨ ਤੱਕ ਸਿਮਟ ਗਈ ਹੈ। ਪਾਰਟੀ ਵਿੱਚ ਅੰਤਰ ਵਿਰੋਧ ਚਰਮ ਸੀਮਾ ਦੇ ਚਲਦੇ ਵੱਡੇ ਵੱਡੇ ਲੀਡਰ ਜਾਂ ਤਾਂ ਵੱਖ ਹੋ ਕੇ ਲੀਡਰਸ਼ਿਪ ਦਾ ਵਿਰੋਧ ਕਰ ਰਹੇ ਹਨ ਜਾਂ ਕਾਂਗਰਸ ਸਮੇਤ ਹੋਰ ਪਾਰਟੀਆਂ ਵਿੱਚ ਚਲੇ ਗਏ ਹਨ। ਬ੍ਰਾਹਮਣਵਾਦ ਦੀ ਬਹੁਜਨ ਨਾਲ ਵਿਤਕਰੇ ਦੀ ਭਾਵਨਾ ਨੇ ਵੀ ਪਾਰਟੀ ਨੂੰ ਗੁੱਝਾ ਨੁਕਸਾਨ ਪਹੁੰਚਾਇਆ ਹੈ। ਵਕਤੀ ਤੌਰ 'ਤੇ ਬਾਬਾ ਭੀਮ ਰਾਓ ਅੰਬੇਦਕਰ ਦੇ ਸੁਪਨੇ ਅਧੂਰੇ ਰਹਿ ਜਾਣ ਦਾ ਅਭਾਸ ਪ੍ਰਤੀਤ ਹੁੰਦਾ ਹੈ। ਬਾਬੂ ਕਾਂਸ਼ੀ ਰਾਮ ਵਾਲੀ ਬਹੁਜਨ ਸਮਾਜ ਲਈ ਉਠੀ ਲਹਿਰ ਸੁੰਘੜ ਗਈ ਲੱਗਦੀ ਹੈ। ਪੰਜਾਬ ਵਿਰੋਧੀ ਲਾਬੀ ਦਿੱਲੀ ਤੋਂ ਲਾਮ-ਲਸ਼ਕਰ ਲੈ ਕੇ ਧਾਵਾ ਬੋਲ ਚੁੱਕੀ ਹੈ। ਜਿਸ ਦਾ ਪਹਿਲਾ ਮਨੋਰਥ ਪੰਜਾਬ ਨੂੰ ਦਿੱਲੀ ਦਾ ਘਸਿਆਰਾ ਬਣਾਉਣਾ ਹੈ। ਕੇਜਰੀਵਾਲ ਦੀ ਆਮ ਆਦਮੀ ਪਾਰਟੀ ਪਿਛਲੀ ਵਾਰ ਵਾਂਗ ਪੰਜਾਬ ਵਿੱਚ ਜਿੱਤ ਦੀਆਂ ਟਾਹਰਾਂ ਮਾਰਨ ਵਿੱਚ ਸੱਭ ਤੋਂ ਅੱਗੇ ਹੈ। ਬਿਜਲੀ ਦੀ ਮੁਆਫੀ, ਬੀਬੀਆਂ ਨੂੰ ਹਜ਼ਾਰ-ਹਜ਼ਾਰ ਰੁਪਏ ਮਹੀਨਾ ਦੇ ਲਾਰੇ, ਜਨਤਾ ਨੂੰ ਲੋਕਾਂ ਦੀਆਂ ਅਸਲ ਮੁਸ਼ਕਲਾਂ ਤੋਂ ਬਾਹਰ ਕੱਢਣ ਲਈ ਸਹੀ ਮਾਰਗ ਨਹੀਂ ਹੋ ਸਕਦਾ। ਰੁਜ਼ਗਾਰ ਦੀ ਗਰੰਟੀ ਨਹੀਂ, ਪੰਜਾਬ ਸਿਰ ਚੜਿਆ ਕਰਜਾ ਕਿਵੇਂ ਮੁਕਤੀ ਵਿੱਚ ਬਦਲੇਗਾ ? ਕੇਜਰੀਵਾਲ ਆਰ ਐਸ ਐਸ ਸਮੇਤ ਹਿੰਦੂਤਵੀ ਸੋਚ ਦੀ ਧਾਰਨਾਂ ਤੇ ਪਰਪੱਕ ਹੈ। ਕੇਜਰੀਵਾਲ ਵੱਲੋਂ ਆਪਣੇ ਪਿਤਾ ਦੇ ਆਰ ਐਸ ਐਸ ਦਾ ਸਰਗਰਮ ਮੈਂਬਰ ਹੋਣ ਦੇ ਵਾਰ ਵਾਰ ਦਾਅਵੇ ਕੀਤੇ ਜਾ ਰਹੇ ਹਨ। ਹਨੂੰਮਾਨ ਚਾਲੀਸੇ ਨੂੰ ਇੰਟਰਵਿਊ ਗਾਈਨ ਕਰਨਾ, ਇੱਕ ਬਹੁਸੰਮਤੀ ਫਿਰਕੇ ਦੀ ਗੱਲ ਕਰਨੀ ਇਸ ਦਾ ਸੰਕੇਤਕ ਅਧਾਰ ਜਾਤੀਵਾਦ ਦੀ ਰਾਜਨੀਤੀ ਹੈ। ਪਿਛਲੇ ਦਿਨੀਂ ਪੰਜਾਬ ਵਿੱਚ ਜਦੋਂ ਕਿ ਕਿਸਾਨ ਮੋਰਚੇ ਦੀ ਫਤਿਹ ਦੀ ਲਈ ਪੰਜਾਬ, ਸਿੱਖਾਂ ਦੀ ਦੁਨੀਆ ਨੇ ਸ਼ਲਾਘਾ ਕੀਤੀ ਹੈ ਤਾਂ ਨਾ-ਬਰਦਾਸ਼ਤ ਸੋਚ ਰਾਹੀਂ ਪੰਜਾਬ ਵਿੱਚ ਤਿਰੰਗਾ ਯਾਤਰਾ ਹੀ ਨਫਰਤ ਦਾ ਸੰਕੇਤ ਹੈ। ਆਪਣੀ ਦਿੱਲੀ ਸਰਕਾਰ ਵਿੱਚ ਕਿਸੇ ਸਿੱਖ ਨੂੰ ਸ਼ਾਮਲ ਨਾ ਕਰਨਾ ਨਫਰਤੀ ਕਾਰਜ ਸੀ। ਪੰਜਾਬ ਨੇ ਚਾਰ ਐਮ ਪੀ, ਵੀਹ ਐਮ ਐਲ ਏ ਦਿੱਤੇ। ਜਿਨਾਂ ਵਿੱਚ ਜਰਨੈਲ ਸਿੰਘ ਦਿੱਲੀ ਨੂੰ ਬਾਦਲਾਂ ਖਿਲਾਫ ਚੋਣ ਲੜਾ ਕੇ ਹਾਰ ਕਰਵਾਈ, ਫਿਰ ਰਾਜ ਸਭਾ ਦੀ ਸੀਟ ਵੀ ਦੇਣ ਤੋਂ ਮਨਾ ਕੀਤਾ, ਜੋ ਕੋਰੋਨਾ ਕਾਲ ਵਿਚ ਹਸਪਤਾਲ ਵਿੱਚ ਆਕਸੀਜਨ ਨੂੰ ਗੁਹਾਰ ਲਾਉਂਦਾ, ਨਾ ਮਿਲਣ 'ਤੇ ਮੌਤ ਦੇ ਮੂੰਹ ਜਾ ਪਿਆ। ਧਰਮ ਪਾਲ ਗਾਂਧੀ, ਹਰਿੰਦਰ ਸਿੰਘ ਖਾਲਸਾ, ਵਕੀਲ ਫੂਲਕਾ, ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਡਾ. ਦਲਜੀਤ ਸਿੰਘ, ਬਲਜੀਤ ਸਿੰਘ ਵਰਗੇ ਪੰਜਾਬ ਦੀਆਂ ਅਸਲ ਮੁਸ਼ਕਲਾਂ ਨੂੰ ਦਸਦੇ,

ਬਾਕੀ ਸਫ਼ਾ 30 'ਤੇ

# ਪ੍ਰੋਫੈਸਰ ਭੁੱਲਰ ਦੀ ਰਿਹਾਈ ਦਾ ਮਾਮਲਾ ਤੇ ਕੇਜਰੀਵਾਲ

ਸਰਬਜੀਤ ਸਿੰਘ ਘੁਮਾਣ

ਮੋ. 9781991622

ਪੰਥਕ ਵਿਚਾਰ

ਆਮ ਹੀ ਗੱਲ ਸੁਣਦੇ ਹਾਂ ਕਿ ਜੇ ਮੋਦੀ ਤੇ ਅਮਿਤ ਸ਼ਾਹ ਚਾਹੁਣ, ਦੋ ਸਕਿੰਟਾਂ ਵਿਚ ਨਜ਼ਰਬੰਦਾਂ ਸਿੱਖਾਂ ਦਾ ਮਾਮਲਾ ਹੱਲ ਹੋ ਜਾਵੇ। ਹੁਣ ਆਓ ਜਮੀਨੀ ਹਕੀਕਤ ਤੇ। ਕੀ ਮੋਦੀ ਸਰਕਾਰ ਨੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਮੌਕੇ 2019 ਵਿਚ ਨੌਂ ਸਿੱਖਾਂ ਦੀ ਰਿਹਾਈ ਦਾ ਫੈਸਲਾ ਤੇ ਐਲਾਨ ਨਹੀਂ ਕੀਤਾ ? ਅਗਲੀ ਗੱਲ ਇਹ ਕਿ ਜਦ ਰਿਹਾਈ ਦੀ ਪ੍ਰਕਿਰਿਆ ਤਹਿਤ ਵੱਖ ਵੱਖ ਸੂਬਿਆਂ ਨੇ ਇਸ ਬਾਰੇ ਕਾਰਵਾਈ ਕਰਨੀ ਸ਼ੁਰੂ ਹੀ ਕੀਤੀ ਤਾਂ ਮਨਿੰਦਰਜੀਤ ਬਿੱਟੇ ਦੀ ਪਟੀਸ਼ਨ ਉੱਤੇ ਸਭ ਕਾਰਵਾਈਆਂ 'ਤੇ ਰੋਕ ਲਾ ਦਿੱਤੀ। ਫਿਰ ਪਿਛਲੇ ਮਹੀਨੇ ਦਸੰਬਰ ਵਿਚ ਓਹ ਪਟੀਸ਼ਨ ਰੱਦ ਹੋ ਗਈ। ਸੁਭਾਵਿਕ ਹੈ ਕਿ ਇਸ ਮਗਰੋਂ ਹਰ ਸੂਬਾ ਸਰਕਾਰ ਆਪੋ ਆਪਣੇ ਅਧੀਨ ਓਸ ਕੈਦੀ ਦੀ ਰਿਹਾਈ ਦੀ ਫਾਈਲ ਬਣਾਕੇ, ਰਿਹਾਈ ਦੀ ਪ੍ਰਕਿਰਿਆ ਮੁਕੰਮਲ ਕਰੇ ਜਿਨਾਂ ਦੀ ਰਿਹਾਈ ਦਾ ਐਲਾਨ ਕੇਂਦਰ ਸਰਕਾਰ ਕਰ ਚੁੱਕੀ ਹੈ। ਪਰ ਇਕਦਮ ਪਿਛਲੇ ਹਫਤੇ ਇਹ ਸਨਸਨੀਖੇਜ਼ ਖੁਲਾਸਾ ਹੋਇਆ ਕਿ ਜਿਨਾਂ ਕੈਦੀਆਂ ਦੀ ਰਿਹਾਈ ਦਾ ਐਲਾਨ ਕੇਂਦਰ ਸਰਕਾਰ ਕਰ ਚੁੱਕੀ ਹੈ, ਉਨਾਂ ਵਿਚੋਂ ਇਕ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵੀ ਹੈਜਿਸ ਦੀ ਰਿਹਾਈ ਕੇਜਰੀਵਾਲ ਸਰਕਾਰ ਨੇ ਕਰਨੀ ਹੈ। ਉਨਾਂ ਦੀ ਰਿਹਾਈ ਦੀ ਫਾਈਲ ਉਤੇ ਚਾਰ ਵਾਰ ਗਲਤ ਰਿਪੋਰਟਾਂ ਕੀਤੀਆਂ ਗਈਆਂ ਹਨ। ਇਹ ਚਾਰੇ ਮੀਟਿੰਗਾਂ ਗੈਰਕਾਨੂੰਨੀ ਹਨ ਕਿਉਂਕਿ ਉਦੋਂ ਤਾਂ ਸੁਪਰੀਮ ਕੋਰਟ ਨੇ ਸਭ ਪ੍ਰਕਿਰਿਆ 'ਤੇ ਰੋਕ ਲਾਈ ਹੋਈ ਸੀ। ਕੇਜਰੀਵਾਲ ਸਰਕਾਰ ਨੂੰ ਕੀ ਲੋੜ ਸੀ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇ ਕੇ ਪ੍ਰੋਫੈਸਰ ਭੁੱਲਰ ਖਿਲਾਫ ਰਿਪੋਰਟਾਂ ਦੇਣ ਦੀ, ਜਦਕਿ ਕੇਂਦਰ ਸਰਕਾਰ ਤਾਂ ਪਹਿਲਾਂ ਹੀ ਰਿਹਾਈ ਦਾ ਹੁਕਮ ਦੇ ਚੁੱਕੀ ਸੀ। ਕੀ ਕੇਜਰੀਵਾਲ ਸਰਕਾਰ ਮੁਲਕ ਦੇ ਹਿੰਦੂ ਕੱਟੜਵਾਦੀਆਂ ਸਾਹਮਣੇ ਖੁਦ ਨੂੰ ਮੋਦੀ ਨਾਲੋਂ ਵੱਡਾ ਤੇ ਮਹਾਨ ਦੇਸ਼ ਭਗਤ ਸਾਬਤ ਕਰਨਾ ਚਾਹੁੰਦਾ ਹੈ, ਕਿ ਦੇਖ ਲਵੋ ਭੁੱਲਰ ਸਾਹਿਬ ਨੂੰ ਮੋਦੀ ਅਮਿਤ ਸ਼ਾਹ ਬੇਸ਼ੱਕ ਛੱਡਣਾ ਚਾਹੇ ਪਰ ਮੈਂ ਡਟ ਗਿਆ।ਪਰ ਕੇਜਰੀਵਾਲ ਦੀ ਮਾੜੀ ਕਿਸਮਤ ਕਿ ਇਹ ਸਭ ਕੁਝ ਪੰਜਾਬ ਵਿਚ ਵੋਟਾਂ ਮੌਕੇ ਜਨਤਕ ਹੋ ਗਿਆ। ਹੁਣ ਕਹਿੰਦੇ ਨੇ ਕਿ ਫਾਈਲ ਐਲ ਜੀ ਕੋਲ ਆ। ਉਹਦੇ ਵਿਚ ਪਤਾ ਨਹੀਂ ਰਿਪੋਰਟ ਕਿਹੋ ਜਹੀ ਹੋਵੇਗੀ। ਪਰ ਸਵਾਲ ਤਾਂ ਇਹ ਹੈ ਕਿ ਮੋਦੀ ਸਰਕਾਰ ਦੇ ਫੈਸਲੇ ਦੇ ਉਲਟ ਕੇਜਰੀਵਾਲ ਸਰਕਾਰ ਨੇ ਪ੍ਰੋ ਭੁੱਲਰ ਦੀ ਰਿਹਾਈ ਦੇ ਖਿਲਾਫ ਰਿਪੋਰਟ ਤਿਆਰ ਕਰਨ ਮੌਕੇ ਐਨੇ ਗਲਤ ਸ਼ਬਦ ਕਿਉਂ ਵਰਤੇ ? ਕੇਜਰੀਵਾਲ ਦੀ ਕਰਤੂਤ ਦੀ ਗੱਲ ਪਰਵਾਨ ਕਰਨ ਦੀ ਥਾਂ ਕੇਜਰੀਵਾਲ ਦੇ ਭਗਤ ਹੋਰ ਹੀ ਰਾਗ ਅਲਾਪ ਰਹੇ ਹਨ।ਆਖਦੇ ਹਨ ਕਿ ਭੁੱਲਰ ਸਾਹਿਬ ਦੀ ਗੱਲ ਕਰਨ ਨਾਲ ਸਾਡੀ ਵੋਟ ਖਰਾਬ ਹੋ ਜਾਊ। ਤੁਸੀਂ ਬਾਦਲਕਿਆਂ ਨੂੰ, ਕਾਂਗਰਸੀਆਂ ਨੂੰ ਸੱਤਾ ਵਿਚ ਲਿਆਉਣਾ ਚਾਹੁੰਦੇ ਹੋ। ਪਰ ਹੁਣ ਕੇਜਰੀਵਾਲ ਦੇ ਸਮਰਥਕ ਰਹੇ ਬਹੁਤ ਸਾਰੇ ਸਿੱਖਾਂ ਨੇ ਕੇਜਰੀਵਾਲ ਦੀਆਂ ਭੇਡਾਂ ਦੀ ਭਕਾਈ ਸੁਣਨੀ ਮੰਨਣੀ ਬੰਦ ਕਰ ਦਿੱਤੀ ਹੈ, ਕੀ ਜਿਹੋ ਜਿਹੇ ਕਾਂਗਰਸੀ



ਤੇ ਬਾਦਲਕੇ ਨੇ ਉਹੋ ਜਿਹੇ ਆਮ ਆਦਮੀ ਪਾਰਟੀ ਵਾਲੇ ਹਨ। ਪਤਾ ਨਹੀਂ ਵਾਹਿਗੁਰੂ ਦੀ ਕਿਵੇਂ ਕ੍ਰਿਪਾ ਹੋਗੀ ਕਿ ਮੌਕੇ ਸਿਰ ਸੱਚ ਪਤਾ ਲੱਗ ਗਿਆ, ਨਹੀਂ ਤਾਂ ਦੁਨੀਆਂ ਨੇ ਹੱਸਣਾ ਸੀ ਕਿ ਕੇਜਰੀਵਾਲ ਭੁੱਲਰ ਸਾਹਿਬ ਦੀ ਫਾਈਲ ਰੱਦ ਕਰਦਾ ਰਿਹਾ ਤੇ ਸਿੱਖ ਉਹ ਨੂੰ ਵੋਟਾਂ ਪਾਉਂਦੇ ਰਹੇ। ਜੇ ਕਿਤੇ ਸੁਪਰੀਮ ਕੋਰਟ ਦਾ ਫੈਸਲਾ ਤੇ ਕੇਜਰੀਵਾਲ ਸਰਕਾਰ ਵਾਲੇ ਦਸਤਾਵੇਜ਼ ਚਾਰ ਪੰਜ ਮਹੀਨੇ ਲੇਟ ਹੋ ਜਾਂਦੇ ਤਾਂ ਉਨਾਂ ਸਿੱਖਾਂ ਦਾ ਮਰਨ ਹੋ ਜਾਂਦਾ ਜਿਹੜੇ ਕੇਜਰੀਵਾਲ ਨੂੰ ਸਿੱਖਾਂ ਦਾ ਚਹੇਤਾ ਦੱਸਕੇ ਵੋਟਾਂ ਪਵਾ ਚੁੱਕੇ ਹੁੰਦੇ। ਹੁਣ ਕੇਜਰੀਵਾਲ ਸਰਕਾਰ ਇਹ ਲਾਹਾ ਲੈਣ ਜੋਗੀ ਨਹੀਂ ਰਹੀ ਕਿ ਅਸੀਂ ਭੁੱਲਰ ਸਾਹਿਬ ਦੀ ਰਿਹਾਈ ਕਰਵਾਈ। ਇਹ ਕ੍ਰੈਡਿਟ ਮੋਦੀ ਸਰਕਾਰ ਨੂੰ ਜਾਵੇਗਾ ਤੇ ਸੰਗਤਾਂ ਨੂੰ ਜਾਵੇਗਾ ਕਿ ਕੇਜਰੀਵਾਲ ਨੇ ਤਾਂ ਕੋਈ ਕਸਰ ਨਹੀਂ ਸੀ ਛੱਡੀ ਅੜਿੱਕੇ ਡਾਹੁਣ ਵਾਲੀ, ਪਰ ਸਿੱਖ ਸੰਗਤਾਂ ਨੇ ਕੇਜਰੀਵਾਲ ਦੀਆਂ ਭੇਡਾਂ ਖਿਲਾਫ ਜੰਗ ਜਿੱਤ ਲਈ। ਪ੍ਰੋ. ਸਾਹਿਬ ਰਿਹਾਅ ਹੋਣਗੇ ਪਰ ਜੇ ਕਿਤੇ ਕੇਜਰੀਵਾਲ ਸਰਕਾਰ ਆਹ ਬੇਲੋੜੀਆਂ ਗਲਤ ਰਿਪੋਰਟਾਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇ ਕੇ ਨਾ ਤਿਆਰ ਕਰਦੀ ਤਾਂ ਉਲਟਾ ਇਹੋ ਜਿਹੀਆਂ ਰਿਪੋਰਟਾਂ ਹੁੰਦੀਆਂ ਕਿ ਜਦ ਮੋਦੀ ਸਰਕਾਰ ਰਿਹਾਈ ਦੇ ਹੁਕਮ ਦੇ ਚੁੱਕੀ ਸੀ ਤੇ ਸੁਪਰੀਮ ਕੋਰਟ ਰੋਕ ਲਾ ਚੁੱਕੀ ਸੀ ਤਾਂ ਵੀ ਕੇਜਰੀਵਾਲ ਨੇ ਧੜੱਲੇ ਨਾਲ ਭੁੱਲਰ ਸਾਹਿਬ ਦੇ ਹੱਕ ਵਿੱਚ ਰਿਪੋਰਟਾਂ ਦਿਤੀਆਂ ਸੀ ਤਾਂ ਅੱਜ ਵੋਟਾਂ ਮੌਕੇ ਇਸ ਪਾਰਟੀ ਦੀ ਕਹਾਣੀ ਹੀ ਹੋਰ ਹੋਣੀ ਸੀ। ਹੁਣ ਕੇਜਰੀਵਾਲ ਦੇ ਭਗਤਾਂ ਨੂੰ ਸੱਚ ਦਾ ਪਤਾ ਹੋਵੇ ਜਾਂ ਨਾ, ਪਰ ਕੇਜਰੀਵਾਲ ਦੇ ਭਰਮਜਾਲ ਵਿਚੋਂ ਨਿਕਲ ਚੁੱਕੇ ਵੀਰ ਮੰਨਦੇ ਹਨ ਕਿ 'ਘੁਮਾਣ ਸਾਹਿਬ ਸਾਨੂੰ ਯਕੀਨ ਹੀ ਨਹੀਂ ਸੀ ਆਉਂਦਾ ਕਿ ਕਦੇ ਕੇਜਰੀਵਾਲ ਭੁੱਲਰ ਸਾਹਿਬ ਖਿਲਾਫ ਭੁਗਤਿਆ ਹੋਵੇਗਾ। ਇਸ ਕਰਕੇ ਤੁਹਾਨੂੰ ਗਲਤ ਸਮਝਦੇ ਸਾਂ, ਪਰ ਸ਼ੁਕਰ ਹੈ, ਗੱਲ ਸਮਝ ਆ ਗਈ, ਹੁਣ ਵੋਟਾਂ ਮੌਕੇ ਖਿਆਲ ਰੱਖਾਂਗੇ।'

# ਸੱਚੋ ਸੱਚ ਦਸ ਵੇ ਜੋਗੀਆ

**ਅਫ਼ਗਾਨਿਸਤਾਨ ਵਿਚ ਸਿੱਖ ਸੰਕਟ**

ਤਾਲਿਬਾਨ ਦਾ ਅਫ਼ਗਾਨਿਸਤਾਨ ’ਤੇ ਮੁੜ ਕਬਜ਼ਾ ਹੋਣ ਤੋਂ ਬਾਅਦ ਸਿੱਖਾਂ ਦੀ ਗਿਣਤੀ ਸਿਰਫ਼ 140 ਰਹਿ ਗਈ

ਅਗਸਤ 2021 ਵਿਚ ਤਾਲਿਬਾਨ ਦਾ ਅਫ਼ਗਾਨਿਸਤਾਨ ’ਤੇ ਮੁੜ ਕਬਜ਼ਾ ਹੋਣ ਤੋਂ ਬਾਅਦ ਉੱਥੇ ਸਿੱਖਾਂ ਦੀ ਗਿਣਤੀ ਸਿਰਫ਼ 140 ਰਹਿ ਗਈ ਹੈ। ਹੁਣ ਇਸ ਦੇਸ਼ ਵਿਚ ਸਿਰਫ਼ ਰਾਜਧਾਨੀ ਕਾਬੁਲ ਤੇ ਪੂਰਬੀ ਸ਼ਹਿਰ ਜਲਾਲਾਬਾਦ ’ਚ ਹੀ ਸਿੱਖ ਰਹਿ ਰਹੇ ਹਨ। ਬਾਕੀ ਜਾਂ ਤਾਂ ਭਾਰਤ ਦੇ ਵੱਖੋ-ਵੱਖ ਹਿੱਸਿਆਂ ਵਿਚ ਜਾ ਕੇ ਵਸ ਗਏ ਹਨ ਜਾਂ ਉਨਾਂ ਨੇ ਪੱਛਮੀ ਦੇਸ਼ਾਂ ਨੂੰ ਆਪਣਾ ਟਿਕਾਣਾ ਬਣਾ ਲਿਆ ਹੈ। ਸੰਨ 1970 ਵਿਆਂ ਦੌਰਾਨ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਗਿਣਤੀ ਚਾਰ-ਪੰਜ ਲੱਖ ਦੇ ਲਗਪਗ ਸੀ ਪਰ ਦਹਾਕਿਆਂ ਤੋਂ ਚਲੀ ਆ ਰਹੀ ਗ਼ਰੀਬੀ, ਸੰਘਰਸ਼ ਤੇ ਵਹਿਸ਼ੀ ਹਿੰਸਕ ਮਾਹੌਲ ਕਾਰਨ ਹੁਣ ਇਸ ਗਿਣਤੀ ਦਾ ਮੁੱਠੀ ਭਰ ਰਹਿ ਜਾਣਾ ਅਫ਼ਗਾਨਿਸਤਾਨ ਦੇ ਮੰਦਭਾਗੇ ਹਾਲਾਤ ਨੂੰ ਦਰਸਾਉਂਦਾ ਹੈ। ਸਿੱਖ ਆਪਣੀ ‘ਪਿਆਰੀ ਮਾਤਭੂਮੀ’ ਅਤੇ ਆਪਣੇ ਗੁਰੂ ਘਰਾਂ ਨੂੰ ਛੱਡ ਕੇ ਕਿਤੇ ਜਾਣਾ ਵੀ ਨਹੀਂ ਚਾਹੁੰਦੇ। ਅਫ਼ਗਾਨਿਸਤਾਨ ਦੇ ਸਿੱਖਾਂ ਨੂੰ 1980ਵਿਆਂ ਦੀ ਸੋਵੀਅਤ-ਅਫ਼ਗਾਨ ਜੰਗ ਵੇਲੇ ਤੋਂ ਹੀ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਦੋਂ ਕਾਬੁਲ ਵਿਚ ਦੋ ਲੱਖ ਸਿੱਖ ਰਹਿ ਰਹੇ ਸਨ ਪਰ 1992 ਦੀ ਖਾਨਾਜੰਗੀ ਦੌਰਾਨ ਉਨਾਂ ਵਿਚੋਂ ਬਹੁਤੇ ਆਪਣੇ ਦੇਸ਼ ਨੂੰ ਸਦਾ ਲਈ ਅਲਵਿਦਾ ਆਖ ਗਏ ਸਨ। ਮਾਰਚ 2020 ਵਿਚ ਆਈਐੱਸਆਈਐੱਸ ਦੇ ਅੱਤਵਾਦੀਆਂ ਨੇ ਕਾਬੁਲ ਸਥਿਤ ਗੁਰਦੁਆਰਾ ਹਰਿ ਰਾਇ ਸਾਹਿਬ ’ਤੇ ਹਮਲਾ ਕਰ ਦਿੱਤਾ ਸੀ ਜਿੱਥੇ 25 ਸਿੱਖਾਂ ਨੂੰ ਜਾਨਾਂ ਗੁਆਉਣੀਆਂ ਪਈਆਂ ਸਨ। ਸਾਲ 2001 ਦੌਰਾਨ ਜਲਾਲਾਬਾਦ ਵਿਚ 700 ਸਿੱਖ ਰਹਿ ਰਹੇ ਸਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਦੌਰਾਨ ਮੱਕਾ ਤੋਂ ਪਰਤਦੇ ਸਮੇਂ 1521 ਈ. ਵਿਚ ਅਫ਼ਗਾਨਿਸਤਾਨ ਗਏ ਸਨ। ਫਿਰ ਦੂਜੀ ਵਾਰ ਉਹ ਭਾਈ ਮਰਦਾਨਾ ਦੇ ਪੁੱਤਰ ਸ਼ਜ਼ਦਾ ਨਾਲ ਈਰਾਨ ਦੇ ਸ਼ਹਿਰ ਖ਼ੁੱਰਮ ਜਾਣ ਵੇਲੇ ਵੀ ਉੱਥੇ ਗਏ ਸਨ। ਗੁਰੂ ਸਾਹਿਬ ਦੀਆਂ ਇਨਾਂ ਉਦਾਸੀਆਂ ਨੂੰ ਸਮਰਪਿਤ ਗੁਰੂਘਰ ਅਫ਼ਗਾਨਿਸਤਾਨ ਵਿਚ ਮੌਜੂਦ ਹਨ ਜਿਨਾਂ ਦਾ ਇਤਿਹਾਸਕ ਮਹੱਤਵ ਵੀ ਹੈ। ਇਸੇ ਲਈ ਉਨਾਂ ਗੁਰਦੁਆਰਾ ਸਾਹਿਬਾਨ ਦੀ ਦੇਖਭਾਲ ਤੇ ਰੱਖ-ਰਖਾਅ ਲਈ ਉੱਥੇ ਖ਼ੁਸ਼ਹਾਲ ਸਿੱਖ ਸੰਗਤ ਦਾ ਰਹਿਣਾ-ਵਸਣਾ ਬਹੁਤ ਜ਼ਰੂਰੀ ਹੈ। ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ ਤੇ ਭਾਰਤ ਸਰਕਾਰ ਨੂੰ ਅਫ਼ਗਾਨਿਸਤਾਨ ਦੇ ਸਿੱਖਾਂ ਦੀ ਬਹਾਲੀ ਲਈ ਆਪੋ-ਆਪਣੇ ਪੱਧਰਾਂ ’ਤੇ ਯਤਨ ਕਰਨੇ ਚਾਹੀਦੇ ਹਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਭਾਰਤ ਆ ਕੇ ਰਹਿਣ ਵਾਲੇ ਅਫ਼ਗਾਨ ਸਿੱਖਾਂ ਨੂੰ ਬਹੁਤ ਵਾਰ ਲੋੜੀਂਦੇ ਦਸਤਾਵੇਜ਼ਾਂ ਦੀ ਘਾਟ ਕਾਰਨ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਨੂੰ ਛੇਤੀ ਕੀਤੇ ਰਿਫਿਊਜੀ ਕਾਰਡ ਜਾਰੀ ਨਹੀਂ ਹੁੰਦੇ ਜਿਸ ਲਈ ਉਨਾਂ ਨੂੰ ਸਿਮ ਕਾਰਡ, ਰਸੋਈ ਗੈਸ ਸਿਲੰਡਰ ਤੇ ਸਸਤੇ ਰਾਸ਼ਨ ਜਿਹੀਆਂ ਬੁਨਿਆਦੀ ਜ਼ਰੂਰਤਾਂ ਲਈ ਵੀ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਇਸ ਤੋਂ ਇਲਾਵਾ ਇਨਾਂ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਹਾਸਲ ਕਰਨ ਲਈ ਵੀ ਕਈ ਤਰਾਂ ਦੇ ਪਾਪੜ ਵੇਲਣੇ ਪੈਂਦੇ ਹਨ। ਉਨਾਂ ਨੂੰ ਨੌਕਰੀਆਂ ਲੱਭਣ ਲਈ ਵੀ ਕਈ ਤਰਾਂ ਦੇ ਉੱਦਮ ਕਰਨੇ ਪੈਂਦੇ ਹਨ। ਦਰਅਸਲ, ਭਾਰਤ ਦਾ ਕੋਈ ਰਿਫਿਊਜੀ ਕਾਨੂੰਨ ਨਹੀਂ ਹੈ। ਇਸੇ ਲਈ ਉਨਾਂ ਨੂੰ ਰਿਕਾਰਡ ਵਿਚ 1946 ਦੇ ਵਿਦੇਸ਼ੀਆਂ ਨਾਲ ਸਬੰਧਤ ਕਾਨੂੰਨ ਅਧੀਨ ਗ਼ੈਰ-ਕਾਨੂੰਨੀ ਪਰਵਾਸੀ ਹੀ ਮੰਨਿਆ ਜਾਂਦਾ ਹੈ। ਭਾਰਤ ਵਿਚ ਰਹਿੰਦੇ ਅਫ਼ਗਾਨ ਸਿੱਖ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਮਿਲਣੀ ਚਾਹੀਦੀ ਹੈ ਤਾਂ ਜੋ ਉਨਾਂ ਦੀਆਂ ਬੁਨਿਆਦੀ ਜ਼ਰੂਰਤਾਂ ਆਸਾਨੀ ਨਾਲ ਪੂਰੀਆਂ ਹੋ ਸਕਣ।

**ਪੰਜਾਬ ਚੋਣਾਂ ’ਚ ਮੁੱਖ ਮੰਤਰੀ ਦੀ ਕੁਰਸੀ ਦੇ 6 ਦਾਅਵੇਦਾਰਾਂ ਦਾ ਮੁਕਾਬਲਾ**

ਸੱਤਾਧਾਰੀ ਕਾਂਗਰਸ ਵਿੱਚ ਮੁੱਖ ਮੰਤਰੀ ਅਹੁਦੇ ਲਈ ਮੁਕਾਬਲਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਾਲੇ ਹੈ। ਪਰ ਹਾਲਾਤ ਚਰਨਜੀਤ ਸਿੰਘ ਚੰਨੀ ਦੇ ਪੱਖ਼ ਵਿੱਚ ਜ਼ਿਆਦਾ ਲੱਗ ਰਹੇ ਹਨ। ਚਰਨਜੀਤ ਸਿੰਘ ਚੰਨੀ ਦਲਿਤ ਤੇ ਸਿਖ ਭਾਈਚਾਰੇ ਨਾਲ ਸਬੰਧਤ ਆਗੂ ਹਨ ਅਤੇ ਉਨਾਂ ਨੇ ਮੁੱਖ ਮੰਤਰੀ ਦੇ 111 ਦਿਨਾਂ ਦੇ ਕਾਰਜਕਾਲ ਦੌਰਾਨ ਦਲਿਤ ਵਰਗ ਵਿੱਚ ਚੰਗੀ ਧਾਕ ਜਮਾ ਲਈ ਹੈ। ਜੱਟ ਸਿੱਖ ਵੋਟ ਤੇ ਦਲਿਤ ਵੋਟ ਦਾ ਚੰਨੀ ਨੂੰ ਲਾਹਾ ਮਿਲ ਸਕਦਾ ਹੈ।

ਕਿਸਾਨਾਂ ਦੀਆਂ ਕੁਝ ਮੰਗਾਂ ਮੰਨਣ, ਬਿਜਲੀ ਤੇ ਪੈਟਰੋਲ-ਡੀਜ਼ਲ ਸਸਤੇ ਕਰਨ ਵਰਗੇ ਫ਼ੈਸਲਿਆਂ ਦਾ ਚੰਨੀ ਨੂੰ ਫਾਇਦਾ ਮਿਲ ਸਕਦਾ ਹੈ।

ਆਮ ਲੋਕਾਂ ਦੀ ਮੁੱਖ ਮੰਤਰੀ ਤੱਕ ਪਹੁੰਚ ਬਣਾਉਣ ਅਤੇ ਮੁੱਖ ਮੰਤਰੀ ਦੀ ਆਮ ਆਦਮੀ ਵਾਲੀ ਦਿੱਖ ਬਣਾ ਕੇ ਚੰਨੀ ‘ਆਪ’ ਦੇ ਏਜੰਡੇ ਨੂੰ ਟੱਕਰ ਦੇਣ ਦੇ ਸਮਰੱਥ ਹੋ ਸਕਦੇ ਹਨ।

ਮੋਦੀ ਦੀ ਫੇਰੀ ਦੌਰਾਨ ਪੰਜਾਬ ਪੱਖੀ ਸਟੈਂਡ ਲੈਣ ਅਤੇ ਚੋਣਾਂ ਦੌਰਾਨ ਆਪਣੇ ਰਿਸ਼ਤੇਦਾਰਾਂ ਖ਼ਿਲਾਫ਼ ਕੇਂਦਰੀ ਏਜੰਸੀ ਈਡੀ ਦੇ ਛਾਪਿਆਂ ਨੇ ਚੰਨੀ ਦੇ ਕੱਦ ਨੂੰ ਹੋਰ ਉਭਾਰਿਆ ਹੈ।

ਨਵਜੋਤ ਸਿੱਧੂ, ਸੁਨੀਲ ਜਾਖ਼ੜ ਅਤੇ ਮਨੀਸ਼ ਤਿਵਾੜੀ ਵਰਗੇ ਕਾਂਗਰਸੀ ਆਗੂਆਂ ਦੇ ਵਿਰੋਧ ਦਾ ਮਾੜਾ ਅਸਰ ਪੈ ਸਕਦਾ ਹੈ। ਰਵਾਇਤੀ ਆਗੂਆਂ ਦਾ ਕਾਟੋ-ਕਲੇਸ਼ ਵੀ ਵੱਡੀ ਸਮੱਸਿਆ ਹੈ। ਆਮ ਆਦਮੀ ਬਣਨ ਦੇ ਚੱਕਰ ਵਿੱਚ ਕਈ ਵਾਰ ਓਵਰ ਹੋ ਜਾਣਾ ਅਤੇ ਹਰ ਆਮ ਕੰਮ ਨੂੰ ਕਰਦੇ ਹੋਣ ਦਾ ਚੰਨੀ ਦਾ ਦਾਅਵਾ ਵਿਰੋਧੀਆਂ ਦੇ ਮਜ਼ਾਕ ਦਾ ਪਾਤਰ ਵੀ ਬਣਦਾ ਹੈ।ਬੇਅਦਬੀ ਅਤੇ ਡਰੱਗਜ਼ ਕੇਸਾਂ ਦੇ ਮਾਮਲਿਆਂ ਵਿੱਚ ਠੋਸ ਕਾਰਵਾਈ ਨਾ ਕਰ ਪਾਉਣਾ ਚੰਨੀ ਲਈ ਮਹਿੰਗਾ ਸਾਬਤ ਹੋ ਸਕਦਾ ਹੈ।



ਦੂਸਰੇ ਪਾਸੇ ਨਵਜੋਤ ਸਿੰਘ ਸਿੱਧੂ ਸਟਾਰ ਖਿਡਾਰੀ ਤੇ ਐਂਟਰਟੇਨਮੈਂਟ ਜਗਤ ਦੀ ਵੱਡੀ ਹਸਤੀ ਹੋਣ ਕਾਰਨ ਪੰਜਾਬ ਤੋਂ ਬਾਹਰ ਵੀ ਚੰਗੀ ਪਛਾਣ ਰੱਖਦੇ ਹਨ।ਉਹ ਵੀ ਕਾਂਗਰਸ ਦੇ ਮੁੱਖ ਮੰਤਰੀ ਚਿਹਰੇ ਵਜੋਂ ਸਿਆਸੀ ਮੈਦਾਨ ਵਿਚ ਹਨ।ਪੰਜਾਬ ਮਾਡਲ, ਕਰਤਾਰਪੁਰ ਲਾਂਘਾ ਖੋਲਣ ਵਿੱਚ ਭੂਮਿਕਾ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਤੋਂ ਲਾਹੁਣ ਕਾਰਨ ਉਨਾਂ ਦੀ ਪੰਜਾਬੀਆਂ ਤੇ ਹਾਈਕਮਾਂਡ ਵਿਚ ਖ਼ਾਸ ਪ੍ਰਭਾਵ ਹੈ। ਡਰੱਗਜ਼ ਮਾਫ਼ੀਆ ਅਤੇ ਬੇਅਦਬੀ ਕੇਸਾਂ ਵਿੱਚ ਇਨਸਾਫ਼ ਦੇ ਲਈ ਸਟੈਂਡ ਦਾ ਸਿੱਧੂ ਨੂੰ ਲਾਹਾ ਮਿਲ ਸਕਦਾ ਹੈ। ਨਵਜੋਤ ਸਿੱਧੂ ਦੇ ਬੜਬੋਲਾਪਣ ਅਤੇ ਛੇਤੀ ਹੀ ਗੁੱਸੇ ਵਿੱਚ ਆ ਕੇ ਅਸਤੀਫ਼ਾ ਦੇਣ ਦੇ ਸੁਭਾਅ ਨੇ ਉਨਾਂ ਦਾ ਲੋਕਾਂ ਵਿੱਚ ਵੱਕਾਰ ਘਟਾਇਆ ਹੈ। ਸਿੱਧੂ ਦਾ ਟੀਮ ਵਰਕ ਦੀ ਬਜਾਏ ਸਿੰਗਲ ਆਰਮੀ ਵਾਂਗ ਕੰਮ ਕਰਨ ਦਾ ਤਰੀਕਾ ਕਾਂਗਰਸ ਨੂੰ ਹੀ ਕਸੂਤਾ ਫਸਾਉਂਦਾ ਰਿਹਾ ਹੈ। ਪੰਜਾਬ ਕਾਂਗਰਸ ਦੀ ਰਵਾਇਤੀ ਲੀਡਰਸ਼ਿਪ ਵਿੱਚੋਂ ਬਹੁਗਿਣਤੀ ਦਾ ਸਿੱਧੂ ਤੋਂ ਫ਼ਾਸਲਾ ਉਨਾਂ ਲਈ ਨੈਗੇਟਿਵ ਪੱਖ਼ ਹੋ ਸਕਦਾ ਹੈ।

ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਦਾ ਮੁੱਖ ਮੰਤਰੀ ਚਿਹਰਾ ਸੁਖਬੀਰ ਸਿੰਘ ਬਾਦਲ ਹਨ। ਇਸ ਦਾ ਖੁਲਾਸਾ ਖੁਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰ ਚੁੱਕੇ ਹਨ। ਸੁਖ਼ਬੀਰ ਬਾਦਲ ਇੱਕ ਸਿਆਸੀ ਆਗੂ ਦੇ ਨਾਲ ਨਾਲ ਚੋਣ ਅਮਲ ਦੇ ਸਮਰੱਥ ਮੈਨੇਜਰ ਵਜੋਂ ਜਾਣੇ ਜਾਂਦੇ ਹਨ। ਉਨਾਂ ਦੀ ਲੀਡਰਸ਼ਿਪ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਹੁਣ ਕੋਈ ਚੁਣੌਤੀ ਵੀ ਨਹੀਂ ਹੈ।

ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਜੱਟ ਸਿੱਖ ਤੇ ਦਲਿਤ ਵੋਟ ਬੈਂਕ ਦਾ ਕੌਬੀਨੇਸ਼ਨ ਬਣਾ ਸਕਦਾ ਹੈ।ਅਕਾਲੀ ਦਲ ਦਾ ਸਮੁੱਚੇ ਪੰਜਾਬ ਵਿੱਚ ਮਜ਼ਬੂਤ ਢਾਂਚਾ ਅਤੇ ਜ਼ਾਬਤਾਬੱਧ ਕਾਡਰ ਹੋਣਾ, ਬਹੁਕੋਣੀ ਮੁਕਾਬਲੇ ਵਿੱਚ ਲਾਹੇਵੰਦ ਹੋ ਸਕਦਾ ਹੈ।ਸੰਯੁਕਤ ਅਕਾਲੀ ਦਲ ਦੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇ ਅਕਾਲੀਆਂ ਦਾ ਮੁੜ ਅਕਾਲੀ ਦਲ ਵਿਚ ਵਾਪਸ ਆਉਣਾ ਤੇ ਟਿਕਟਾਂ ਦੀ ਵੰਡ ਵੇਲੇ ਬਗਾਵਤ ਨਾ ਹੋਣਾ ਸਾਰਥਕ ਪੱਖ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜਾਬ ਵਿੱਚ ਇੱਕ ਸਮਾਂਤਰ ਸੱਤਾ ਅਤੇ ਢਾਂਚਾ ਹੈ, ਇਸ ਉੱਤੇ ਅਕਾਲੀ ਦਲ ਦੇ ਕਬਜ਼ੇ ਦਾ ਵੀ ਫਾਇਦਾ ਹੋ ਸਕਦਾ ਹੈ।

ਸੁਖਬੀਰ ਬਾਦਲ, ਅਕਾਲੀ ਦਲ ਨੂੰ ਨਿੱਜੀ ਕੰਪਨੀ ਵਾਂਗ ਚਲਾਉਣ ਅਤੇ ਸੱਤਾ ਦੇ ਜ਼ੋਰ ਨਾਲ ਆਪਣੇ ਕਾਰੋਬਾਰ ਵਧਾਉਣ ਦੇ ਇਲਜ਼ਾਮਾਂ ਤੋਂ ਖਹਿੜਾ ਨਾ ਛੁਡਾ ਪਾ ਰਹੇ।ਅਕਾਲੀ ਦਲ ਦੀ ਸੱਤਾ ਦੌਰਾਨ ਹੋਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਇਨਸਾਫ਼ ਨਾ ਹੋਣਾ ਅਤੇ ਰੇਤ, ਡਰੱਗਜ਼, ਕੇਬਲ ਤੇ ਟਰਾਂਸਪੋਰਟ ਮਾਫ਼ੀਆ ਦੀ ਸਰਗਰਮੀ ਦੇ ਇਲਜ਼ਾਮ ਵੀ ਪਿੱਛਾ ਕਰਨ ਤੋਂ ਨਹੀਂ ਹਟੇ।ਸਬਸਿਡੀਆਂ ਵਾਲੇ ਐਲਾਨਾਂ ਤੋਂ ਬਿਨਾਂ ਏਜੰਡੇ ਵਿੱਚ ਕੁਝ ਖਾਸ ਨਵਾਂ ਪ੍ਰੋਗਰਾਮ ਨਾ ਦੇ ਸਕਣਾ ਅਤੇ ਪੰਜਾਬ ਦੇ ਰਵਾਇਤੀ ਤੇ ਪੰਥਕ ਮੁੱਦਿਆਂ ਨੂੰ ਚੋਣ ਮੁੱਦੇ ਨਾ ਬਣਾ ਸਕਣਾ ਉਨਾਂ ਦੇ ਖਿਲਾਫ਼ ਜਾ ਸਕਦਾ ਹੈ।

ਕਿਸਾਨਾਂ ਦੀ ਨਵੀਂ ਪਾਰਟੀ ਸੰਯੁਕਤ ਸਮਾਜ ਮੋਰਚਾ ਨੇ ਬਲਬੀਰ ਸਿੰਘ ਰਾਜੇਵਾਲ ਨੂੰ ਆਪਣਾ ਆਗੂ ਚੁਣਿਆ ਹੋਇਆ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਲੜੇ ਗਏ ਸੰਘਰਸ਼ ਦੇ ਪ੍ਰਮੁੱਖ ਆਗੂ ਹੋਣ ਕਾਰਨ ਉਹ ਰਵਾਇਤੀ ਸਿਆਸਤ ਤੇ ਸਥਾਪਤੀ ਖ਼ਿਲਾਫ਼ ਚਿਹਰੇ ਬਣੇ ਹਨ।

ਰਾਜੇਵਾਲ ਨੂੰ ਕਿਸਾਨ ਅੰਦੋਲਨ ਨੂੰ ਅਥਾਹ ਸਮਰਥਨ ਦੇਣ ਵਾਲੀਆਂ ਧਿਰਾਂ ਅਤੇ ਕਿਸਾਨਾਂ ਨਾਲ ਹਮਦਰਦੀ ਰੱਖਣ ਵਾਲੀਆਂ ਧਿਰਾਂ ਦਾ ਫਾਇਦਾ ਮਿਲ ਸਕਦਾ ਹੈ। ਉਹ ਪਹਿਲੀ ਵਾਰ ਚੋਣ ਲੜ ਰਹੇ ਹਨ।

ਕਿਸਾਨ ਅੰਦੋਲਨ ਵਿੱਚ ਸ਼ਾਮਲ ਪੰਜਾਬ ਦੀ ਵੱਡੇ ਕਾਡਰ ਵਾਲੀਆਂ ਜਥੇਬੰਦੀਆਂ ਦਾ ਚੋਣਾਂ ਤੋਂ ਬਾਹਰ ਰਹਿਣਾ ਨੁਕਸਾਨ ਕਰ ਸਕਦਾ ਹੈ। ਕਿਸਾਨ ਮੋਰਚੇ ਦੌਰਾਨ ਪੰਥ ਦੀ ਨਰਾਜਗੀ, ਸਿਰਫ ਯੂਨੀਅਨ ਮੈਂਬਰਾਂ ਵਿਚ ਟਿਕਟ ਵੰਡ ਸੰਯੁਕਤ ਕਿਸਾਨ ਮੋਰਚੇ ਦਾ ਨੁਕਸਾਨ ਕਰ ਸਕਦੀ ਹੈ।ਮੋਰਚੇ ਕੋਲ ਜ਼ਾਬਤਾਬੱਧ ਕਾਡਰ, ਚੋਣਾਂ ਲਈ ਲੋੜੀਂਦਾ ਫੰਡ ਅਤੇ ਢਾਂਚਾ ਨਾ ਹੋਣਾ ਮੋਰਚੇ ਦੀ ਕਮਜ਼ੋਰੀ ਸਾਬਿਤ ਹੋ ਸਕਦਾ ਹੈ।ਰਵਾਇਤੀ ਪਾਰਟੀਆਂ ਨਾਲ ਜੁੜੀ ਕਿਸਾਨੀ ਦੀ ਵੋਟ ਵੰਡੇ ਜਾਣ ਦਾ ਖ਼ਦਸ਼ਾ ਅਤੇ ਸ਼ਹਿਰੀ ਖੇਤਰਾਂ ਅਤੇ ਸਮਾਜ ਦੇ ਗੈਰ ਕਿਸਾਨੀ ਵਰਗ ਤੋਂ ਸਮਰਥਨ ਮਿਲਣ ਵਿੱਚ ਮੁਸ਼ਕਲ ਹੈ।

ਆਪ ਪਾਰਟੀ ਵਲੋਂ ਹਾਸਰਸ ਕਲਾਕਾਰ ਭਗਵੰਤ ਮਾਨ ਮੁਖ ਮੰਤਰੀ ਦੇ ਉਮੀਦਵਾਰ ਹਨ। ਉਹ ਤੇਜ਼ ਤਰਾਰ ਕੰਪਨੇਰ ਹਨ, ਜਿਨਾਂ ਦੀ ਪੂਰੇ ਪੰਜਾਬ ਵਿੱਚ ਅਤੇ ਖਾਸਕਰ ਨੌਜਵਾਨਾਂ ਵਿੱਚ ਚੰਗੀ ਅਪੀਲ ਹੈ।ਭਗਵੰਤ ਮਾਨ ਕਰੀਬ ਦੋ ਦਹਾਕੇ ਤੋਂ ਸਿਆਸਤ ਵਿੱਚ ਹਨ, ਉਨਾਂ ਉੱਤੇ ਭ੍ਰਿਸ਼ਟਾਚਾਰ ਦਾ ਕੋਈ ਦਾਗ ਨਹੀਂ ਹੈ।ਭਗਵੰਤ ਮਾਨ ਮਾਲਵੇ ਖਿੱਤੇ ਦੇ ਆਮ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਹਨ, ਜਿਸ ਖਿੱਤੇ ਤੇ ਭਾਈਚਾਰੇ ਦਾ ਪੰਜਾਬ ਦੀ ਸੱਤਾ ਉੱਤੇ ਹਮੇਸ਼ਾ ਹੀ ਕਬਜ਼ਾ ਰਿਹਾ ਹੈ। ਕੇਜਰੀਵਾਲ ਦਾ ਦਿੱਲੀ ਮਾਡਲ ਪੰਜਾਬ ਵਿੱਚ ਭਗਵੰਤ ਲਈ ਆਕਸੀਜਨ ਹੈ।

ਸ਼ਰਾਬ ਪੀ ਕੇ ਜਨਤਕ ਸਮਾਗਮਾਂ ਵਿੱਚ ਚਲੇ ਜਾਣ ਦੇ ਇਲਜ਼ਾਮਾਂ ਕਾਰਨ ਵਿਰੋਧੀ ਆਗੂ ਉਨਾਂ ਨੂੰ ਇੱਕ ਨਸ਼ੇੜੀ ਵਾਂਗ ਭੰਡਦੇ ਹਨ। ਕਾਂਗਰਸ ਅਤੇ ਅਕਾਲੀ ਦਲ ਦੇ ਮੁਕਾਬਲੇ ਆਮ ਆਦਮੀ ਪਾਰਟੀ ਦੇ ਜਥੇਬੰਦਕ ਢਾਂਚਾ ਓਨਾ ਮਜ਼ਬੂਤ ਨਾ ਹੋਣਾ ਵੀ ਉਨਾਂ ਲਈ ਦਿੱਕਤ ਪੈਦਾ ਕਰੇਗਾ। ਪਾਰਟੀ ਦਾ ਅਧਾਰ ਕੇਵਲ ਮਾਲਵੇ ਵਿੱਚ ਹੋਣਾ, ਮਾਝੇ ਅਤੇ ਦੁਆਬੇ ਦੀ ਹਾਰ ਕਾਰਨ ਹੀ ਪਿਛਲੀ ਵਾਰ 20 ਸੀਟਾਂ ਉੱਤੇ ਸਿਮਟ ਗਏ ਸਨ। ਕਾਮੇਡੀਅਨ ਹੋਣ ਕਾਰਨ ਉਹ ਪੂਰੇ ਪੰਜਾਬੀਆਂ ਦੀ ਪਸੰਦ ਨਹੀਂ ਬਣ ਸਕੇ।

ਭਾਜਪਾ, ਪੰਜਾਬ ਲੋਕ ਕਾਂਗਰਸ ਤੇ ਅਕਾਲੀ ਦਲ ਸੰਯੁਕਤ ਵੱਲੋਂ ਇਕੱਠੇ ਤੌਰ ’ਤੇ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ । ਭਾਵੇਂ ਇਨਾਂ ਪਾਰਟੀਆਂ ਨੇ ਕੋਈ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਿਆ ਹੈ। ਭਾਜਪਾ ਇਨਾਂ ਵਿੱਚੋਂ ਸਭ ਤੋਂ ਜ਼ਿਆਦਾ ਸੀਟਾਂ ’ਤੇ ਉਮੀਦਵਾਰ ਖੜੇ ਕੀਤੇ ਹਨ।

ਫਿਲਹਾਲ ਇਨਾਂ ਤਿੰਨੇ ਪਾਰਟੀਆਂ ਵਿੱਚ ਸਿਰਫ਼ ਕੈਪਟਨ ਅਮਰਿੰਦਰ ਹੀ ਉਹ ਪ੍ਰਮੁੱਖ ਚਿਹਰਾ ਨਜ਼ਰ ਆਉਂਦੇ ਹਨ ਜੋ ਮੁੱਖ ਮੰਤਰੀ ਦੀ ਕੁਰਸੀ ਦਾ ਦਾਅਵੇਦਾਰ ਹੋ ਸਕਦਾ ਹੈ। ਹਾਲਾਂਕਿ ਭਾਜਪਾ ਸਿੱਖ ਚਿਹਰਾ ਮੁਖ ਮੰਤਰੀ ਲਈ ਲਭ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਜਾਣੇ ਜਾਂਦੇ ਹਨ। ਭਾਵੇਂ 2004 ਵਿੱਚ ਪੰਜਾਬ ਦੇ ਪਾਣੀਆਂ ਦੇ ਮਸਲੇ ਵਿੱਚ ਪੰਜਾਬ ਵਿਧਾਨ ਸਭਾ ਤੋਂ ਮਤਾ ਪਾਸ ਕਰਵਾਉਣਾ ਹੋਵੇ ਜਾਂ ਫਿਰ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਦਾ ਵਿਰੋਧ ਕਰਦੇ ਹੋਏ ਸੰਸਦ ਤੇ ਆਪਣੀ ਹੀ ਪਾਰਟੀ ਤੋਂ ਅਸਤੀਫਾ ਦੇਣ ਹੋਵੇ, ਉਹ ਆਪਣੇ ਬੇਬਾਕ ਅੰਦਾਜ਼ ਤੇ ਵਿਚਾਰਾਂ ਲਈ ਜਾਣੇ ਜਾਂਦੇ ਹਨ। ਰਾਸ਼ਟਰਵਾਦ ਅਤੇ ਪਾਕਿਸਤਾਨ ਨੂੰ ਘੇਰਨ ਦੇ ਮੁੱਦੇ ’ਤੇ ਉਹ ਭਾਰਤੀ ਜਨਤਾ ਪਾਰਟੀ ਤੋਂ ਇੱਕ ਕਦਮ ਅੱਗੇ ਨਜ਼ਰ ਆਉਂਦੇ ਰਹੇ ਹਨ ਜੋ ਉਨਾਂ ਨੂੰ ਹਿੰਦੂ ਭਾਈਚਾਰੇ ਵਿੱਚ ਪੋਪੂਲਰ ਬਣਾਉਂਦਾ ਹੈ।

ਉਨਾਂ ਦੀ ਸਭ ਤੋ ਵੱਡੀ ਖਾਮੀ ਉਨਾਂ ਦਾ ਪਿਛਲੇ ਸਾਢੇ ਚਾਰ ਸਾਲ ਦਾ ਕਾਰਜਕਾਲ ਹੈ ਜਿਸ ਬਾਰੇ ਜ਼ਿਆਦਾਤਰ ਲੋਕਾਂ ਵਿੱਚ ਇਹ ਧਾਰਨਾ ਬਣ ਗਈ ਹੈ ਕਿ ਕੈਪਟਨ ਅਮਰਿੰਦਰ ਕੋਲ ਲੋਕਾਂ ਦੀ ਪਹੁੰਚ ਨਹੀਂ ਸੀ ਅਤੇ ਉਨਾਂ ਨੇ ਆਮ ਲੋਕਾਂ ਦੇ ਕੰਮਾਂ ਨੂੰ ਤਰਜੀਹ ਨਹੀਂ ਦਿੱਤੀ। ਭਾਜਪਾ ਨੂੰ ਤਿੰਨ ਖੇਤੀ ਕਾਨੂੰਨਾਂ ਸੰਸਦ ਵਿੱਚ ਪਾਸ ਕਰਨ ਕਾਰਨ ਜ਼ਿਆਦਾਤਰ ਪੇਂਡੂ ਇਲਾਕਿਆਂ ਵਿੱਚ ਪਸੰਦ ਨਹੀਂ ਕੀਤਾ ਜਾਂਦਾ ਹੈ।

ਕਾਂਗਰਸ ਵਿੱਚ ਕੈਪਟਨ ਖਿਲਾਫ ਬਗਾਵਤ ਤੋਂ ਬਾਅਦ ਜਦੋਂ ਉਨਾਂ ਨੇ ਭਾਜਪਾ ਦੇ ਨਾਲ ਹੱਥ ਮਿਲਾਇਆ ਤੇ ਸਾਢੇ ਚਾਰ ਸਾਲ ਦੀ ‘ਮਾੜੀ’ ਕਾਰਗੁਜ਼ਾਰੀ ਦੇ ਨਾਲ-ਨਾਲ ਉਨਾਂ ’ਤੇ ‘ਕਿਸਾਨ ਵਿਰੋਧੀਆਂ’ ਨਾਲ ਯਾਰੀ ਪਾਉਣ ਦੀ ਤੋਹਮਤ ਵੀ ਲੱਗ ਗਈ।

ਜਦਕਿ ਭਾਜਪਾ, ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਸੰਯੁਕਤ ਗਠਜੋੜ ਨੇ ਇਸ ਉੱਤੇ ਕੋਈ ਫੈਸਲਾ ਨਹੀਂ ਲਿਆ ਹੈ।ਸੂਤਰਾਂ ਦਾ ਮੰਨਣਾ ਹੈ ਕਿ ਭਾਜਪਾ ਪਾਪੂਲਰ ਨਵਾਂ ਸਿਖ ਚਿਹਰਾ ਲਭ ਰਹੀ ਹੈ।ਹਾਲੇ ਤਕ ਉਸਨੂੰ ਕਾਮਯਾਬੀ ਨਹੀਂ ਮਿਲੀ।

**ਕੈਨੇਡਾ ਸਰਕਾਰ ਡਾਕਟਰਾਂ ਤੇ ਨਰਸਾਂ ਦੀ ਘਾਟ ਨੂੰ ਲੈ ਕੇ ਕਰ ਰਹੀ ਨਵੀਂ ਤਬਦੀਲੀ**

ਕੋਰੋਨਾ ਦੇ ਨਵੇਂ ਰੂਪ ਨੂੰ ਰੋਕਣ ਲਈ ਕੈਨੇਡਾ ਦਿਨ-ਰਾਤ ਆਪਣੇ ਸਿਹਤ ਵਿਭਾਗ ’ਤੇ ਨਜ਼ਰ ਰੱਖ ਰਿਹਾ ਹੈ ਪਰ ਵਿਸ਼ਵ ਭਰ ਵਿਚ ਸਿਹਤ ਤੇ ਸਹੂਲਤਾਂ ਲਈ ਮੰਨੇ ਜਾਂਦੇ ਮੁਲਕ ਕੈਨੇਡਾ ਨੂੰ ਹੁਣ ਡਾਕਟਰਾਂ ਤੇ ਨਰਸਾਂ ਦੀ ਘਾਟ ਮਹਿਸੂਸ ਹੋ ਰਹੀ ਹੈ ਤੇ ਇਸ ਕਰਕੇ ਆਉਣ ਵਾਲੇ ਸਮੇਂ ਵਿਚ ਕੁਝ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਇਸ ਮੁਲਕ ਦੀ ਮੈਡੀਕਲ ਪੜਾਈ ਹੋਰ ਸੌਖੀ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਵਿਸ਼ਵ ਭਰ ਤੋਂ ਮੈਡੀਕਲ ਪਾਸ ਡਾਕਟਰ ਤੇ ਨਰਸਾਂ ਕੈਨੇਡਾ ਵਿਚ ਆਉਣ ’ਤੇ ਆਪਣੀ ਪੜਾਈ ਭਾਵ ਕੈਨੇਡਾ ਅਨੁਸਾਰ ਪੜ ਕੇ ਹੀ ਪਾਸ ਹੋ ਕੇ ਡਾਕਟਰ ਬਣ ਸਕਦੇ ਹਨ ।ਜੇਕਰ ਉਹ ਟੈਸਟ ਪਾਸ ਨਹੀਂ ਕਰ ਸਕਦਾ ਤਾਂ ਉਹ ਕੈਨੇਡਾ ਵਿਚ ਆਮ ਵਿਅਕਤੀ ਹਨ, ਪਰ ਹੁਣ ਸਰਕਾਰ ਕੁਝ ਤਬਦੀਲੀਆਂ ਕਰਨ ’ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਕਿਸੇ ਚੰਗੇ ਇੰਸਟੀਚਿਊਟ ਨਾਲ ਜੁੜੇ ਡਾਕਟਰ ਨਰਸਾਂ ਨੂੰ ਬੁਲਾਉਣ ਲਈ ਕੁਝ ਰਾਹਤ ਦੇ ਕੇ ਕੈਨੇਡਾ ਦੀ ਸਿਹਤ ਵਿਭਾਗ ਨਾਲ ਕੰਮ ਕਰਨ ਦਾ ਮੌਕਾ ਦਿੱਤਾ ਜਾ ਸਕੇ।

**ਮੋਦੀ ਦੁਨੀਆ ਦੇ ਸਭ ਤੋਂ ਪ੍ਰਸਿੱਧ ਨੇਤਾਵਾਂ ਦੀ ਸੂਚੀ ਵਿਚ ਪਹਿਲੇ ਸਥਾਨ ’ਤੇ**

ਮਾਰਨਿੰਗ ਕੰਸਲਟ ਪੋਲਿਟਿਕਲ ਇੰਟੈਲੀਜੈਂਸ ਵਲੋਂ ਜਾਰੀ ਇਸ ਰੇਟਿੰਗ ਵਿਚ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 43 ਫੀਸਦੀ ਰੇਟਿੰਗ ਨਾਲ ਛੇਵੇਂ ਨੰਬਰ ’ਤੇ ਹਨ। ਜਦਕਿ ਇਸ ਸੂਚੀ ਵਿਚ ਮੈਕਸੀਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਏਲ ਲੋਪੇਜ ਓਬ੍ਰਾਕਰ 66 ਫੀਸਦੀ ਰੇਟਿੰਗ ਨਾਲ ਦੂਜੇ ਸਥਾਨ ’ਤੇ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਮਰੀਓ ਦਰਾਘੀ 60 ਫੀਸਦੀ ਰੇਟਿੰਗ ਨਾਲ ਤੀਜੇ ਸਥਾਨ ’ਤੇ ਰਹੇ।

13 ਆਲਮੀ ਆਗੂਆਂ ਦੀ ਇਸ ਸੂਚੀ ਲਈ 13 ਤੋਂ 19 ਜਨਵਰੀ, 2022ਦਰਮਿਆਨ ਅੰਕੜੇ ਇਕੱਠੇ ਕੀਤੇ ਗਏ ਸਨ। ਇਸ ਤੋਂ ਪਹਿਲਾਂ ਵੀ ਪਿਛਲੇ ਸਾਲ ਹੋਏ ਸਰਵੇਖਣ ਵਿਚ ਮੋਦੀ ਦੁਨੀਆ ਦੇ ਸਭ ਤੋਂ ਪ੍ਰਸਿੱਧ ਨੇਤਾਵਾਂ ਦੀ ਸੂਚੀ ’ਚ ਪਹਿਲੇ ਸਥਾਨ ’ਤੇ ਰਹੇ ਸਨ।

# ਦਲ-ਬਦਲੂ ਕੀ ਸੰਵਾਰਨਗੇ ਪੰਜਾਬ ਦਾ ?



**ਗੁਰਮੀਤ ਸਿੰਘ ਪਲਾਹੀ**
9815802070

ਚੋਣਾਂ ਕੀ ਆਈਆਂ, ਸਵਾਰਥੀ, ਮੌਕਾਪ੍ਰਸਤ ਨੇਤਾਵਾਂ ਦੀਆਂ ਅੱਖਾਂ ਹੀ ਬਦਲ ਗਈਆਂ। ਪਾਰਟੀ ਟਿਕਟ ਦਿਉ, ਨਹੀਂ ਤਾਂ ਹੋਰ ਬਥੇਰੇ। ਜਿਵੇਂ ਸਰਕਾਰਾਂ ਬਣਾਉਣ ਵੇਲੇ ਅੜੇ-ਥੁੜੇ ਵਿਧਾਇਕਾਂ ਦੇ ਭਾਅ ਲਗਦੇ ਹਨ, ਹੁਣ ਵਿਧਾਇਕ ਬਣਨ ਲਈ ਨੇਤਾ ਥੈਲੀਆਂ ਚੁੱਕੀ ਫਿਰਦੇ ਹਨ। ਸਿਆਣੇ ਲੋਕ ਪੁੱਛਦੇ ਹਨ ਨੇਤਾਵਾਂ ਤੋਂ, ਭਾਈ ਨੈਤਿਕਤਾ ਕਿੱਥੇ ਗਈ ?

ਦਲ-ਬਦਲੀ ਤਾਂ ਹੁਣ ਸਿਆਸੀ ਪਾਰਟੀਆਂ ਦੀ ਨੀਤੀ ਦਾ ਇੱਕ ਹਿੱਸਾ ਹੀ ਬਣ ਗਈ ਹੈ। ਜਿੱਥੇ ਵੀ, ਜਦੋਂ ਵੀ ਚੋਣਾਂ ਦਾ ਐਲਾਨ ਹੁੰਦਾ ਹੈ, ਦਲ-ਬਦਲੀ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਦਲ-ਬਦਲੀ ਦੀ ਇਸ ਭੈੜੀ ਖੇਡ ਵਿੱਚ ਵਿਚਾਰ, ਅਨੁਸ਼ਾਸਨ ਜਾਂ ਸੰਵਿਧਾਨਿਕ ਮੁੱਲਾਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

1985 ਵਿੱਚ ਬਣਾਇਆ ਦਲ-ਬਦਲੂ ਐਕਟ, ਕਿਸੇ ਨਾ ਕਿਸੇ ਢੰਗ ਨਾਲ ਸਿਆਸੀ ਪਾਰਟੀਆਂ ਆਪਣੇ ਢੰਗ ਨਾਲ ਤੋੜ ਮਰੋੜ ਕੇ ਆਪਣੇ ਹਿਤ ਪੂਰ ਲੈਂਦੀਆਂ ਹਨ। ਬਹੁਤੀ ਦੂਰ ਕੀ ਜਾਣਾ ਹੈ, ਪੰਜਾਬ ਦੀ ਹੁਣੇ ਗਈ ਅਸੰਬਲੀ ਇਸਦੀ ਵੱਡੀ ਉਦਾਹਰਣ ਹੈ। ਬਹੁਤ ਪਾਰਟੀਆਂ ਦੇ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਛੱਡੀਆਂ, ਦੂਜੀਆਂ ਵਿੱਚ ਸ਼ਾਮਲ ਹੋਏ, ਪਰ 1985 ਦੇ ਦਲ-ਬਦਲੂ ਕਾਨੂੰਨ ਅਨੁਸਾਰ ਉਹਨਾਂ ਵਿੱਚੋਂ ਕਿਸੇ ਨੂੰ ਵੀ ਆਪਣੀ ਵਿਧਾਇਕੀ ਤੋਂ ਹੱਥ ਨਹੀਂ ਧੋਣੇ ਪਏ। ਸਿਆਸਤਦਾਨਾਂ, ਹਾਕਮਾਂ ਨੇ ਬਥੇਰੇ ਕਾਨੂੰਨੀ ਰਾਹ ਰੱਖੇ ਹੁੰਦੇ ਹਨ, ਜਿਨਾਂ ਦੀ ਲੋੜ ਪੈਣ 'ਤੇ ਉਹ ਵਰਤੋਂ ਕਰ ਲੈਂਦੇ ਹਨ। ਆਮ ਆਦਮੀ ਪਾਰਟੀ ਦੇ ਲਗਭਗ ਅੱਧੇ ਵਿਧਾਇਕ ਛੜੱਪਾ ਮਾਰ ਕੇ ਦੂਜੇ ਪਾਸੇ ਤੁਰ ਗਏ, ਪਰ ਆਖਰੀ ਵੇਲੇ ਤਕ ਵੀ ਵਿਧਾਇਕ ਰਹੇ।

ਦਲ-ਬਦਲੂ ਦੀ ਇਬਾਰਤ ਹਰਿਆਣਾ ਵਿੱਚ ਲਿਖੀ ਗਈ ਸੀ, ਜਿੱਥੇ ਲਗਾਤਾਰ ਇੱਕ ਤੋਂ ਵੱਧ ਵੇਰ ਇੱਕ ਵਿਧਾਇਕ ਨੇ ਸਿਆਸੀ ਪਾਰਟੀ ਬਦਲੀ ਸੀ ਅਤੇ ਇੱਕ ਕਹਾਵਤ ਉਸੇ ਵਿਧਾਇਕ ਦੇ ਨਾਮ ਹੋ ਗਈ ਸੀ, 'ਆਇਆ ਰਾਮ, ਗਿਆ ਰਾਮ' ਅੱਜ ਵੀ ਲੋਕ ਇਸ ਨੂੰ ਇੱਕ ਚੁਟਕਲੇ ਵਾਂਗ ਯਾਦ ਕਰਦੇ ਹਨ।

ਸਾਲ 1967 ਤੋਂ 1973 ਦਰਮਿਆਨ 45 ਸੂਬਾ ਸਰਕਾਰਾਂ ਡਿੱਗੀਆਂ ਜਾਂ ਡੇਗੀਆਂ ਗਈਆਂ। ਇਹਨਾਂ ਸਰਕਾਰਾਂ ਵਿੱਚ 2700 ਕੇਸ ਦਲਬਦਲੀ ਦੇ ਸਨ। ਇਸ ਦਲਬਦਲੀ ਦੇ ਰੁਝਾਨ ਨੂੰ ਰੋਕਣ ਲਈ ਹੀ 1985 ਵਿੱਚ ਦਲ-ਬਦਲ ਕਾਨੂੰਨ ਬਣਾਇਆ ਗਿਆ।

ਹਰਿਆਣਾ ਅਤੇ ਪੰਜਾਬ ਵਿੱਚ ਦਲ-ਬਦਲ ਦੀਆਂ ਘਟਨਾਵਾਂ ਨਿਰੰਤਰ ਵੇਖਣ ਨੂੰ ਮਿਲਦੀਆਂ ਰਹੀਆਂ ਹਨ ਅਤੇ ਇਹ ਹੁਣ ਪੂਰੇ ਜ਼ੋਰਾਂ ਉੱਤੇ ਹਨ। ਦਲ-ਬਦਲ ਦੀ ਇਹ ਸ਼ੁਰੂਆਤ ਕਾਂਗਰਸ ਨੇ 60ਵਿਆਂ ਵਿੱਚ ਕੀਤੀ ਸੀ। 1962 ਅਤੇ 1966 ਵਿੱਚ ਅਕਾਲੀ ਦਲ ਅਤੇ ਅਜ਼ਾਦ ਵਿਧਾਇਕ ਪੁੱਟ ਕੇ ਸਰਕਾਰਾਂ ਤੋੜੀਆਂ ਗਈਆਂ ਸਨ। ਜਿੱਥੇ ਹਰਿਆਣਾ ਵਿੱਚ ਭਜਨ ਲਾਲ ਦੀ ਸਰਕਾਰ ਦਲ ਬਦਲੀ ਦਾ ਸਿੱਟਾ ਸੀ, ਉੱਥੇ ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਦੀਆਂ ਪੰਜਾਬ ਵਿਚਲੀਆਂ ਸਰਕਾਰਾਂ ਦਾ ਡਿਗਣਾ ਵੀ ਦਲ-ਬਦਲੀ ਦੀ ਹੀ ਉਪਜ ਸਨ। ਦਲ ਬਦਲੀ ਦੀਆਂ ਇਨਾਂ ਖੇਡਾਂ ਵਿੱਚ ਸ਼ਾਮਲ ਨੇਤਾ ਸਿਰਫ਼ ਕਾਂਗਰਸੀ ਹੀ ਨਹੀਂ ਸਨ, ਸਗੋਂ ਕਾਂਗਰਸ ਦੇ ਵਿਰੋਧ ਵਿੱਚ ਬਣੇ ਯੂਨਾਈਟਿਡ ਫਰੰਟ ਨੇ ਵੀ ਇਸ ਵਿੱਚ ਵੱਡਾ ਰੋਲ ਅਦਾ ਕੀਤਾ ਸੀ।

ਸਾਲ 1967 ਵਿੱਚ ਲਛਮਣ ਸਿੰਘ ਗਿੱਲ ਅਤੇ 16 ਹੋਰ ਵਿਧਾਇਕਾਂ ਦੀ ਦਲ ਬਦਲੀ ਕਰਵਾ ਕੇ ਅਕਾਲੀ ਦਲ ਦੀ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਤੋੜੀ ਗਈ ਸੀ। ਇਸ ਦਲ-ਬਦਲੀ ਵਿੱਚ ਰਿਪਬਲਿਕਨ ਪਾਰਟੀ, ਅਕਾਲੀ ਦਲ (ਸੰਤ ਫਤਿਹ ਸਿੰਘ), ਅਕਾਲੀ ਦਲ (ਮਾਸਟਰ ਤਾਰਾ ਸਿੰਘ) ਨਾਲ ਸਬੰਧਤ ਅਤੇ ਅਜ਼ਾਦ ਵਿਧਾਇਕ ਸ਼ਾਮਲ ਸਨ।

ਸਾਲ 1967-71 ਦੌਰਾਨ ਪੰਜਾਬ ਵਿੱਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਦੋ ਵੇਰ ਤੋੜੀ ਗਈ। ਇੱਕ ਵੇਰ ਲਛਮਣ ਸਿੰਘ ਗਿੱਲ ਨੂੰ ਗੱਦੀ ਤੋਂ ਲਾਹਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਬਣਾਈ ਗਈ ਸਰਕਾਰ ਵੀ ਕੁਝ ਮਹੀਨੇ ਹੀ ਕੱਢ ਸਕੀ। ਮੁੱਖ ਤੌਰ 'ਤੇ ਸੂਬਿਆਂ ਵਿੱਚ ਦਲ ਬਦਲੀ ਦੀਆਂ ਘਟਨਾਵਾਂ ਲਈ ਕੇਂਦਰ ਉੱਤੇ ਰਾਜ ਕਰ ਰਹੀ ਕਾਂਗਰਸ ਹੀ ਦੋਸ਼ੀ ਰਹੀ ਹੈ, ਕਿਉਂਕਿ ਉਸ ਨੂੰ ਇਹ ਸੁਖਾਵਾਂ ਨਹੀਂ ਸੀ ਕਿ ਸੂਬਿਆਂ ਵਿੱਚ ਵਿਰੋਧੀ ਧਿਰ ਜਾਂ ਸਥਾਨਕ ਪਾਰਟੀਆਂ ਦੀਆਂ ਸਰਕਾਰਾਂ ਰਾਜ ਕਰਨ। ਕਾਂਗਰਸ ਦੇ ਦੇਸ਼ ਵਿੱਚ ਕਮਜ਼ੋਰ ਹੋਣ ਉਪਰੰਤ ਜਦੋਂ ਬਾਜ਼ੀ ਭਾਜਪਾ ਦੇ ਹੱਥ ਆਈ ਤਾਂ ਉਸ ਵੱਲੋਂ ਵੱਡੀ ਪੱਧਰ ਉੱਤੇ ਦਲ-ਬਦਲੀ ਦੀ ਖੇਡ ਖਾਸ ਤੌਰ 'ਤੇ ਉਨਾਂ ਸੂਬਿਆਂ ਵਿੱਚ ਖੇਡੀ ਗਈ ਜਿੱਥੇ ਕਾਂਗਰਸ ਦੀਆਂ ਸਰਕਾਰਾਂ ਸਨ। ਮੰਤਵ ਇਹ ਸੀ ਕਿ ਦੇਸ਼ ਨੂੰ ਕਾਂਗਰਸ ਤੋਂ ਮੁਕਤ ਕਰਨਾ ਹੈ, ਜਿਸ ਅਧੀਨ ਜਿੱਥੇ ਚੋਣਾਂ ਵਿੱਚ ਕਾਂਗਰਸ ਨੂੰ ਹਰਾਉਣ ਦਾ ਬਿਗਲ ਰਾਸ਼ਟਰੀ ਪਾਰਟੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵਜਾਇਆ, ਉੱਥੇ ਜਿੱਥੇ ਉਨਾਂ ਨੇ ਜਿੱਤ ਪ੍ਰਾਪਤ ਕੀਤੀ ਜਾਂ ਜਿੱਤ ਪ੍ਰਾਪਤ ਕਰਨ ਦੇ ਨੇੜੇ ਗਏ, ਉੱਥੇ ਉਹਨਾਂ ਨੂੰ ਜਾਂ ਤਾਂ ਸਰਕਾਰ ਬਣਾਉਣ ਹੀ ਨਾ ਦਿੱਤੀ ਗਈ ਜਾਂ ਫਿਰ ਉਨਾਂ ਦੀਆਂ ਬਣੀਆਂ ਸਰਕਾਰਾਂ ਤੋੜ ਦਿੱਤੀਆਂ ਗਈਆਂ। ਮੱਧ ਪ੍ਰਦੇਸ਼ ਕਾਂਗਰਸ ਸਰਕਾਰ ਦਾ ਦਲ ਬਦਲੂਆਂ ਨੂੰ ਉਤਸ਼ਾਹਿਤ ਕਰਕੇ ਤੋੜਿਆ ਜਾਣਾ ਇੱਕ ਵੱਡੀ ਉਦਾਹਰਣ ਬਣੀ।

**ਸਿਆਸੀ ਮੰਚ**

ਇੱਥੇ ਹੀ ਬੱਸ ਨਹੀਂ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ ਉੱਤੇ ਉਸੇ ਢੰਗ ਨਾਲ ਦਲ ਬਦਲੂਆਂ ਨੂੰ ਉਤਸ਼ਾਹਿਤ ਕਰਕੇ ਭਾਜਪਾ ਨੇ ਆਪਣੀ ਪਾਰਟੀ ਦਾ ਆਕਾਰ ਵੱਡਾ ਕੀਤਾ, ਜਿਵੇਂ ਅੱਜਕਲ ਪੰਜਾਬ ਵਿੱਚ ਕੀਤਾ ਜਾ ਰਿਹਾ ਹੈ। ਵੱਖ-ਵੱਖ ਸਿੱਖ ਚਿਹਰੇ, ਬੁੱਧੀਜੀਵੀ, ਹਰੇਕ ਪਾਰਟੀ ਦੇ ਉਹ ਰੁੱਸੇ ਹੋਏ ਨੇਤਾ, ਜਿਹੜੇ ਆਪੋ ਆਪਣੀਆਂ ਪਾਰਟੀਆਂ ਵਿੱਚ ਵਿਧਾਇਕੀ ਲਈ ਟਿਕਟਾਂ ਨਹੀਂ ਲੈ ਜਾ ਰਹੇ, ਭਾਜਪਾ ਦਾ ਖਾਜਾ ਬਣ ਰਹੇ ਹਨ। ਇਸ ਸਾਰੀ ਖੇਡ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਉਨਾਂ ਦਾ ਸਾਥ ਦੇ ਰਹੇ ਹਨ, ਜਿਨਾਂ ਨੂੰ ਕਾਂਗਰਸ ਵਿੱਚੋਂ ਆਪਣੀ ਕੁਰਸੀ ਛੱਡਣੀ ਪਈ ਅਤੇ ਜਿਹੜੇ ਆਪਣੇ ਆਪ ਨੂੰ ਉਨਾਂ ਤੋਂ ਕਾਂਗਰਸ ਹਾਈ ਕਮਾਂਡ ਵੱਲੋਂ ਮਾੜੇ ਢੰਗ ਨਾਲ ਕੁਰਸੀ ਖੋਹੇ ਜਾਣ 'ਤੇ ਬੇਇੱਜ਼ਤ ਮਹਿਸੂਸ ਕਰ ਰਹੇ ਹਨ। ਇੱਥੇ ਇਹ ਗੱਲ ਵਰਣਨ ਕਰਨੀ ਕਿਸੇ ਤਰਾਂ ਵੀ ਗਲਤ ਨਹੀਂ ਹੋਵੇਗੀ ਕਿ ਜਿਵੇਂ ਭਾਜਪਾ ਨੇ ਪੱਛਮੀ ਬੰਗਾਲ ਵਿੱਚ ਸੂਬਾ ਚੋਣਾਂ ਹਾਰਨ ਤੋਂ ਬਾਅਦ ਆਪਣੀ ਵੋਟ ਗਿਣਤੀ ਵਿੱਚ ਵਾਧਾ ਕੀਤਾ ਹੈ, ਉਵੇਂ ਹੀ ਉਹ ਪੰਜਾਬ ਵਿੱਚ ਆਪਣੀ ਵੋਟ ਗਿਣਤੀ ਵਿੱਚ ਵੱਡਾ ਵਾਧਾ ਕਰਕੇ ਇਹ ਦਰਸਾਉਣ ਦੇ ਰਾਹ 'ਤੇ ਹੈ ਕਿ ਪੰਜਾਬ ਵਿੱਚ ਉਸਦਾ ਆਧਾਰ ਵਧਿਆ ਹੈ ਅਤੇ ਤਿੰਨ ਖੇਤੀ ਕਾਨੂੰਨ ਸਿਰਫ਼ ਤੇ ਸਿਰਫ਼ ਕੁਝ ਲੋਕਾਂ ਦੇ ਵਿਰੋਧ ਕਾਰਨ ਹੀ ਕੇਂਦਰੀ ਹਕੂਮਤ ਨੇ ਵਾਪਸ ਲਏ ਹਨ।

ਭਾਜਪਾ ਆਪਣੇ ਗੱਠਜੋੜ ਵਾਲੇ ਸਾਥੀਆਂ ਅਮਰਿੰਦਰ ਸਿੰਘ, ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਸੰਯੁਕਤ ਅਕਾਲੀ ਦਲ ਦੇ ਸਹਿਯੋਗ ਨਾਲ 117 ਸੀਟਾਂ ਉੱਤੇ ਜੇਤੂ ਨਹੀਂ ਬਣ ਸਕਦੀ, ਪਰ ਉਸ ਵੇਲੇ ਸਿੱਖ ਚਿਹਰਿਆਂ ਨੂੰ ਆਪਣੇ ਨਾਲ ਜੋੜ ਕੇ ਇੱਕ ਵੱਖਰੀ ਕਿਸਮ ਦਾ ਘੱਟ ਗਿਣਤੀਆਂ ਨਾਲ ਖੜਨ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ।

ਕਾਂਗਰਸ ਵਿਚਲੇ ਬਹੁਤੇ ਲੋਕ, ਜਿਨਾਂ ਨੂੰ ਵਿਧਾਇਕੀ ਟਿਕਟਾਂ ਤੋਂ ਨਾਂਹ ਹੋ ਗਈ ਹੈ, ਉਹ ਵਫਾਦਾਰੀਆਂ ਬਦਲਣ ਲੱਗ ਪਏ ਹਨ। ਬਹੁਤੇ ਨਿਰਾਸ਼ ਕਾਂਗਰਸੀ ਨੇਤਾ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ, ਪਰ ਕੁਝ ਕੈਪਟਨ ਅਮਰਿੰਦਰ ਸਿੰਘ ਨਾਲ ਜੁੜ ਰਹੇ ਹਨ।

ਭਾਜਪਾ ਨੇ ਹਾਲੀ ਤਕ ਆਪਣੇ ਸਾਥੀਆਂ ਨਾਲ ਰਲ ਕੇ ਵਿਧਾਇਕੀ ਵਾਲੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ। ਹਾਲੇ ਭਾਜਪਾ ਪਰ ਤੋਲ ਰਹੀ ਹੈ। ਫਿਰੋਜ਼ਪੁਰ ਦੀ ਪ੍ਰਧਾਨ ਮੰਤਰੀ ਦੀ ਰੈਲੀ ਫੇਲ ਹੋਣ ਉਪਰੰਤ ਹੁਣ ਭਾਜਪਾ ਵਰਚੁਅਲ ਤੌਰ 'ਤੇ ਤਿੰਨ ਲੱਖ ਵਰਕਰਾਂ ਨਾਲ ਪ੍ਰਧਾਨ ਮੰਤਰੀ ਅਤੇ ਹੋਰ ਨੇਤਾਵਾਂ ਦੀ ਵਰਚੁਅਲ ਰੈਲੀ ਕਰ ਰਹੀ ਹੈ। ਮੰਤਵ ਹਰ ਹੀਲੇ ਪੰਜਾਬ ਵਿੱਚ ਆਪਣੀ ਤਾਕਤ, ਸਮਰੱਥਾ, ਗਿਣਤੀ ਅਤੇ ਹੋਂਦ ਦਾ ਪ੍ਰਗਟਾਵਾ ਕਰਨਾ ਹੈ। ਉਸ ਵੱਲੋਂ ਯਤਨ ਇਹ ਹੈ ਕਿ ਜੇਕਰ ਉਹ ਆਪਣੇ ਸਹਿਯੋਗੀਆਂ ਨਾਲ ਰਲਕੇ ਪੰਜਾਬ ਦੀ ਤਾਕਤ ਹਥਿਆ ਨਾ ਵੀ ਸਕੇ, ਪਰ ਉਹ ਆਉਣ ਵਾਲੀ ਵਜ਼ਾਰਤ ਦੇ ਗਠਨ ਵਿੱਚ ਮੋਹਰੀ ਰੋਲ ਅਦਾ ਕਰਨ ਜੋਗੀਆਂ ਸੀਟਾਂ ਜ਼ਰੂਰ ਪ੍ਰਾਪਤ ਕਰ ਸਕੇ, ਜਿਸ ਤੋਂ ਬਾਅਦ ਜੋੜ-ਤੋੜ, ਦਲ-ਬਦਲ ਨਾਲ ਉਹ ਸਿੱਧੇ-ਅਸਿੱਧੇ ਤੌਰ 'ਤੇ ਪੰਜਾਬ ਉੱਤੇ ਕਾਬਜ਼ ਹੋ ਸਕੇ।

ਦਲ-ਬਦਲ ਦੇ ਇਸ ਰੰਗ-ਮੰਚ ਵਿੱਚ ਆਮ ਆਦਮੀ ਪਾਰਟੀ ਵੀ ਆਪਣੇ ਵੱਲੋਂ ਪੱਤੇ ਖੇਡ ਰਹੀ ਹੈ। ਆਪਣੀਆਂ ਜਾਰੀ ਨੀਤੀਆਂ ਲਗਭਗ ਸਾਰੀਆਂ ਸੀਟਾਂ ਵਿੱਚੋਂ ਲਗਭਗ ਤਿਹਾਈ ਬਾਹਰਲੀਆਂ ਪਾਰਟੀਆਂ ਵਿੱਚੋਂ ਆਏ ਹੋਏ ਨੇਤਾ ਹਨ। ਸ਼੍ਰੋਮਣੀ ਅਕਾਲੀ ਦਲ (ਬ) ਵਿੱਚ ਵੀ ਕਈ ਕਾਂਗਰਸੀ ਨੇਤਾ ਪੁੱਜ ਗਏ ਹਨ।

ਦਲ ਬਦਲੂਆਂ ਕਾਰਨ ਬਿਨਾਂ ਸ਼ੱਕ ਪਾਰਟੀਆਂ ਦਾ ਅੰਦਰੂਨੀ ਸੰਤੁਲਨ ਵਿਗੜਦਾ ਹੈ। ਪਾਰਟੀਆਂ ਦੇ ਉਹ ਨਿਸ਼ਕਾਮ ਵਰਕਰ, ਨੇਤਾ ਜਿਹੜੇ ਵਰਿਆਂਬੱਧੀ ਆਪਣੀ ਪਾਰਟੀ ਲਈ ਕੰਮ ਕਰਦੇ ਹਨ, ਉਨਾਂ ਦਾ ਹੱਕ ਮਾਰਿਆ ਜਾਂਦਾ ਹੈ, ਅਵਾਜ਼ ਦੱਬੀ ਜਾਂਦੀ ਹੈ। ਪਾਰਟੀਆਂ ਦੇ ਨਿਯਮ ਭੰਗ ਹੁੰਦੇ ਹਨ, ਵਿਧਾਨ ਟੁੱਟਦਾ ਹੈ। ਪੈਰਾਸ਼ੂਟ ਨਾਲ ਉੱਪਰੋਂ ਆਏ ਆਪਣੇ ਨੇਤਾਵਾਂ ਕਾਰਨ ਨਹੀਂ, ਇਹ ਵਰਕਰ ਪਹਿਲਾਂ ਹੀ ਪ੍ਰੇਸ਼ਾਨ ਸਨ, ਪਰ ਹੁਣ ਤਾਂ ਦੂਹਰੀ ਮਾਰ ਉਨਾਂ ਨੂੰ ਪੈ ਰਹੀ ਹੈ ਕਿ ਦੂਜੀਆਂ ਪਾਰਟੀਆਂ ਦੇ ਨੇਤਾ ਵੀ ਉਹਨਾਂ ਅੱਗੇ ਆ ਖੜੋਂਦੇ ਹਨ। ਅਸਲ ਵਿੱਚ ਦਲ ਬਦਲੀ ਨੇ ਭਾਰਤ ਦੀ ਸਿਆਸਤ ਹੀ ਬਦਲ ਦਿੱਤੀ ਹੈ। ਕੁਰਸੀ ਦੀ ਹੋੜ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਢਾਹ ਲਾਈ ਹੈ। ਦੇਸ਼ ਦੇ ਲੋਕਤੰਤਰ ਦੀ ਚੰਗੀ ਸਿਹਤ ਲਈ ਦਲ-ਬਦਲੂਆਂ ਵਰਗੇ ਵਰਤਾਰੇ ਰੋਕੇ ਜਾਣ ਦੀ ਜ਼ਰੂਰਤ ਹੈ, ਤਦ ਹੀ ਦੇਸ਼ ਦੇ ਲੋਕ ਹਕੂਮਤ ਤੋਂ ਸਵੱਛ ਪ੍ਰਸ਼ਾਸਨ ਦੀ ਆਸ ਕਰ ਸਕਣਗੇ।

# ਅਣਭੋਲ ਤੇ ਬੇਆਸਰਿਆਂ ਦਾ ਮਸੀਹਾ: ਗੁਰਪ੍ਰੀਤ ਸਿੰਘ ਮਿੰਟੂ ਮਾਲਵਾ

**ਬਲਜੀਤ ਖ਼ਾਨ**

ਆਪਣਿਆਂ ਲਈ ਹਰ ਕੋਈ ਜਿਉਂਦਾ ਹੈ, ਉਨਾਂ ਨੂੰ ਚੰਗੀ ਸਿਹਤ ਤੇ ਸਾਫ ਸੁਥਰਾ ਜੀਵਨ ਦੇਣ ਲਈ ਹਰ ਕੋਈ ਦਿਨ ਰਾਤ ਮਿਹਨਤ ਕਰਦਾ ਹੈ। ਪਰ ਇਕ ਇਨਸਾਨ ਅਜਿਹਾ ਵੀ ਜੋ ਦੂਜਿਆਂ ਲਈ ਜਿਉਂਦਾ ਹੈ। ਅਸੀਂ ਸਾਰਿਆਂ ਨੇ ਮਨੁੱਖਤਾ ਦੀ ਸੇਵਾ ਕਰਨ ਵਾਲੇ ਸਰਦਾਰ ਗੁਰਪ੍ਰੀਤ ਸਿੰਘ ਮਿੰਟੂ ਇਕ ਅਜਿਹਾ ਇਨਸਾਨ ਜੋ ਇਕ ਰੱਬੀ ਰੂਹ ਹੈ ਪਰ ਉਹਦੇ ਤੋਂ ਆਪਣੀ ਉਸਤਤ ਸੁਣੀ ਨਹੀਂ ਜਾਂਦੀ, ਆਪਣੇ ਬਾਰੇ ਚੰਗੇ ਸ਼ਬਦ ਸੁਣਕੇ ਉਹਦੀਆਂ ਅੱਖਾਂ ਵਾਰ-ਵਾਰ ਝੁਕਦੀਆਂ ਹਨ, 'ਵਾਹਿਗੁਰੂ, ਵਾਹਿਗੁਰੂ' ਜ਼ੁਬਾਨ 'ਚੋਂ ਨਿਕਲਦਾ ਹੈ, ਇੰਨਾ ਕੁਝ ਕਰਕੇ ਵੀ ਆਪਣੇ-ਆਪ ਨੂੰ ਕਠਪੁਤਲੀ ਦੱਸਦਾ ਹੈ, ਕਹਿੰਦਾ ਹੈ ਡੋਰ ਕਿਸੇ ਹੋਰ ਦੇ ਹੱਥ ਵਿੱਚ ਹੈ। ਸਾਦਗੀ ਅਤੇ ਨਿਮਰਤਾ ਦਾ ਪੁੰਜ ਏ ਉਹ, ਉਹਨੂੰ ਜੰਮਣ ਵਾਲ਼ੀ ਮਾਂ ਦੀ ਕੁੱਖ ਸੱਚਮੁੱਚ ਸੁਲੱਖਣੀ ਹੈ। ਗ੍ਰੰਥਾਂ ਵਿੱਚ ਜਿਹੜੇ ਸੱਤ ਪੁਸ਼ਤਾਂ ਨੂੰ ਤਾਰਨ ਵਾਲ਼ੇ ਮਨੁੱਖਾਂ ਦੀ ਗੱਲ ਕੀਤੀ ਗਈ ਹੈ ਉਹ ਓਹਦੇ ਤੋਂ ਭਿੰਨ ਨਹੀਂ ਹੋਣਗੇ।

ਗ਼ਰੀਬਾਂ, ਬੇਆਸਰਿਆਂ, ਨਿਤਾਣਿਆਂ-ਨਿਮਾਣਿਆਂ, ਅਪਾਹਜਾਂ, ਮਾਨਸਿਕ ਪ੍ਰੇਸ਼ਾਨਾਂ, ਵਕਤ ਦੇ ਮਾਰਿਆਂ, ਸੜਕ 'ਤੇ ਰੁਲ਼ਦਿਆਂ ਦਾ ਮਸੀਹਾ ਹੈ ਉਹ। ਕਿਸੇ ਦੇ ਜ਼ਖ਼ਮਾਂ 'ਚੋਂ ਕੀੜੇ ਚੁਗਦਾ ਉਹ ਸੂਗ ਨਹੀਂ ਮੰਨਦਾ। ਗੰਦਗੀ ਵਿਚ ਦਿਨ ਕਟੀ ਕਰਦੇ ਅਤੇ ਜੂਨ ਬਸਰ ਕਰਦੇ ਲੋਕਾਂ ਲਈ ਉਹ ਮੁਕਤੀ ਦਾ ਪੈਗ਼ਾਮ ਹੈ, ਜਦਕਿ ਉਹ ਆਪਣੀ ਹਸਤੀ ਤੋਂ ਇਉਂ ਅਣਭੋਲ ਹੈ ਜਿਵੇਂ ਕਸਤੂਰੀ ਹਿਰਨ ਨੂੰ ਆਪਣੀ ਨਾਭੀ 'ਚੋਂ ਆਉਂਦੀ ਮਹਿਕ ਦੇ ਸ੍ਰੋਤ ਦਾ ਪਤਾ ਨਹੀਂ ਹੁੰਦਾ। ਕਿਸੇ ਦੇ ਉਪਦੇਸ਼ ਕਰਕੇ ਉਹਨੇ ਦਾੜੀ ਨਹੀਂ ਵਧਾਈ ਨਾ





ਹੀ ਕਿਸੇ ਦੇ ਪ੍ਰਵਚਨਾਂ ਨੂੰ ਸੁਣਕੇ ਸਿਰ 'ਤੇ ਪੱਗ ਸਜਾਈ ਹੈ। ਉਹ ਜਿਉਂ-ਜਿਉਂ ਆਪਣੇ ਕਿਰਦਾਰ ਅਤੇ ਜ਼ਿੰਮੇਵਾਰੀ ਤੋਂ ਜਾਣੂੰ ਹੁੰਦਾ ਗਿਆ, ਉਸ ਦੀ ਵੇਸਭੂਸ਼ਾ ਬਦਲਦੀ ਗਈ, ਅਸਲ ਗੁਰੂ ਵਾਲ਼ੇ ਹੋਣਾ ਇਸੇ ਨੂੰ ਕਹਿੰਦੇ ਹਨ। ਜਾਨਵਰ ਨਿਰਸਵਾਰਥ ਪਿਆਰ ਕਰਦੇ ਹਨ ਤੇ ਇਹੋ ਹਿਸਾਬ ਮੰਦਬੁੱਧੀ ਬੰਦਿਆਂ ਦਾ ਹੈ। ਇਸ ਮਸਲੇ ਵਿਚ ਮਿੰਟੂ ਮਾਲਾ-ਮਾਲ ਹੈ। ਉਹ ਲੋਕ ਜੋ ਪੂਰੀ ਤਰਾਂ ਆਪਣੇ ਹੋਸ਼ੋ-ਹਵਾਸ ਵਿੱਚ ਨਹੀਂ ਹਨ ਉਹਦੇ ਹੱਥ ਦੀ ਛੋਹ ਝੱਟ ਪਛਾਣ ਜਾਂਦੇ ਹਨ ਤੇ ਜ਼ਾਬਤੇ 'ਚ ਆ ਜਾਂਦੇ ਹਨ। ਕੋਈ ਆਪਸੀ ਤਰੰਗਾਂ ਦਾ ਖੇਡ ਹੈ ਇਹ। ਉਹ ਵੀ ਅੱਗੋਂ ਕਿਸੇ ਦੀਆਂ ਡਿੱਗਦੀਆਂ ਲਾਲ਼ਾਂ ਨੂੰ ਲੀੜੇ ਨਾਲ਼ ਪੂੰਝ ਦਿੰਦਾ ਏ ਤੇ ਕਦੇ ਕਿਸੇ ਨੂੰ ਜੱਫੀ 'ਚ ਲੈ ਲੈਂਦਾ ਹੈ।

**ਸ਼ਖ਼ਸੀਅਤ**

ਆਸ਼ਰਮ 'ਚ ਆਪਣੇ ਸਿੱਧੇ ਪੁੱਤ ਛਿੰਦੇ ਨੂੰ ਮਿਲਣ ਆਈ ਬੁੱਢੀ ਕਮਜ਼ੋਰ ਗ਼ਰੀਬ ਮਾਂ ਤੋਂ ਉਂਗਲਾਂ ਨਾਲ਼ ਮੂੰਗਫਲੀ ਕੱਢੀ ਨਾ ਜਾਵੇ ਤਾਂ ਉਹ ਮੂੰਹ ਨਾਲ਼ ਚੱਬ ਕੇ ਪੁੱਤ ਨੂੰ ਮੂੰਗਫਲੀ ਖਵਾਉਣ ਲੱਗ ਪਈ, ਗੱਲਾਂ ਕਰਦੀ ਹੰਝੂ ਕੇਰਦੀ ਰਹੀ। ਮਾਵਾਂ ਦੇ ਢਿੱਡ ਵਿਚ ਵੜ ਕੇ ਕੌਣ ਦੇਖਦਾ ਹੈ ? ਸ਼ੁਕਰ ਹੈ ਗੁਰਪ੍ਰੀਤ ਮਿੰਟੂ ਹੈ ਅਜਿਹੀਆਂ ਮਾਵਾਂ ਦੇ ਦੁੱਖੜੇ ਸੁਣਨ ਲਈ। ਮਾਈ ਭਾਨ ਕੌਰ ਨੂੰ ਜਦੋਂ ਉਹ ਪੰਜਾਬ ਕੌਰ ਕਹਿ ਪੁਕਾਰਦਾ ਹੈ, ਧਰਤੀ ਮਾਤਾ ਦਾ ਦਰਜਾ ਦੇ ਦਿੰਦਾ ਹੈ।

ਜੋ ਕੰਮ ਬਦਨੀਯਤ, ਨਲਾਇਕ ਸਰਕਾਰਾਂ ਨੂੰ ਕਰਨੇ ਚਾਹੀਦੇ ਹਨ, ਸਿਸਟਮ ਦੇ ਹੱਥ ਖੜੇ ਦੇਖ ਕੇ ਉਨਾਂ ਦਾ ਬੀੜਾ ਮਿੰਟੂ ਨੇ ਚੁੱਕਿਆ ਹੋਇਆ ਹੈ। ਸਮੇਂ ਦੀਆਂ ਸਰਕਾਰਾਂ ਸਿਰਫ ਆਪਣਾ ਘਰ ਭਰ ਜਾਣਦੀਆਂ ਹਨ ਜਾਂ ਫਿਰ ਉਨਾਂ ਲਈ ਕਾਰਜ ਕਰਦੀਆਂ ਹਨ ਜੋ ਪਹਿਲਾਂ ਹੀ ਘਰੋਂ ਤਕੜੇ ਹਨ । ਪਰ ਰੱਬ ਦਿਉ ਸਵਾ ਲੱਖ ਬੰਦੇ ਜਿਨਾਂ ਨੂੰ ਸਮਾਜ ਨੇ ਵੀ ਸਵੀਕਾਰ ਨਹੀਂ ਕੀਤਾ ਅਤੇ ਕਿਸੇ ਨਾ ਕਿਸੇ ਢੰਗ ਦੇ ਰਾਹੀਂ ਉਨਾਂ ਨੂੰ ਸਮਾਜ ਵਿੱਚੋਂ ਨਕਾਰਾ ਕਰ ਦਿੱਤਾ ਗਿਆ ਹੈ, ਮਿੰਟੂ ਵੀਰ ਉਨਾਂ ਲਈ ਇਕ ਰੱਬ ਬਣ ਕੇ ਬਹੁੜਿਆ ਹੈ। ਮਿੰਟੂ ਵਰਗੇ ਵੀਰਾਂ ਦੀ ਗਿਣਤੀ ਬੇਸ਼ੱਕ ਕਿਸ ਧਰਤੀ ਉੱਤੇ ਬਹੁਤ ਘੱਟ ਹੈ ਪਰ ਜਿੰਨੇ ਵੀ ਇਨਸਾਨ ਇਸ ਸੋਚ ਦੇ ਮਾਲਕ ਹਨ ਉਹ ਰੱਬ ਦੇ ਭੇਜੇ ਹੋਏ, ਉਹ ਰਸੂਲ ਹਨ ਜੋ ਬੇਆਸਰਿਆਂ ਨੂੰ ਆਸਰਾ ਦਿੰਦੇ ਹਨ।

ਜੀਹਨੇ ਭਗਤ ਪੂਰਨ ਸਿੰਘ ਦੇ ਦਰਸ਼ਨ ਕਰਨੇ ਹਨ ਜਾ ਕੇ ਮਿਲ ਲਵੇ ਉਹਨੂੰ। ਉਹਦੇ ਵਿਚੋਂ ਤੁਹਾਨੂੰ ਬਾਬਾ ਈਦੀ ਵੀ ਦਿਖ ਜਾਵੇਗਾ। ਜੀਹਨੇ ਮਨ ਨੀਵਾਂ ਤੇ ਮੱਤ ਉੱਚੀ ਨੂੰ ਪ੍ਰਤੱਖ ਦੇਖਣਾ ਹੋਵੇ ਉਹ ਵੀ ਉਹਨੂੰ ਮਿਲ ਸਕਦਾ ਹੈ।

# ਦਿੱਲੀ ਦੀ ਕੌਮ ਘਾਤੀ ਨੀਤ ਪ੍ਰਤੀ ਵਾਕਿਫ਼ ਖ਼ਾਲਸਾ

**ਪਰਮਪਾਲ ਸਿੰਘ ਸਭਰਾਅ**
**981499 1699**

ਝਾੜੂ ਭਗਤੋ ਮਾਫ ਕਰਿਓ, ਅਸੀਂ ਤੁਹਾਡੀ ਸੀ ਐਮ ਕੁਰਸੀ ਦੇ ਵਿਚਕਾਰ ਆ ਗਏ, ਭਾਈ ਭੁੱਲਰ ਦੀ ਰਿਹਾਈ ਨਾ ਕਰਕੇ ਕੇਜਰੀਵਾਲ ਨੇ ਜੋ ਪਾਪ ਕੀਤਾ ਸੀ ਅਸੀਂ ਗ਼ਲਤ ਟਾਈਮ ਤੇ ਨੰਗਾ ਕਰ ਦਿੱਤਾ ਜਿਸ ਕਾਰਨ ਤੁਹਾਨੂੰ ਵੋਟਾਂ ਵਿਚ ਨੁਕਸਾਨ ਹੋਵੇਗਾ ਮਾਫ ਕਰਨਾ , ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਅਸੀਂ ਕਿਓਂ ਕੀਤਾ, ਅਸਲ ਗੱਲ ਇਹ ਹੈ ਕਿ ਸਾਡੇ ਗਲ ਵਿਚ ਸਾਡੇ ਮਾਲਕ ਕਲਗੀਧਰ ਦਾ ਪੱਟਾ ਪਿਆ ਹੋਇਆ ਹੈ, ਜਿਸ ਨੇ ਆਪਣਾ ਪਰਿਵਾਰ ਉਜਾੜ ਕੇ ਇਕ ਪਰਿਵਾਰ ਪੈਦਾ ਕੀਤਾ ਜਿਸ ਨੂੰ ਖਾਲਸਾ ਪੰਥ ਕਿਹਾ ਜਾਂਦਾ, ਸਾਡਾ ਵੈਰੀ 5 ਸਦੀਆਂ ਤੋਂ ਸਾਨੂੰ ਖਤਮ ਕਰਨਾ ਚਾਹੁੰਦਾ ਪਰ ਕਰ ਨਹੀਂ ਸਕਿਆ, ਅਸੀਂ ਬਹੁਤ ਘੱਟ ਗਿਣਤੀ ਬਚੇ ਹਾਂ ਜੋ ਆਪਣੇ ਮਾਲਕ ਵਲੋਂ ਗਲ ਵਿਚ ਪਏ ਪੱਟੇ ਕਾਰਨ ਅਤੇ ਅਨੰਦਪੁਰ ਦੇ ਦਰ ਤੋਂ ਟੁੱਕ ਖਾਂਦੇ ਹੋਣ ਕਾਰਨ ਆਪਣੇ ਮਾਲਕ ਦੀ ਵਫ਼ਾਦਾਰੀ ਦੀ ਕੋਸ਼ਿਸ਼ ਕਰ ਰਹੇ ਹਾਂ, ਸਾਡੀ ਮਜਬੂਰੀ ਇਹ ਹੈ ਕਿ ਅਸੀਂ ਹਰ ਵਾਰ ਦਿੱਲੀ ਦੀ ਥਾਂ ਆਪਣੇ ਗੁਰੂਆਂ ਦੇ ਨਾਮ ਤੇ ਵਸਦੇ ਪੰਜਾਬ ਦੀ ਸੋਚ ਨਾਲ ਖਲੋਣਾ ਹੈ ,ਸਾਡੇ ਗੁਰੂ ਦੀ ਬਾਣੀ ਸਾਨੂੰ ਦਿੱਲੀ ਦੀ ਕੌਮ ਘਾਤੀ ਨੀਤ ਤੇ ਨੀਤੀ ਪ੍ਰਤੀ ਚਾਨਣ ਬਖ਼ਸ਼ਦੀ ਹੈ ਇਸ ਲਈ ਸਟੇਟ ਸਪਾਂਸਰ ਮੀਡੀਆ ਦੇ ਛਲਾਵਿਆਂ ਦਾ ਸਾਡੇ ਤੇ ਅਸਰ ਨਹੀਂ ਹੁੰਦਾ ਅਸੀਂ ਆਪਣੇ ਗੁਰੂ ਤੋਂ ਸਿਧਾਂਤਕ ਅਗਵਾਈ ਲੈਕੇ ਦਿੱਲੀ ਨੂੰ ਟੱਕਰ ਦਿੰਦੇ ਹਾਂ ਤੇ ਹਰ ਸਦੀ ਵਿਚ ਇਕ ਵਾਰ ਜਰੂਰ ਹਰਾਉਂਦੇ ਹਾਂ।

ਪਰ ਭਰਾਵੋ, ਹੁਣ ਮਸਲਾ ਇਹ ਹੈ ਕਿ ਦੂਜਿਆਂ ਨੂੰ ਇਨਸਾਫ, ਜਮੀਨਾਂ ਤੇ ਰਾਜ ਭਾਗ ਵੰਡਦੀ ਸਾਡੀ ਕੌਮ ਪੌਣੇ ਦੋ ਸੋ ਸਾਲ ਤੋਂ ਆਪਣੇ ਹੀ ਮੁਲਕ ਵਿਚ ਖਾਨਾ ਬਦੋਸ਼ ਹੋਈ ਅੱਜ ਵੈਰੀਆਂ ਨੇ ਠੂਠਾ ਫੜਕੇ ਮੰਗਣ ਲਾ ਦਿੱਤੀ, ਸਾਡੀ ਕੌਮ ਨੇ 80% ਕੁਰਬਾਨੀਆਂ ਦੇ ਕੇ ਜਿਸ ਮੁਲਕ ਨੂੰ ਅਜ਼ਾਦੀ





ਦਵਾਈ ਉਹ ਮੁਲਕ ਹੀ 70 ਸਾਲਾਂ ਤੋਂ ਸਾਡੀ ਜਾਨ ਦਾ ਵੈਰੀ ਹੋ ਗਿਆ, ਸਾਡਾ ਬਣਦਾ ਰਾਜ ਤਾਂ ਸਾਨੂੰ ਕੀ ਦੇਣਾ ਸੀ ਸਾਡੇ ਸੂਬੇ ਦੇ ਵੀ ਟੋਟੇ ਕੀਤੇ ਗਏ, ਬਣਦੇ ਹੱਕ ਮੰਗੇ ਤਾਂ ਸਾਡੇ ਗੁਰਧਾਮ ਟੈਂਕਾਂ ਨਾਲ ਉਡਾਏ ਗਏ, ਇਕ ਪੀੜੀ ਅਤਵਾਦੀ ਆਖ ਝੂਠੇ ਪੁਲਿਸ ਮੁਕਾਬਲਿਆਂ ਵਿਚ ਮੁਕਾ ਦਿੱਤੀ ਤੇ ਰਹਿੰਦੀ ਨੂੰ ਜਾਨ ਬਚਾਉਣ ਲਈ ਦੂਜੇ ਮੁਲਕਾਂ ਵਿਚ ਰਫਿਊਜੀ ਹੋਣਾ ਪਿਆ, ਅਗਲੀ ਪੀੜੀ ਨੂੰ ਵੈਰੀਆਂ ਨੇ ਨਸ਼ਿਆਂ ਵਿਚ ਮੁਕਾ ਦਿਤਾ, 1995 ਵਾਲੀ ਮੁਕਾਈ ਪੀੜੀ ਦੀਆਂ ਤਾਂ ਲਾਸ਼ਾਂ ਵੀ ਨਾ ਮੋੜੀਆਂ ਤੇ ਨਸ਼ਿਆਂ ਨਾਲ ਸਾਡੇ ਘਰ ਹੀ ਮੁੱਕੀ ਅਗਲੀ ਪੀੜੀ ਦੇ ਮਾਪਿਆਂ ਨੂੰ ਬੇਜਤੀ ਦੇ ਡਰ ਤੋਂ ਪੁੱਤਾਂ ਦੀਆਂ ਲਾਸ਼ਾਂ ਮੋਢਿਆਂ ਤੇ ਢੋਂਦਿਆਂ ਇਹ ਆਖਣਾ ਪਿਆ ਕੇ ਸਾਡਾ ਮੁੰਡਾ ਹਾਰਟ ਅਟੈਕ ਨਾਲ ਮਾਰਿਆ ਅਸੀਂ ਦੇਸ਼ ਦੇ ਹਾਕਮ ਨੂੰ ਦੋਸ਼ੀ ਵੀ ਨਾ ਆਖ ਸਕੇ, ਦੇਸ਼ ਦੇ ਹਾਕਮ ਨੇ ਜਵਾਨੀ ਬਰਬਾਦ ਕੀਤੀ ਤੇ ਕਿਸਾਨੀ ਬਰਬਾਦ ਕੀਤੀ, ਹੁਣ ਜਿਓਂਦੀ ਬੱਚੀ ਕੱਖੋਂ ਹੋਲੀ ਸਾਡੀ ਕੌਮ ਹਰ ਪੱਖ ਤੋਂ ਏਨੀ ਝੰਭ ਦਿੱਤੀ ਗਈ ਹੈ ਤੇ ਉਸ ਨੂੰ ਇਸ ਮੋੜ ਤੇ ਲਿਆ ਕੇ ਖੜਾ ਕਰ ਦਿੱਤਾ ਕਿ ਉਹ ਆਪਣੇ ਹੱਕਾਂ ਖਾਤਰ ਲੜਨ ਦੀ ਥਾਂ ਢਿਡ ਦੀ ਰੋਟੀ ਤੇ ਸਿਰ ਤੇ ਛੱਤ ਨੂੰ ਹੀ ਮੁਲਕ ਦਾ ਵਿਕਾਸ ਮੰਨੀ ਜਾਂਦੀ ਹੈ, ਸੂਬੇ ਦੀ ਖੁਦਮੁਖਤਿਆਰੀ, ਪੰਜਾਬ ਦੇ ਪਾਣੀਆਂ, ਆਪਣੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕਿਆਂ, ਲਾਹੌਰ ਨਾਲ ਵਪਾਰ ਵਰਗੀਆਂ ਮੰਗਾਂ ਤੋਂ ਗੱਲ ਪਹੁੰਚ ਗਈ ਗਲੀਆਂ ਦੇ ਪੋਰੇ ਪਵਾਉਣ ਤੇ, ਮੜੀਆਂ ਪੱਕੀਆਂ ਕਰਵਾਉਣ ਤੇ, ਨਾਲੀਆਂ ਪੱਕੀਆਂ, ਨੌਕਰੀਆਂ, ਬਦਲੀਆਂ, ਪ੍ਰਮੋਸ਼ਨਾਂ, ਠਾਣੇ ਦੀ ਯਾਰੀ, ਫ਼ਸਲਾਂ ਦੀ ਚੁਕਵਾਈ ਤੱਕ।

ਸੋ ਝਾੜੂ ਭਗਤ ਵੀਰੋ, ਤੁਹਾਡਾ ਕਸੂਰ ਵੀ ਨਹੀਂ ਹੈ ਤੁਸੀਂ ਪੰਜਾਬ ਦੀ ਉਹ ਸ਼੍ਰੇਣੀ ਹੋ ਜਿਸ ਨੂੰ ਦੇਸ਼ ਦੇ ਹਾਕਮ ਨੇ 1995 ਤੋਂ ਪੰਜਾਬ ਵਿਚ ਲਗਾਤਾਰ ਸ਼ਪੈਸ਼ਲ ਅਪ੍ਰੇਸ਼ਨ ਚਲਾ ਕੇ ਟਰੇਨਿੰਗ ਦੇ ਕੇ ਸਾਡੀ ਕੌਮ ਦੇ ਮਸਲਿਆਂ ਤੋਂ, ਪੰਜਾਬ ਦੇ ਅਸਲ ਮੁਦਿਆਂ, ਹੱਕੀ ਮੰਗਾਂ, ਹਿੰਦ ਹਕੂਮਤ ਦੇ 80 ਸਾਲਾ ਵੈਰ ਤੋਂ ਪਾਸੇ ਕਰ ਦਿੱਤਾ, ਤੁਹਾਡੀ ਗੈਰਤ ਤੇ ਅਣਖੀ ਸੋਚ ਨੂੰ ਮੁਕਾਉਣ ਦੀ ਸ਼ੁਰੂਆਤ ਹਿੰਦ ਹਕੂਮਤ ਦੇ ਬੁੱਚੜ ਕੇ ਪੀ ਗਿੱਲ ਨੇ ਪੰਜਾਬ ਵਿਚ ਗਾਣਿਆਂ ਦੇ ਅੱਤਿਆਚਾਰਕ ਅਖਾੜਿਆਂ ਦੀ ਸ਼ੁਰੂਆਤ ਕਰਕੇ ਕੀਤੀ ਸੀ, ਹੱਕਾਂ ਦੀ ਥਾਂ ਕੁੜੀਆਂ ਖਾਤਰ ਲੜਨਾ ਸਿਖਾਇਆ ਗਿਆ, ਸੂਰਮਗਤੀ ਦੀ ਥਾਂ ਫੁਕਰੀ ਦਾ ਪਾਠ ਪੜਿਆ ਗਿਆ, ਨਸ਼ੇੜੀ ਅਮਲੀ ਹੋਣ ਨੂੰ ਹੀ ਬਹਾਦਰੀ ਦਰਸਾਈ ਗਈ, ਕੌਮੀਂ ਯੋਧਿਆਂ ਦੀ ਥਾਂ ਗੈਂਗਸਟਰ ਤਿਆਰ ਕੀਤੇ ਗਏ, ਵਿਆਹਾਂ ਤੇ ਨੰਗੀਆਂ ਕੁੜੀਆਂ ਨਚਾਉਣ ਨੂੰ ਹੀ ਅਮੀਰੀ ਦੀ ਨਿਸ਼ਾਨੀ ਪੇਸ਼ ਕੀਤਾ ਗਿਆ, ਮਹਿੰਗੀਆਂ ਗੱਡੀਆਂ, ਮਹਿੰਗੇ ਵਿਆਹ, ਮਹਿੰਗੀਆਂ ਕੋਠੀਆਂ, ਬਰੈਂਡਡ ਖਾਣੇ ਕੱਪੜੇ ਹੀ ਜਿੰਦਗੀ ਦਾ ਮਕਸਦ ਹੋ ਨਿਬੜੇ, ਕਲਗੀਧਰ ਦਾ ਕੌਮੀਂ ਮਿਸ਼ਨ ਸਿਰਫ ਘਰੇਲੂ ਅਰਦਾਸਾਂ ਤਕ ਸੀਮਤ ਹੋ ਗਿਆ, ਤੁਹਾਡੀ ਮਾਨਸਿਕਤਾ ਬੁਰੀ ਤਰਾਂ ਬਿਮਾਰ ਕਰ ਦਿੱਤੀ ਗਈ, ਇਸ ਬੋਧਿਕ ਕੰਗਾਲੀ ਤੇ ਮਾਨਸਿਕ ਬਿਮਾਰੀ ਦੇ ਚਲਦਿਆਂ ਸਾਡੀ ਪੂਰੀ ਕੌਮ ਤੁਹਾਡੇ ਸਭ ਤੇ ਤਰਸ ਕਰਦੀ ਹੈ ਤੇ ਤੁਹਾਨੂੰ ਕੇਜਰੀ ਭਗਤੀ ਦੇ ਪਾਪ ਤੋਂ ਮੁਕਤ ਕਰਦੀ ਹੈ

ਅਸੀਂ ਆਪਣੇ ਕੌਮੀਂ ਪਿਤਾ ਧਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਤੁਹਾਡੀ ਮਾਨਸਿਕ ਸਿਹਤ ਤੇ ਕੌਮੀ ਬੋਧਿਕਤਾ ਦੀ ਅਰਦਾਸ ਕਰਦੇ ਹਾਂ। ਸਾਨੂੰ ਮੱਤਾਂ ਦੇਣ ਵਾਲਿਓ ਯਾਦ ਰੱਖਿਓ ਜਿੰਨਾ ਚਿਰ ਸਾਡੀਆਂ ਰਗਾਂ ਵਿਚ ਕਲਗੀਧਰ ਦਾ ਲਹੂ ਤੇ ਗਾਤਰੇ ਲੋਹਾ ਹੈ ਓਨਾ ਚਿਰ ਤਾਂ ਅਸੀਂ ਆਪਣੇ ਕੌਮੀਂ ਨਿਸ਼ਾਨ ਦੀ ਅਗਵਾਈ ਵਿਚ ਦਿੱਲੀ ਦੇ ਜ਼ੁਲਮਾਂ ਖਿਲਾਫ ਜੰਗ ਜਾਰੀ ਰੱਖਾਂਗੇ, ਤੁਹਾਨੂੰ ਤੁਹਾਡੇ ਹਸਪਤਾਲ, ਸਕੂਲ, ਗਲੀਆਂ ਨਾਲੀਆਂ ਮੜੀਆਂ, ਪੋਰੇ, ਟੋਲ ਵਾਲੀਆਂ ਸੜਕਾਂ ਮੁਬਾਰਕ, ਤੁਹਾਡੇ ਤੋਂ 1995 ਵਾਲੀ ਟ੍ਰੇਨਿੰਗ ਨਹੀਂ ਤਿਆਗ ਹੋਣੀ ਤੇ ਸਾਡੇ ਤੋਂ 1699 ਵਾਲੀ।

# ਉੱਤਰ ਪ੍ਰਦੇਸ਼ ਦੀ ਲੜਾਈ ਭਾਜਪਾ ਤੇ ਸਮਾਜਵਾਦੀ ਪਾਰਟੀ ਵਿਚਾਲੇ

## ਬਸਪਾ ਤੇ ਕਾਂਗਰਸ ਸਮਾਜਵਾਦੀ ਪਾਰਟੀ ਦਾ ਕਰਨਗੀਆਂ ਨੁਕਸਾਨ

**ਅਭੈ ਕੁਮਾਰ ਦੂਬੇ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰ ਪ੍ਰਦੇਸ਼ ’ਚ ਭਾਜਪਾ ਦੀ ਚੋਣਾਵੀ ਰਣਨੀਤੀ ਦੀ ਕਮਾਨ ਇੱਕ ਵਾਰ ਫਿਰ ਤੋਂ ਸੰਭਾਲ ਲਈ ਹੈ। ਉਨਾਂ ਨੇ ਆਪਣਾ ਨਿਰਣਾਇੱਕ ਦਖ਼ਲ ਪੱਛਮੀ ਉੱਤਰ ਪ੍ਰਦੇਸ਼ ਤੋਂ ਦੇਣਾ ਸ਼ੁਰੂ ਕੀਤਾ ਹੈ। ਇਸ ਦੇ ਪਿੱਛੇ ਸਿੱਧੇ-ਸਿੱਧੇ ਦੋ ਕਾਰਨ ਹਨ। ਪਹਿਲਾ, ਉੱਤਰ ਪ੍ਰਦੇਸ਼ ਵਿੱਚ ਮਤਦਾਨ ਦਾ ਪਹਿਲਾ ਦੌਰ ਪੱਛਮੀ ਉੱਤਰ ਪ੍ਰਦੇਸ਼ ਵਿੱਚ ਹੀ ਚੱਲੇਗਾ। ਦੂਜਾ, ਇਹ ਉਹੀ ਇਲਾਕਾ ਹੈ ਜਿੱਥੇ 2014 ਦੀਆਂ ਚੋਣਾਂ ਦੌਰਾਨ ਅਮਿਤ ਸ਼ਾਹ ਨੇ ‘ਬਦਲਾ ਲੈਣ ਦਾ ਸਮਾਂ ਆ ਗਿਆ ਹੈ’ ਵਰਗਾ ਭਾਸ਼ਣ ਦੇ ਕੇ ਹਿੰਦੂ ਤੇ ਮੁਸਲਮਾਨ ਕਿਸਾਨਾਂ ਦੇ ਦਰਮਿਆਨ ਵਿਵਾਦ ਨੂੰ ਚੋਣਾਵੀ ਹਵਾ ਦਿੱਤੀ ਸੀ। ਪੱਛਮੀ ਉੱਤਰ ਪ੍ਰਦੇਸ਼ ਦੇ ਜੱਟ ਚੌਧਰੀਆਂ ਨੇ ਅਮਿਤ ਸ਼ਾਹ ਨੂੰ ਕਿਹਾ ਸੀ ਕਿ ‘ਬਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਵਾਰ ਇੱਥੇ ਲੈ ਆਓ, ਫਿਰ ਸਾਰੀਆਂ ਦੀਆਂ ਸਾਰੀਆਂ ਵੋਟਾਂ ਤੁਹਾਡੀਆਂ ਹੀ ਹਨ। ‘ਪ੍ਰਧਾਨ ਮੰਤਰੀ ਮੋਦੀ ਨਾਲ਼ ਮੀਟਿੰਗ ਕਰਵਾਈ ਗਈ ਅਤੇ ਇਸ ਖੇਤਰ ਦੇ ਹਿੰਦੂ ਭਾਈਚਾਰਿਆਂ ਨੇ ਭਾਜਪਾ ਵੋਟਰਾਂ ਦਾ ਬਾਣਾ ਪਹਿਨ ਲਿਆ। ਇਸ ਤੋਂ ਬਾਅਦ 2017 ਦੀਆਂ ਚੋਣਾਂ ਵਿੱਚ ਅਤੇ ਫਿਰ 2019 ਦੀਆਂ ਚੋਣਾਂ ਵਿੱਚ ਉਨਾਂ ਨੇ ਭਾਜਪਾ ਨੂੰ ਜੰਮ ਕੇ ਵੋਟਾਂ ਪਾਈਆਂ। ਇਸ ਵਾਰ ਭਾਜਪਾ ਨੂੰ ਸ਼ੱਕ ਹੈ ਕਿ ਪਹਿਲਾਂ ਦੀ ਤਰਾਂ ਉਸ ਨੂੰ ਸ਼ਾਇਦ ਵੋਟਾਂ ਨਾ ਪੈਣ। ਕਿਸਾਨ ਅੰਦੋਲਨ ਉਸ ਦੀ ਮੁੱਖ ਵਜਾ ਹੈ, ਪਰ ਸੀ-ਵੋਟਰ ਦੇ ਸਰਵੇਖਣ ’ਤੇ ਨਜ਼ਰ ਮਾਰੀਏ ਤਾਂ ਭਾਜਪਾ ਏਨੀਆਂ ਮੁਸ਼ਕਿਲਾਂ ਦੇ ਬਾਵਜੂਦ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਸ਼ਕਤੀਸ਼ਾਲੀ ਗੱਠਜੋੜ ਦੇ ਮੁਕਾਬਲੇ ਤਕਰੀਬਨ ਸੱਤ ਫ਼ੀਸਦੀ ਅੱਗੇ ਨਜ਼ਰ ਆ ਰਹੀ ਹੈ। ਅਜਿਹਾ ਕਿਉਂ ਹੈ ?

ਗੁੱਜਰ ਨੇਤਾ ਓਮ ਪ੍ਰਕਾਸ਼ ਭੜਾਨਾ ਭਾਜਪਾ ਦਾ ਸਾਥ ਛੱਡ ਚੁੱਕੇ ਹਨ। ਸੈਣੀਆਂ ਦੇ ਨੇਤਾ ਧਰਮ ਸਿੰਘ ਸੈਣੀ ਵੀ ਭਾਜਪਾ ਛੱਡ ਕੇ ਸਮਾਜਵਾਦੀ ਪਾਰਟੀ ਵਿੱਚ ਜਾ ਚੁੱਕੇ ਹਨ। ਜਾਟ ਪਹਿਲਾਂ ਹੀ ਨਾਰਾਜ਼ ਹਨ। ਅਜਿਹੇ ਉਲਟ ਹਾਲਾਤ ਦੇ ਬਾਵਜੂਦ ਭਾਜਪਾ ਦਾ ਲਗਾਤਾਰ ਅੱਗੇ ਰਹਿਣਾ ਮਜਬੂਰ ਕਰਦਾ ਹੈ ਕਿ ਚੋਣਾਵੀ ਸਥਿਤੀ ਨੂੰ ਨਵੇਂ ਸਿਰੇ ਤੋਂ ਦੇਖਿਆ ਜਾਵੇ। ਕਿਤੇ ਅਜਿਹਾ ਤਾਂ ਨਹੀਂ ਹੈ ਕਿ ਚੋਣਾਵੀ ਵਿਸ਼ਲੇਸ਼ਣ ਕਰਨ ਦੀ ਸਾਡੀ ਧੁਰੀ ਹੀ ਗ਼ਲਤ ਹੋਵੇ। ਅਸੀਂ ਸਾਰੇ ਇਹ ਮੰਨ ਕੇ ਚੱਲ ਰਹੇ ਹਾਂ ਕਿ ਪੂਰੇ ਉੱਤਰ ਪ੍ਰਦੇਸ਼ ’ਚ ਲੜਾਈ ਸਿੱਧੀ-ਸਿੱਧੀ ਭਾਜਪਾ ਅਤੇ ਸਮਾਜਵਾਦੀ ਪਾਰਟੀ ਵਿੱਚ ਹੋਣ ਜਾ ਰਹੀ ਹੈ। ਭਾਵ ਅਸੀਂ ਇਹ ਮੰਨ ਲਿਆ ਹੈ ਕਿ ਬਸਪਾ ਤੇ ਕਾਂਗਰਸ ਦੀ ਭੂਮਿਕਾ ਮਾਮੂਲੀ ਹੋ ਜਾਵੇਗੀ, ਪਰ ਸੀ-ਵੋਟਰ ਦਾ ਸਰਵੇਖਣ ਦਿਖਾ ਰਿਹਾ ਹੈ ਕਿ ਬਸਪਾ ਨੂੰ ਤਕਰੀਬਨ 15 ਫ਼ੀਸਦੀ ਵੋਟਾਂ ਮਿਲ ਰਹੀਆਂ ਹਨ। ਭਾਵ ਕਮਜ਼ੋਰੀ ਦੇ ਨਾਲ਼ ਹੀ ਸਹੀ, ਪਰ ਪੱਛਮੀ ਉੱਤਰ ਪ੍ਰਦੇਸ਼ ਵਿੱਚ ਬਸਪਾ ਦੀ ਦਾਅਵੇਦਾਰੀ ਮੌਜੂਦ ਹੈ। ਉਹ ਸਿਫ਼ਰ ਨਹੀਂ ਹੋਈ ਹੈ। ਦੂਜਾ, ਕਾਂਗਰਸ ਅਤੇ ਹੋਰਾਂ ਨੂੰ ਮਿਲਾ ਕੇ ਦੇਖੀਏ ਤਾਂ ਲਗਭਗ 25 ਫ਼ੀਸਦੀ ਵੋਟ ਬਰਬਾਦ ਹੋ ਰਹੇ ਹਨ। ਇਹ ਸਾਰੇ ਗ਼ੈਰ-ਭਾਜਪਾਈ ਵੋਟਰ ਹਨ। ਜੇਕਰ ਬਸਪਾ ਨੂੰ ਮਿਲ ਰਹੇ ਵੋਟਰਾਂ ਦਾ ਅੱਧਾ ਹਿੱਸਾ ਹੀ ਸਪਾ ਦੇ ਨਾਲ਼ ਜੋੜ ਦਿੱਤਾ ਜਾਵੇ ਤਾਂ ਉਹ ਭਾਜਪਾ ਦੇ ਬਰਾਬਰ ਆ ਜਾਂਦੀ ਹੈ। ਜ਼ਾਹਰ ਹੈ ਕਿ ਲੜਾਈ ਓਨੀ ਸਿੱਧੀ ਵੀ ਨਹੀਂ ਜਿੰਨੀ ਦੱਸੀ ਜਾ ਰਹੀ ਹੈ ਅਤੇ ਚੋਣਾਵੀ ਸੰਘਰਸ਼ ਦੀ ਇਹ ਬਹੁਕੋਣੀ ਸਥਿਤੀ ਭਾਜਪਾ ਦੇ ਪੱਖ ਵਿੱਚ ਜਾ ਸਕਦੀ ਹੈ। ‘ਡਬਲ ਐਂਟੀ-ਇਨਕੁਬੈਂਸੀ’ (ਰਾਜ ਸਰਕਾਰ ਨਾਲ਼ ਨਾਖ਼ੁਸ਼ੀ ਦੇ ਨਾਲ਼-ਨਾਲ਼ ਕੇਂਦਰ ਸਰਕਾਰ ਤੋਂ ਵੀ ਨਾਖ਼ੁਸ਼ੀ) ਦੇ ਬਾਵਜੂਦ ਭਾਜਪਾ ਨੂੰ ਇਹ ਸਰਵੇਖਣ ਸਾਰੇ ਸੂਬੇ ’ਚ ਕਿਤੇ ਘੱਟ ਜਾਂ ਕਿਤੇ ਜ਼ਿਆਦਾ ਅੱਗੇ ਦਿਖਾ ਰਿਹਾ ਹੈ। ਸੋਚਣਾ ਹੋਵੇਗਾ ਕਿ ਕਿਤੇ ਇਹ ਬਹੁਕੋਣੀ ਸਥਿਤੀ ਦਾ ਹੀ ਨਤੀਜਾ ਤਾਂ ਨਹੀਂ ਹੈ।

ਇਸੇ ਮੁਕਾਮ ’ਤੇ ਇਹ ਮੁਲਾਂਕਣ ਵੀ ਕਰਨਾ ਹੋਵੇਗਾ ਕਿ ਭਾਜਪਾ ਆਪਣੀ ਮੁਹਿੰਮ ਵਿੱਚ ਫ਼ਿਰਕਾਪ੍ਰਸਤੀ ਦਾ ਦਾਅ ਕਿਸ ਹੱਦ ਤੱਕ ਖੇਡੇਗੀ ? 2017 ਦੀਆਂ ਚੋਣਾਂ ਤੋਂ ਬਾਅਦ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਜਿੱਤ ਦਾ ਚਰਿੱਤਰ ਸਮਾਜਿਕ ਸਮਝਿਆ ਜਾਣਾ ਚਾਹੀਦਾ ਹੈ ਜਾਂ ਫ਼ਿਰਕੂ ? 1967 ਤੋਂ ਬਾਅਦ ਹਿੰਦੂ ਏਕਤਾ ਦੇ ਨਾਂਅ ’ਤੇ ਭਾਜਪਾ ਕੋਲ ਉੱਚੀਆਂ ਜਾਤੀਆਂ ਅਤੇ ਕੁਝ ਗ਼ੈਰ-ਯਾਦਵ ਪਛੜੀਆਂ ਜਾਤਾਂ ਦਾ ਸਮੀਕਰਨ ਹੋਇਆ ਕਰਦਾ ਸੀ। ਪਰ 2014 ਤੋਂ ਬਾਅਦ ਭਾਜਪਾ ਨੇ ਇੱਕ ਵਿਰਾਟ ਹਿੰਦੂ ਵੋਟ ਦੀ ਰਚਨਾ ਕਰਨ ਦੀ ਯੋਜਨਾ ਚਲਾਈ। ਇਸ ਦੇ ਲਈ ਜ਼ਰੂਰੀ ਸੀ ਕਿ ਭਾਜਪਾ ਨੂੰ ਉੱਚੀਆਂ ਜਾਤਾਂ ਦੇ ਨਾਲ-ਨਾਲ਼ ਗ਼ੈਰ-ਯਾਦਵ ਅਤੇ ਗ਼ੈਰ-ਜਾਟਵ ਜਾਤਾਂ ਦਾ ਸਮਰਥਨ ਵੀ ਮਿਲਦਾ। ਜੇਕਰ ਭਾਜਪਾ ਬਹੁਗਿਣਤੀ ਵੋਟਰਾਂ ਨੂੰ ਉਨਾਂ ਦਾ ਹਿੰਦੂਪਨ ਯਾਦ ਦਿਵਾਉਣ ’ਚ ਕਾਮਯਾਬ ਰਹੀ ਤਾਂ ਉਸ ਦੇ ਪਿੱਛੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਮੁਸਲਮਾਨ ਕੇਂਦਰਿਤ ਰਣਨੀਤੀ ਦੀ ਭੂਮਿਕਾ ਵੀ ਸੀ, ਪਰ ਇਸ ਦੇ ਬਾਵਜੂਦ ਮੈਂ ਇਹੀ ਸਿੱਟਾ ਕੱਢਿਆ ਸੀ ਕਿ ਉੱਤਰ ਪ੍ਰਦੇਸ਼ ਦੇ ਚਾਲੀ ਫ਼ੀਸਦੀ ਤੋਂ ਵੱਧ ਵੋਟਰਾਂ ਨੇ ਫ਼ਿਰਕੂ ਨਜ਼ਰੀਏ ਨਾਲ਼ ਇਹ ਸਰਕਾਰ ਨਹੀਂ ਚੁਣੀ ਹੈ।



ਨਰਿੰਦਰ ਮੋਦੀ ਨੇ ਪੂਰੇ ਸੂਬੇ ਵਿੱਚ ਤੀਹ ਤੋਂ ਜ਼ਿਆਦਾ ਭਾਸ਼ਣ ਦਿੱਤੇ, ਪਰ ‘ਕਬਰਸਤਾਨ’ ਵਾਲਾ ਇੱਕ ਭਾਸ਼ਣ ਛੱਡ ਕੇ ਉਨਾਂ ਨੇ ਆਮ ਤੌਰ ’ਤੇ ਫ਼ਿਰਕੂ ਸਮਝੇ ਜਾਣ ਵਾਲੇ ਮੁੱਦੇ ਨਹੀਂ ਸਨ ਚੁੱਕੇ। ਦਰਅਸਲ, ਗ਼ੈਰ-ਜਾਟਵ ਅਤੇ ਗ਼ੈਰ-ਯਾਦਵ ਵੋਟਰਾਂ ਨੂੰ ਭਾਜਪਾ ਨੇ ਇਹ ਸਮਝਾਉਣ ਦੀ ਯੋਜਨਾ ਬਣਾਈ ਸੀ ਕਿ ਜੇਕਰ ਅਖਿਲੇਸ਼ ਦੀ ਸਰਕਾਰ ਆਈ ਤਾਂ ਉਹ ਸਿਰਫ਼ ਯਾਦਵਾਂ ਅਤੇ ਮੁਸਲਮਾਨਾਂ ਦੀ ਸਰਕਾਰ ਹੋਵੇਗੀ ਅਤੇ ਜੇਕਰ ਮਾਇਆਵਤੀ ਦੀ ਸਰਕਾਰ ਆਈ ਤਾਂ ਉਹ ਵੀ ਸਿਰਫ਼ ਜਾਟਵਾਂ ਅਤੇ ਮੁਸਲਮਾਨਾਂ ਦੀ ਸਰਕਾਰ ਹੋਵੇਗੀ।

ਆਪਣੀ ਇਸੇ ਰਣਨੀਤੀ ਨੂੰ ਜ਼ਿਆਦਾ ਵਿਸ਼ਵਾਸਯੋਗ ਬਣਾਉਣ ਲਈ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਇੱਕ ਬ੍ਰਾਹਮਣ ਨੂੰ ਹਟਾ ਕੇ ਇੱਕ ਪਛੜੀ ਜਾਤ ਦੇ ਨੇਤਾ ਨੂੰ ਪਾਰਟੀ ਦੇ ਸੰਗਠਨ ਦੀ ਕਮਾਨ ਸੌਂਪੀ ਸੀ। ਇਸ ਤੋਂ ਇਲਾਵਾ ਵੀ ਭਾਜਪਾ ਨੇ ਆਪਨਾ ਦਲ ਅਤੇ ਸੁਹੇਲ ਦੇਵ ਦੇ ਨਾਂ ’ਤੇ ਬਣੀ ਪਾਰਟੀ ਦੇ ਨਾਲ਼ ਗੱਠਜੋੜ ਕੀਤਾ ਸੀ ਅਤੇ ਕਈ ਕਮਜ਼ੋਰ ਜਾਤਾਂ ਦੇ ਨੇਤਾਵਾਂ ਨੂੰ ਸੰਗਠਨ ’ਚ ਜਗਾ ਦਿੱਤੀ ਸੀ। 2017 ਦੀਆਂ ਚੋਣਾਂ ਤੋਂ ਬਾਅਦ ਛੇ ਮਹੀਨਿਆਂ ਵਿੱਚ ਹੀ ਭਾਜਪਾ ਨੇ ਪੂਰੇ ਸੂਬੇ ’ਚ ਦੋ ਸੌ ਤੋਂ ਜ਼ਿਆਦਾ ਪਛੜੇ ਵਰਗ ਇਕੱਠੇ ਕੀਤੇ। ਉਹ ਮੰਨ ਕੇ ਚੱਲੀ ਕਿ ਉੱਚੀਆਂ ਜਾਤਾਂ ਦੀਆਂ ਵੋਟਾਂ ਤਾਂ ਉਸ ਨੂੰ ਮਿਲਣੀਆਂ ਹੀ ਹਨ, ਇਸ ਲਈ ਉਨਾਂ ਦਾ ਸਾਰਾ ਧਿਆਨ ਕਮਜ਼ੋਰ ਜਾਤਾਂ ਦੀਆਂ ਵੋਟਾਂ ਬਟੋਰਨ ’ਤੇ ਹੋਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਭਾਜਪਾ ਦੀਆਂ ਚਾਲੀ ਫ਼ੀਸਦੀ ਵੋਟਾਂ ਵਿੱਚੋਂ ਅੱਧੀਆਂ ਤੋਂ ਕਿਤੇ ਘੱਟ ਵੋਟਾਂ ਹੀ ਉੱਚੀਆਂ ਜਾਤਾਂ ਦੀਆਂ ਸਨ। ਬਾਕੀ ਸਮਰਥਨ ਉਸਨੇ ਕਮਜ਼ੋਰ ਜਾਤਾਂ ਤੋਂ ਹੀ ਜੁਟਾਇਆ ਸੀ। ਇਸ ਲਈ ਸੰਭਾਵਨਾ ਇਹੀ ਦਿਖ ਰਹੀ ਸੀ ਕਿ ਮੁੱਖ ਮੰਤਰੀ ਦੀ ਕੁਰਸੀ ’ਤੇ ਇਨਾਂ ਭਾਈਚਾਰਿਆਂ ਤੋਂ ਆਇਆ ਹੋਇਆ ਕੋਈ ਨੇਤਾ ਬਿਠਾਇਆ ਜਾਂਦਾ, ਪਰ ਜਿਸ ਨੇਤਾ ਨੂੰ ਮੁੱਖ ਮੰਤਰੀ ਦੇ ਅਹੁਦੇ ’ਤੇ ਬਿਠਾਇਆ ਗਿਆ, ਉਹ ਰਾਜਪੂਤ ਜਾਤ ਦਾ ਸੀ ਅਤੇ ਭਗਵੇਂ ਕੱਪੜੇ ਪਹਿਨਣ ਦੇ ਬਾਵਜੂਦ ਉਸ ਨੇ ਪ੍ਰਬੰਧਕੀ ਤਰਜੀਹਾਂ ਅਤੇ ਨਿਯੁਕਤੀਆਂ ਵਿੱਚ ਰਾਜਪੂਤਾਂ ਦਾ ਖ਼ਾਸ ਪੱਖ ਲਿਆ। ਨਤੀਜਾ ਇਹ ਨਿਕਲਿਆ ਕਿ ਭਾਜਪਾ ਦਾ ਸਮਾਜਿਕ ਸਮੀਕਰਨ ਵਿਗੜਨ ਲੱਗਾ। ਗ਼ੈਰ-ਰਾਜਪੂਤ ਉੱਚੀਆਂ ਜਾਤਾਂ (ਖ਼ਾਸਕਰ ਬ੍ਰਾਹਮਣਾਂ ਵਿੱਚ) ਬੇਚੈਨੀ ਪੈਦਾ ਹੋਈ ਅਤੇ ਨਾਲ਼ ਹੀ ਗ਼ੈਰ-ਯਾਦਵ ਪਛੜੀਆਂ ਜਾਤਾਂ ਦੇ ਨੇਤਾ ਵੀ ਬੇਚੈਨ ਹੋਣ ਲੱਗੇ। ਅੱਜ ਭਾਜਪਾ ਦੀ ਚੋਣਾਵੀ ਮੁਹਿੰਮ ਇਨਾਂ ਸਮੱਸਿਆਵਾਂ ਨਾਲ਼ ਜੂਝ ਰਹੀ ਹੈ।

ਸਵਾਲ ਇਹ ਹੈ ਕਿ ਕੀ ਅਮਿਤ ਸ਼ਾਹ ਯੋਗੀ ਪ੍ਰਸ਼ਾਸਨ ਵਲੋਂ ਪੈਦਾ ਕੀਤੀਆਂ ਗਈਆਂ ਇਨਾਂ ਸਮੱਸਿਆਵਾਂ ਤੋਂ ਦੂਰ ਜਾ ਕੇ ਭਾਜਪਾ ਤੋਂ ਨਾਰਾਜ਼ ਵੋਟਰਾਂ ਨੂੰ ਇੱਕ ਵਾਰ ਫਿਰ ਆਪਣੇ ਵੱਲ ਖਿੱਚ ਸਕਣਗੇ ? ਪੱਛਮੀ ਉੱਤਰ ਪ੍ਰਦੇਸ਼ ਵਿੱਚ ਭਾਜਪਾ ਨੂੰ ਭਰੋਸਾ ਇਸ ਗੱਲ ’ਤੇ ਹੈ ਕਿ ਸਮਾਜਵਾਦੀ ਪਾਰਟੀ ਵੱਲੋਂ ਮੁਸਲਮਾਨ ਉਮੀਦਵਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਇਸ ਦੀ ਪ੍ਰਤੀਕਿਰਿਆ ਜਾਟ ਵੋਟਰਾਂ ’ਤੇ ਹੋਵੇਗੀ। ਉਹ ਸਮਾਜਵਾਦੀ ਪਾਰਟੀ ਦੇ ਉਨਾਂ ਉਮੀਦਵਾਰਾਂ ਨੂੰ ਤਾਂ ਸਮਰਥਨ ਦੇ ਦੇਣਗੇ, ਜਿਨਾਂ ਦਾ ਸੰਬੰਧ ਉਨਾਂ ਦੀ ਆਪਣੀ ਬਿਰਾਦਰੀ ਨਾਲ਼ ਹੋਵੇਗਾ, ਪਰ ਰਾਜਨੀਤਕ ਪ੍ਰਤੀਨਿਧੀ ਚੁਣਨ ਦੇ ਨਾਂ ’ਤੇ ਉਹ ਸ਼ਾਇਦ ਸਮਾਜਵਾਦੀ ਪਾਰਟੀ ਦੇ ਉਮੀਦਵਾਰਾਂ ਨੂੰ ਸਮਰਥਨ ਦੇਣ ਲਈ ਜ਼ਰੂਰੀ ਉਤਸ਼ਾਹ ਨਾ ਜੁਟਾ ਸਕਣ। ਦਰਅਸਲ ਇਹੀ ਉਹ ਮੁਕਾਮ ਹੋਵੇਗਾ ਜਿੱਥੇ ਪੱਛਮੀ ਉੱਤਰ ਪ੍ਰਦੇਸ਼ ’ਚ ਕਿਸਾਨ ਅੰਦੋਲਨ ਨਾਲ਼ ਪੈਦਾ ਹੋਈ ਰਾਜਨੀਤਕ ਚੇਤਨਾ ਦੀ ਪ੍ਰੀਖਿਆ ਹੋਵੇਗੀ। ਇਸ ਚੇਤਨਾ ਨੇ ਹਿੰਦੂ ਅਤੇ ਮੁਸਲਮਾਨ ਕਿਸਾਨਾਂ ਦਰਮਿਆਨ ਰਾਜਨੀਤਕ ਏਕਤਾ ਕਰਵਾਈ ਸੀ। ਜੇਕਰ ਚੋਣਾਵੀ ਮੁਕਾਬਲੇਬਾਜ਼ੀ ਦੇ ਦਬਾਅ ’ਚ ਇਹ ਏਕਤਾ ਪ੍ਰਭਾਵੀ ਨਾ ਰਹਿ ਸਕੀ ਤਾਂ ਕਿਸਾਨ ਅੰਦੋਲਨ ਦੀ ਰਾਜਨੀਤਕ ਵਿਰਾਸਤ ਤੇਜ਼ੀ ਨਾਲ਼ ਖ਼ਤਮ ਹੁੰਦੀ ਚਲੀ ਜਾਵੇਗੀ।

# ਭਾਰਤੀ ਸਿਆਸਤ ਵੱਲੋਂ ਸਿੱਖਾਂ ਖਿਲਾ.ਫ ਪ੍ਰਚਾਰ

**ਲੇਖਕ : ਤਨਵੀਰ ਉਰ ਰਹਿਮਾਨ**

**ਸੰਪਾਦਤ : ਸਰਬਜੀਤ ਕੌਰ ਸਰਬ**

***ਬੀਜੇਪੀ ਪਿਛਲੇ ਇੱਕ ਸਾਲ ਤੋਂ ਖਾਲਿਸਤਾਨ ਦਾ ਢੰਡੋਰਾ ਪਿੱਟਣ ਅਤੇ ਸਿੱਖ ਕੌਮ ਨੂੰ ਬੇਗਾਨਿਆਂ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ***

ਸਿੱਖਾਂ ਨੂੰ ਭਾਰਤ ਵਿੱਚ ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਮਾਜਿਕ ਅਤਿਆਚਾਰ ਦੇ ਕਠੋਰ ਸੁਮੇਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਾਂ ਦਾ ਭਾਰਤ ਦੇ ਅਧੀਨ ਹੋਣ ਦਾ ਇਤਿਹਾਸ ਰਿਹਾ ਹੈ ਅਤੇ 1984 ਤੋਂ ਬਾਅਦ ਕਦੇ ਵੀ ਇਨਾਂ ਸਿਆਸਤੀ ਲੋਕਾਂ ’ਤੇ ਭਰੋਸਾ ਨਹੀਂ ਕੀਤਾ ਗਿਆ, ਜਦੋਂ ਹਜ਼ਾਰਾਂ ਸਿੱਖਾਂ ਨੂੰ ਸਾੜ ਦਿੱਤਾ ਗਿਆ ਸੀ ਤੇ ਉਨਾਂ ਦੀਆਂ ਜਾਇਦਾਦਾਂ ਲੁੱਟੀਆਂ ਗਈਆਂ ਅਤੇ ਉਨਾਂ ਦੀਆਂ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ ਸੀ, 8 ਦਿਨਾਂ ਤੋਂ ਚੱਲਿਆ ਆਪ੍ਰੇਸ਼ਨ ਬਲੂ ਸਟਾਰ (OBS) ਅਜੇ ਵੀ ਸਿੱਖ ਕੌਮ ਨੂੰ ਪਰੇਸ਼ਾਨ ਕਰਦਾ ਹੈ ਤੇ ਜੂਨ ਦੇ ਮਹਿਨੇ ਸਿੱਖ ਕੌਮ ਦੀਆਂ ਅੱਖਾਂ ਸਦਾ ਨਮ ਹੁੰਦੀਆਂ ਹਨ ।

ਓ.ਬੀ.ਐੱਸ. ਭਾਰਤ ਵਿੱਚ ਸਿੱਖ ਭਾਈਚਾਰੇ ਨੂੰ ਯੋਜਨਾਬੱਧ ਢੰਗ ਨਾਲ ਖ਼ਤਮ ਕਰਨ ਦੀ ਇੱਕ ਅਧਿਕਾਰਤ ਸ਼ੁਰੂਆਤ ਸੀ। ਜਿਸ ਨੇ ਅਗਲੇ ਚਾਰ ਸਾਲਾਂ (1988 ਤੱਕ) ਵਿੱਚ 100,000 ਤੋਂ ਵੱਧ ਸਿੱਖ ਜਿਨਾਂ ਵਿਚ ਜ਼ਿਆਦਾਤਰ ਨੌਜਵਾਨ ਮਾਰੇ ਗਏ ਸਨ, ਜਦੋਂ ਕਿ 25,000 ਤੋਂ ਵੱਧ ਪੀੜਤ ਸਿੱਖ ਸਾਰੀ ਉਮਰ ਲਈ ਅਪਾਹਜ ਬਣ ਗਏ ਸਨ। ਇਸ ਘਟਨਾ ਤੋਂ ਬਾਅਦ 20,000 ਤੋਂ ਵੱਧ ਸਿੱਖ ਪਰਿਵਾਰ ਭਾਰਤ (ਜ਼ਿਆਦਾਤਰ ਕੈਨੇਡਾ, ਅਮਰੀਕਾ ਅਤੇ ਯੂ.ਕੇ. ਵਿੱਚ) ਤੋਂ ਬਾਹਰ ਚਲੇ ਗਏ ਕਿਉਂਕਿ ਉਨਾਂ ਨੂੰ ਲੱਗਦਾ ਸੀ ਕਿ ਭਾਰਤ ਉਨਾਂ ਦਾ ਮਾਲਕ ਨਹੀਂ ਹੈ ਅਤੇ ਉਹ ਆਪਣੀ ਧਰਤੀ ਵਿੱਚ ਪਰਦੇਸੀ ਹਨ ਜਿਸ ਨੂੰ ਅੱਜ ਵੀ ਸਿੱਖ ਕੌਮ ਮਹਿਸੂਸ ਕਰਦੀ ਹੈ।

ਆਪ੍ਰੇਸ਼ਨ ਬਲੂ ਸਟਾਰ ਨਾਲ ਸਬੰਧਤ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿੱਚੋਂ ਇੱਕ ‘ਸਿੱਖ ਰੈਜੀਮੈਂਟ ਦੀ 9ਵੀਂ ਬਟਾਲੀਅਨ ਦੀ ਬਗਾਵਤ’ ਹੈ ਜੋ ਬਿਹਾਰ ਤੋਂ ਸ਼ੁਰੂ ਹੋਈ ਅਤੇ ਰਾਜਸਥਾਨ ਤੱਕ ਫੈਲ ਗਈ ਅਤੇ ਭਾਰਤੀ ਪੁਲਿਸ ਅਤੇ ਫੌਜ ਦੁਆਰਾ 2600 ਤੋਂ ਵੱਧ ਸਿੱਖ ਸਿਪਾਹੀ ਮਾਰੇ ਗਏ, ਉਨਾਂ ਦੀਆਂ ਲਾਸ਼ਾਂ ਉਨਾਂ ਦੇ ਰਿਸ਼ਤੇਦਾਰਾਂ ਨੂੰ ਨਹੀਂ ਸੌਂਪੀਆਂ ਗਈਆਂ। ਇਸ ਘਟਨਾ ਤੋਂ ਬਾਅਦ ਆਉਣ ਵਾਲੇ ਸਾਲਾਂ ਤੱਕ ਭਾਰਤੀ ਹਵਾਈ ਸੈਨਾ, ਸੈਨਾ ਅਤੇ ਭਾਰਤੀ ਜਲ ਸੈਨਾ ਵਿੱਚ ਸਿੱਖ ਸੈਨਿਕਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਸਿੱਖ ਭਾਈਚਾਰੇ ਨੂੰ ਯਕੀਨ ਹੈ ਕਿ ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਪੂਰੇ ਭਾਰਤ ਵਿੱਚ ਸਿੱਖ ਭਾਈਚਾਰੇ ਨੂੰ ਆਪਣੇ ਅਧੀਨ ਕਰਨ ਲਈ ਇੱਕ ਜਾਇਜ਼ ਠਹਿਰਾਉਣ ਵਾਲੀ ਯੋਜਨਾ ਬਣਾਈ ਗਈ ਸੀ।



ਅਜੋਕੇ ਸਮੇਂ 2020 ਵਿੱਚ ਇਹ ਅਤਿਆਚਾਰ ਉਨਾਂ ਸਿੱਖ ਕਿਸਾਨਾਂ ਦੇ ਵਿਰੁੱਧ ਕਾਰਵਾਈ ਵਿੱਚ ਸਭ ਤੋਂ ਵੱਧ ਦਿਖਾਈ ਦੇ ਰਿਹਾ ਸੀ, ਜਿਨਾਂ ਨੇ ਸਰਕਾਰ ਦੀ ਖੇਤੀ ਨਿਯੰਤਰਣ ਨੀਤੀ ਦਾ ਵਿਰੋਧ ਕੀਤਾ ਸੀ। ਰਾਜ-ਪ੍ਰਾਯੋਜਿਤ ਮੀਡੀਆ ਨੇ ਬਿੱਲਾਂ ਨਾਲ ਜੁੜੇ ਆਰਥਿਕ ਅਤੇ ਸਮਾਜਿਕ ਸੰਘਰਸ਼ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਤੇ ਸਿੱਖ ਕਿਸਾਨਾਂ ਨੂੰ ‘ਅੱਤਵਾਦੀ’ ਦਾ ਲੇਬਲ ਦਿੱਤਾ। ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਬਾਰੇ ਗਲਤ ਬਿਰਤਾਂਤ ਫੈਲਾਏ ਗਏ। ਖੇਤੀ ਕਾਨੂੰਨਾਂ ਉੱਤੇ ਜਿੱਤ ਨੇ ਅਸਲ ਵਿੱਚ ਸਿੱਖ ਕੌਮ ਲਈ ਅਣਦੇਖੀ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਬਹੁਤ ਜ਼ਿਆਦਾ ਤਾਕਤ ਦੀ ਵਰਤੋਂ ਕਰਨ ਦੇ ਬਾਵਜੂਦ, ਕਿਸਾਨਾਂ ਦੇ ਵਿਰੋਧ ਨੂੰ ਸ਼ਾਂਤ ਕਰਨ ਵਿੱਚ ਅਸਫਲ ਰਹਿਣ ਕਾਰਨ, ਭਾਜਪਾ ਸਰਕਾਰ ਨੂੰ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਿਆ। ਕਾਨੂੰਨਾਂ ਨੂੰ ਰੱਦ ਕਰਨ ਨਾਲ ਪ੍ਰਧਾਨ ਮੰਤਰੀ ਮੋਦੀ ਦੀ ‘ਅਜੇਤੂਤਾ’ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕੀਤਾ ਗਿਆ ਹੈ, ਇਸ ਤਰਾਂ ਭਾਜਪਾ ਲਈ ਚੁਣੌਤੀਆਂ ਵਧ ਗਈਆਂ ਹਨ। ਸਿੱਖ ਵਿਰੋਧੀ ਭਾਵਨਾਵਾਂ ਅਤੇ ਹਿੰਦੂ ਰਾਸ਼ਟਰਵਾਦ ਦਹਾਕਿਆਂ ਤੋਂ ਲੈਂਡਸਕੇਪ ਦਾ ਹਿੱਸਾ ਰਹੇ ਹਨ, ਫਿਰ ਵੀ, ਜਿਵੇਂ ਕਿ USCIRF ਨੇ ਹਾਲ ਹੀ ਵਿੱਚ ਦੇਖਿਆ ਹੈ, ਹਾਲ ਹੀ ਦੇ ਸਾਲਾਂ ਵਿੱਚ ਹਾਲਾਤ ਵਿਗੜ ਗਏ ਹਨ। ਸਿੱਖਾਂ ਨੂੰ ਭਾਰਤ ਦੀਆਂ ਹੋਰ ਧਾਰਮਿਕ ਘੱਟ ਗਿਣਤੀਆਂ ਵਾਂਗ, ਹੁਣ ‘ਹਿੰਸਾ ਜਾਂ ਡਰਾਉਣ-ਧਮਕਾਉਣ ਦੀਆਂ ਕਾਰਵਾਈਆਂ ਤੋਂ ਲੈ ਕੇ ਰਾਜਨੀਤਿਕ ਸ਼ਕਤੀ ਦੇ ਨੁਕਸਾਨ, ਅਧਿਕਾਰਾਂ ਤੋਂ ਵਾਂਝੇ ਹੋਣ ਦੀਆਂ ਵਧਦੀਆਂ ਭਾਵਨਾਵਾਂ ਅਤੇ ਸਿੱਖਿਆ, ਰਿਹਾਇਸ਼ ਅਤੇ ਰੁਜ਼ਗਾਰ ਤੱਕ ਪਹੁੰਚ ਦੀਆਂ ਸੀਮਾਵਾਂ ਤੱਕ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।’

ਭਾਜਪਾ ਦੀ ਕਿਸਾਨਾਂ ਪ੍ਰਤੀ ਅਧੀਨਗੀ ਸੰਘੀਆਂ ਨੂੰ ਪਸੰਦ ਨਹੀਂ ਆਈ। ਇਸ ਲਈ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਉਨਾਂ ਦੇ ਪਵਿੱਤਰ ਧਾਰਮਿਕ ਸਥਾਨਾਂ ਦੀ ਬੇਅਦਬੀ ਕਰਨ ਲਈ ਗੈਰ-ਸੰਵਿਧਾਨਕ ਤਰੀਕੇ ਵਰਤ ਰਹੇ ਹਨ। ਭਾਜਪਾ ਸਿੱਖਾਂ ਨੂੰ ਆਪਣੀ ਅਸਫਲਤਾ ਦਾ ਮੁੱਖ ਸਮਰਥਕ ਮੰਨਦੀ ਹੈ, ਇਸ ਲਈ ਸਿੱਖਾਂ ਨੂੰ ਭਾਜਪਾ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਿ ਉਦੋਂ ਤੱਕ ਤੇਜ਼ ਹੋ ਸਕਦਾ ਹੈ ਜਦੋਂ ਤੱਕ ਉਹ ਹਾਸ਼ੀਏ ’ਤੇ ਨਹੀਂ ਚਲੇ ਜਾਂਦੇ। ਲੰਬੇ ਸਮੇਂ ਦੇ ਕਿਸਾਨ ਅੰਦੋਲਨ ਕਾਰਨ ਪ੍ਰਧਾਨ ਮੰਤਰੀ ਮੋਦੀ ਦੀ ਸਾਖ ਨੂੰ ਠੇਸ ਹਜ਼ਮ ਨਹੀਂ ਹੈ, ਇਸ ਲਈ ਮੋਦੀ ਚੋਣਾਂ ਨੂੰ ਸਿਆਸੀ ਤੌਰ ’ਤੇ ਇੰਜੀਨੀਅਰ ਕਰਨ, ਜਾਣਕਾਰੀ ਦੇ ਖੇਤਰ ਵਿੱਚ ਸਿੱਖਾਂ ਨੂੰ ਬਦਨਾਮ ਕਰਨ, ਪ੍ਰਮੁੱਖ ਸਿੱਖਾਂ ਅਤੇ ਕਿਸਾਨ ਅੰਦੋਲਨ ਦੇ ਨੇਤਾਵਾਂ ਵਿਰੁੱਧ ਜਾਅਲੀ ਕੇਸ ਬਣਾਉਣ ਲਈ ਨਿਆਂਇਕ ਲੀਵਰ ਦੀ ਵਰਤੋਂ ਕਰਨ ਲਈ ਬਹੁ-ਪੱਖੀ ਰਣਨੀਤੀ ਵਰਤ ਕੇ ਬਦਲਾ ਲੈਣਗੇ। ਖਾਲਿਸਤਾਨ ਦੇ ਵੱਖਵਾਦ ਦੇ ਬਹਾਨੇ, ਮੋਦੀ ਕੇਂਦਰ ਨਾਲ ਅਸਹਿਮਤ ਵਿਚਾਰ ਰੱਖਣ ਵਾਲਿਆਂ ਦੀ ਇੱਛਾ ਨੂੰ ਤੋੜਨ ਲਈ ਸੁਰੱਖਿਆ ਬਲਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਭਾਜਪਾ ਦੇ ਸਿਆਸੀ ਫਾਇਦੇ ਲਈ ਗੋਦੀ ਮੀਡੀਆ ਨੂੰ ਵੀ ਲਾਮਬੰਦ ਕਰ ਰਿਹਾ ਹੈ। ਸਮੁੱਚੀ ਸਿੱਖ ਕੌਮ ਨੂੰ ਕਥਿਤ ਤੌਰ ’ਤੇ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਉਣ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ, ਸਮੁੱਚੀ ਸਿੱਖ ਕੌਮ ਨੂੰ ਨਾਮ, ਸ਼ਰਮ, ਅਤੇ ਦੋਸ਼ ਦੇ ਨਾਮ ਦੇਣ ਲਈ ਠੋਸ ਸਿਆਸੀ ਯਤਨਾਂ ਅਤੇ ਇੱਕ ਟੀਵੀ ਮੀਡੀਆ ਮੁਹਿੰਮ ਚਲਾਈ ਗਈ ਹੈ। ਭਾਜਪਾ ਦੇ ਨਵ-ਰਾਸ਼ਟਰਵਾਦੀ ਮੈਂਬਰਾਂ/ਸਮਰਥਕਾਂ ਨੇ ਪੂਰੀ ਸਿੱਖ ਕੌਮ ਨੂੰ ‘ਖਾਲਿਸਤਾਨੀ ਦਹਿਸ਼ਤਗਰਦ’ ਵਜੋਂ ਲੇਬਲ ਕਰਨ ਅਤੇ 1984 ਦੇ ਦੰਗਿਆਂ ਨੂੰ ਦੁਹਰਾਉਣ ਦੀ ਧਮਕੀ ਦੇਣ ਵਾਲੀ ਅਸ਼ਲੀਲ ਮੁਹਿੰਮ ਸ਼ੁਰੂ ਕੀਤੀ। ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਭਰੇ ਸੰਦੇਸ਼ਾਂ ਨੂੰ ਪੋਸਟ ਕਰਨ ਲਈ ਨਾ ਸਿਰਫ਼ ਟਵਿੱਟਰ ’ਤੇ ਪਰਦੇ ਵਾਲੇ ਹੈਂਡਲਾਂ ਦੀ ਵਰਤੋਂ ਕੀਤੀ ਗਈ ਹੈ, ਬਲਕਿ ਅਸਲ ਫੇਸਬੁੱਕ ਅਤੇ ਕੁਝ ਪ੍ਰਮਾਣਿਤ ਟਵਿੱਟਰ ਅਕਾਉਂਟਸ ਵੀ ਸਰਗਰਮੀ ਨਾਲ ਹਿੱਸਾ ਲੈ ਰਹੇ ਸਨ। ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਉਲੰਘਣ ਨੇ ਭਾਜਪਾ ਲਈ ਅਜਿਹਾ ਮੌਕਾ ਪੈਦਾ ਕੀਤਾ ਜਿਸ ਨੂੰ ਖੁੰਝਾਇਆ ਨਹੀਂ ਜਾ ਸਕਦਾ; ਇੱਕ ਨਵੀਂ ਸਿਆਸੀ ਥੀਮ-ਇੱਕ ਮਜ਼ਬੂਤ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਉਣ ਦੀ ਖਾਲਿਸਤਾਨੀ ਸਾਜ਼ਿਸ਼-ਆਉਣ ਵਾਲੀਆਂ ਚੋਣਾਂ ਲਈ ਬਣਾਈ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਪੱਸ਼ਟ ਹਾਰ ਜਾਣ ਦਿਆਂ ਭਾਜਪਾ ਨੇ ਚੋਣ ਕਮਿਸ਼ਨ ਨੂੰ ਪੰਜਾਬ ਚੋਣਾਂ ਦੀ ਤਰੀਕ ਮੁਲਤਵੀ ਕਰਨ ਦੀ ਬੇਨਤੀ ਵੀ ਕੀਤੀ ਹੈ। ਭਾਜਪਾ ਰਾਜ ਚੋਣਾਂ ਵਿੱਚ ਦੇਰੀ ਕਰਨ ਲਈ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਪੰਜਾਬ ਵਿੱਚ ਸਿਆਸੀ ਗੜਬੜ ਭਾਜਪਾ ਨੂੰ ਗਠਜੋੜ ਕਰਨ/ਗਠਜੋੜ ਕਰਨ ਦਾ ਸਮਾਂ ਦੇਵੇਗੀ, ਜਿਸ ਨਾਲ ਕਿਸਾਨਾਂ ਅਤੇ ਸਿੱਖਾਂ ਨੂੰ ਕਮਜ਼ੋਰ ਕੀਤਾ ਜਾਵੇਗਾ।

ਭਾਜਪਾ ਦੀ ਇਹ ਰਣਨੀਤੀ ਪੰਜਾਬ ਤੱਕ ਸੀਮਤ ਨਹੀਂ ਰਹੇਗੀ, ਇਹ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਨਿਸ਼ਾਨਾ ਬਣਾਏਗਾ। ਮੋਦੀ ਵਿਦੇਸ਼ੀ ਸਰਕਾਰਾਂ ਨੂੰ ਸਿੱਖਾਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਲਈ ਕੰਮ ਕਰਨ ਵਾਲੀਆਂ ਪ੍ਰਮੁੱਖ ਐਨਜੀਓਜ਼ ਵਿਰੁੱਧ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤੀ ਖੁਫੀਆ ਏਜੰਸੀਆਂ ਮਨੁੱਖੀ ਅਧਿਕਾਰਾਂ ਅਤੇ ਖਾਲਿਸਤਾਨ ਦੇ ਮੁੱਦੇ ’ਤੇ ਉਨਾਂ ਦੀ ਆਵਾਜ਼ ਨੂੰ ਦਬਾਉਣ ਲਈ ਦੇਸ਼-ਵਿਦੇਸ਼ ਦੇ ਸਿੱਖਾਂ ਦੇ ਮਨਾਂ ਵਿਚ ਡਰ ਪੈਦਾ ਕਰਨਾ ਚਾਹੁੰਦੀਆਂ ਹਨ।

**ਬਾਕੀ ਸਫ਼ਾ 30 ’ਤੇ**

# ਭਾਰਤੀ ਜਮਹੂਰੀਅਤ ਵਿਰੋਧੀ ਜ਼ਮੀਰ ਵਿਹੂਣੇ ਸਿਆਸਤਦਾਨ



**ਮੋਹਨ ਸ਼ਰਮਾ**

ਗੱਲ ਉਸ ਸਮੇਂ ਦੀ ਹੈ ਜਦੋਂ ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਦਾ ਤਖ਼ਤਾ ਪਲਟ ਕੇ ਜਰਨਲ ਪਰਵੇਜ਼ ਮੁਸ਼ੱਰਫ ਨੇ ਪਾਕਿਸਤਾਨ ਦੀ ਕਮਾਨ ਸੰਭਾਲ ਲਈ ਸੀ। ਉਨਾਂ ਦਿਨਾਂ ਵਿੱਚ ਹੀ ਭਾਰਤ ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਚੋਣ ਲਈ ਇੰਟਰਵਿਊ ਲਈ ਜਾ ਰਹੀ ਸੀ। ਇੱਕ ਉਮੀਦਵਾਰ ਤੋਂ ਕਮਿਸ਼ਨ ਦੇ ਮੈਂਬਰ ਨੇ ਸਵਾਲ ਪੁੱਛਿਆ, ‘ਪਾਕਿਸਤਾਨ ਦੇ ਪ੍ਰਮੁੱਖ ਸ਼ਾਸਕ ਦਾ ਨਾਂ ਕੀ ਹੈ ?’ ਉਮੀਦਵਾਰ ਨੇ ਗੰਭੀਰ ਹੋ ਕੇ ਜਵਾਬ ਦਿੱਤਾ, ‘ਸਰ, ਘੰਟਾ ਕੁ ਪਹਿਲਾਂ ਜਦੋਂ ਮੈਂ ਘਰੋਂ ਚੱਲਿਆ ਸੀ, ਉਸ ਵੇਲੇ ਜਨਰਲ ਪਰਵੇਜ਼ ਮੁਸ਼ੱਰਫ਼ ਮੁੱਖ ਪ੍ਰਸ਼ਾਸਕ ਸੀ। ਜੇ ਘੰਟੇ ਕੁ ਦੇ ਸਮੇਂ ਵਿੱਚ ਹੀ ਕਿਸੇ ਹੋਰ ਨੇ ਤਖ਼ਤਾ ਪਲਟ ਦਿੱਤਾ ਹੋਵੇ, ਫਿਰ ਮੈਨੂੰ ਪਤਾ ਨਹੀਂ।’ ਉਸ ਦਾ ਇਹ ਜਵਾਬ ਸਾਡੇ ਰਾਜਨੀਤਿਕ ਲੋਕਾਂ ’ਤੇ ਹੂ-ਬ-ਹੂ ਢੁਕਦਾ ਹੈ। ਇੱਕ ਦਿਨ ਪਹਿਲਾਂ ਰਾਜਨੀਤਿਕ ਆਗੂ ਦਾ ਬਿਆਨ ਆਉਂਦਾ ਹੈ, ‘ਮੈਂ ਪਾਰਟੀ ਦਾ ਵਫਾਦਾਰ ਸਿਪਾਹੀ ਹਾਂ। ਭਲਾ, ਮੈਂ ਆਪਣੀ ਮਾਂ ਪਾਰਟੀ ਨੂੰ ਕਿਵੇਂ ਛੱਡ ਸਕਦਾ ਹਾਂ ? ਮੈਂ ਪਾਰਟੀ ਨਾਲ ਚੱਟਾਨ ਵਾਂਗ ਖੜਾ ਹਾਂ।’ ਅਗਲੇ ਹੀ ਦਿਨ ਪਤਾ ਲਗਦਾ ਹੈ ਕਿ ਉਹ ਟਪੂਸੀ ਮਾਰ ਕੇ ਦੂਜੀ ਪਾਰਟੀ ਵਿੱਚ ਚਲਾ ਗਿਆ ਹੈ ਅਤੇ ਨਾਲ ਹੀ ਉਸ ਦਾ ਇਸ ਤਰਾਂ ਦਾ ਬਿਆਨ ਵੀ ਆ ਜਾਂਦਾ ਹੈ, “ਮੈਂ ਉਸ ਪਾਰਟੀ ਨੂੰ ਇਸ ਕਰਕੇ ਛੱਡਿਆ ਹੈ ਕਿ ਉਹ ਸਿਧਾਂਤਾਂ ਤੋਂ ਹਿੱਲ ਚੁੱਕੀ ਹੈ। ਗ਼ਰੀਬ, ਕਿਰਤੀ ਵਰਗ, ਦਲਿਤਾਂ, ਕਿਰਸਾਨਾਂ ਅਤੇ ਆਮ ਲੋਕਾਂ ਦੇ ਹਿਤਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਸੀ। ਜਿਸ ਪਾਰਟੀ ਵਿੱਚ ਮੈਂ ਸ਼ਾਮਲ ਹੋ ਰਿਹਾ ਹਾਂ, ਇਸ ਪਾਰਟੀ ਦਾ ਜਨ ਆਧਾਰ ਹੈ ਅਤੇ ਅਸਲੀ ਸ਼ਬਦਾਂ ਵਿੱਚ ਜਮਹੂਰੀਅਤ ਦੇ ਸਿਧਾਂਤਾਂ ’ਤੇ ਡਟ ਕੇ ਪਹਿਰਾ ਦੇ ਰਹੀ ਹੈ। ਇਸ ਪਾਰਟੀ ਵਿੱਚ ਰਹਿੰਦਿਆਂ ਪ੍ਰਾਂਤ ਅਤੇ ਦੇਸ਼ ਦੀ ਖੁਸ਼ਹਾਲੀ ਲਈ ਮੈਂ ਆਪਣਾ ਆਪ ਦਾਅ ’ਤੇ ਲਾ ਦਿਆਂਗਾ।‘ ਰਾਜਨੀਤਿਕ ਲੋਕਾਂ ਦੀਆਂ ਇੰਜ ‘ਮਾਂ ਪਾਰਟੀ’ ਨੂੰ ਅਲਵਿਦਾ ਕਹਿ ਕੇ ਦੂਜੀ ਪਾਰਟੀ ਦੀ ਬੁੱਕਲ ਵਿੱਚ ਬੈਠਣ ’ਤੇ ਆਤਮ-ਗਿਲਾਨੀ ਹੁੰਦੀ ਹੈ ਕਿ ਅਸੀਂ ਉਸ ਦੇਸ਼ ਦੇ ਵਾਸੀ ਹਾਂ ਜਿਸਦੇ ਰਹਿਨੁਮਾ ਦਾਗ਼ੀ ਜ਼ਮੀਰ ਵਾਲੇ ਹਨ, ਸਿਧਾਂਤਾਂ ਤੋਂ ਸੱਖਣੇ ਹਨ। ਸਿਰਫ ਤੇ ਸਿਰਫ ਆਪਣੇ ਹਿਤਾਂ ਦੀ ਪੂਰਤੀ ਕਰਦਿਆਂ ਦੇਸ਼ ਭਗਤੀ ਦਾ ਢੌਂਗ ਰਚਦੇ ਹਨ। ਅਜਿਹੇ ਜ਼ਮੀਰ ਵਿਹੂਣੇ ਲੀਡਰਾਂ ਨੂੰ ‘ਨੇਤਾ ਜੀ’ ਕਹਿਣਾ ਤਾਂ ਮਹਾਨ ਦੇਸ਼ ਭਗਤ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਬੇਅਦਬੀ ਕਰਨਾ ਹੈ।

ਦੇਸ਼ ਨੂੰ ਅਜ਼ਾਦ ਹੋਇਆਂ 75 ਸਾਲ ਹੋ ਗਏ ਹਨ। ਸਿਆਸੀ ਆਗੂਆਂ ਨੇ ਦੇਸ਼ ਦੇ ਕਾਨੂੰਨ, ਜ਼ਮੀਰ, ਸਿਧਾਂਤ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਬਹੁਤ ਚਿਰ ਦਾ ਕੁਆਰਨਟਾਈਨ ਕੀਤਾ ਹੋਇਆ ਹੈ। ਹਾਂ, ਲੋਕਾਂ ਨੂੰ ਲਾਰਿਆਂ, ਵਾਅਦਿਆਂ ਅਤੇ ਦਾਅਵਿਆਂ ਨਾਲ ਆਪਣੇ ਮਗਰ ਕਿੰਝ ਲਾਉਣਾ ਹੈ, ਇਹ ਮੁਹਾਰਤ ਉਨਾਂ ਨੂੰ ਪ੍ਰਾਪਤ ਹੈ। ਹਵਾ ਦੇ ਰੁਖ ਅਨੁਸਾਰ ਉਹ ਆਪਣਾ ਚੋਲ਼ਾ ਬਦਲਣ ਵਿੱਚ ਮਾਹਿਰ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਪਾਰਟੀ ਵਿੱਚ ਰਹਿ ਕੇ ਕੁਝ ਸਮੇਂ ਅੰਦਰ ਹੀ ਅਥਾਹ ਜ਼ਮੀਨ, ਪੈਟਰੋਲ ਪੰਪ, ਬੱਸਾਂ ਦਾ ਕਾਰੋਬਾਰ, ਕੇਬਲ ਕਾਰੋਬਾਰ, ਸਨਅਤਾਂ ਵਿੱਚ ਹਿੱਸੇਦਾਰੀ, ਪੰਜ ਤਾਰਾ ਹੋਟਲ, ਵੱਖ ਵੱਖ ਮਾਫੀਆ ਗਰੋਹਾਂ ਵਿੱਚ ਭਾਈਵਾਲੀ ਅਤੇ ਸਰਪ੍ਰਸਤੀ ਦੇ ਨਾਲ ਨਾਲ ਸੱਤਾ ਦਾ ਆਨੰਦ ਮਾਣਿਆ ਹੋਵੇ, ਉਸੇ ਪਾਰਟੀ ਨੂੰ ਚੋਣਾਂ ਤੋਂ ਪਹਿਲਾਂ ਘਟੀਆ ਪਾਰਟੀ ਕਹਿ ਕੇ ਦੂਜੀ ਪਾਰਟੀ ਨੂੰ ਲੋਕ ਹਿਤੈਸ਼ੀ ਪਾਰਟੀ ਕਹਿੰਦਿਆਂ ਉਸ ਵਿੱਚ ਸ਼ਾਮਲ ਹੋ ਕੇ ਵਿਕਾਸ ਕਰਨ ਦੇ ਦਾਅਵੇ ਕਰਨੇ, ਜਮਹੂਰੀਅਤ ਦੇ ਮੱਥੇ ’ਤੇ ਧੱਬਾ ਹੈ। ਦਰਅਸਲ ਜੇਕਰ ਦੇਸ਼ ਭੁੱਖ-ਮਰੀ ਅਤੇ ਕੁਪੋਸ਼ਣ ਵਿੱਚ ਸੰਸਾਰ ਦੇ ਅਤਿ ਪਛੜੇ ਦੇਸ਼ਾਂ ਵਿੱਚ ਸ਼ਾਮਲ ਹੈ ਤਾਂ ਇਹ ਸਭ ਕੁਝ ਅਜਿਹੇ ਘਟੀਆ ਕਿਰਦਾਰ ਵਾਲੇ ਆਗੂਆਂ ਦੀ ਬਦੌਲਤ ਹੀ ਹੈ। ਇੱਕ ਰਿਪੋਰਟ ਅਨੁਸਾਰ ਅੰਗਰੇਜ਼ਾਂ ਨੇ ਭਾਰਤ ’ਤੇ ਅੰਦਾਜ਼ਨ 200 ਸਾਲ ਰਾਜ ਕੀਤਾ ਅਤੇ ਦੇਸ਼ ਵਿੱਚੋਂ ਲਗਭਗ 100 ਲੱਖ ਕਰੋੜ ਰੁਪਇਆ ਲੁੱਟਿਆ। ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲ ਹੋ ਗਏ ਹਨ। ਇਸ ਸਮੇਂ ਦੇ ਦਰਮਿਆਨ ਸਿਆਸੀ ਆਗੂਆਂ ਦਾ ਸਵਿੱਸ ਬੈਂਕ ਦੇ ਵੱਖ ਵੱਖ ਖਾਤਿਆਂ ਵਿੱਚ ਜਮਾਂ ਕਾਲਾ ਧਨ ਅੰਦਾਜ਼ਨ 280 ਲੱਖ ਕਰੋੜ ਹੈ ਅਤੇ ਹਾਲਾਂ ਚੋਲੇ ਬਦਲ ਕੇ ਦੇਸ਼ ਨੂੰ ਹੋਰ ਲੁੱਟਣ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਹੋ ਰਹੀਆਂ ਹਨ।

ਦਰਅਸਲ ਰਾਜਸੀ ਨੇਤਾ ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਜਾ ਕੇ ਅਜਿਹੇ ਕਾਨੂੰਨ ਬਣਾਉਂਦੇ ਹਨ, ਜਿਸ ਨਾਲ ਉਨਾਂ ਦੇ ਆਪਣੇ ਰਾਜਸੀ ਅਤੇ ਆਰਥਿਕ ਹਿਤ ਪੂਰੇ ਹੋ ਜਾਣ। ‘ਆਪਣੇ ਵਿਕਾਸ’ ਨੂੰ ਹੀ ਉਹ ਲੋਕਾਂ ਦਾ ਵਿਕਾਸ ਸਮਝਦੇ ਹਨ। ਸਿਆਸੀ ਆਗੂਆਂ ਦੇ ਝੰਬੇ ਪਏ ਲੋਕਾਂ ਅੰਦਰ ਹੁਣ ਰਾਜਸੀ ਲੋਕਾਂ ਪ੍ਰਤੀ ਵਿਦਰੋਹ ਦੀ ਭਾਵਨਾ ਹੈ ਅਤੇ ਅੰਦਰਖਾਤੇ ਇਹ ਮੰਗ ਜ਼ੋਰ ਫੜ ਰਹੀ ਹੈ ਕਿ ਜੇਕਰ ਐੱਮ.ਪੀ. ਜਾਂ ਐੱਮ. ਐੱਲ਼ ਏ. ਨੂੰ ਆਪਣੀ ਪਾਰਟੀ ਤੋਂ ਸਮਰਥਨ ਵਾਪਸ ਲੈਣ ਦਾ ਅਧਿਕਾਰ ਹੈ ਤਾਂ ਜਿਹੜੇ ਲੋਕਾਂ ਨੇ ਵੋਟਾਂ ਪਾ ਕੇ ਉਨਾਂ ਨੂੰ ਇਹ ਅਧਿਕਾਰ ਦਿੱਤਾ ਹੈ, ਉਨਾਂ ਲੋਕਾਂ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਅਜਿਹੇ ਵਿਕਾਊ, ਖੁਦਗਰਜ਼, ਜ਼ਮੀਰ ਵਿਹੂਣੇ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਵੀ ਲੋਕਾਂ ਕੋਲ ਹੋਵੇ ਤਾਂ ਜੋ ਉਨਾਂ ਦੇ ਆਪ ਹੁਦਰੇਪਨ ’ਤੇ ਨਕੇਲ ਪਾਈ ਜਾ ਸਕੇ ਅਤੇ ਉਹ ਕੋਈ ਸੌਦੇਬਾਜ਼ੀ ਕਰਕੇ ਹੱਥ ਨਾ ਰੰਗ ਸਕਣ। ਟ੍ਰਾਂਸਪੇਰੈਂਟ ਇੰਟਰਨੈਸ਼ਨਲ ਦੀ ਇਹ ਰਿਪੋਰਟ ਕਿ ਭ੍ਰਿਸ਼ਟ ਦੇਸ਼ਾਂ ਦੀ ਸੂਚੀ ਵਿੱਚ ਭਾਰਤ ਮੁਹਰਲੀ ਕਤਾਰ ਵਿੱਚ ਆਉਂਦਾ ਹੈ, ਦਾ ਧੱਬਾ ਵੀ ਇਸ ਤਰੀਕੇ ਨਾਲ ਧੋਤਾ ਜਾ ਸਕਦਾ ਹੈ। ਕੋਈ ਵੀ ਸਿਆਸੀ ਆਗੂ ਸਮਾਜ ਤੋਂ ਉੱਪਰ ਨਹੀਂ ਹੁੰਦਾ।

ਦੇਸ਼ ਵਿੱਚ ਹੁਣ ਤੱਕ 15 ਵਿਧਾਨ ਸਭਾ ਦੀਆਂ ਚੋਣਾਂ ਅਤੇ 16 ਲੋਕ ਸਭਾ ਦੀਆਂ ਚੋਣਾਂ ਹੋ ਚੁੱਕੀਆਂ ਹਨ। ਪੰਜਾਬ ਸਮੇਤ ਭਾਰਤ ਦੇ ਪੰਜ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਪੈਸੇ ਦੀ ਤਾਕਤ ਅਤੇ ਬਾਹੂਬਲ ਨਾਲ ਰਾਜ ਸਤਾ ਦੀ ਪੌੜੀ ਚੜਨ ਵਾਲਿਆਂ ਪ੍ਰਤੀ ਵੋਟਰ ਸੁਚੇਤ ਹਨ। ਉਸਾਰੂ ਸੋਚ ਦੇ ਧਾਰਨੀ, ਬੁੱਧੀਜੀਵੀ, ਲੇਖਕ, ਸੁਲਝੇ ਹੋਏ ਪੱਤਰਕਾਰ ਅਤੇ ਕਰਮਯੋਗੀ ਵੋਟਰਾਂ ਨੂੰ ਇਹ ਕਹਿੰਦਿਆਂ ਜਾਗਰੂਕ ਕਰ ਰਹੇ ਹਨ :

ਸੱਤਾ ਕੀ ਸ਼ਹਿ ਪਾ ਕਰ ਅਬ ਹਰ ਏਕ ਪਰਿੰਦਾ,
ਚੁਣ ਕਰ ਕਲੀਆਂ ਮਸਲ ਰਹਾ ਹੈ, ਅਬ ਤੋਂ ਜਾਗੋ।
ਜਿਸ ਭਾਰਤ ਕਾ ਖ਼ਵਾਬ ਸ਼ਹੀਦੋਂ ਨੇ ਦੇਖਾ ਥਾ,
ਹਾਕਮ ਉਸ ਕੋ ਕੁਚਲ ਰਹਾ ਹੈ, ਅਬ ਤੋਂ ਜਾਗੋ।

ਅੰਮ੍ਰਿਤਸਰ ਟਾਈਮਜ਼ AMRITSAR TIMES

26 ਜਨਵਰੀ 2022 ਤੋਂ 1 ਫਰਵਰੀ 2022

# ਬਸਤੀਵਾਦੀ ਪ੍ਰਬੰਧ ਦੀ ਲਗਾਤਾਰਤਾ

ਬਰਤਾਨਵੀ ਬਸਤੀਵਾਦੀ ਹਕੂਮਤ ਨੇ ਵੰਨ-ਸੁਵੰਨਤਾ ਅਤੇ ਭਿੰਨਤਾ ਨਾਲ਼ ਭਰਪੂਰ ਇੰਡੀਅਨ ਉਪ-ਮਹਾਂਦੀਪ ਦੇ ਖਿੱਤੇ ਨੂੰ ਨਰੜ ਕੇ ਇੱਕ ਕੇਂਦਰੀ ਨਿਜ਼ਾਮ ਕਾਇਮ ਕੀਤਾ ਸੀ। ਜ਼ਬਰੀ ਸਿਰਜੇ ਇਸ ਨਿਜ਼ਾਮ ਨੂੰ ਕਾਇਮ ਰੱਖਣ ਲਈ ਇੱਥੇ ਕਈ ਅਜਿਹੇ ਕਾਨੂੰਨ ਬਣਾਏ ਗਏ ਜੋ ਅਸਲ ਵਿੱਚ ਬਸਤੀਵਾਦੀ ਸ਼ਾਸਨ ਨੂੰ ਲੋਕਾਂ ਉੱਤੇ ਠੋਸੇ ਰੱਖਣ ਦੇ ਸੰਦ ਹੀ ਸਨ। ਜਦੋਂ ਬਸਤੀਵਾਦੀ ਸ਼ਾਸਕਾਂ ਨੇ ਦੇਸੀ ਹਾਕਮਾਂ ਵੱਲ ਸੱਤਾ ਦਾ ਤਬਾਦਲਾ ਕੀਤਾ ਤਾਂ ਇੱਥੇ ਨਵੇਂ ਦਿਸਦੇ ਨਿਜ਼ਾਮ ਹੋਂਦ ਵਿੱਚ ਆਏ ਪਰ ਜ਼ਰਾ ਕੁ ਘੋਖਵੀਂ ਨਜ਼ਰ ਨਾਲ਼ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਨਵਾਂ ਨਿਜ਼ਾਮ ਅਸਲ ਵਿੱਚ ਪਹਿਲੇ ਬਸਤੀਵਾਦੀ ਪ੍ਰਬੰਧ ਦੀ ਹੀ ਲਗਾਤਾਰਤਾ ਹੈ।

1915 ਵਿੱਚ ਬਰਤਾਨਵੀ ਬਸਤੀਵਾਦੀ ਹਾਕਮਾਂ ਨੇ 'ਡਿਫੈਂਸ ਆਫ਼ ਇੰਡੀਆ ਐਕਟ' ਬਣਾਇਆ। ਬਰਤਾਨਵੀ ਬਸਤੀਵਾਦੀ ਹਾਕਮ ਜਿੱਥੇ ਕੌਮਾਂਤਰੀ ਤੌਰ ਉੱਤੇ ਕਸੂਤੀ ਸਥਿਤੀ ਵਿੱਚ ਫਸੇ ਹੋਏ ਸਨ, ਓਥੇ ਇੰਡੀਅਨ ਉਪ-ਮਹਾਂਦੀਪ ਵਿੱਚ ਵੀ ਉਨਾਂ ਦੇ ਸਾਮਰਾਜ ਅਤੇ ਸ਼ਾਸਨ ਨੂੰ ਅਜ਼ਾਦੀ ਪਸੰਦਾਂ ਵੱਲੋਂ ਚਣੌਤੀ ਮਿਲ ਰਹੀ ਸੀ, ਸੋ 'ਡਿਫੈਂਸ ਆਫ਼ ਇੰਡੀਆ' ਕਾਨੂੰਨ ਦਾ ਮਨੋਰਥ ਇਸ ਉਪ-ਮਹਾਂਦੀਪ ਦੇ ਲੋਕਾਂ ਦੀ ਅਵਾਜ ਅਤੇ ਅਜ਼ਾਦੀ ਨੂੰ ਦਬਾਉਣਾ ਸੀ, ਜੋ ਕਿ ਇਸ ਕਾਨੂੰਨ ਦੀ ਹੋਈ ਵਰਤੋਂ ਤੋਂ ਸਾਫ਼ ਹੋ ਗਿਆ। ਕਾਲ਼ੇ ਕਾਨੂੰਨਾਂ ਦਾ ਇਹ ਦੌਰ 1947 ਵਿੱਚ ਹੋਈ ਸੱਤਾ ਤਬਦੀਲੀ ਨਾਲ਼ ਵੀ ਨਹੀਂ ਰੁਕਿਆ, ਅਤੇ ਅੰਦਰੂਨੀ ਸੁਰੱਖਿਆ ਲਈ ਜ਼ਰੂਰੀ ਦੱਸ ਕੇ ਕਈ ਅਜਿਹੇ ਕਾਨੂੰਨ ਬਣਾਏ ਜਾਂਦੇ ਰਹੇ ਜਿੰਨਾਂ ਦੀ ਦੁਰਵਰਤੋਂ ਹੁਣ ਇੱਕ ਜੱਗ ਜਾਹਰ ਤੱਥ ਹੈ।

'ਅਫਸਪਾ' ਕਾਨੂੰਨ 1947 ਦੇ ਸੱਤਾ ਤਬਾਦਲੇ ਤੋਂ ਬਾਅਦ ਬਣੇ ਪਹਿਲੇ ਮਾਰੂ ਕਾਨੂੰਨਾਂ ਵਿੱਚੋਂ ਇੱਕ ਹੈ। 1958 ਵਿੱਚ ਬਣਿਆ ਇਹ ਕਾਨੂੰਨ ਉੱਤਰ-ਪੂਰਬੀ ਖੇਤਰ ਵਿੱਚ ਲਾਗੂ ਕੀਤਾ ਗਿਆ। ਹੁਣ ਦੇ ਸਮੇਂ ਇਹ ਮਾਰੂ ਕਾਨੂੰਨ ਉਕਤ ਖਿੱਤੇ ਤੋਂ ਇਲਾਵਾ ਕਸ਼ਮੀਰ ਵਿੱਚ ਵੀ ਲਾਗੂ ਹੈ। ਇਹ ਕਾਨੂੰਨ ਇੰਡੀਆ ਦੇ ਫ਼ੌਜੀ ਦਸਤਿਆਂ ਨੂੰ ਖ਼ਾਸ ਤਾਕਤਾਂ ਅਤੇ ਛੋਟਾਂ ਦਿੰਦਾ ਹੈ ਜਿਸ ਤਹਿਤ ਕਿਸੇ ਨੂੰ ਮਾਰ ਦੇਣ ਉੱਤੇ ਵੀ ਇਨਾਂ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਹੁੰਦੀ।

ਇੰਡੀਆ ਦੀ ਪਾਰਲੀਮੈਂਟ ਵੱਲੋਂ 1985 ਵਿੱਚ 'ਟਾਡਾ' ਨਾਮੀ ਕਾਲ਼ਾ ਕਾਨੂੰਨ ਬਣਾਇਆ ਗਿਆ। ਇਸ ਕਾਨੂੰਨ ਨੂੰ ਬਣਾਏ ਜਾਣ ਵੇਲੇ ਹੀ ਇਸ ਦੀ ਦੁਰਵਰਤੋਂ ਦੇ ਖ਼ਦਸ਼ੇ ਜ਼ਾਹਰ ਹੋਏ ਸਨ ਪਰ ਉਸ ਵੇਲੇ ਸਿੱਖਾਂ ਵਿਰੁੱਧ ਹੋਈ ਸਫ਼ਬੰਦੀ ਕਾਰਨ ਇਹ ਕਾਨੂੰਨ ਇਹ ਕਹਿ ਕੇ ਪ੍ਰਵਾਣ ਕਰਵਾ ਲਿਆ ਗਿਆ ਕਿ ਇਹ ਖ਼ਾਸ ਹਾਲਾਤ ਭਾਵ ਪੰਜਾਬ ਵਿੱਚ ਉੱਠੇ ਸਿੱਖ ਸੰਘਰਸ਼ ਨਾਲ਼ ਨਜਿੱਠਣ ਲਈ ਬਣਾਇਆ ਜਾ ਰਿਹਾ ਹੈ। ਸਿੱਖਾਂ ਵਿਰੁੱਧ ਇਸ ਕਾਨੂੰਨ ਦੀ ਨੰਗੀ-ਚਿੱਟੀ ਦੁਰਵਰਤੋਂ ਹੋਈ। ਫਿਰ ਇਹ ਹੋਰਨਾਂ ਮਾਮਲਿਆਂ ਵਿੱਚ ਵੀ ਵਰਤਿਆ ਜਾਣ ਲੱਗਾ ਅਤੇ ਇਸ ਵਿਰੁੱਧ ਆਵਾਜ਼ ਬੁਲੰਦ ਹੋਣ ਲੱਗੀ ਜਿਸ ਤੋਂ ਬਾਅਦ ਅਖ਼ੀਰ 1995 ਵਿੱਚ ਇਸ ਕਾਨੂੰਨ ਨੂੰ ਮਿੱਥੀ ਮਿਆਦ ਮੁੱਕਣ ਉੱਤੇ ਖ਼ਤਮ ਹੋ ਜਾਣ ਦਿੱਤਾ ਗਿਆ।

'ਪੋਟਾ' ਕਾਨੂੰਨ ਭਾਜਪਾ ਸਰਕਾਰ ਨੇ 2002 ਵਿੱਚ ਬਣਾਇਆ। ਕਾਂਗਰਸ ਦੀ ਅਗਵਾਈ ਵਾਲੀਆਂ ਕਈ ਸੂਬਾ ਸਰਕਾਰਾਂ ਨੇ ਇਹ ਕਾਨੂੰਨ ਲਾਗੂ ਨਹੀਂ ਸੀ ਕੀਤਾ, ਜਿੰਨਾਂ ਵਿੱਚ ਉਸ ਵੇਲੇ ਦੀ ਪੰਜਾਬ ਸਰਕਾਰ ਵੀ ਸ਼ਾਮਿਲ ਸੀ। ਬਾਅਦ ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਇਹ ਕਾਨੂੰਨ 2004 ਵਿੱਚ ਖ਼ਤਮ ਕਰ ਦਿੱਤਾ ਗਿਆ।

ਫਿਰ 1967 ਵਿੱਚ 'ਯੁਆਪਾ' ('ਯੂ.ਏ.ਪੀ.ਏ.') ਬਣਿਆ ਜਿਸ ਦਾ ਪੂਰਾ ਸਿਰਲੇਖ ਅਨਲਾਅਫੁਲ ਐਕਟੀਵਿਟੀਜ਼ (ਪ੍ਰੀਵੈਂਸ਼ਨ) ਐਕਟ (ਭਾਵ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ) ਹੈ। 2008 ਵਿੱਚ ਇਸ ਕਾਨੂੰਨ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਹੀ ਇਸ ਦੀ ਜ਼ਿਆਦਾ ਵਰਤੋਂ ਸ਼ੁਰੂ ਹੋਈ।

ਪੋਟਾ ਕਾਨੂੰਨ ਖ਼ਤਮ ਕਰਨ ਵਾਲੀ ਮਨਮੋਹਨ ਸਿੰਘ ਸਰਕਾਰ ਨੇ 2004 ਵਿੱਚ ਹੀ ਪੁਰਾਣੇ 'ਯੁਆਪਾ' ਕਾਨੂੰਨ ਵਿੱਚ ਤਬਦੀਲੀਆਂ ਕਰ ਲਈਆਂ ਸਨ। ਇਸ ਨਾਲ਼ ਇੱਕ ਪਾਸੇ ਇਹ ਭੁਲੇਖਾ ਪਾਇਆ ਗਿਆ ਕਿ ਸਰਕਾਰ ਨੇ ਕੋਈ ਨਵਾਂ ਮਾਰੂ ਕਾਨੂੰਨ ਨਹੀਂ ਬਣਾਇਆ ਦੂਜੇ ਪਾਸੇ 'ਯੁਆਪਾ' ਨੂੰ ਟਾਡਾ ਅਤੇ ਪੋਟਾ ਤੋਂ ਵੱਧ ਖ਼ਤਰਨਾਕ ਬਣਾਉਣ ਦਾ ਰਾਹ ਖੋਲ ਲਿਆ ਗਿਆ। ਸਾਲ 2019 ਵਿੱਚ ਮੋਦੀ ਸਰਕਾਰ ਵੱਲੋਂ 'ਯੁਆਪਾ' ਵਿੱਚ ਜੋ ਤਬਦੀਲੀ ਕੀਤੀ ਗਈ ਹੈ ਉਸ ਤਹਿਤ ਸਰਕਾਰ ਹੁਣ ਕਿਸੇ ਇੱਕ ਵਿਅਕਤੀ ਨੂੰ ਵੀ 'ਟੈਰਰਿਸਟ' ਐਲਾਨ ਸਕਦੀ ਹੈ। ਇਸ ਮਾਮਲੇ ਵਿੱਚ ਗੱਲ ਪਬੰਦੀਸ਼ੁਦਾ ਜਥੇਬੰਦੀ ਅਤੇ ਟੈਰਰਿਸਟ ਗੈਂਗ ਤੋਂ ਵੀ ਅਗਾਂਹ ਚਲੀ ਗਈ ਹੈ ਅਤੇ ਬਿਨਾਂ ਕਿਸੇ ਅਦਾਲਤੀ ਸੁਣਵਾਈ ਦੇ ਕਿਸੇ ਵੀ ਵਿਅਕਤੀ ਨੂੰ 'ਟੈਰਰਿਸਟ' ਐਲਾਨਿਆ ਜਾ ਸਕਦਾ ਹੈ। ਇਸ ਤਰਾਂ 'ਯੁਆਪਾ' ਕਾਨੂੰਨ 'ਟਾਡਾ' ਅਤੇ 'ਪੋਟਾ' ਜਿਹੇ ਕਾਨੂੰਨਾਂ ਤੋਂ ਵੀ ਵੱਧ ਮਾਰੂ ਬਣ ਗਿਆ ਹੈ।

ਅੰਦਰੂਨੀ ਸੁਰੱਖਿਆ ਲਈ ਦੱਸੇ ਜਾਂਦੇ ਇਹਨਾਂ ਕਾਨੂੰਨਾਂ ਦੇ ਨਾਂ ਹਮੇਸ਼ਾ ਅਜਿਹੇ ਰੱਖੇ ਜਾਂਦੇ ਹਨ ਕਿ ਆਮ ਨਜ਼ਰੇ ਇਹ ਲੱਗਦਾ ਹੈ ਕਿ ਇਹ ਕਾਨੂੰਨ ਬਹੁਤ ਭਲੇ ਲਈ ਬਣਾਏ ਜਾ ਰਹੇ ਹਨ। ਮਿਸਾਲ ਵਜੋਂ ਜਦੋਂ ਬਸਤੀਵਾਦੀ ਹਾਕਮਾਂ ਨੇ ਕਾਨੂੰਨ ਦਾ ਨਾਂ 'ਡਿਫੈਂਸ ਆਫ਼ ਇੰਡੀਆ' ਰੱਖਿਆ ਤਾਂ ਆਮ ਨਜ਼ਰੇ ਕੌਣ ਕਹਿ ਸਕਿਆ ਹੋਵੇਗਾ ਕਿ ਇੰਡੀਆ ਦਾ 'ਡਿਫੈਂਸ' ਜਾਂ 'ਬਚਾਅ' ਨਹੀਂ ਹੋਣਾ ਚਾਹੀਦਾ। ਇਸ ਤਰਾਂ ਟਾਡਾ ਦਾ ਨਾਂ "ਟੈਰਰਿਸਟ ਐਂਡ ਡਿਸਰਪਟਿਵ ਐਕਟੀਵਿਟੀਜ਼ (ਪ੍ਰੀਵੈਂਸ਼ਨ) ਐਕਟ" ਸੀ, ਭਾਵ ਕਿ "ਦਹਿਸ਼ਤੀ ਅਤੇ ਗੜਬੜ ਵਾਲੀਆਂ ਕਾਰਵਾਈਆਂ ਰੋਕੂ ਕਾਨੂੰਨ" ਤਾਂ ਆਮ ਨਜ਼ਰੇ ਕੌਣ ਕਹੇਗਾ ਕਿ ਅਜਿਹੀਆਂ ਕਾਰਵਾਈਆਂ ਨਹੀਂ ਰੋਕੀਆਂ ਜਾਣੀਆਂ ਚਾਹੀਦੀਆਂ? ਇਨਾਂ ਕਾਨੂੰਨਾਂ ਦੀ ਵਰਤੋਂ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹਨਾਂ ਦੀ ਵਰਤੋਂ ਵੱਖਰੇ ਵਿਚਾਰਾਂ, ਸੱਤਾ ਧਾਰੀਆਂ ਦੇ ਸਿਆਸੀ ਵਿਰੋਧੀਆਂ, ਸੰਘਰਸ਼ਸ਼ੀਲ ਲੋਕਾਂ ਅਤੇ ਸਰਕਾਰ ਜ਼ਬਰ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਵਿਰੁੱਧ ਕੀਤੀ ਜਾਂਦੀ ਹੈ। ਜਦੋਂ ਦੁਰਵਰਤੋਂ ਦਾ ਇੱਕ ਵਾਰ ਰਾਹ ਪੱਧਰਾ ਹੋ ਜਾਂਦਾ ਹੈ ਤਾਂ ਫਿਰ ਇਹਨਾਂ ਦੀ ਮਾਰ ਵਿੱਚ ਤਕਰੀਬਨ ਪੂਰੀ ਵਸੋਂ ਅਤੇ ਹਰ ਵੰਨਗੀ ਦੇ ਲੋਕ ਆ ਜਾਂਦੇ ਹਨ।

ਅਸਲ ਵਿੱਚ ਇਨਾਂ ਕਾਨੂੰਨਾਂ ਰਾਹੀਂ ਸਥਾਪਿਤ ਕਾਨੂੰਨੀ ਅਮਲ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਇੰਡੀਅਨ ਐਵੀਡੈਂਸ ਐਕਟ ਅਤੇ ਕੋਡ ਆਫ਼ ਕ੍ਰਿਮਿਨਲ ਪ੍ਰੋਸੀਜਰ ਮੁਤਾਬਿਕ ਪੁਲਿਸ ਕੋਲ ਦਿੱਤੇ ਬਿਆਨ ਦੀ ਸਬੂਤ ਵਜੋਂ ਮਾਨਤਾ ਨਹੀਂ ਹੁੰਦੀ ਕਿਉਂਕਿ ਪੁਲਿਸ ਦਬਾਅ ਜਾਂ ਤਸ਼ੱਦਦ ਨਾਲ਼ ਕਿਸੇ ਕੋਲੋਂ ਮਰਜੀ ਦਾ ਬਿਆਨ ਕਢਵਾਅ ਸਕਦੀ ਹੈ ਪਰ ਟਾਡਾ ਕਾਨੂੰਨ ਵਿੱਚ ਇਸ ਬਿਆਨ ਨੂੰ ਕਾਨੂੰਨੀ ਸਬੂਤ ਵਜੋਂ ਮਾਨਤਾ ਦੇ ਦਿੱਤੀ ਗਈ ਸੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜਾ ਅਜਿਹੇ ਬਿਆਨ ਦੇ ਅਧਾਰ ਉੱਤੇ ਹੀ ਸੁਣਾਈ ਗਈ ਸੀ।

ਬਸਤੀਵਾਦੀ ਸ਼ਾਸਨ ਦੀ ਤਰਜ਼ ਉੱਤੇ ਧੱਕੇਸ਼ਾਹੀ ਵਾਲੇ ਕਾਨੂੰਨ ਲਾਗੂ ਕਰਨ ਦਾ ਆਧਾਰ ਇੰਡੀਆ ਦੇ ਸੰਵਿਧਾਨ ਵਿੱਚ ਹੀ ਮੌਜੂਦ ਹੈ ਕਿਉਂਕਿ ਸੰਵਿਧਾਨ ਦੀ ਧਾਰਾ 352 ਤਹਿਤ ਇੰਡੀਆ ਦਾ ਰਾਸ਼ਟਰਪਤੀ ਜਿੰਨਾਂ ਹਾਲਾਤਾਂ ਵਿੱਚ 'ਹੰਗਾਮੀ ਸ਼ਾਸਨ' (ਐਮਰਜੰਸੀ) ਲਗਾ ਸਕਦਾ ਹੈ ਉਨਾਂ ਵਿੱਚ 'ਅੰਦਰੂਨੀ ਸੁਰੱਖਿਆ' ਦੀ ਮਦ ਵੀ ਸ਼ਾਮਿਲ ਹੈ। ਮੌਜੂਦਾ ਭਾਰਤੀ ਸੰਵਿਧਾਨ ਦਾ ਬੁਨਿਆਦੀ ਖ਼ਾਸਾ 1919 ਅਤੇ 1935 ਦੇ 'ਗਵਰਨਮੈਂਟ ਆਫ਼ ਇੰਡੀਆ ਐਕਟ' ਵਾਲਾ ਹੀ ਹੈ ਭਾਵ ਕਿ ਬਸਤੀਵਾਦੀ ਹਾਕਮਾਂ ਨੇ ਇਸ ਬਹੁਭਾਂਤੀ ਖਿੱਤੇ ਵਿੱਚ ਕੇਂਦਰੀਕ੍ਰਿਤ ਨਿਜ਼ਾਮ ਸਿਰਜਣ ਲਈ ਜੋ ਨੀਹਾਂ ਰੱਖੀਆਂ ਸਨ, ਮੌਜੂਦਾ ਨਿਜ਼ਾਮ ਦੀ ਉਸਾਰੀ ਉਸੇ ਉੱਤੇ ਹੀ ਚੱਲ ਰਹੀ ਹੈ।

# ਪਾਰਟੀਆਂ ਦੀ ਚੋਣ ਕੂਟਨੀਤੀ ਤੇ ਪੰਜਾਬ ਦੇ ਮੁੱਦੇ



ਪ੍ਰਿਥੀ ਪਾਲ ਸਿੰਘ ਸੋਹੀ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਸ ਵਾਰ ਮੁੱਖ ਤੌਰ ਤੇ ਪੰਜ ਪ੍ਰਮੁੱਖ ਰਾਜਨੀਤਕ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਇਨਾਂ ਵਿੱਚੋਂ ਤਿੰਨ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਪੁਰਾਣੀ ਕੂਟਨੀਤੀ ਤੇ ਅਧਾਰ ਤੇ ਚੱਲ ਰਹੀਆਂ ਹਨ ਜਦੋਂ ਕਿ ਆਮ ਆਦਮੀ ਪਾਰਟੀ ਅਤੇ ਸੰਯੁਕਤ ਸਮਾਜ ਮੋਰਚਾ ਕੁੱਝ ਨਵੇਂ ਕਿਸਮ ਦੇ ਮੁੱਦਿਆਂ ਅਤੇ ਨੀਤੀ ਨੂੰ ਉਭਾਰ ਰਹੇ ਹਨ।

1-ਕਾਂਗਰਸ ਇਸ ਵਾਰ ਪਹਿਲਾਂ ਨਾਲੋਂ ਵੱਖਰੀ ਰਣਨੀਤੀ ਅਪਣਾ ਰਹੀ ਹੈ। ਪਿਛਲੀ ਵਾਰ ਵਾਂਗ ਉਹ ਮੁੱਖ ਮੰਤਰੀ ਦੇ ਚੇਹਰੇ ਨਾਲ ਸਾਹਮਣੇ ਨਹੀਂ ਆ ਰਹੀ। ਉਹ ਜਾਤੀ ਆਧਾਰ ਤੇ ਦਲਿਤ, ਜੱਟ ਅਤੇ ਹਿੰਦੂ ਵੋਟ ਨੂੰ ਵੇਖਕੇ ਤਿੰਨ ਚਿਹਰਿਆਂ, ਚਰਨਜੀਤ ਚੰਨੀ, ਨਵਜੋਤ ਸਿੱਧੂ ਅਤੇ ਸੁਨੀਲ ਜਾਖੜ ਨੂੰ ਲੋਕਾਂ ਸਾਹਮਣੇ ਪੇਸ਼ ਕਰ ਰਹੀ ਹੈ। ਉਨਾਂ ਦੀ ਦੂਜੀ ਨੀਤੀ ਹੈ ਕਾਂਗਰਸ ਦੇ ਸਾਢੇ ਚਾਰ ਸਾਲ ਦੇ ਮਾੜੇ ਪ੍ਰਬੰਧ ਨੂੰ ਪਰਦੇ ਪਿਛੇ ਲਕੋ ਦਿੱਤਾ ਜਾਵੇ ਤੇ ਚਰਨਜੀਤ ਚੰਨੀ ਸਰਕਾਰ ਦੇ ਪਿਛਲੇ 111 ਦਿਨਾਂ ਦੇ ਐਲਾਨਾਂ ਅਤੇ ਕੀਤੇ ਕੰਮਾਂ ਨੂੰ ਹੀ ਪ੍ਰਚਾਰਿਆ ਜਾਵੇ। ਐਂਟੀ ਇਨਕਮਬੈਂਸੀ ਨੂੰ ਠੱਲ ਪਾਉਣ ਲਈ ਕਾਂਗਰਸ ਨੇ ਇੱਕ ਨਵਾਂ ਪੈਂਤੜਾ ਆਪਣੇ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਰਾਹੀਂ ਲਿਆਂਦਾ ਹੈ। ਇਸ ਕੂਟਨੀਤੀ ਅਧੀਨ ਪਿਛਲੀ ਕਾਂਗਰਸ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਤੋਂ ਨਾਰਾਜ਼ ਲੋਕਾਂ ਨੂੰ ਸਿੱਧੂ ਨਾਲ ਜੋੜਕੇ ਵੋਟਾਂ ਲਈਆਂ ਜਾਣ ਦੀ ਇੱਛਾ ਹੈ। ਇਸ ਨੀਤੀ ਅਧੀਨ ਪੰਜਾਬੀਆਂ ਨੂੰ ਸਿੱਧੂ ਦੇ ਪੰਜਾਬ ਮਾਡਲ ਨੂੰ ਲਾਗੂ ਕਰਨ ਲਈ ਕਾਂਗਰਸ ਨੂੰ ਪੰਜ ਸਾਲ ਹੋਰ ਦੇਣ ਲਈ ਕਿਹਾ ਜਾ ਰਿਹਾ ਹੈ। ਇਸ ਵਾਰ ਕੈਪਟਨ ਵਾਂਗ ਸਹੁੰ ਚੁੱਕ ਰਾਜਨੀਤੀ ਨਹੀਂ ਅਪਣਾਈ ਜਾ ਰਹੀ। ਕਾਂਗਰਸ ਨੇ ਵੋਟਾਂ ਭਰਮਾਉਣ ਲਈ ਇੱਕ ਨੀਤੀ ਪੁਰਾਣੀ ਹੀ ਅਪਣਾਈ ਹੈ ਜੋ ਅਕਾਲੀ ਵੀ ਵਰਤਦੇ ਰਹੇ ਹਨ। ਚੋਣਾਂ ਤੋਂ ਤਿੰਨ ਚਾਰ ਮਹੀਨੇ ਪਹਿਲਾਂ ਹਰ ਪਿੰਡ ਵਿੱਚ ਇੱਕ ਤੋਂ ਚਾਰ ਪੰਜ ਕਰੋੜ ਰੁਪਏ ਤੱਕ ਲਾ ਦਿਊ, ਪਿੰਡ ਦੀਆਂ ਗਲੀਆਂ ਨਾਲੀਆਂ ਨਵੀਆਂ ਬਣਾ ਦਿਊ, ਪੁਰਾਣੀਆਂ ਪੁੱਟ ਦਿਊ, ਪਿੰਡ ਵਿੱਚ ਲਾਈਟਾਂ ਲਗਵਾ ਦਿਊ ਤੇ ਹੁਣ ਪੇਂਡੂ ਪਾਰਕ ਵੀ ਇਸ ਵਿੱਚ ਸ਼ਾਮਲ ਕਰ ਲਏ ਗਏ ਹਨ। ਕਾਂਗਰਸੀ ਐਮ.ਐਲ. ਏ. ਹੁਣ ਕਹਿ ਸਕਦੇ ਹਨ ਕਿ ਤੁਹਾਡੇ ਪਿੰਡ ਵਿੱਚ ਕਾਂਗਰਸ ਸਰਕਾਰ ਨੇ ਵਿਕਾਸ ਤੇ ਇੰਨੇ ਕਰੋੜ ਲਾਏ ਹਨ। ਇਸ ਸਕੀਮ ਅਧੀਨ ਐਮ.ਐਲ.ਏ., ਕਈ ਪੰਚਾਂ ਸਰਪੰਚਾਂ, ਬਲਾਕ ਅਧਿਕਾਰੀਆਂ ਆਦਿ ਸਭ ਨੂੰ ਹੀ ਲੋਕਾਂ ਦੇ ਖਜ਼ਾਨੇ ਤੇ ਹੱਥ ਫੇਰਨ ਦਾ ਮੌਕਾ ਮਿਲ ਜਾਂਦਾ ਹੈ। ਪੰਜਾਬ ਵਿੱਚ ਪਿਛਲੀਆਂ ਤਿੰਨ ਚਾਰ ਸਰਕਾਰਾਂ ਤੋਂ ਵਿਕਾਸ ਦਾ ਇਹੀ ਮਾਡਲ ਚੱਲ ਰਿਹਾ ਹੈ। ਕਾਂਗਰਸ ਬੇਅਦਬੀਆਂ ਅਤੇ ਨਸ਼ਾ ਖਤਮ ਕਰਨ ਦੇ ਮਾਮਲੇ ਨੂੰ ਠੰਡੇ ਬਸਤੇ ਵਿੱਚ ਪਾਉਣ ਦੀ ਕੋਸਿ.ਸ਼ ਕਰ ਰਹੀ ਹੈ। ਘਰ ਘਰ ਨੌਕਰੀ, ਸਮਾਰਟ ਫੋਨ, ਕਰਜ਼ਾ ਮੁਆਫੀ ਅਤੇ ਕਈ ਹੋਰ ਸਕੀਮਾਂ ਦੀ ਨਾਕਾਮੀਂ ਨੂੰ ਕੈਪਟਨ ਦੇ ਖਾਤੇ ਵਿੱਚ ਪਾ ਰਹੀ ਹੈ। ਰੇਤ, ਟਰਾਂਸਪੋਰਟ, ਸ਼ਰਾਬ ਅਤੇ ਕੇਬਲ ਮਾਫੀਆ ਨੂੰ ਖਤਮ ਕਰਨ ਦੀ ਗੱਲ ਵੀ ਕਾਂਗਰਸ ਹੁਣ ਪਿਛੇ ਲਕੋਣ ਦੇ ਯਤਨ ਕਰ ਰਹੀ ਹੈ। ਸਿੱਧੂ ਮਾਡਲ ਰਾਹੀਂ ਇਨਾਂ ਦੇ ਨਵੇਂ ਹੱਲ ਦੱਸ ਰਹੀ ਹੈ ਤਾਂ ਜੋ ਲੋਕਾਂ ਨੂੰ ਇਕ ਵਾਰ ਫੇਰ ਨਵੇਂ ਢੰਗ ਨਾਲ ਭਰਮਾਇਆ ਜਾਵੇ। ਦੂਜੀਆਂ ਪਾਰਟੀਆਂ ਵਾਂਗ ਕਾਂਗਰਸ ਵੀ ਆਮ ਆਦਮੀ ਪਾਰਟੀ ਨੂੰ ਆਪਣੇ ਨਿਸ਼ਾਨੇ ਤੇ ਵਧੇਰੇ ਲਿਆ ਰਹੀ ਹੈ, ਪਰ ਇਸ ਵਾਰ ਆਮ ਆਦਮੀ ਪਾਰਟੀ ਦੇ ਉਮੀਦਾਵਰਾਂ ਨੂੰ ਹਰਾਉਣ ਲਈ ਉਨਾਂ ਦੀ ਅਕਾਲੀਆਂ ਨਾਲ ਬਹੁਤੀ ਗਾਂਢ-ਸਾਂਢ ਫਿਲਹਾਲ ਵਿਖਾਈ ਨਹੀਂ ਦੇ ਰਹੀ। ਕੁੱਝ ਦਿਨ ਪਹਿਲਾਂ ਇਕੱਲੀ ਇਕੱਲੀ ਸੀਟ ਤੇ ਅਜਿਹੇ ਲੈਣ ਦੇਣ ਦੇ ਅੰਦਰੂਨੀ ਸਮਝੌਤਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਾਂਗਰਸ ਦੀ ਪੰਜ ਸਾਲ ਦੀ ਹਕੂਮਤ, ਕਾਂਗਰਸ ਲੀਡਰਸ਼ਿੱਪ ਦੀ ਆਪਸੀ ਖਿਚੋਤਾਣ ਅਤੇ ਪੁਰਾਣਾ ਪੰਜਾਬ ਤੇ ਸਿੱਖ ਵਿਰੋਧੀ ਇਤਿਹਾਸਕ ਪਿਛੋਕੜ ਕਾਂਗਰਸ ਵਿਰੁੱਧ ਮਹੌਲ ਸਿਰਜ ਰਿਹਾ ਹੈ। ਸੰਯੁਕਤ ਸਮਾਜ ਮੋਰਚੇ ਦਾ ਕਮਿਊਨਿਸਟ ਆਧਾਰ ਕਾਂਗਰਸ ਲਈ ਨੁਕਸਾਨਦੇਹ ਹੋ ਸਕਦਾ ਹੈ।

2-ਪੰਜਾਬੀ ਸੂਬਾ ਬਣਨ ਤੋਂ ਬਾਅਦ 19 ਸਾਲ ਪੰਜਾਬ ਦੀ ਸੱਤਾ ਤੇ ਕਾਬਜ ਰਿਹਾ ਸ੍ਰੋਮਣੀ ਅਕਾਲੀ ਦਲ ਇਸ ਵਾਰ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਸੁਖਬੀਰ ਸਿੰਘ ਬਾਦਲ ਦੇ ਮੁੱਖ ਮੰਤਰੀ ਚਿਹਰੇ ਨਾਲ ਸਾਹਮਣੇ ਆਇਆ ਹੈ। ਵੈਸੇ ਉਨਾਂ ਸੁਖਬੀਰ ਬਾਦਲ ਦੇ ਨਾਮ ਨੂੰ ਬਤੌਰ ਮੁੱਖ ਮੰਤਰੀ ਵਜੋਂ ਬਹੁਤਾ ਪ੍ਰਚਾਰਿਆ ਨਹੀਂ। ਇਹ ਵੀ ਇੱਕ ਰਣਨੀਤੀ ਦਾ ਹਿੱਸਾ ਹੈ। ਸ੍ਰੋਮਣੀ ਅਕਾਲੀ ਦਲ ਆਪਣੇ ਪਿਛਲੇ 2007 ਤੋਂ 2017 ਤੱਕ ਕੀਤੇ ਵਿਕਾਸ ਦੇ ਕੰਮਾਂ ਜਿਨਾਂ ਵਿੱਚ ਸੜਕਾਂ, ਪੁਲ, ਪਿੰਡਾਂ ਦੇ ਜਿੰਮ, ਪਾਰਕ ਆਦਿ ਤੋਂ ਇਲਾਵਾ ਪਿੰਡਾਂ ਦੀਆਂ ਗਲੀਆਂ ਨਾਲੀਆਂ ਨੂੰ ਪੱਕਾ ਕਰਨਾ ਵੀ ਸ਼ਾਮਲ ਹੈ ਦਾ ਵੀ ਕੁੱਝ ਜ਼ਿਕਰ ਕਰਦਾ ਹੈ ਪਰ ਉਨਾਂ ਦਾ ਬਹੁਤਾ ਜੋਰ ਕਾਂਗਰਸ ਦੇ ਰੇਤ ਮਾਫੀਆ, ਕੁਰੱਪਸ਼ਨ ਅਤੇ ਪਾਟੋਧਾੜ ਦੇ ਜ਼ਿਕਰ 'ਤੇ ਲੱਗ ਰਿਹਾ ਹੈ। ਉਹ ਕਾਂਗਰਸ ਵਾਂਗ ਕੇਜਰੀਵਾਲ, ਉਸ ਦੇ ਦਿੱਲੀ ਮਾਡਲ, ਦਿੱਲੀ ਵਾਲਿਆਂ ਦਾ ਪੰਜਾਬ ਤੇ ਕਬਜਾ ਅਤੇ ਭਗਵੰਤ ਮਾਨ ਦੇ ਨਿੱਜੀ ਜੀਵਨ ਨੂੰ ਵੀ ਨਿਸ਼ਾਨੇ 'ਤੇ ਲੈ ਰਹੇ ਹਨ। ਉਨਾਂ ਦੇ ਪੁਰਾਣੇ ਮੁੱਦੇ ਚੰਡੀਗੜ, ਪੰਜਾਬੀ ਬੋਲਦੇ ਇਲਾਕੇ, ਧਰਮ ਨੂੰ ਖਤਰਾ, 1984 ਦੇ ਸਿੱਖ ਮਸਲਿਆਂ ਤੇ ਕਾਂਗਰਸ ਨੂੰ ਰਗੜੇ ਆਦਿ ਬਹੁਤੇ ਨਹੀਂ ਚੱਲ ਰਹੇ। ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਮੁੱਦਿਆਂ ਦੀ ਭਾਲ ਵਿੱਚ ਵਿਖਾਈ ਦੇ ਰਿਹਾ ਹੈ। ਖੇਤੀ ਬਿਲਾਂ ਤੇ ਭਾਜਪਾ ਨਾਲ ਭਾਈਵਾਲੀ ਕਰਨ ਵਾਲੀ ਪੁਰਾਣੀ ਸਾਂਝ ਦਾ ਸੇਕ ਵੀ ਇਹ ਆਪਣੇ ਪੁਰਾਣੇ ਪੇਂਡੂ ਅਤੇ ਕਿਸਾਨੀ ਹਲਕਿਆਂ ਵਿੱਚ ਕੁੱਝ ਹੱਦ ਤੱਕ ਝੱਲ ਰਿਹਾ ਹੈ। ਸੰਯੁਕਤ ਸਮਾਜ ਮੋਰਚਾ ਵੀ ਪੇਂਡੂ ਖੇਤਰਾਂ ਵਿੱਚ ਇਨਾਂ ਦੇ ਆਧਾਰ 'ਤੇ ਅਸਰ ਪਾ ਰਿਹਾ ਹੈ।

3-ਤੀਜੀ ਨਵੀਂ ਧਿਰ ਇਸ ਵਾਰ ਭਾਜਪਾ ਦੀ ਹੈ। ਉਨਾਂ ਕੈਪਟਨ ਅਤੇ ਉਸ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਸਾਂਝ ਪਾ ਲਈ ਹੈ, ਪਰ ਵੱਡਾ ਪਾਰਟਨਰ ਆਪਣੇ ਆਪ ਨੂੰ ਹੀ ਰੱਖਿਆ ਹੈ। ਭਾਜਪਾ ਭਾਵੇਂ ਨਵੇਂ ਪੰਜਾਬ ਦੀ, ਵਿਕਾਸ ਲਈ ਡਬਲ ਇੰਜਣ ਅਤੇ ਨਸ਼ਾ ਮੁਕਤ ਪੰਜਾਬ ਦੀ ਗੱਲ ਕਰ ਰਹੀ ਹੈ, ਪਰ ਉਨਾਂ ਦੀ ਬਹੁਤੀ ਨੀਤੀ ਕਾਂਗਰਸ ਮੁਕਤ ਪੰਜਾਬ ਨੂੰ ਧਿਆਨ ਵਿੱਚ ਰੱਖਕੇ, ਕਾਗਰਸ ਨੂੰ ਭੰਡਣ ਵੱਲ ਕੇਂਦਰਤ ਹੈ। ਉਹ ਭਗਵੰਤ ਮਾਨ ਦੇ ਨਿੱਜ ਤੇ ਵੀ ਨਿਸ਼ਾਨਾ ਸੇਧ ਰਹੇ ਹਨ। ਭਾਜਪਾ ਦਾ ਬਹੁਤਾ ਧਿਆਨ ਅਕਾਲੀ ਦਲ ਤੋਂ ਸੁਤੰਤਰ ਹੋ ਕੇ ਸਿੱਖ ਸਮਾਜ ਵਿੱਚ ਆਪਣਾ ਅਧਾਰ ਮਜ਼ਬੂਤ ਕਰਨ ਵੱਲ ਹੈ। ਉਹ ਕਹਿ ਰਹੇ ਹਨ ਕਿ ਜੇ ਸਿੱਖ ਕਾਂਗਰਸ ਨਾਲ ਜੁੜ ਸਕਦੇ ਹਨ ਜਿਨਾਂ ਪੰਜਾਬ ਅਤੇ ਸਿੱਖਾਂ ਨਾਲ ਇੰਨੇ ਧੱਕੇ ਕੀਤੇ ਹਨ ਤਾਂ ਉਹ ਭਾਜਪਾ ਨਾਲ ਕਿਉਂ ਨਹੀਂ ਜੁੜ ਸਕਦੇ? ਉਹ ਮੋਦੀ ਸਰਕਾਰ ਦੁਆਰਾ ਸਿੱਖਾਂ ਲਈ ਕੀਤੇ ਕੰਮਾਂ ਨੂੰ ਵੀ ਗਿਣਾ ਰਹੇ ਹਨ। ਪਰ ਖੇਤੀ ਕਾਨੂੰਨਾਂ ਕਾਰਨ ਉਨਾਂ ਦਾ ਪਿੰਡਾਂ ਵੱਲ ਸੇਧਤ ਰਥ ਬਹੁਤਾ ਅੱਗੇ ਨਹੀਂ ਵਧ ਸਕਿਆ। ਅਕਾਲੀਆਂ ਨਾਲ ਹੋਏ ਗੱਠਜੋੜ ਨੇ ਉਨਾਂ ਨੂੰ ਪੰਜਾਬ ਵਿੱਚ ਆਪਣਾ ਅਧਾਰ ਫੈਲਾਉਣ ਤੋਂ ਰੋਕੀ ਰੱਖਿਆ ਸੀ, ਪਰ ਹੁਣ ਉਨਾ ਦੇ ਪੰਜਾਬ ਵਿੱਚ ਵਿਸਥਾਰ ਦੇ ਰਾਹ ਵਧੇਰੇ ਖੁੱਲ ਗਏ ਹਨ। ਕੈਪਟਨ ਦੇ ਸਾਢੇ ਚਾਰ ਸਾਲ ਦੇ ਮਾੜੇ ਪ੍ਰਬੰਧ ਦਾ ਅਤੇ ਖੇਤੀ ਬਿਲਾਂ ਦਾ ਸੇਕ ਉਨਾਂ ਨੂੰ ਝੱਲਣਾ ਪੈ ਰਿਹਾ ਹੈ।

4-ਬਾਕੀ ਰਹੀ ਗੱਲ ਆਮ ਆਦਮੀ ਪਾਰਟੀ ਦੀ। ਇਨਾਂ ਪਾਸ ਕਾਂਗਰਸ ਅਤੇ ਅਕਾਲੀ ਸਰਕਾਰਾਂ ਵਾਲਾ ਮਾੜਾ ਪ੍ਰਸ਼ਾਸਕੀ ਬੈਗਿਜ਼ ਨਹੀਂ ਕਿਉਂਕਿ ਇਨਾਂ ਹਾਲ ਤੱਕ ਪੰਜਾਬ ਦੀ ਸੱਤਾ ਕਦੇ ਨਹੀਂ ਸੰਭਾਲੀ। ਇਨਾਂ ਨੇ ਆਪਣੀ ਨੀਤੀ ਗਲ਼ੀਆਂ ਨਾਲ਼ੀਆਂ ਨਾਲੋਂ ਵੱਧ ਸਿਹਤ, ਸਿੱਖਿਆ, ਬੇਰੁਜ਼ਗਾਰੀ ਅਤੇ ਕੁਰੱਪਸ਼ਨ ਦੂਰ ਕਰਕੇ ਸਾਫ ਸੁਥਰੇ ਪ੍ਰਸ਼ਾਸਨ ਨੂੰ ਮੁੱਦੇ ਬਣਾਕੇ ਤਹਿ ਕੀਤੀ ਹੈ। ਸ਼ਹਿਰੀ ਅਤੇ ਹਿੰਦੂ ਵੋਟਾਂ ਲੈਣ ਲਈ ਤਿਰੰਗਾ ਯਾਤਰਾਵਾਂ, ਸ਼ਾਂਤੀ ਮਾਰਚ ਅਤੇ ਗਰਮ ਖਿਆਲੀ ਸਿੱਖ ਜੱਥੇਬੰਦੀਆਂ ਅਤੇ ਨਿਰੋਲ ਸਿੱਖ ਮੁੱਦਿਆਂ ਤੋਂ ਦੂਰੀ ਅਪਨਾਉਣ ਦੀ ਕੂਟਨੀਤੀ ਅਪਣਾਈ ਹੈ। ਇਸ ਵਾਰ ਇਹ ਪੁਰਾਣੇ ਨਕਸਲਾਈਟ ਅਤੇ ਕਮਿਊਨਿਸਟ ਗਰੁੱਪਾਂ ਤੋਂ ਵੀ ਦੂਰੀ ਰੱਖ ਰਹੇ ਹਨ। ਨੌਜਵਾਨਾਂ ਨੂੰ ਨਾਲ ਜੋੜਨ ਲਈ ਬੇਰੁਜ਼ਗਾਰੀ ਅਤੇ ਸਿੱਖਿਆ ਦੇ ਮੁੱਦੇ ਵਧੇਰੇ ਉਭਾਰ ਰਹੇ ਹਨ। ਇਹ ਸਕੂਲਾਂ, ਹਸਪਤਾਲਾਂ, ਕੁਰੱਪਸ਼ਨ ਮੁਕਤ ਪ੍ਰਬੰਧ, ਬਿਜਲੀ ਅਤੇ ਪਾਣੀ ਬਾਰੇ ਦਿੱਲੀ ਮਾਡਲ ਨੂੰ ਵੀ ਪੇਸ਼ ਕਰ ਰਹੇ ਹਨ। ਇਹ ਕਾਂਗਰਸ ਅਤੇ ਅਕਾਲੀ ਦਲ ਦੀ 'ਉੱਤਰ ਕਾਟੋ ਮੈਂ ਚੜਾਂ' ਦੀ ਨੀਤੀ ਦੀ ਅਲੋਚਨਾ ਕਰਦੀ ਹੋਈ, ਪੰਜਾਬ ਦੀ ਦੁਰਗਤੀ ਲਈ ਇਨਾਂ ਪਰੰਪਰਾਗਤ ਪਾਰਟੀਆਂ ਨੂੰ ਜਿ.ਮੇਵਾਰ ਸਮਝਣ ਦਾ ਪ੍ਰਚਾਰ ਕਰ ਰਹੀ ਹੈ। ਅਤੇ ਇਸ ਵਾਰ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਦੇਣ ਦੀ ਗੱਲ ਕਹਿ ਰਹੀ ਹੈ। ਇਨਾਂ 'ਤੇ ਟਿਕਟਾਂ ਵੇਚਣ, ਭਾਜਪਾ ਦੀ ਬੀ ਟੀਮ, ਪੰਜਾਬ ਦੇ ਹਿਤਾਂ ਦੇ ਵਿਰੁੱਧ ਚੱਲਣ ਦੇ ਵੀ ਕਥਿਤ ਦੋਸ਼ ਲੱਗ ਰਹੇ ਹਨ। ਇਨਾਂ ਬਾਰੇ ਅਗਾਊਂ ਡਰ ਪੈਦਾ ਕਰਨ ਵਾਲੀ ਆਲੋਚਨਾ ਵੀ ਚੱਲ ਰਹੀ ਹੈ। ਪਰ ਵੋਟਰ ਇਸ ਵਾਰ ਕਾਫੀ ਕੁੱਝ ਸਮਝ ਰਹੇ ਹਨ। ਇਸ ਵਾਰ ਹਰ ਪਿੰਡ ਵਿੱਚ ਕਾਂਗਰਸ ਅਤੇ ਅਕਾਲੀ ਦਲ ਵਾਂਗ ਇਨਾਂ ਦਾ ਵੀ ਇੱਕ ਧੜਾ ਵਿਖਾਈ ਦੇ ਰਿਹਾ ਹੈ। ਸੰਯੁਕਤ ਸਮਾਜ ਮੋਰਚਾ ਦੀ ਹੋਂਦ ਮਾਲਵਾ ਖੇਤਰ ਵਿੱਚ ਇਨਾਂ ਦੇ ਆਧਾਰ ਨੂੰ ਕੁੱਝ ਖੋਰਾ ਲਾ ਰਹੀ ਹੈ। ਪਰ ਕਿਸਾਨ ਮੋਰਚੇ ਕਾਰਨ ਵਧੀ ਹੋਈ ਰਾਜਨੀਤਕ ਚੇਤਨਾ ਦਾ ਲਾਭ ਵੀ ਇਨਾਂ ਨੂੰ ਹੀ ਵਧੇਰੇ ਮਿਲਦਾ ਵਿਖਾਈ ਦੇ ਰਿਹਾ ਹੈ। ਹੁਣ ਤੱਕ ਦੇ ਸਰਵੇ ਕੁੱਝ ਅਜਿਹਾ ਹੀ ਦਰਪਣ ਪੇਸ਼ ਕਰ ਰਹੇ ਹਨ।

5-ਸੰਯੁਕਤ ਕਿਸਾਨ ਮੋਰਚਾ ਪਾਰਟੀ ਵੀ ਪ੍ਰੰਪਰਾਗਤ ਰਾਜਨੀਤਕ ਪਾਰਟੀਆਂ ਤੋਂ ਹਟਕੇ ਕੁੱਝ ਆਮ ਆਦਮੀ ਪਾਰਟੀ ਨਾਲ ਮਿਲਦੇ ਜੁਲਦੇ ਮੁੱਦਿਆਂ ਨੂੰ ਉਭਾਰ ਰਹੀ ਹੈ। ਕਿਸਾਨੀ ਮੁੱਦਿਆਂ ਦੇ ਨਾਲ ਨਾਲ ਸਿਹਤ, ਸਿੱਖਿਆ, ਬੇਰੁਜ਼ਗਾਰੀ ਅਤੇ ਕੁਰੱਪਸ਼ਨ ਮੁਕਤ ਪ੍ਰਸ਼ਾਸਨ ਇਨਾਂ ਦੇ ਵੀ ਏਜੰਡੇ ਤੇ ਹੈ। ਇਹ ਪਾਰਟੀ ਦਿੱਲੀ ਵਿੱਚ ਇਕ ਸਾਲ ਤੋਂ ਵੱਧ ਚੱਲੇ ਕਿਸਾਨ ਮੋਰਚੇ ਦੇ ਲਾਭ ਲੈਣ ਦੀ ਇੱਛਾ ਰੱਖਦੀ ਹੈ। ਕਿਸਾਨੀ ਮੁਦਿਆਂ ਲਈ ਚਲਾਏ ਲੰਬੇ ਸੰਘਰਸ਼ ਕਾਰਨ ਇਨਾਂ ਪਾਸ ਕਿਸਾਨੀ ਹਮਦਰਦੀ ਹੈ। ਇਸ ਪਾਰਟੀ ਤੇ ਵੀ ਪਹਿਲਾਂ ਕਿਸੇ ਮਾੜੇ ਪ੍ਰਸ਼ਾਸਨ ਦਾ ਦੋਸ਼ ਨਹੀਂ, ਕਿਉਂਕਿ ਇਨਾਂ ਵੀ ਕਦੇ ਇੱਥੇ ਹਕੂਮਤ ਨਹੀਂ ਕੀਤੀ। ਦੁਜੀਆਂ ਪਾਰਟੀਆ ਸੰਯੁਕਤ ਕਿਸਾਨ ਮੋਰਚੇ ਦੀ ਬਹੁਤੀ ਅਲੋਚਨਾ ਨਹੀਂ ਕਰ ਰਹੀਆਂ। ਪਰ ਚੋਣ ਮੈਦਾਨ ਵਿੱਚ ਲੇਟ ਆਉਣ ਕਾਰਨ ਇਹ ਪਾਰਟੀ ਕਈ ਜੱਥੇਬੰਦਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਪਾਰਟੀ ਦੀ ਮਾਨਤਾ ਅਤੇ ਚੋਣ ਨਿਸ਼ਾਨ ਦੀ ਸਮੱਸਿਆ ਪਾਰਟੀ ਲਈ ਨੁਕਸਾਨਦੇਹ ਹੋ ਸਕਦੀ ਹੈ।

ਬਾਕੀ ਸਫ਼ਾ 30 'ਤੇ

# ਪ੍ਰੋ. ਭੁੱਲਰ ਦੀ ਰਿਹਾਈ ਦਾ ਮਸਲਾ, ਕੇਜਰੀਵਾਲ ਤੇ ਸ਼੍ਰੋਮਣੀ ਕਮੇਟੀ

**ਰਜਿੰਦਰ ਸਿੰਘ ਪੁਰੇਵਾਲ**

ਸਿੱਖ ਬੰਦੀਵਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ ਤੇ 'ਆਪ' ਸਿੱਖ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਹੈ। ਹੁਣੇ ਜਿਹੇ ਇੱਥੇ ਸਿੱਖ ਨੁਮਾਇੰਦਿਆਂ ਅਤੇ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਦੀ ਹਾਜ਼ਰੀ ਵਿਚ ਸਰਵਣ ਸਿੰਘ ਅਗਵਾਨ, ਅਕਾਲ ਫੈੱਡਰੇਸ਼ਨ ਦੇ ਨਰੈਣ ਸਿੰਘ ਚੌੜਾ, ਰਣਜੀਤ ਸਿੰਘ ਬੱਗਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪ੍ਰੋ. ਭੁੱਲਰ ਦੀ ਰਿਹਾਈ ਨੂੰ ਪ੍ਰਵਾਨਗੀ ਦੇਣ ਲਈ 26 ਜਨਵਰੀ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਹੈ। ਇਸ ਤੋਂ ਬਾਅਦ 'ਆਪ' ਉਮੀਦਵਾਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨਾਂ ਦਾ ਕਹਿਣਾ ਹੈ ਕਿ ਕਿ ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਵੀ ਕੀਤਾ ਗਿਆ ਸੀ ਜਿਸ ਵਿੱਚ ਪ੍ਰੋ. ਭੁੱਲਰ ਦਾ ਨਾਂ ਵੀ ਸ਼ਾਮਲ ਸੀ। ਇਸ ਦੇ ਬਾਵਜੂਦ ਕੇਜਰੀਵਾਲ ਸਰਕਾਰ ਦਾ ਰਵੱਈਆ ਉਸ ਦੀ ਰਿਹਾਈ ਵਿਚ ਅੜਿੱਕਾ ਬਣਿਆ ਹੋਇਆ ਹੈ। ਸਿੱਖ ਆਗੂ ਨਰਾਇਣ ਸਿੰਘ ਚੌੜਾ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਭਾਜਪਾ ਦੀ ਕੇਂਦਰ ਸਰਕਾਰ ਸੰਵਿਧਾਨ ਦੀ ਵਰਤੋਂ ਕਰਦਿਆਂ ਆਪਣੇ ਤੌਰ 'ਤੇ ਵੀ ਪ੍ਰੋ. ਭੁੱਲਰ ਦੀ ਰਿਹਾਈ ਕਰ ਸਕਦੀ ਹੈ। ਉਨਾਂ ਮੋਦੀ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਜੇ ਭਾਜਪਾ ਨੇ ਵੀ ਰਿਹਾਈ ਲਈ ਕੁਝ ਨਾ ਕੀਤਾ ਤਾਂ ਭਾਜਪਾ ਉਮੀਦਵਾਰਾਂ ਦਾ ਵੀ ਵਿਰੋਧ ਕੀਤਾ ਜਾਵੇਗਾ।ਇਸ ਤੋਂ ਪਹਿਲਾਂ ਇਹ ਮਾਮਲਾ ਸ੍ਰੀ ਅਕਾਲ ਤਖ਼ਤ 'ਤੇ ਵੀ ਪੁੱਜਾ ਹੈ। ਅਨੇਕਾਂ ਸਿੱਖ ਜਥੇਬੰਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਉਮੀਦਵਾਰਾਂ ਦੇ ਬਾਈਕਾਟ ਦਾ ਵੀ ਐਲਾਨ ਕਰ ਚੁੱਕੀਆਂ ਹਨ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ,ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਕੇਜਰੀਵਾਲ ਨੂੰ ਪ੍ਰੋਫੈਸਰ ਭੁਲਰ ਦੀ ਰਿਹਾਈ ਦੀ ਅਪੀਲ ਕਰ ਚੁਕੇ ਹਨ। ਇਸੇ ਦੌਰਾਨ ਸਿੱਖ ਜਥੇਬੰਦੀ ਅਕਾਲ ਯੂਥ ਦੇ ਕਾਰਕੁੰਨਾਂ ਨੇ ਬੀਤੇ ਦਿਨੀਂ ਮੁਹਾਲੀ ਵਿਚ ਪੱਤਰਕਾਰ ਸੰਮੇਲਨ ਦੌਰਾਨ 'ਆਪ' ਆਗੂ ਰਾਘਵ ਚੱਢਾ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਗਈਆਂ ਅਤੇ ਅਰਵਿੰਦ ਕੇਜਰੀਵਾਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਅਕਾਲ ਯੂਥ ਦੇ ਪ੍ਰਮੁੱਖ ਆਗੂ ਭਾਈ ਜਸਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਤੱਕ ਕੇਜਰੀਵਾਲ ਸਰਕਾਰ ਦਿੱਲੀ ਜੇਲ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕਰਦੀ, ਉਦੋਂ ਤੱਕ 'ਆਪ' ਦੇ ਪ੍ਰੋਗਰਾਮਾਂ ਦਾ ਵਿਰੋਧ ਜਾਰੀ ਰਹੇਗਾ। ਸਿੱਖ ਯੂਥ ਆਫ਼ ਪੰਜਾਬ ਸਣੇ ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਆਦਿ ਦੇ ਆਗੂਆਂ ਨੇ ਮੀਟਿੰਗ ਕਰ ਕੇ ਫ਼ੈਸਲਾ ਕੀਤਾ ਹੈ ਕਿ 26 ਜਨਵਰੀ ਗਣਤੰਤਰ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ। ਇਸ ਦਿਨ ਅੰਮ੍ਰਿਤਸਰ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ। ਭਾਜਪਾ ਵਿਚ ਸ਼ਾਮਲ ਹੋਏ ਸਰਚਾਂਦ ਸਿੰਘ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਪੱਤਰ ਭੇਜ ਕੇ ਸਿੱਖ ਬੰਦੀ ਪ੍ਰੋ. ਭੁੱਲਰ ਦੀ ਰਿਹਾਈ ਵਿਚ ਪੈਦਾ ਹੋਏ ਅੜਿੱਕੇ ਖ਼ਤਮ ਕਰਨ ਦੀ ਅਪੀਲ ਕੀਤੀ ਹੈ।

ਪੰਥਕ ਤੇ ਕਿਸਾਨ ਆਗੂ ਬਾਬਾ ਹਰਦੀਪ ਸਿੰਘ ਡਿਬਡਿਬਾ ਤੇ ਬਾਬਾ ਬਖ਼ਸ਼ੀਸ਼ ਸਿੰਘ ਦੀ ਅਗਵਾਈ ਵਿਚ ਬੈਠਕ ਦੌਰਾਨ ਕੇਜਰੀਵਾਲ ਨੂੰ ਪੰਜ ਦਿਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਇਸ ਤੋਂ ਬਾਅਦ ਕੇਜਰੀਵਾਲ ਤੇ ਭਗਵੰਤ ਮਾਨ ਸਣੇ ਤੇ ਹੋਰ ਆਗੂਆਂ ਦਾ ਘਿਰਾਓ ਕੀਤਾ ਜਾਵੇਗਾ। ਇਸੇ ਦੌਰਾਨ ਭਾਈ ਜਸਵਿੰਦਰ ਸਿੰਘ ਨੇ ਮੰਗ ਕੀਤੀ ਕਿ ਬੁੜੈਲ ਜੇਲ ਵਿੱਚ ਨਜ਼ਰਬੰਦ ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਲਖਵਿੰਦਰ ਸਿੰਘ ਨੂੰ ਜਲਦੀ ਰਿਹਾਅ ਕੀਤਾ ਜਾਵੇ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਹੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋ ਚੁਕੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪ੍ਰੋ. ਭੁੱਲਰ ਦੀ ਰਿਹਾਈ ਸਬੰਧੀ ਦਿੱਲੀ ਦੀ ਸਰਕਾਰ ਸਿੱਖ ਜਜ਼ਬਾਤਾਂ ਦੇ ਨਾਲ ਖਿਲਵਾੜ ਕਰ ਰਹੀ ਹੈ। ਭੁੱਲਰ ਤੇ ਹੋਰ ਸਿੱਖ ਕੈਦੀ ਜਿਹੜੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਤੁਰੰਤ ਰਿਹਾਈ ਹੋਣੀ ਚਾਹੀਦੀ ਹੈ।

ਇਸ ਦੌਰਾਨ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਵਲੋਂ ਪ੍ਰਧਾਨ ਅਮਰਬੀਰ ਸਿੰਘ ਢੋਟ ਦੀ ਅਗਵਾਈ ਵਿਚ ਸਿੱਖ ਬੰਦੀ ਭੁੱਲਰ ਨੂੰ ਬਣਦੀ ਸਜ਼ਾ ਪੂਰੀ ਹੋਣ ਦੇ ਬਾਵਜੂਦ



ਵੀ ਰਿਹਾਅ ਨਾ ਕੀਤੇ ਜਾਣ ਵਿਰੁੱਧ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਅਰਵਿੰਦ ਕੇਜਰੀਵਾਲ ਦੇ ਪੁਤਲੇ ਸਾੜ ਕੇ ਰੋਸ ਪ੍ਰਦਰਸ਼ਨ ਕੀਤੇ ਗਏ। ਅੰਮ੍ਰਿਤਸਰ ਵਿਖੇ ਜਹਾਜ਼ਗੜ-ਗੋਲਡਨ ਐਵੀਨਿਊ ਚੌਕ ਵਿਚ ਜੀ. ਟੀ. ਰੋਡ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਅਰਵਿੰਦ ਕੇਜਰੀਵਾਲ ਦਾ ਪੁਤਲਾ ਸਾੜਿਆ ਗਿਆ । ਸਿੱਖ ਬੰਦੀਵਾਨਾਂ ਦੇ ਮਸਲੇ ਉਪਰ ਜੇ ਅਸੀਂ ਗੰਭੀਰਤਾ ਨਾਲ ਨਜ਼ਰ ਮਾਰੀਏ ਤਾਂ ਕੁਝ ਕੁਝ ਇਹ ਲਗਦਾ ਹੈ ਕਿ ਸਿੱਖਾਂ ਵਿੱਚ ਉਹ ਚੇਤੰਨਤਾ ਉਭਰ ਰਹੀ ਹੈ ਅਤੇ ਪੰਥ ਸੰਗਠਤ ਹੋ ਰਿਹਾ ਹੈ ।ਬੇਸ਼ੱਕ ਇਹ ਪੰਥਕ ਚੇਤੰਨਤਾ ਆਪਣੇ ਮੁਢਲੇ ਦੌਰ ਵਿੱਚ ਹੀ ਹੈ ਪਰ ਇਹ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਭਾਈ ਭੁੱਲਰ ਕਾਫੀ ਲੰਬੇ ਸਮੇਂ ਤੋਂ ਜੇਲ ਵਿਚ ਬੰਦ ਹਨ। ਉਨਾਂ ਦੀ ਫਾਂਸੀ ਦੀ ਸਜ਼ਾ ਭਾਰਤੀ ਸੁਪਰੀਮ ਕੋਰਟ ਨੇ ਉਮਰ ਕੈਦ ਵਿੱਚ ਬਦਲ ਦਿੱਤੀ ਸੀ। ਦੋ ਸਾਲ ਪਹਿਲਾਂ ਸਿੱਖ ਕੌਮ ਦੀ ਮੰਗ ਤੇ ਭਾਰਤ ਸਰਕਾਰ ਨੇ ਉਨਾਂ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ ਸਨ। ਫਿਰ ਕਿਸੇ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ, ਰਿਹਾਈ ਖਿਲਾਫ। ਦੋ ਸਾਲ ਹੋਰ ਲੰਘ ਗਏ। ਪਿਛਲੇ ਸਾਲ ਦਸੰਬਰ ਵਿੱਚ ਭਾਰਤੀ ਸੁਪਰੀਮ ਕੋਰਟ ਨੇ ਪ੍ਰੋਫੈਸਰ ਭੁਲਰ ਦੀ ਰਿਹਾਈ ਦੇ ਖਿਲਾਫ ਮਨਿੰਦਰ ਜੀਤ ਸਿੰਘ ਬਿੱਟਾ ਦੀ ਪਾਈ ਪਟੀਸ਼ਨ ਰੱਦ ਕਰ ਦਿੱਤੀ ਸੀ। ਹੁਣ ਸਿਰਫ ਦਿੱਲੀ ਸਰਕਾਰ ਦੀ ਹਰੀ ਝੰਡੀ ਦੀ ਲੋੜ ਸੀ ਉਨਾਂ ਦੀ ਰਿਹਾਈ ਲਈ ਪਰ ਦਿੱਲੀ ਸਰਕਾਰ ਪਿਛਲੇ ਦੋ ਸਾਲਾਂ ਦੌਰਾਨ ਤਿੰਨ ਵਾਰ ਉਨਾਂ ਦੀ ਰਿਹਾਈ ਰੋਕ ਚੁੱਕੀ ਹੈ।ਕੇਜਰੀਵਾਲ ਮੁਖ ਮੰਤਰੀ ਦਿੱਲੀ ਇਸਦਾ ਜਿੰਮੇਵਾਰ ਹੈ।

ਖਾਲਸਾ ਪੰਥ ਦਾ ਇੱਕ ਵੱਡਾ ਹਿੱਸਾ ਆਪਣੀ ਸਜ਼ਾ ਪੂਰੀ ਕਰ ਚੁੱਕੇ ਉਸ ਸਿੰਘ ਦੀ ਪਿੱਠ ਤੇ ਆਣ ਖੜਾ ਹੋਇਆ ਹੈ। ਬਹੁਤ ਦੇਰ ਬਾਅਦ ਇਹ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ ਕਿ ਚੋਣਾਂ ਦੇ ਮੌਸਮ ਵਿੱਚ ਸਿੱਖਾਂ ਵਿੱਚ ਆਪਣੀ ਪੰਥਕ ਚੇਤੰਨਤਾ ਜਾਗ ਰਹੀ ਹੈ। ਭਾਈ ਭੁੱਲਰ ਦੀ ਰਿਹਾਈ ਦਾ ਮਸਲਾ ਸਿੱਖਾਂ ਲਈ ਇੱਕ ਕੌਮੀ ਮਸਲਾ ਬਣ ਗਿਆ ਲਗਦਾ ਹੈ। ਥਾਂ ਥਾਂ ਇਸ ਸਬੰਧੀ ਇਸ਼ਤਿਹਾਰ ਲੱਗ ਰਹੇ ਹਨ। ਇਸ ਪਾਰਟੀ ਦਾ ਪਿੰਡਾਂ ਵਿਚ ਬਾਈਕਾਟ ਜਾਰੀ ਹੈ। ਸਿੱਖਾਂ ਦੀਆਂ ਪੰਥਕ ਜਥੇਬੰਦੀਆਂ ਪ੍ਰੈਸ ਵਾਰਤਾ ਕਰ ਰਹੀਆਂ ਹਨ, ਦਿੱਲੀ ਅਤੇ ਪੰਜਾਬ ਵਿੱਚ ਇਸ ਰਿਹਾਈ ਲਈ ਮੁਜਾਹਰੇ ਹੋ ਰਹੇ ਹਨ ਅਤੇ ਆਮ ਆਦਮੀ ਪਾਰਟੀ ਦੇ ਖਿਲਾਫ ਵੱਡੀ ਸਿਆਸੀ ਮੁਹਿੰਮ ਅਰੰਭ ਕਰਨ ਦੇ ਯਤਨ ਤੇਜ਼ ਹੋ ਰਹੇ ਹਨ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਥਾਂ ਥਾਂ ਸੁਆਲ ਹੋਣ ਲੱਗ ਪਏ ਹਨ ਜਿਹੜੇ ਅਗਲੇ ਦਿਨਾਂ ਦੌਰਾਨ ਹੋਰ ਤਿੱਖੇ ਹੋਣਗੇ।

ਜਿਸ ਤਰਾਂ ਪੰਜਾਬ ਵਿੱਚ ਹਿੰਦੂ ਵੋਟ ਸੰਗਠਤ ਢੰਗ ਨਾਲ ਪੈਂਦੀ ਹੈ, ਜੇਕਰ ਇਸ ਵਾਰ ਅਤੇ ਹਰ ਵਾਰ ਸਿੱਖ ਵੋਟ ਵੀ ਪੰਥਕ ਨਜ਼ਰੀਏ ਤੋਂ ਪਾਈ ਜਾਣ ਲੱਗੀ ਤਾਂ ਇਹ ਪੰਥ ਤੇ ਪੰਜਾਬ ਵਿੱਚ ਮੁੜ ਤੋਂ ਕੌਮੀ ਜਾਗ੍ਰਿਤੀ ਨੂੰ ਮਜਬੂਤ ਕਰ ਸਕਦੀ ਹੈ। ਲੋੜ ਹੈ ਇਸ ਮੁਹਿੰਮ ਨੂੰ ਤੇਜ਼ ਕਰਨ ਦੀ।

# ਆਓ ! ਇਸ ਵਾਰ ਆਪਣੀ ਵੋਟ ਦੀ ਤਾਕਤ ਦਾ ਸਹੀ ਇਸਤੇਮਾਲ ਕਰੀਏ



**ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177**

'ਵੋਟ ਦਾ ਅਧਿਕਾਰ' ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨ ਦੁਆਰਾ ਆਪਣੇ ਪ੍ਰਤੀਨਿਧ ਚੁਣਕੇ ਸਰਕਾਰ ਚਲਾਉਣ ਲਈ ਦਿੱਤਾ ਹੋਇਆ ਅਧਿਕਾਰ ਹੁੰਦਾ ਹੈ। ਇੱਕ ਲੋਕਤੰਤਰੀ ਰਾਜ ਦੀ ਨੀਂਹ ਵੋਟ ਪਾਉਣ ਦੇ ਅਧਿਕਾਰ ਉੱਪਰ ਹੀ ਟਿਕੀ ਹੁੰਦੀ ਹੈ। ਕਿਸੇ ਦੇਸ਼ ਦਾ ਲੋਕਤੰਤਰ ਉੱਥੋਂ ਦੇ ਨਾਗਰਿਕਾਂ ਦੁਆਰਾ ਉਸ ਦੇ ਸਮੁੱਚੇ ਤੰਤਰ ਵਿੱਚ ਨਿਭਾਈ ਭੂਮਿਕਾ ਦੁਆਰਾ ਪਰਿਭਾਸ਼ਤ ਹੁੰਦਾ ਹੈ। ਕੋਈ ਨਾਗਰਿਕ ਭਾਵੇਂ ਰਾਜਨੀਤਕ ਪ੍ਰਣਾਲੀ ਵਿੱਚ ਵੱਖ ਵੱਖ ਤਰੀਕਿਆਂ ਨਾਲ਼ ਆਪਣੀ ਭੂਮਿਕਾ ਨਿਭਾਉਂਦਾ ਹੈ ਪਰ ਉਸ ਨੂੰ ਮਿਲਿਆ ਵੋਟ ਦਾ ਅਧਿਕਾਰ ਸਭ ਤੋਂ ਵੱਧ ਮਹੱਤਵਪੂਰਨ ਅਧਿਕਾਰ ਹੁੰਦਾ ਹੈ ਕਿਉਂਕਿ ਇਸ ਦੀ ਸੁਚੱਜੀ ਵਰਤੋਂ ਨਾਲ਼ ਉਹ ਆਪਣੀ ਪਸੰਦ ਦੇ ਨਿਜ਼ਾਮ ਦੀ ਸਥਾਪਨਾ ਕਰ ਸਕਦਾ ਹੈ ਅਤੇ ਉਸ ਨਿਜ਼ਾਮ ਤੋਂ ਆਪਣੀ ਮਰਜ਼ੀ ਦੀ ਵਿਵਸਥਾ ਪੈਦਾ ਕਰਵਾ ਸਕਦਾ ਹੈ। ਵੋਟ ਦਾ ਇਹ ਅਧਿਕਾਰ ਕਿਤੇ ਸੌਖਿਆਂ ਹੀ ਨਹੀਂ ਮਿਲਿਆ, ਇਤਿਹਾਸ ਗਵਾਹ ਹੈ ਕਿ ਬਹੁਤ ਸਾਰੇ ਮੁਲਕਾਂ ਦੇ ਨਾਗਰਿਕਾਂ ਨੂੰ ਇਹ ਰਾਜਨੀਤਕ ਹੱਕ ਲੈਣ ਲਈ ਵੱਡੀਆਂ- ਵੱਡੀਆਂ ਲੜਾਈਆਂ ਲੜਨੀਆਂ ਪਈਆਂ। ਅੰਗਰੇਜ਼ ਰਾਜ ਦੌਰਾਨ ਗ਼ੁਲਾਮ ਭਾਰਤ ਇੱਕ ਸੀਮਿਤ ਲੋਕਤੰਤਰ ਸੀ, ਜਿੱਥੇ ਲੋਕਾਂ ਨੂੰ ਉਨਾਂ ਦੇ ਧਾਰਮਿਕ, ਬਰਾਦਰੀ ਅਤੇ ਕਿੱਤੇ ਦੇ ਅਧਾਰ 'ਤੇ ਹੀ ਵੋਟ ਪਾਉਣ ਦਾ ਹੱਕ ਸੀ। ਅਜ਼ਾਦੀ ਤੋਂ ਬਾਅਦ 26 ਜਨਵਰੀ 1950 'ਚ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਉਪਰੰਤ ਭਾਰਤੀ ਸੰਵਿਧਾਨ ਦੀ ਧਾਰਾ 326 ਅਨੁਸਾਰ ਹੁਣ ਹਰ ਉਹ ਵਿਅਕਤੀ ਜੋ 18 ਸਾਲ ਜਾਂ ਇਸਤੋਂ ਜਿਆਦਾ ਉਮਰ ਦਾ ਹੈ, ਉਹ ਬਿਨਾਂ ਕਿਸੇ ਰੰਗ, ਨਸਲ, ਜਾਤ, ਧਰਮ, ਲਿੰਗ ਆਦਿ ਦੇ ਭੇਦ ਭਾਵ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ, ਬਾਸ਼ਰਤੇ ਕਿ ਉਹ ਭਾਰਤ ਦੇਸ਼ ਦਾ ਨਾਗਰਿਕ ਹੋਵੇ। ਸਾਲ 2011 ਤੋਂ ਹਰ ਸਾਲ 25 ਜਨਵਰੀ ਰਾਸ਼ਟਰੀ ਵੋਟਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਤੱਕ ਭਾਰਤ ਵਿੱਚ ਵੀ ਸੱਤਾ ਪਰਿਵਰਤਨ ਦਾ ਸਾਧਨ ਸਿਰਫ਼ ਹਥਿਆਰਬੰਦ ਤਾਕਤਾਂ ਹੀ ਰਹੀਆਂ। ਪਰ 1947 ਵਿੱਚ ਦੇਸ਼ ਦੀ ਅਜ਼ਾਦੀ ਤੋਂ ਬਾਅਦ ਹੁਣ ਤੱਕ ਵੋਟਾਂ ਨੇ ਜਿੰਨੀਆਂ ਸਰਕਾਰਾਂ ਪਰਿਵਰਤਨ ਕਰ ਦਿੱਤੀਆਂ, ਓਨੀਆਂ ਪੂਰੇ ਇਤਿਹਾਸ ਵਿੱਚ ਕਦੇ ਹਥਿਆਰਾਂ ਨੇ ਨਹੀਂ ਕੀਤੀਆਂ। ਭਾਵੇਂ ਕਿ ਅਸਲ ਵਿੱਚ ਜਨਤਾ ਨੂੰ ਉਨਾਂ ਸਰਕਾਰਾਂ ਤੋਂ ਕੋਈ ਬਹੁਤਾ ਫ਼ਾਇਦਾ ਨਹੀਂ ਹੋਇਆ ਅਤੇ ਅਸੀਂ ਹਾਲੇ ਵੀ ਬਹੁਤ ਪਛੜੇ ਹੋਏ ਹਾਂ ਇਹ ਇੱਕ ਵੱਖਰਾ ਵਿਸ਼ਾ ਹੈ। ਪਰ ਵੋਟ ਨੂੰ ਇਸ ਦਾ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਹ ਤਾਂ ਰਾਜਨੀਤਕ ਨੇਤਾਵਾਂ ਦਾ ਕਸੂਰ ਹੈ ਜਿੰਨਾਂ ਨੇ ਲੋਕ ਹਿੱਤਾਂ ਦੀ ਥਾਂ ਆਪਣੇ ਸਵਾਰਥਾਂ ਨੂੰ ਅੱਗੇ ਰੱਖਿਆ। ਹਰ ਵਾਰ ਚੋਣਾਂ ਮੌਕੇ ਜ਼ਿਆਦਾਤਰ ਵੋਟਰ ਵੀ ਇਨਾਂ ਨੇਤਾਵਾਂ ਦੇ ਬਹਿਕਾਵੇ ਵਿੱਚ ਫਸ ਜਾਂਦੇ ਹਨ ਅਤੇ ਆਪਣੀ ਵੋਟ ਦਾ ਇਸਤੇਮਾਲ ਸੁਤੰਤਰ ਰੂਪ ਵਿੱਚ ਨਹੀਂ ਕਰਦੇ।

ਹੁਣ ਇਸ ਵਾਰ ਵੀ ਪੰਜਾਬ ਵਿੱਚ ਚੋਣਾਂ ਦਾ ਐਲਾਨ ਹੁੰਦਿਆਂ ਹੀ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਲੋਕਾਂ ਨੂੰ ਵਰਗਲਾਉਣ ਦੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬ ਸਿਰ ਕਰਜ਼ੇ ਦੀ ਪੰਡ ਚਾਹੇ ਦਿਨੋਂ ਦਿਨ ਭਾਰੀ ਹੁੰਦੀ ਜਾ ਰਹੀ ਹੈ ਪਰ ਇਸ ਵਾਰ ਵੀ ਜ਼ਿਆਦਾਤਰ ਰਾਜਨੀਤਿਕ ਪਾਰਟੀਆਂ ਵੱਲੋਂ ਵੋਟਾਂ ਵਟੋਰਨ ਲਈ ਮੁਫ਼ਤ ਬਿਜਲੀ, ਮਹਿਲਾਵਾਂ ਨੂੰ 1000-2000 ਰੁਪਏ ਮਹੀਨਾ, ਮੁਫ਼ਤ ਰਾਸ਼ਨ, ਮੁਫ਼ਤ ਸਫ਼ਰ, ਸ਼ਗਨ ਸਕੀਮ ਆਦਿ ਵਰਗੇ ਮੁੱਦੇ ਹੀ ਉਭਾਰੇ ਅਤੇ ਪ੍ਰਚਾਰੇ ਜਾ ਰਹੇ ਹਨ। ਜਦੋਂ ਕਿ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੀ ਗੱਲ ਬਹੁਤ ਘੱਟ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਹੈ। ਵੋਟਰਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਮੁਫ਼ਤ ਦੀਆਂ ਸਹੂਲਤਾਂ ਦੀ ਥਾਂ ਸਿਹਤ, ਸਿੱਖਿਆ ਅਤੇ ਰੁਜ਼ਗਾਰ ਉਨਾਂ ਦੀਆਂ ਮੁੱਢਲੀਆਂ ਲੋੜਾਂ ਹਨ। ਜੇਕਰ ਉਨਾਂ ਕੋਲ ਚੰਗੀ ਸਿੱਖਿਆ, ਮਿਆਰੀ ਸਿਹਤ ਸਹੂਲਤਾਂ ਅਤੇ ਆਪਣਾ ਰੁਜ਼ਗਾਰ ਹੋਵੇਗਾ ਤਾਂ ਇਹ ਸਭ ਕੁਝ ਉਹ ਖ਼ੁਦ ਖ਼ਰੀਦ ਸਕਦੇ ਹਨ। ਰਾਜਨੀਤਕ ਨੇਤਾਵਾਂ ਨੇ ਹੁਣ ਤੱਕ ਆਮ ਲੋਕਾਂ ਨੂੰ ਇਨਾਂ ਲਾਲਚਾਂ ਵਿੱਚ ਹੀ ਉਲਝਾ ਕੇ ਰੱਖਿਆ ਹੈ। ਇੱਥੇ ਇਹ ਦੱਸਣਯੋਗ ਹੈ ਕਿ ਰਾਜਨੀਤਕ ਲੀਡਰ ਅਤੇ ਪਾਰਟੀਆਂ ਅਮੀਰਾਂ ਦੇ ਨੋਟਾਂ ਨਾਲ਼ ਗ਼ਰੀਬਾਂ ਦੀਆਂ ਵੋਟਾਂ ਬਟੋਰਨ ਲਈ ਕਮਜ਼ੋਰ ਵਰਗਾਂ ਵਿੱਚੋਂ ਕੁਝ ਅਜਿਹੇ ਵਿਅਕਤੀਆਂ ਨੂੰ ਚੌਧਰੀ ਬਣਾ ਕੇ ਪਰੋਸਦੀਆਂ ਹਨ, ਜਿਹੜੇ ਉਨਾਂ ਦੇ ਟੁਕੜਿਆਂ ਉੱਤੇ ਪਲ ਕੇ, ਆਪਣੇ ਭਾਈਚਾਰੇ ਨੂੰ ਗੁੰਮਰਾਹ ਕਰਕੇ ਰਾਜਨੀਤਕ ਨੇਤਾਵਾਂ ਕੋਲ ਸਸਤੇ ਤੋਂ ਸਸਤਾ ਵੇਚਦੇ ਹਨ।

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com

We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਨਫ਼ਰਤੀ ਭਾਸ਼ਨ ਦਾ ਮਾਮਲਾ-ਸਿੱਧੂ ਦੇ ਸਲਾਹਕਾਰ ਤੇ ਸਾਬਕਾ ਡੀਜੀਪੀ ਮੁਸਤਫ਼ਾ ਖ਼ਿਲਾਫ਼ ਕੇਸ ਦਰਜ

## ✪ ਐੱਸਐੱਸਪੀ ਨੇ ਕਿਹਾ ਕਿ ਡੂੰਘਾਈ ਨਾਲ ਮਾਮਲੇ ਦੀ ਕੀਤੀ ਜਾਵੇਗੀ ਜਾਂਚ ✪ ਬਾਦਲ ਦਲ ਤੇ ਭਾਜਪਾ ਨੇ ਕੀਤੀ ਗ੍ਰਿਫਤਾਰੀ ਦੀ ਮੰਗ

**ਪੰਜਾਬ ਦੇ ਡੀਜੀਪੀ ਪੱਧਰ ਦੇ ਸਾਬਕਾ ਆਈਪੀਐੱਸ ਅਧਿਕਾਰੀ ਮੁਹੰਮਦ ਮੁਸਤਫ਼ਾ ਦੇ 'ਵਿਵਾਦਗ੍ਰਸਤ' ਬਿਆਨ ਕਾਰਨ ਪੰਜਾਬ ਦੀ ਸਿਆਸਤ ਭਖ ਗਈ ਹੈ। ਉਂਝ ਭਾਵੇਂ ਉਨਾਂ ਹੁਣ ਆਖਿਆ ਹੈ ਕਿ ਉਨਾਂ ਆਪਣੇ ਬਿਆਨ 'ਚ ਸ਼ਬਦ 'ਹਿੰਦੂ' ਦੀ ਵਰਤੋਂ ਨਹੀਂ ਕੀਤੀ ਤੇ ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਪਰ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਉਨਾਂ ਵਿਰੁੱਧ ਐੱਫਆਈਆਰ ਦਾਇਰ ਹੋ ਗਈ ਹੈ। ਸੰਵਿਧਾਨ ਦੀ ਸਹੁੰ ਚੁੱਕ ਕੇ ਲੰਮਾ ਸਮਾਂ ਨੌਕਰੀ ਕਰਦੇ ਰਹੇ ਕਿਸੇ ਵਿਅਕਤੀ ਤੋਂ ਅਜਿਹੇ ਵਿਗੜੇ ਤੇ ਭੜਕਾਊ ਬੋਲਾਂ ਦੀ ਆਸ ਨਹੀਂ ਕੀਤੀ ਜਾ ਸਕਦੀ।**

**ਇਹ ਸਚ ਹੈ ਕਿ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀਆਂ ਗੱਲਾਂ ਕਰਨ ਵਾਲੇ ਕਦੇ ਵੀ ਇਸ ਸਮੁੱਚੇ ਖਿੱਤੇ ਦੇ ਸ਼ੁਭਚਿੰਤਕ ਨਹੀਂ ਹੋ ਸਕਦੇ। ਸਿਰਫ਼ ਕੁਝ ਵੋਟਾਂ ਹਾਸਲ ਕਰਨ ਲਈ ਵਿਰੋਧੀਆਂ ਵਾਸਤੇ ਅਜਿਹੀਆਂ ਚੁਭਵੀਆਂ ਟਿੱਪਣੀਆਂ ਕਰਨਾ ਨੈਤਿਕਤਾ ਦੀ ਕਬਰ ਪੁੱਟਣ ਦੇ ਸਮਾਨ ਹੈ। ਪੰਜਾਬ ਸੰਤਾਪ ਦੇ ਕਾਲੇ ਦੌਰ ਵੇਲੇ ਮੁਹੰਮਦ ਮੁਸਤਫ਼ਾ ਉਪਰ ਸਿਖ ਨੌਜਵਾਨਾਂ ਨੂੰ ਮਾਰਨ ਦੇ ਦੋਸ਼ ਲਗੇ ਸਨ। ਉਸ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ ਪਰ ਕਿਸੇ ਇਕੱਠ ਦੌਰਾਨ ਇੰਝ ਉੱਚੀ ਆਵਾਜ਼ ਵਿਚ ਇਤਰਾਜ਼ਯੋਗ ਸ਼ਬਦਾਵਲੀ ਵਰਤਣਾ ਵੀ ਹਿੰਸਕ ਗਰੂਰ ਹੈ ।**

**ਭਾਰਤੀ ਜਨਤਾ ਪਾਰਟੀ , ਬਾਦਲ ਦਲ ਨੇ ਇਸੇ ਲਈ ਕਾਂਗਰਸ ਦੀ ਸੂਬਾਈ ਤੇ ਰਾਸ਼ਟਰੀ ਲੀਡਰਸ਼ਿਪ ਤੋਂ ਇਸ ਮੁੱਦੇ 'ਤੇ ਸਪੱਸ਼ਟੀਕਰਨ ਮੰਗਿਆ ਹੈ ਕਿ ਕੀ ਕਾਂਗਰਸ ਦੀ ਇਹੋ ਧਰਮ-ਨਿਰਪੱਖਤਾ ਹੈ ?**

**ਮਲੇਰਕੋਟਲਾ ਅਜਿਹਾ ਸ਼ਹਿਰ ਹੈ, ਜਿੱਥੇ 1947 'ਚ ਦੇਸ਼ ਦੀ ਵੰਡ ਦੌਰਾਨ ਵੀ ਕੋਈ ਫਿਰਕੂ ਹਿੰਸਾ ਨਹੀਂ ਸੀ ਵਾਪਰੀ। ਅਜਿਹੀ ਮਾਨਤਾ ਹੈ ਕਿ ਮਾਲੇਰਕੋਟਲਾ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਸ਼ੀਰਵਾਦ ਹਾਸਲ ਹੈ ਕਿਉਂਕਿ ਇੱਥੋਂ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ 1705 ਈ. ਦੌਰਾਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਇਸ ਜਬਰ ਦਾ ਵਿਰੋਧ ਕੀਤਾ ਸੀ, ਜਦੋਂ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਇਨਾਂ ਸਾਹਿਬਜ਼ਾਦਿਆਂ ਨੂੰ ਜਿਉਂਦੇ ਜੀਅ ਨੀਂਹਾਂ 'ਚ ਚਿਣਵਾਉਣ ਦਾ ਹੁਕਮ ਦੇ ਦਿੱਤਾ ਸੀ। ਅਜਿਹੇ ਇਤਿਹਾਸਕ ਸ਼ਹਿਰ ਦਾ ਕੋਈ ਜ਼ਿੰਮੇਵਾਰ ਨੇਤਾ ਹੋਛੀ ਸਿਆਸਤ ਲਈ ਅਜਿਹਾ ਭੜਕਾਊ ਬਿਆਨ ਦੇ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਿਵੇਂ ਜਰਿਆ ਜਾ ਸਕਦਾ ਹੈ ਚੋਣ ਕਮਿਸ਼ਨ ਦੀ ਇਸ ਬਾਰੇ ਸਹੀ ਕਾਰਵਾਈ ਹੈ।**

**ਚੰਡੀਗੜ/ਏ.ਟੀ.ਨਿਊਜ਼ :-** ਮੁਸਲਿਮ ਬਹੁਲ ਮਾਲੇਰਕੋਟਲਾ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੇ ਸਲਾਹਕਾਰ ਮੁਹੰਮਦ ਮੁਸਤਫਾ ਦੇ ਇਕ ਬਿਆਨ ਨੇ ਸਿਆਸਤ ਵਿਚ ਮਘਾ ਦਿੱਤੀ ਹੈ। ਮੁਸਤਫਾ ਦੇ ਦੀ ਕਥਿਤ ਧਮਕੀ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਮੁਹੰਮਦ ਮੁਸਤਫਾ ਪੰਜਾਬ ਦੇ ਡੀਜੀਪੀ ਰਹੇ ਹਨ। ਮੁਹੰਮਦ ਮੁਸਤਫ਼ਾ ਆਗਾਮੀ ਪੰਜਾਬ ਚੋਣਾਂ ਲਈ ਕਾਂਗਰਸ ਦੀ ਮਾਲੇਰਕੋਟਲਾ ਤੋਂ ਉਮੀਦਵਾਰ ਰਜ਼ੀਆ ਸੁਲਤਾਨਾ ਦੇ ਪਤੀ ਹਨ। ਮੁਹੰਮਦ ਮੁਸਤਫਾ ਇਕ ਸੇਵਾਮੁਕਤ ਆਈਪੀਐਸ ਅਧਿਕਾਰੀ ਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਹਨ।

ਲੰਘੇ ਵੀਰਵਾਰ ਦੀ ਰਾਤ ਸਥਾਨਕ ਸਰਹਿੰਦੀ ਗੇਟ ਨੇੜੇ ਕਾਂਗਰਸੀ ਉਮੀਦਵਾਰ ਬੀਬੀ ਰਜ਼ੀਆ ਸੁਲਤਾਨਾ ਅਤੇ ਆਪ ਪਾਰਟੀ ਉਮੀਦਵਾਰ ਜਮੀਲ ਉਰ ਰਹਿਮਾਨ ਦੇ ਹੱਕ ਵਿਚ ਦੋ ਤਿੰਨ ਘਰਾਂ ਦੇ ਅੰਤਰ ਨਾਲ ਇਕੋ ਵੇਲੇ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਬੀਬੀ ਰਜ਼ੀਆ ਸੁਲਤਾਨਾ ਦੇ ਹੱਕ ਵਿਚ ਮੀਟਿੰਗ ਦਾ ਪ੍ਰਬੰਧ ਨੌਜਵਾਨ ਕਾਂਗਰਸੀ ਕੌਂਸਲਰ ਨੌਸ਼ਾਦ ਅਨਵਰ ਵਲੋਂ ਅਤੇ 'ਆਪ' ਉਮੀਦਵਾਰ ਦੀ ਮੀਟਿੰਗ ਦਾ ਪ੍ਰਬੰਧ ਕੁੱਝ ਦਿਨ ਪਹਿਲਾਂ ਕਾਂਗਰਸ ਛੱਡ ਕੇ 'ਆਪ' ਵਿਚ ਸ਼ਾਮਿਲ ਹੋਏ ਕੌਂਸਲਰ ਮੁਹੰਮਦ ਅਕਬਰ ਵਲੋਂ ਕੀਤਾ ਗਿਆ ਸੀ। ਕੌਂਸਲਰ ਨੌਸ਼ਾਦ ਅਨਵਰ ਤੇ ਕੌਂਸਲਰ ਮੁਹੰਮਦ ਅਕਬਰ ਆਪਸ ਵਿਚ ਸਕੇ ਭਤੀਜਾ-ਚਾਚਾ ਹਨ। ਨੇੜੇ ਨੇੜੇ ਹੋ ਰਹੀਆਂ ਦੋਵੇਂ ਨੁੱਕੜ ਮੀਟਿੰਗਾਂ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਦੋਵੇਂ ਪਾਸਿਓਂ ਸਮਰਥਕਾਂ ਨੇ ਇਕ-ਦੂਜੇ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਸ਼ੁਰੂ ਕਰ ਦਿਤੀ ਅਤੇ ਮਾਹੌਲ ਤਣਾਅਪੂਰਨ ਬਣ ਗਿਆ। ਭਾਰੀ ਪੁਲਿਸ ਬਲ ਸਮੇਤ ਮੌਕੇ 'ਤੇ ਪਹੁੰਚੇ ਡੀ.ਐਸ.ਪੀ. ਮਲੇਰਕੋਟਲਾ ਪਵਨਜੀਤ ਚੌਧਰੀ ਨੇ ਦੋਵੇਂ ਮੀਟਿੰਗਾਂ ਨੂੰ ਬੰਦ ਕਰਵਾ ਦਿੱਤਾ। ਆਪਣੀ ਚੋਣ ਮੀਟਿੰਗ ਵਿਚ ਪਾਏ ਖਰੂਦ ਤੋਂ ਖ਼ਫ਼ਾ ਹੋਏ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫ਼ਾ ਨੇ ਮਹਿਜ਼ ਢਾਈ ਕੁ ਮਿੰਟ ਦਾ ਭਾਸ਼ਨ ਦਿੰਦਿਆਂ ਜਿੱਥੇ ਸਥਾਨਕ ਪੁਲਿਸ ਤੇ ਸਿਵਲ ਪ੍ਰਸ਼ਾਸਨ ਨੂੰ ਭਵਿੱਖ ਵਿਚ ਅਜਿਹੇ ਹਾਲਾਤ ਬਣਨ ਬਾਰੇ ਤਿੱਖੇ ਸ਼ਬਦਾਂ ਵਿਚ ਚਿਤਾਵਨੀ ਦਿਤੀ ਉੱਥੇ ਉਨਾਂ 'ਆਪ' ਦੇ ਹਮਾਇਤੀਆਂ ਨੂੰ ਸਖ਼ਤੀ ਨਾਲ ਵੰਗਾਰਿਆ।

**ਵਾਇਰਲ ਵੀਡੀਓ ਦਾ ਸੱਚ**

ਮੁਹੰਮਦ ਮੁਸਤਫ਼ਾ ਨੇ ਆਪਣੇ ਹਿੰਦੀ ਪੰਜਾਬੀ ਜ਼ੁਬਾਨ ਦੇ ਮਿਸ਼ਰਤ ਛੋਟੇ ਜਿਹੇ ਭਾਸ਼ਨ ਦੌਰਾਨ ਕਿਹਾ, 'ਮੈਂ ਕਾਨੂੰਨ ਕੇ ਹਿਸਾਬ ਸੇ ਚਲਨੇ ਵਾਲਾ ਇਨਸਾਨ ਹੂੰ, ਜਿੰਨੋਂ ਨੇ ਸ਼ੋਰ ਮਚਾਨੇ ਕੀ ਯੇਹ ਹਰਕਤ ਕੀ ਹੈ, ਅਗਰ ਇਨਹੋਂ ਨੇ ਦੁਬਾਰਾ ਕੋਸ਼ਿਸ਼ ਕੀ .. ਮੈਂ ਖ਼ੁਦਾ ਕੀ ਕਸਮ ਖਾ ਕਰ ਕਹਿਤਾ ਹੂੰ .. ਮੈਂ ਇਨਕਾ ਕੋਈ ਜਲਸਾ ਨਹੀਂ ਹੋਨੇ ਦੂੰਗਾ। ਮੈਂ ਕੌਮੀ ਫ਼ੌਜੀ ਹੂੰ, ਮੈਂ ਕੌਮੀ ਸਿਪਾਹੀ ਹੂੰ, ਮੈਂ ਆਰ. ਐਸ.ਐਸ. ਕਾ ਏਜੰਟ ਨਹੀਂ ਹੂੰ.. ਅਗਰ ਐਸੀ ਹਰਕਤ ਕੀ ... ਖ਼ੁਦਾ ਕੀ ਕਸਮ ਇਨਕੇ ਘਰ ਮੇਂ ਘੁਸ ਕਰ ਮਾਰੂੰਗਾ। ਮੈਂ ਵੋਟੋਂ ਕੇ ਲੀਏ ਨਹੀਂ ਲੜ ਰਹਾ .. ਮੈਂ ਕੌਮ ਕੇ ਲੀਏ ਲੜ ਰਹਾ ਹੂੰ। ਮੈਂ ਜ਼ਿਲਾ ਪੁਲਿਸ ਔਰ ਸਿਵਲ ਪ੍ਰਸ਼ਾਸਨ ਕੋ ਬਤਾਨਾ ਚਾਹਤਾ ਹੂੰ..ਅਗਰ ਮੇਰੇ ਜਲਸੇ ਕੇ ਬਰਾਬਰ ਮੇਂ 'ਇਨ ਫਿਤਨੋਂ' ਕੋ ਇਜਾਜ਼ਤ ਦੀ ਗਈ ਤੋ ਅਜਿਹੇ ਹਾਲਾਤ ਪੈਦਾ ਕਰ ਦੂੰਗਾ..ਸੰਭਾਲਨਾ ਮੁਸ਼ਕਿਲ ਹੋ ਜਾਏਗਾ। ਮੇਰੀ ਕੌਮ, ਸਿੱਖ ਕੌਮ, ਦਲਿਤ ਕੌਮ ਔਰ ਅੱਛੇ ਹਿੰਦੂ ਭਾਈ ਮੇਰੇ ਸਾਥ ਹੈਂ। ਮੈਂ ਝਾੜੂ ਵਾਲੋਂ ਕੋ ਘਰ ਮੇਂ ਘੁਸ ਕਰ ਝਾੜੂ ਸੇ ਪੀਟੂੰਗਾ।

**ਮੁਸਤਫ਼ਾ ਦਾ ਸਪੱਸ਼ਟੀਕਰਨ**

ਇਸ ਸਬੰਧੀ ਮੁਹੰਮਦ ਮੁਸਤਫ਼ਾ ਨੇ ਸਪਸ਼ਟ ਕੀਤਾ ਹੈ ਕਿ ਉਨਾਂ ਦੇ ਉਪਰੋਕਤ ਭਾਸ਼ਨ ਵਿਚੋਂ 'ਇਨ ਫਿਤਨੋਂ' ਨੂੰ 'ਹਿੰਦੂਓਂ' ਦੱਸ ਕੇ ਪੂਰੇ ਮੁਲਕ ਅੰਦਰ ਵਿਵਾਦ ਖੜਾ ਕਰ



ਦਿੱਤਾ ਗਿਆ ਹੈ। ਉਨਾਂ ਦੱਸਿਆ ਕਿ ਦੋਵੇਂ ਮੁਸਲਿਮ ਉਮੀਦਵਾਰਾਂ ਦੀਆਂ ਮੀਟਿੰਗਾਂ ਦਰਮਿਆਨ ਇਕੱਠੇ ਹੋਏ ਦੋਵੇਂ ਧਿਰਾਂ ਦੇ ਸਾਰੇ ਹਮਾਇਤੀ ਵੀ ਮੁਸਲਿਮ ਹੀ ਸਨ ਅਤੇ ਇਸ ਲਈ ਕਿਸੇ ਧਰਮ ਵਿਸ਼ੇਸ਼ ਖ਼ਿਲਾਫ਼ ਕਿਸੇ ਤਰਾਂ ਦੀ ਕੋਈ ਟਿੱਪਣੀ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਮਾਮਲੇ ਨੂੰ ਫ਼ਿਰਕੂ ਰੰਗਤ ਦੇਣ ਲਈ ਆਪ ਪਾਰਟੀ ਅਤੇ ਭਾਜਪਾ ਇਕੱਠੇ ਹੋ ਗਏ ਹਨ ਪਰ ਮਲੇਰਕੋਟਲਾ ਦੀ ਅਵਾਮ ਸਭ ਕੁੱਝ ਚੰਗੀ ਤਰਾਂ ਸਮਝ ਰਹੀ ਹੈ ਅਤੇ ਮਲੇਰਕੋਟਲਾ ਦੇ ਆਪਸੀ ਭਾਈਚਾਰੇ ਤੇ ਫ਼ਿਰਕੂ ਸਦਭਾਵਨਾ ਭਰੇ ਮਾਹੌਲ ਨੂੰ ਖ਼ਰਾਬ ਕਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿਤੀ ਜਾਵੇਗੀ।

**ਕੇਸ ਦਰਜ**

ਪੰਜਾਬ ਪੁਲੀਸ ਨੇ ਕਥਿਤ 'ਨਫ਼ਰਤ ਵਾਲੇ ਭਾਸ਼ਨ' ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਕੇਸ ਥਾਣਾ ਸਿਟੀ ਮਲੇਰਕੋਟਲਾ ਦੇ ਇੰਸਪੈਕਟਰ ਕਰਮਵੀਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੇ ਵੀਡੀਓ ਦਾ ਨੋਟਿਸ ਲਿਆ ਹੈ ਅਤੇ ਪੁਲਿਸ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਦੂਸਰੇ ਪਾਸੇ ਮਾਲੇਰਕੋਟਲਾ ਦੀ ਐੱਸਐੱਸਪੀ ਰਵਜੋਤ ਕੌਰ ਗਰੇਵਾਲ ਨੇ ਦੱਸਿਆ ਕਿ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ । ਭਾਜਪਾ ਸਮੇਤ ਕਈ ਹਿੰਦੂ ਜਥੇਬੰਦੀਆਂ ਵਲੋਂ ਚੋਣ ਕਮਿਸ਼ਨ ਨੂੰ ਕੀਤੀਆਂ ਸ਼ਿਕਾਇਤਾਂ ਪਿੱਛੋਂ ਮਲੇਰਕੋਟਲਾ ਪੁਲਿਸ ਨੇ ਮੁਹੰਮਦ ਮੁਸਤਫ਼ਾ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਥਾਣਾ ਸਿਟੀ-1 ਮਲੇਰਕੋਟਲਾ ਵਿਖੇ ਐਫ.ਆਈ.ਆਰ. ਨੰਬਰ 17 ਦਰਜ ਕਰ ਕੇ ਵਾਇਰਲ ਵੀਡੀਓ ਦੀ ਜਾਂਚ ਸ਼ੁਰੂ ਕਰ ਦਿਤੀ ਹੈ।

**ਬਾਦਲ ਦਲ ਵਲੋਂ ਗ੍ਰਿਫ਼ਤਾਰੀ ਦੀ ਮੰਗ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਹੈ ਕਿ ਮਲੇਰਕੋਟਲਾ ਵਿੱਚ ਆਪਣੇ ਭੜਕਾਊ ਬਿਆਨਾਂ ਨਾਲ ਫਿਰਕੂ ਟਕਰਾਅ ਵਾਸਤੇ ਲੋਕਾਂ ਨੂੰ ਭੜਕਾਉਣ ਦੇ ਦੋਸ਼ ਹੇਠ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਦਾ ਤੁਰੰਤ ਨੋਟਿਸ ਲੈਣ ਤੇ ਮੁਸਤਫ਼ਾ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕੀਤਾ ਜਾਵੇ।

# ਫ਼ਸਲਾਂ ਅਤੇ ਨਸਲਾਂ ਨੂੰ ਬਚਾਉਣ ਦੀ ਗੱਲ



**ਤਰਲੋਚਨ ਸਿੰਘ ਭੱਟੀ**
**ਮੋ. : 98765-02607**

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਉੱਤਰ ਪ੍ਰਦੇਸ਼, ਉੱਤਰਾਖੰਡ, ਪੰਜਾਬ, ਗੋਆ ਤੇ ਮਨੀਪੁਰ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਰਾਜਨੀਤਕ ਪਾਰਟੀਆਂ ਨੇ ਸਰਗਰਮੀ ਫੜ ਲਈ ਹੈ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਚੋਣ ਕਮਿਸ਼ਨ ਵੱਲੋਂ ਸੋਧੇ ਹੋਏ ਨੋਟੀਫਿਕੇਸ਼ਨ ਅਨੁਸਾਰ 25 ਜਨਵਰੀ ਤੋਂ 1 ਫਰਵਰੀ 2022 ਤਕ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪਰਚੇ ਸਬੰਧਤ ਰਿਟਰਨਿੰਗ ਅਫ਼ਸਰਾਂ ਕੋਲ ਜਮਾ ਕਰਵਾਏ ਜਾਣੇ ਹਨ। ਨਾਮਜ਼ਦਗੀਆਂ ਦੀ ਪੜਤਾਲ 2 ਫਰਵਰੀ 2022 ਨੂੰ ਹੋਵੇਗੀ।

ਚਾਰ ਫਰਵਰੀ 2022 ਤੱਕ ਨਾਮਜ਼ਦਗੀ ਪਰਚੇ ਵਾਪਸ ਲਏ ਜਾ ਸਕਦੇ ਹਨ। 20 ਫਰਵਰੀ 2022 ਨੂੰ ਵੋਟਾਂ ਪੈਣਗੀਆ। ਵੋਟਾਂ ਦੀ ਗਿਣਤੀ ਅਤੇ ਨਤੀਜੇ 10 ਮਾਰਚ 2022 ਨੂੰ ਐਲਾਨੇ ਜਾਣਗੇ। ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ 'ਤੇ ਚੋਣ ਲੜਨ ਲਈ ਜਿੱਥੇ ਰਵਾਇਤੀ ਰਾਜਨੀਤਕ ਪਾਰਟੀਆਂ ਬੇਚੈਨੀ ਦੀ ਹੱਦ ਤਕ ਸਰਗਰਮ ਹਨ ਉੱਥੇ ਹੀ ਕਈ ਕਿਸਾਨ ਜੱਥੇਬੰਦੀਆਂ 'ਸੰਯੁਕਤ ਸਮਾਜ ਮੋਰਚਾ' ਦੇ ਨਾਂ ਹੇਠ ਪੰਜਾਬ ਦੇ ਚੋਣ ਦੰਗਲ ਵਿਚ ਦਾਖ਼ਲ ਹੋਈਆਂ ਹਨ।

ਰਾਸ਼ਟਰੀ ਪੱਧਰ ਦੀ ਕਿਸਾਨ ਜੱਥੇਬੰਦੀ 'ਸੰਯੁਕਤ ਕਿਸਾਨ ਮੋਰਚਾ' ਜਿਸ ਨੇ ਲੋਕਾਂ ਦੀ ਭਰਵੀਂ ਮਦਦ ਨਾਲ ਭਾਰਤ ਦੀ ਪਾਰਲੀਮੈਂਟ ਵੱਲੋਂ ਪਾਸ ਕੀਤੇ ਕਿਸਾਨ ਵਿਰੋਧੀ 3 ਖੇਤੀ ਕਾਨੂੰਨਾਂ ਨੂੰ ਇਕ ਲੰਬੇ ਅਤੇ ਸਫਲ 'ਸੜਕੀ ਸੰਘਰਸ਼' ਰਾਹੀਂ ਰੱਦ ਕਰਵਾਇਆ ਹੈ, ਨੇ ਸੰਯੁਕਤ ਸਮਾਜ ਮੋਰਚੇ ਦਾ ਪੰਜਾਬ ਦੀਆਂ ਚੋਣਾਂ ਵਿਚ ਬਤੌਰ ਕਿਸਾਨ ਜੱਥੇਬੰਦੀ ਹਿੱਸਾ ਲੈਣ ਦਾ ਵਿਰੋਧ ਕੀਤਾ ਹੈ। ਫਿਰ ਵੀ ਸੰਯੁਕਤ ਸਮਾਜ ਮੋਰਚਾ ਚੋਣਾਂ ਲੜਨ ਲਈ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਲਾਮਬੰਦ ਹੋ ਰਿਹਾ ਜਾਪਦਾ ਹੈ। ਦੇਖਣਾ ਹੋਵੇਗਾ ਕਿ ਸੰਯੁਕਤ ਸਮਾਜ ਮੋਰਚਾ ਰਵਾਇਤੀ ਰਾਜਨੀਤਕ ਪਾਰਟੀਆਂ ਨਾਲੋਂ ਕਿਵੇਂ ਨਿਵੇਕਲਾ ਹੈ।

ਪੰਜਾਬ ਵਿਚ 'ਚੋਣਾਂ ਦੇ ਮਹਾ ਤਿਉਹਾਰ' ਨੂੰ ਰਾਜਨੀਤਕ ਪਾਰਟੀਆਂ ਨੇ 'ਚੋਣ ਦੰਗਲ' ਬਣਾ ਦਿੱਤਾ ਹੈ ਜਿੱਥੇ ਹਰੇਕ ਰਾਜਨੀਤਕ ਪਾਰਟੀ ਅਤੇ ਉਸ ਵੱਲੋਂ ਚੋਣ ਲੜ ਰਹੇ ਉਮੀਦਵਾਰ ਹਰ ਹੀਲੇ ਚੋਣਾਂ ਜਿੱਤ ਕੇ ਆਪਣੀ ਸਰਕਾਰ ਬਣਾਉਣ ਲਈ ਬਜਿੱਦ ਹਨ ਭਾਵੇਂ ਉਨਾਂ ਨੂੰ ਇਸ ਲਈ ਕਿਸੇ ਹੱਦ ਤਕ ਵੀ ਕਿਉਂ ਨਾ ਜਾਣਾ ਪਵੇ। ਪੰਜਾਬ ਦੇ ਮੌਜੂਦਾ ਚੋਣ ਦੰਗਲ ਨੂੰ ਗੁਰੂ ਨਾਨਕ ਜੀ ਦੀ ਬਾਣੀ 'ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥' ਸਹੀ ਢੰਗ ਨਾਲ ਡੀਕੋਡ ਕਰਦੀ ਹੈ। ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਲਈ ਚੋਣ ਲੜ ਰਹੇ ਹਰੇਕ ਵਿਅਕਤੀ ਵੱਲੋਂ ਬਤੌਰ ਚੋਣ ਉਮੀਦਵਾਰ ਬਣਨ ਲਈ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਬੰਧਤ ਰਿਟਰਨਿੰਗ ਅਫ਼ਸਰਾਂ ਕੋਲ ਆਪਣੇ ਨਾਮਜ਼ਦਗੀ ਪਰਚੇ ਸਮੇਤ ਤਸਦੀਕਸ਼ੁਦਾ ਹਲਫ਼ੀਆ ਬਿਆਨ ਜਮਾ ਕਰਵਾਉਣੇ ਜ਼ਰੂਰੀ ਹਨ।

ਹਲਫ਼ੀਆ ਬਿਆਨ ਵਿਚ ਉਮੀਦਵਾਰਾਂ ਵਿਰੁੱਧ ਚੱਲ ਰਹੇ ਅਪਰਾਧਕ ਕੇਸਾਂ ਦਾ ਵੇਰਵਾ, ਵਿੱਤੀ ਸਰੋਤਾਂ ਅਤੇ ਜਾਇਦਾਦ ਦਾ ਵੇਰਵਾ ਦੇਣਾ ਲਾਜ਼ਮੀ ਹੈ। ਰਾਜਨੀਤਕ ਪਾਰਟੀਆਂ ਲਈ ਇਹ ਵੀ ਲਾਜ਼ਮੀ ਹੈ ਕਿ ਉਹ ਐਲਾਨ ਕਰਨ ਕਿ ਉਨਾਂ ਨੇ ਅਪਰਾਧਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਚੋਣਾਂ ਵਿਚ ਕਿਉਂ ਉਤਾਰਿਆ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਚੋਣ ਲੜ ਰਹੇ ਉਮੀਦਵਾਰਾਂ ਲਈ ਇਹ ਵੀ ਲਾਜ਼ਮੀ ਹੈ ਕਿ ਉਹ ਆਪਣੇ ਵਿਰੁੱਧ ਚੱਲ ਰਹੇ ਅਪਰਾਧਕ ਮਾਮਲਿਆਂ ਦੇ ਵੇਰਵੇ ਨੂੰ ਘੱਟੋ-ਘੱਟ ਤਿੰਨ ਵਾਰੀ ਵੱਖ-ਵੱਖ ਤਰੀਕਾਂ 'ਤੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ 'ਤੇ ਨਸ਼ਰ ਕਰਨ।

ਹਰੇਕ ਉਮੀਦਵਾਰ ਆਪਣੇ ਜ਼ਿਲਾ ਚੋਣ ਅਫ਼ਸਰ ਕੋਲ ਆਪਣੀ ਚੋਣ ਵਿਚ ਖ਼ਰਚ ਕੀਤੇ ਗਏ ਸਾਰੇ ਖ਼ਰਚਿਆਂ ਦਾ ਵੇਰਵਾ ਚੋਣ ਨਤੀਜਿਆਂ ਦੇ ਐਲਾਨ ਦੇ 30 ਦਿਨਾਂ ਦੇ ਅੰਦਰ-ਅੰਦਰ ਲਾਜ਼ਮੀ ਤੌਰ 'ਤੇ ਦਾਖ਼ਲ ਕਰਵਾਏਗਾ। ਦੇਖਣਾ ਹੋਵੇਗਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਕੋਵਿਡ-19 ਪ੍ਰੋਟੋਕਾਲ ਦੀ ਰਾਜਨੀਤਕ ਪਾਰਟੀਆਂ ਅਤੇ ਚੋਣ ਲੜਨ ਵਾਲੇ ਉਮੀਦਵਾਰ ਕਿੰਨੀ ਗੰਭੀਰਤਾ ਨਾਲ ਪਾਲਣਾ ਕਰਦੇ ਹਨ। ਪੰਜਾਬ ਦੇ ਲੋਕ ਸਾਰੀਆਂ ਰਵਾਇਤੀ ਰਾਜਨੀਤਕ ਪਾਰਟੀਆਂ ਨੂੰ ਪਰਖ ਚੁੱਕੇ ਹਨ। ਉਨਾਂ 'ਚੋਂ ਕੋਈ ਵੀ ਲੋਕ ਹਿਤੈਸ਼ੀ ਨਹੀਂ ਹੈ।

ਦੇਖਣਾ ਹੋਵੇਗਾ ਕਿ ਸੰਯੁਕਤ ਸਮਾਜ ਮੋਰਚਾ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਕਿਨਾਂ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਦਾ ਹੈ, ਉਨਾਂ ਦਾ ਅਪਰਾਧਕ ਪਿਛੋਕੜ ਕੀ ਹੈ, ਉਨਾਂ ਦੀ ਕਿੰਨੀ ਜਾਇਦਾਦ ਹੈ, ਉਨਾਂ ਦੇ ਵਿੱਤੀ ਸਰੋਤ ਕੀ ਹਨ ਅਤੇ ਚੋਣ ਖ਼ਰਚਿਆਂ ਨੂੰ ਉਹ ਕਿਵੇਂ ਦਰਸਾਉਂਦੇ ਹਨ। ਆਸ ਕੀਤੀ ਜਾਂਦੀ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਕੇਵਲ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਹੀ ਚੋਣਾਂ ਵਿਚ ਉਤਾਰਨਗੀਆਂ। ਚੰਗਾ ਹੋਵੇਗਾ ਕਿ ਸੰਯੁਕਤ ਸਮਾਜ ਮੋਰਚਾ ਆਪਣੇ ਨਿੱਜੀ ਮੁਫ਼ਾਦਾਂ ਤੋਂ ਉੱਪਰ ਉੱਠ ਕੇ ਚੋਣ ਮੈਦਾਨ ਵਿਚ ਉਤਰੇ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਕੇਵਲ ਪੰਜਾਬ ਲਈ ਹੀ ਨਹੀਂ ਸਗੋਂ ਪੂਰੇ ਦੇਸ਼ ਲਈ ਮਹੱਤਵਪੂਰਨ ਹਨ। ਇਨਾਂ ਚੋਣਾਂ ਦੇ ਨਤੀਜੇ 2024 ਵਿਚ ਲੋਕ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਮੁੱਖ ਮੁੱਦਾ ਫ਼ਸਲਾਂ ਅਤੇ ਨਸਲਾਂ ਨੂੰ ਬਚਾਉਣ ਦਾ ਹੈ।

'ਪੰਜਾਬ ਗੂੰਗਾ ਨਹੀਂ ਜ਼ਰਾ ਕੁ ਚੁੱਪ ਹੈ
ਵਕਤ ਹੀ ਦੱਸੇਗਾ ਇਸ ਦਾ ਕੀ ਰੁਖ਼ ਹੈ।'

# ‘ਬੁਲੀ ਬਾਈ’ ਐਪ ਕੇਸ ਵਿਚ ਐੱਮਬੀਏ ਗ੍ਰੈਜੂਏਟ ਉੜੀਸਾ ਤੋਂ ਗ੍ਰਿਫ਼ਤਾਰ

**✪ ਮੁਸਲਿਮ ਔਰਤਾਂ ਨੂੰ ਬਣਾਇਆ ਸੀ ਨਿਸ਼ਾਨਾ ✪ ਕੱਲਬ ਹਾਊਸ ਵਿਚ ਹਿੰਦੂ ਔਰਤਾਂ ਵਿਰੁਧ ਵਰਤੀ ਭੱਦੀ ਸ਼ਬਦਾਵਲੀ ✪ ਕਲੱਬ ਹਾਊਸ ਵਲੋਂ ਦੋਸ਼ੀਆਂ ਦੇ ਅਕਾਊਂਟ ਸਸਪੈਂਡ ✪ ਯੂਜਰਜ਼ ਵਲੋਂ ਸਿੱਖਾਂ ਬਾਰੇ ਅਪਮਾਨਜਨਕ ਟਿਪਣੀਆਂ ✪ ਪੀੜਤ ਔਰਤਾਂ ਵਲੋਂ ਦੋਸ਼ ਕਿ ਐਪ ’ਤੇ ਹਿੰਦੂ ਰਾਸ਼ਟਰਵਾਦੀ ਟ੍ਰੋਲਜ਼ ਉਨਾਂ ਨੂੰ ਮਹੀਨਿਆਂ ਤੋਂ ਦੇਸ਼ਧ੍ਰੋਹੀ ਆਖ ਕੇ ਬਣਾ ਰਹੇ ਨੇ ਨਿਸ਼ਾਨਾ**

**ਮੁੰਬਈ/ਏ.ਟੀ.ਨਿਊਜ਼:-** ਇਥੋਂ ਦੀ ਅਪਰਾਧ ਸ਼ਾਖਾ ਦੀ ਸਾਈਬਰ ਪੁਲਿਸ ਨੇ ‘ਬੁਲੀ ਬਾਈ’ ਐਪ ਕੇਸ ਵਿੱਚ ਉੜੀਸਾ ਦੇ 28 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਐਪ ਜ਼ਰੀਏ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਉਂਦਿਆਂ ‘ਨਿਲਾਮੀ’ ਲਈ ਉਨਾਂ ਦੀਆਂ ਤਸਵੀਰਾਂ ਨੂੰ ਆਨਲਾਈਨ ਕੀਤਾ ਗਿਆ ਸੀ। ਨਕਲੀ ਸਿੱਖ ਆਈਡੀ ਬਣਾਕੇ ਸਿਖਾਂ ਨੂੰ ਬਦਨਾਮ ਕੀਤਾ ਸੀ। ਇਸ ਦੌਰਾਨ ਮੁੰਬਈ ਦੀ ਕੋਰਟ ਨੇ ਇਸੇ ਕੇਸ ਵਿੱਚ ਗ੍ਰਿਫ਼ਤਾਰ ਤਿੰਨ ਵਿਦਿਆਰਥੀਆਂ ਵਿਸ਼ਾਲ ਕੁਮਾਰ ਝਾਅ, ਸ਼ਵੇਤਾ ਸਿੰਘ ਤੇ ਮਾਯੰਕ ਰਾਵਤ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਧਰ ਦਿੱਲੀ ਤੋਂ ਟਰਾਂਜ਼ਿਟ ਰਿਮਾਂਡ ’ਤੇ ਲਿਆਂਦੇ ਕੇਸ ਦੇ ਮੁੱਖ ਸਾਜ਼ਿਸ਼ਘਾੜੇ ਨੀਰਜ ਬਿਸ਼ਨੋਈ ਤੇ ਇਕ ਹੋਰ ਮੁਲਜ਼ਮ ਓਮਕਰੇਸ਼ਵਰ ਠਾਕੁਰ ਨੂੰ ਕੋਰਟ ਨੇ 27 ਜਨਵਰੀ ਤੱਕ ਪੁਲਿਸ ਰਿਮਾਂਡ ਵਿੱਚ ਭੇਜ ਦਿੱਤਾ ਹੈ।

ਜਾਂਚ ਅਧਿਕਾਰੀ ਨੇ ਕਿਹਾ ਕਿ ਉੜੀਸਾ ਤੋਂ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਨੀਰਜ ਸਿੰਘ ਵਜੋਂ ਹੋਈ ਹੈ, ਜੋ ਐੱਮਬੀਏ ਗ੍ਰੈਜੂਏਟ ਹੈ। ਉਸ ਨੇ ਮੁੱਖ ਮੁਲਜ਼ਮ ਨਾਲ ਮਿਲ ਕੇ ਇਸ ਐਪ ਦੀ ਯੋਜਨਾਬੰਦੀ ਕੀਤੀ ਸੀ। ਅਧਿਕਾਰੀ ਨੇ ਕਿਹਾ, ‘ਪਹਿਲਾਂ ਗ੍ਰਿਫ਼ਤਾਰ ਮੁਲਜ਼ਮਾਂ ਤੋਂ ਕੀਤੀ ਪੁੱਛ-ਪੜਤਾਲ ਦੌਰਾਨ ਉਸ ਦੀ ਭੂਮਿਕਾ ਸਾਹਮਣੇ ਆਈ ਸੀ। ਇਸ ਮਗਰੋਂ ਸਾਈਬਰ ਪੁਲਿਸ ਸਟੇਸ਼ਨ ਦੀ ਟੀਮ ਨੂੰ ਉੜੀਸਾ ਭੇਜ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।’ ਸਿੰਘ ਨੂੰ ਮੁੰਬਈ ਲਿਆ ਕੇ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਸਿੰਘ ਤੇ ਦੋ ਹੋਰਨਾਂ ਦੀ ਗ੍ਰਿਫ਼ਤਾਰੀ ਨਾਲ ਮੁੰਬਈ ਪੁਲਿਸ ਹੁਣ ਤੱਕ ਇਸ ਕੇਸ ਵਿੱਚ ਛੇ ਵਿਅਕਤੀਆਂ ਨੂੰ ਕਾਬੂ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਸ਼ਵੇਤਾ ਸਿੰਘ (18) ਤੇ ਮਾਯੰਕ ਰਾਵਲ (21) ਨੂੰ ਉੱਤਰਾਖੰਡ ਜਦੋਂਕਿ ਇੰਜਨੀਅਰਿੰਗ ਦੇ ਵਿਦਿਆਰਥੀ ਵਿਸ਼ਾਲ ਕੁਮਾਰ ਝਾਅ (21) ਨੂੰ ਬੰਗਲੂਰੂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੌਰਾਨ ਦਿੱਲੀ ਪੁਲਿਸ ਵੱਲੋਂ ਗ੍ਰਿਫ਼ਤਾਰ ਨੀਰਜ ਬਿਸ਼ਨੋਈ ਤੇ ਓਮਕ੍ਰੇਸ਼ਵਰ ਠਾਕੁਰ ਨੂੰ ਅੱਜ ਟਰਾਂਜ਼ਿਟ ਰਿਮਾਂਡ ’ਤੇ ਲਿਆ ਕੇ ਮੁੰਬਈ ਸਾਈਬਰ ਸੈੱਲ ਪੁਲਿਸ ਨੇ ਕੋਰਟ ਵਿੱਚ ਪੇਸ਼ ਕੀਤਾ। ਕੋਰਟ ਨੇ ਪੁਲਿਸ ਨੂੰ ਦੋਵਾਂ ਦਾ 27 ਜਨਵਰੀ ਤੱਕ ਰਿਮਾਂਡ ਦੇ ਦਿੱਤਾ ਹੈ। ਠਾਕੁਰ ਨੂੰ ‘ਸੁਲੀ’ ਡੀਲਜ਼ ਐਪ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ, ਜਿਸ ਨੇ ਬਿਸ਼ਨੋਈ ਨੂੰ ਅਸਾਮ ਤੋਂ ਗ੍ਰਿਫ਼ਤਾਰ ਕੀਤਾ ਹੈ, ਨੇ ਦਾਅਵਾ ਕੀਤਾ ਸੀ ਕਿ ਉਹ ਬੁਲੀ ਬਾਈ ਐਪ ਦਾ ਮੁੱਖ ਸਾਜ਼ਿਸ਼ਘਾੜਾ ਹੈ। ਮੁੰਬਈ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਐੱਫਆਈਆਰ ਦਰਜ ਕਰਨ ਮਗਰੋਂ ਦਾਅਵਾ ਕੀਤਾ ਸੀ ਕਿ ਇਸ ਐਪ ਜ਼ਰੀਏ ਭਾਵੇਂ ਕੋਈ ‘ਨਿਲਾਮੀ’ ਜਾਂ ‘ਖ਼ਰੀਦੋ ਫਰੋਖ਼ਤ’ ਨਹੀਂ ਹੋਈ, ਪਰ ਇਸ ਐਪ ਦਾ ਮੁੱਖ ਮਕਸਦ ਮੁਸਲਿਮ ਫਿਰਕੇ ਦੀਆਂ ਔਰਤਾਂ, ਜਿਨਾਂ ਵਿੱਚੋਂ ਵੱਡੀ ਗਿਣਤੀ ਸਰਗਰਮ ਸੋਸ਼ਲ ਮੀਡੀਆ ਵਿਚ ਹਨ, ਨੂੰ ਜ਼ਲੀਲ ਕਰਨਾ ਤੇ ਧਮਕਾਉਣਾ ਸੀ।

ਕਲੱਬ ਹਾਊਸ ਸੈਕੰਡਲ ਦਾ ਪਰਦਾਫਾਸ਼

ਨਵੰਬਰ ਵਿੱਚ ਭਾਵਿਨੀ (ਬਦਲਿਆ ਹੋਇਆ ਨਾਮ) ਨੂੰ ਆਪਣੇ ਦੋਸਤਾਂ ਕੋਲੋਂ ਸਿਰਲੇਖ ਨਾਲ ਇੱਕ ਸਕਰੀਨ ਰਿਕਾਰਡਿੰਗ ਮਿਲੀ, ਜਿਸ ਵਿੱਚ ਉਨਾਂ ਦੇ ਅੰਡਰਵੀਅਰ ਦਾ ਉਲੇਖ ਸੀ। ਲਾਈਵ-ਆਡੀਓ ਐਪ ਯੂਜਰਸ ਨੂੰ ਵਰਚੂਅਲ ਰੂਮ ਸ਼ੁਰੂ ਕਰਨ ਜਾਂ ਉਹ ਜੁਆਇਨ ਕਰਨ ਲਈ ਵੀ ਕਹਿ ਰਿਹਾ ਸੀ, ਜਿਸ ਵਿੱਚ ਹੋਰ ਲੋਕ ਬੋਲ ਰਹੇ ਸਨ।ਇਸ ਰਿਕਾਰਡਿੰਗ ਵਿੱਚ, ਪੁਰਸ਼ ਔਰਤਾਂ ਦੇ ਸਰੀਰ ਦੇ ਹਿੱਸਿਆਂ ਦੀ ਨਿਲਾਮੀ ਕਰ ਰਹੇ ਸਨ, ਜਿਸ ਵਿੱਚ ਭਾਵਿਨੀ ਦੇ ਵੀ ਸ਼ਾਮਿਲ ਸਨ। ਉਨਾਂ ਨੇ ਕਿਹਾ, ‘ਇਹ ਉਹ ਕੀਮਤ ਹੈ ਜੋ ਤੁਸੀਂ ਇੱਕ ਬੇਬਾਕ ਔਰਤ ਹੋਣ ਕਰਕੇ ਚੁਕਾਉਂਦੇ ਹੋ।’



ਉਹ ਭਾਰਤ ਵਿੱਚ ਘੱਟੋ-ਘੱਟ ਚਾਰ ਹਿੰਦੂ ਔਰਤਾਂ ਵਿੱਚੋਂ ਇੱਕ ਹੈ, ਜਿਨਾਂ ਨੂੰ ਉਸ ਦਿਨ ਕਲੱਬ ਹਾਊਸ ਵਿੱਚ ਨਕਲੀ ਨਿਲਾਮੀ ਵਿੱਚ ਪੇਸ਼ ਕੀਤਾ ਗਿਆ, ਜਿਸ ਨੂੰ 200 ਤੋਂ ਵੱਧ ਯੂਜ਼ਰਸ ਦੇਖ ਰਹੇ ਸਨ।

ਕਲੱਬ ਹਾਊਸ ਨੇ ਦੱਸਿਆ ਕਿ ਜਿਨਾਂ ਨੇ ਰੂਮ ਬਣਾਇਆ ਸੀ, ਉਨਾਂ ਦੇ ਅਕਾਊਂਟਸ ਸਸਪੈਂਡ ਕਰ ਦਿੱਤੇ ਗਏ ਹਨ।

ਇਨਾਂ ਔਰਤਾਂ ਦਾ ਕਹਿਣਾ ਹੈ ਕਿ ਐਪ ’ਤੇ ਹਿੰਦੂ ਰਾਸ਼ਟਰਵਾਦੀ ਟ੍ਰੋਲਜ਼ ਉਨਾਂ ਨੂੰ ਮਹੀਨਿਆਂ ਤੋਂ ਦੇਸ਼ਧ੍ਰੋਹੀ ਆਖ ਕੇ ਨਿਸ਼ਾਨਾ ਬਣਾ ਰਹੇ ਹਨ ਕਿਉਂਕਿ ਉਹ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੀ ਆਲੋਚਨਾ ਕਰਦੇ ਰਹੇ ਹਨ।

ਭਾਰਤੀ ਮੁਸਲਮਾਨ ਔਰਤਾਂ, ਜਿਨਾਂ ਵਿੱਚੋਂ ਕਈ ਸਰਕਾਰ ਦੀਆਂ ਬੇਬਾਕ ਆਲੋਚਕਾਂ ਹਨ, ਉਨਾਂ ਨੂੰ ਪਿਛਲੇ 6 ਮਹੀਨਿਆਂ ਵਿੱਚ ਦੋ ਵਾਰ ਗਿਟ ਹਬ ਪਲੇਟਫਾਰਮ ਦੀ ਐਪਸ ’ਤੇ ਨਿਲਾਮ ਕੀਤਾ ਗਿਆ ਹੈ।ਇਸ ਮਹੀਨੇ ‘ਬੁਲੀ ਬਾਈ’, ਇਨਾਂ ਵਿੱਚੋਂ ਇੱਕ ਐਪ ਨੂੰ ਗਿਟ ਹਬ ਤੋਂ ਹਟਾਇਆ ਗਿਆ ਹੈ ਅਤੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।‘ਸੁੱਲੀ ਡੀਲਸ’ ਨਾਲ ਸਬੰਧਤ ਇੱਕ ਹੋਰ ਵਿਅਕਤੀ ਗ੍ਰਿਫ਼ਤਾਰ ਹੈ। ਇਹ ਵੀ ਉਨਾਂ ਵਾਂਗ ਹੀ ਐਪ ਹੈ ਜੋ ਜੁਲਾਈ 2021 ਵਿੱਚ ਬਣਾਈ ਗਈ ਹੈ।

ਇਨਾਂ ਸਾਰੇ ਹੀ ਕੇਸਾਂ ਵਿੱਚ ਅਸਲ ਵਿੱਚ ਕੋਈ ਔਰਤ ਸੇਲ ਨਹੀਂ ਹੋਈ ਸੀ, ਇਨਾਂ ਦਾ ਮੁੱਖ ਉਦੇਸ਼ ਨਿਸ਼ਾਨਾ ’ਤੇ ਲਈਆਂ ਗਈਆਂ ਔਰਤਾਂ ਨੂੰ ਪ੍ਰੇਸ਼ਾਨ ਕਰਨਾ ਅਤੇ ਚੁੱਪ ਕਰਵਾਉਣਾ ਸੀ।

ਦਿੱਲੀ ਕਮਿਸ਼ਨ ਫਾਰ ਵੂਮੈਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਪੁਲਿਸ ਨੂੰ ਕਲੱਬ ਹਾਊਸ ’ਤੇ ਮੁਸਲਮਾਨ ਔਰਤਾਂ ਦੇ ਖ਼ਿਲਾਫ਼ ਅਸ਼ਲੀਲ ਟਿੱਪਣੀ ਕਰਨ ਵਾਲੇ ਲੋਕਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰਨ ਨੂੰ ਕਿਹਾ।

ਨਿਰਪੱਖ ਬੁਧੀਜੀਵੀਆਂ ਦਾ ਕਹਿਣਾ ਹੈ ਕਿ ਭਾਜਪਾ ਦੇ ਰਾਜ ਦੌਰਾਨ ਹਾਲ ਹੀ ਦੇ ਸਾਲਾਂ ਵਿੱਚ ਔਰਤਾਂ, ਖ਼ਾਸ ਕਰਕੇ ਮੁਸਲਮਾਨ ਔਰਤਾਂ ਦੀ ਟ੍ਰੋਲਿੰਗ ਹੋਰ ਵੀ ਤੇਜ਼ ਹੋਈ ਹੈ। ਉਹ ਪਾਰਟੀ ’ਤੇ ਇਲਜ਼ਾਮ ਲਗਾਉਂਦੇ ਹਨ ਕਿ ਮੋਦੀ ਜਾਂ ਉਨਾਂ ਦੀਆਂ ਨੀਤੀਆਂ ਦੇ ਨਾਲ ਮੁੱਦਾ ਚੁੱਕਣ ਵਾਲੇ ਕਿਸੇ ਵੀ ਵਿਅਕਤੀ ਨੂੰ ਇੱਕ ਵਰਚੂਆਲ ਸੱਜੇ-ਪੱਖੀ ਆਰਮੀ ਨੂੰ ਤੈਨਾਤ ਕਰ ਕੇ ਲਈ ਲੋੜੀਂਦੇ ਸੰਸਾਧਨਾਂ ਦੀ ਵਰਤੋਂ ਕਰ ਰਿਹਾ ਹੈ। ਹਾਲਾਂਕਿ, ਭਾਜਪਾ ਇਨਾਂ ਸਾਰੇ ਇਲਜ਼ਾਮਾਂ ਤੋਂ ਇਨਕਾਰ ਕਰਦੀ ਹੈ।

ਜਦੋਂ ਭਾਵਿਨੀ ਅਤੇ 33 ਸਾਲਾ ਰੇਖਾ (ਬਦਲਿਆ ਹੋਇਆ ਨਾਮ) ਨੇ ਕਲੱਬ ਹਾਊਸ ਜੁਆਇਨ ਕੀਤਾ ਤਾਂ ਉਨਾਂ ਨੂੰ ਆਸ ਸੀ ਕਿ ਉਹ ਸਿਆਸਤ ਬਾਰੇ ਐਪ ਸੁਰੱਖਿਅਤ ਗੱਲ ਕਰ ਸਕਦੀਆਂ ਹਨ। ਰੇਖਾ ਆਈ ਟੀ ਪ੍ਰੋਫੈਸ਼ਨਲ ਹੈ। ਨਾ ਸਿਰਫ਼ ਵਿਅਕਤੀਗਤ ਚੈਟ ਰੂਮ, ਅਤੇ ਲਾਈਵ ਚਰਚਾਵਾਂ ਲਈ, ਬਲਕਿ ਦੁਨੀਆਂ ਦੇ ਕੁਝ ਸਭ ਤੋਂ ਪ੍ਰਸਿੱਧ ਲੋਕਾਂ ਨੂੰ ਸੁਣਨ ਲਈ ਇੱਕ ਮੰਚ ਵਜੋਂ ਇਸਤੇਮਾਲ ਕਰਨ, ਦਿ ਇਨਵਾਇਟ ਐਪ ਲੋਕਪ੍ਰਿਅ ਹੋ ਗਈ, ਓਪਰਾਹ ਅਤੇ ਏਲਨ ਮਸਕ ਨੇ ਇਹ ਮੌਜੂਦਗੀ ਦਰਜ ਕਰਵਾਈ।

ਪਰ ਦੋਵਾਂ ਔਰਤਾਂ ਨੇ ਦੇਖਿਆ ਕਿ ਭਾਰਤੀ ਸਿਆਸਤ ਬਾਰੇ ਗੱਲ ਕਰਨਾ ਔਖਾ ਸੀ, ਕੀ ਇਹ ਕਿਸਾਨਾਂ ਲਈ ਉਨਾਂ ਦਾ ਸਮਰਥਨ ਸੀ, ਜਿਨਾਂ ਨੇ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਬਣਾਏ ਗਏ ਵਿਵਾਦਿਤ ਕਾਨੂੰਨਾਂ ਖ਼ਿਲਾਫ਼ ਕਰੀਬ ਇੱਕ ਸਾਲ ਤੋਂ ਵੱਧ ਅੰਦੋਲਨ ’ਤੇ ਬੈਠੇ ਸਨ।ਰੇਖਾ ਨੇ ਕਿਹਾ, ‘ਮਾੜਾ ਵਤੀਰਾ ਉਸ ਦਿਨ ਸ਼ੁਰੂ ਹੋਇਆ ਜਦੋਂ ਮੈਂ ਆਪਣੀ ਸਿਆਸੀ ਰਾਇ ਜ਼ਾਹਿਰ ਕੀਤੀ ਸੀ।’ ਉਨਾਂ ਦਾ ਕਹਿਣਾ ਹੈ ਕਿ ਐਪ ’ਤੇ ਟ੍ਰੋਲਜ਼ ਨੇ ਉਨਾਂ ਦੀਆਂ ਤਸਵੀਰਾਂ ਦੀ ਵਰਤੋਂ ਕਰ ਕੇ ਅਕਾਊਂਟ ਬਣਾਏ ਅਤੇ ਰੇਪ ਦੀ ਧਮਕੀ ਦਿੱਤੀ।

ਭਾਵਿਨੀ ਅਤੇ ਰੇਖਾ ਦਾ ਕਹਿਣਾ ਹੈ ਕਿ ਉਨਾਂ ਰੂਮ ਅਤੇ ਯੂਜਰਜ਼ ਬਾਰੇ ਕਈ ਵਾਰ ਰਿਪੋਰਟ ਵੀ ਕੀਤੀ ਪਰ ਸ਼ੋਸ਼ਣਕਾਰੀਆਂ ਦਾ ਟੋਲਾ ਸਰਗਰਮ ਰਹਿੰਦਾ ਸੀ।

ਭਾਵਿਨੀ ਨੇ ਕਿਹਾ ਕਿ ਹਿੱਸਾ ਲੈਣ ਵਾਲੇ ਪੁਰਸ਼ਾਂ ਨੇ ਉਨਾਂ ਦੀਆਂ ਛਾਤੀਆਂ ਬਾਰੇ ਗੱਲ ਕੀਤੀ ਅਤੇ ਉਨਾਂ ਦੇ ਕਲੀਵੇਜ ਦੀਆਂ ਨਜ਼ਦੀਕੀ ਤਸਵੀਰਾਂ ਦਾ ਹਵਾਲਾ ਦਿੱਤਾ। ਇਹ ਉਨਾਂ ਦੇ ਇੰਸਟਾਗ੍ਰਾਮ ਅਕਾਊਂਟ ਤੋਂ ਲਏ ਗਏ ਸਨ, ਉਨਾਂ ਫੋਟੋਆਂ ਤੋਂ ਜਿੱਥੇ ਉਨਾਂ ਨੇ ਇੱਕ ਵੀ-ਨੈੱਕ ਟੌਪ ਜਾਂ ਸਵਿਮਵੀਅਰ ਪਹਿਨਿਆ ਹੋਇਆ ਹੈ।

ਇੱਕ ਰਿਕਾਰਡਿੰਗ ਵਿੱਚ, ਇੱਕ ਆਦਮੀ ਹੱਸਿਆ ਅਤੇ ਬ੍ਰੈਸਟ ਮਿਲਕ ਬਾਰੇ ਬੋਲੀ ਲਗਾਈ। ਰੇਖਾ ਕੁਝ ਮਿੰਟਾਂ ਲਈ ਉਸੇ ਰੂਮ ਵਿੱਚ ਦਾਖ਼ਲ ਹੋਈ ਅਤੇ ਉਨਾਂ ਨੇ ਉਨਾਂ ਦੇ ਜਣਨ ਅੰਗਾਂ ’ਤੇ ਬੋਲੀ ਲਗਾਉਂਦਿਆਂ ਤੇ ਆਦਮੀਆਂ ਨੂੰ ਹੱਸਦੇ ਸੁਣਿਆ। ਉਨਾਂ ਨੇ ਯੂਜਰਜ਼ ਨੂੰ ਜਿਨਸੀ ਕਿਰਿਆਵਾਂ ਕਰਨ ਬਾਰੇ ਗੱਲ ਕਰਦਿਆਂ ਸੁਣਿਆ ਅਤੇ ਪਾਕਿਸਤਾਨੀਆਂ ਅਤੇ ਸਿੱਖਾਂ ਬਾਰੇ ਅਪਮਾਨਜਨਕ ਬੋਲੀ ਬੋਲਦਿਆਂ ਵੀ ਸੁਣਿਆ। ਉਨਾਂ ਨੇ ਕਿਹਾ, ‘ਜਿਹੜਾ ਵੀ ਸਸਤਾ ਮੁੱਲ ਲਗਾਏਗਾ, ਮੈਂ ਉਨਾਂ ਨੂੰ ਵੀਜਾਈਨਾ ਦਿਆਂਗਾ। ਇੱਕ ਪੈਸਾ, ਅੱਧੀ ਪੈਨੀ, ਮੈਂ ਮੁਫ਼ਤ ਵਿਚ ਦੇ ਦਿਆਂਗਾ।’

ਰੇਖਾ ਨੇ ਕਿਹਾ ਕਿ ਮੇਰੀ ਹਿੰਦੂਤਵੀਆਂ ਨੇ ਬੇਇੱਜ਼ਤੀ ਕੀਤੀ ਹੈ। ਉਨਾਂ ਵਲੋਂ ਮੇਰੀ ਵੀਜਾਈਨਾ ਦੀ ਨਿਲਾਮੀ ਕੀਤੀ ਜਾ ਰਹੀ ਸੀ।’

ਭਾਵਿਨੀ ਅਤੇ ਰੇਖਾ ਨੇ ਤੁਰੰਤ ਰੂਮ ਬਾਰੇ ਰਿਪੋਰਟ ਕੀਤੀ, ਪਰ ਇਹ ਘੱਟੋ-ਘੱਟ ਦੋ ਘੰਟੇ ਚੱਲਦਾ ਰਿਹਾ।

ਪਰ ਘੱਟੋ-ਘੱਟ ਇੱਕ ਯੂਜਰਜ਼ ਅਜੇ ਵੀ ਇੱਕ ਵੱਖਰੇ ਖਾਤੇ ਦੇ ਤਹਿਤ ਐਪ ’ਤੇ ਸਰਗਰਮ ਹੈ, ਜਿਸ ਨੇ ਨਿਲਾਮੀ ਵਾਲੇ ਦਿਨ ਰੂਮ ਬਣਾਇਆ ਸੀ।

ਰੇਖਾ ਨੇ ਕਿਹਾ, ‘ਮੈਂ ਇੱਕ ਯੂਜਰ ਨੂੰ ਕਿੰਨੀ ਵੀ ਵਾਰ ਰਿਪੋਰਟ ਕਰਾਂ, ਕੋਈ ਫਰਕ ਨਹੀਂ ਪੈਂਦਾ।’

ਦੂਸਰੇ ਪਾਸੇ ਕਲੱਬ ਹਾਊਸ ਨੇ ਕਿਹਾ ਕਿ ਉਹ ਉਨਾਂ ਰੂਮਜ਼ ਦੀ ਰਿਕਾਰਡਿੰਗ ਰੱਖਦਾ ਹੈ ਕਿ ਜਿਨਾਂ ਬਾਰੇ ਜਾਂਚ ਦੀ ਸ਼ਿਕਾਇਤ ਮਿਲੀ ਹੋਵੇ।ਉਨਾਂ ਨੇ ਇਹ ਵੀ ਕਿਹਾ, ‘ਇਹ ਉਨਾਂ ਯੂਜਰਜ਼ ਲਈ ਵਾਪਸ ਆਉਣਾ ਲਈ ਮੁਸ਼ਕਲ ਬਣਾਉਂਦਾ ਹੈ, ਜੋ ਸਸਪੈਂਡ ਕੀਤੇ ਗਏ ਹੋਣ ਅਤੇ ਇਸ ਲਈ ਹੈ ਵਿਚਾਰ ਅਧੀਨ ਰੂਮਜ਼ ਨੂੰ ਬਣਾਉਣ ਵਾਲਿਆਂ ਨਾਲ ਜੁੜੇ ਅਕਾਊਂਟ ਨੂੰ ਹਟਾਉਣ ਲਈ ਸਮਰੱਥ ਹੈ।’


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us

Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD SUITE #221, HAYWARD, CA 94544




# ਗਿਆਨ ਦਾ ਭੰਡਾਰ ਸਾਇੰਸ ਸਿਟੀ



**ਮਾਸਟਰ ਜਸਵਿੰਦਰ ਸਿੰਘ ਛਾਜਲੀ**

ਪਿਆਰੇ ਬੱਚਿਓ, ਅਜੋਕਾ ਯੁੱਗ ਵਿਗਿਆਨ ਅਤੇ ਤਕਨੀਕ ਦਾ ਯੁੱਗ ਹੈ। ਇਸ ਲਈ ਅਜੋਕੇ ਸਮੇਂ ਵਿਗਿਆਨਕ ਸਿਧਾਂਤਾਂ ਅਤੇ ਤਕਨੀਕਾਂ ਬਾਰੇ ਮੁਢਲੀ ਜਾਣਕਾਰੀ ਹੋਣੀ ਜ਼ਰੂਰੀ ਹੈ। ਜੇ ਸਾਡੇ ਕੋਲ ਵਿਗਿਆਨਕ ਜਾਣਕਾਰੀ ਹੋਵੇਗੀ ਤਾਂ ਹੀ ਅਸੀਂ ਵਿਗਿਆਨਕ ਸੋਚ ਅਤੇ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਂਗੇ। ਸਾਨੂੰ ਮਾਣ ਹੈ ਕਿ ਪੰਜਾਬ ਵਿੱਚ ਜਲੰਧਰ ਤੋਂ ਕਪੂਰਥਲਾ ਰੋਡ ’ਤੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਤੇ ਨਿਵੇਕਲਾ ਅਦਾਰਾ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਸਥਿਤ ਹੈ। ਅਜੋਕੇ ਯੁੱਗ ਵਿੱਚ ਇਹ ਅਦਾਰਾ ਵਿਗਿਆਨ, ਸਿੱਖਿਆ, ਕਲਾ, ਤਕਨੀਕ, ਸੱਭਿਆਚਾਰ ਅਤੇ ਮਨੋਰੰਜਨ ਦਾ ਅਦਭੁਤ ਕੇਂਦਰ ਹੈ। ਆਓ, ਤੁਹਾਨੂੰ ਇਸ ਬਾਰੇ ਜਾਣਕਾਰੀ ਦੇਈਏ। ਸਾਇੰਸ ਸਿਟੀ ਅੰਦਰ ਵੱਖ-ਵੱਖ ਵਿਗਿਆਨਕ ਵਿਸ਼ਿਆਂ ਤੇ ਨਿਯਮਾਂ ਨਾਲ ਸਬੰਧਤ ਗੈਲਰੀਆਂ ਬਣੀਆਂ ਹੋਈਆਂ ਹਨ। ਇਨਾਂ ਗੈਲਰੀਆਂ ਵਿੱਚ ਸਬੰਧਤ ਵਿਸ਼ਿਆਂ ਨਾਲ ਵਰਕਿੰਗ, ਵਿਹਾਰਕ ਤੇ ਸਟਿੱਲ ਮਾਡਲ ਅਤੇ ਉਪਕਰਨ ਤੇ ਪੇਂਟਿੰਗ ਦੇਖਣਯੋਗ ਹਨ। ਰੰਗਦਾਰ ਚਾਰਟਾਂ ਰਾਹੀਂ ਬਹੁਤ ਹੀ ਸੌਖੇ ਤੇ ਦਿਲਚਸਪ ਢੰਗ ਨਾਲ ਜਾਣਕਾਰੀ ਦਿੱਤੀ ਹੋਈ ਹੈ। ਸਪੇਸ ਥੀਏਟਰ ਵਿੱਚ ਆਮ ਸਿਨੇਮਾ ਨਾਲੋਂ 10 ਗੁਣਾ ਵੱਡੀ ਸਕਰੀਨ ਉੱਪਰ ਬ੍ਰਹਿਮੰਡ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਜਿਸ ਨੂੰ ਦੇਖਣ ’ਤੇ ਬ੍ਰਹਿਮੰਡ ਦਾ ਸਮੁੱਚਾ ਨਜ਼ਾਰਾ ਸਾਹਮਣੇ ਆ ਜਾਂਦਾ ਹੈ। ਫਲਾਈਟ ਸਿਮੂਲੇਟਰ ਵਿੱਚ ਅਦਭੁਤ ਸੈਰ ਕਰਨ ਦਾ ਆਨੰਦ ਲਿਆ ਜਾ ਸਕਦਾ ਹੈ। ਅਰਥਕੁਏਕ ਸਿਮੂਲੇਟਰ ਵਿੱਚ ਵੱਖ-ਵੱਖ ਰਿਐਕਟਰ ਪੈਮਾਨੇ ਦੇ ਭੂਚਾਲੀ ਝਟਕਿਆਂ ਦਾ ਅਹਿਸਾਸ ਹੁੰਦਾ ਹੈ। ਲੇਜ਼ਰ ਸ਼ੋਅ ਰਾਹੀਂ ਦਿਮਾਗ਼ ਨੂੰ ਚਕਰਾਅ ਦੇਣ ਵਾਲਾ ਨਜ਼ਾਰਾ ਪੇਸ਼ ਕੀਤਾ ਜਾਂਦਾ ਹੈ। ਥ੍ਰੀ ਡੀ ਸ਼ੋਅ ਰਾਹੀਂ ਅਨੋਖੀ ਦੁਨੀਆਂ ਦਾ ਅਹਿਸਾਸ ਹੁੰਦਾ ਹੈ। ‘ਵੋਰਟੈਕਸ’ ਭੁਲੇਖਾ ਪਾਉਣ ਵਾਲੀ ਇੱਕ ਸੁਰੰਗ ਹੈ। ਇਸ ਦੇ ਅੰਦਰ ਜਾ ਕੇ ਵੱਖ-ਵੱਖ ਭੁਲੇਖਾ ਪਾਉਣ ਵਾਲੀਆਂ ਘਟਨਾਵਾਂ ਮਹਿਸੂਸ ਹੁੰਦੀਆਂ ਹਨ। ਸਪੇਸ ਗੈਲਰੀ ਸਾਰੀਆਂ ਗੈਲਰੀਆਂ ਨਾਲੋਂ ਵੱਡੀ ਹੈ ਕਿਉਂਕਿ ਇਸ ਵਿੱਚ ਯੰਤਰਾਂ ਅਤੇ ਵਰਕਿੰਗ ਤੇ ਸਟਿੱਲ ਮਾਡਲਾਂ ਰਾਹੀਂ ਬ੍ਰਹਿਮੰਡ ਦੇ ਭੇਦਾਂ, ਗ੍ਰਹਿਆਂ- ਉਪਗ੍ਰਹਿਆਂ, ਤਾਰਾ ਮੰਡਲ ਅਤੇ ਸੂਰਜੀ ਪਰਿਵਾਰ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇੱਥੋਂ ਵੱਖ-ਵੱਖ ਤਰਾਂ ਦੇ ਬਨਾਉਟੀ ਉਪਗ੍ਰਹਿ, ਰਾਸ਼ਟਰੀ ਪੁਲਾੜ ਸਟੇਸ਼ਨ, ਸੈਟੇਲਾਈਟ ਲਾਂਚ ਸਟੇਸ਼ਨ ਅਤੇ ਉਪਗ੍ਰਹਿ ਸੰਚਾਰ ਪ੍ਰਣਾਲੀ ਬਾਰੇ ਬਖ਼ੂਬੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮਨੁੱਖ ਦੁਆਰਾ ਚੰਦ ’ਤੇ ਪਹੁੰਚ ਕੇ ਲਿਆਂਦੀ ਗਈ ਮਿੱਟੀ, ਕੰਕਰ, ਪੱਥਰ ਆਦਿ ਤੋਂ ਇਲਾਵਾ ਪੁਲਾੜ ਵਿਗਿਆਨੀਆਂ ਦੁਆਰਾ ਪਹਿਨੀ ਜਾਂਦੀ ਵਿਸ਼ੇਸ਼ ਪੁਸ਼ਾਕ ਵੀ ਇੱਥੇ ਦੇਖ ਸਕਦੇ ਹਾਂ। ‘ਡਿਜੀਟਲ ਪਲੈਨੇਟੋਰੀਅਮ’ ਰਾਹੀਂ ਇੱਕ ਤਰਾਂ ਬ੍ਰਹਿਮੰਡ ਦੀ ਸੈਰ ਕਰਵਾਈ ਜਾਂਦੀ ਹੈ। ਖੇਡਾਂ ਦਾ ਵਿਗਿਆਨ ਗੈਲਰੀ ਵਿੱਚ ਵੱਖ-ਵੱਖ ਖੇਡਾਂ ਖ਼ਾਸ ਕਰਕੇ ਕ੍ਰਿਕਟ, ਹਾਕੀ, ਫੁੱਟਬਾਲ ਵਿੱਚ ਵਰਤੀ ਜਾਂਦੀ ਵਿਗਿਆਨਕ ਤਕਨੀਕ ਨੂੰ ਬਖ਼ੂਬੀ ਦਰਸਾਇਆ ਗਿਆ ਹੈ।



ਇਹ ਗੈਲਰੀ ਨੂੰ ਦੇਖ ਕੇ ਵਿਦਿਆਰਥੀ ਵਰਗ ਨੂੰ ਖੇਡ ਤਕਨੀਕ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸਾਈਬਰ ਸਪੇਸ ਗੈਲਰੀ ਵਿੱਚ ਕੰਪਿਊਟਰ, ਇੰਟਰਨੈੱਟ, ਈਮੇਲ, ਫੈਕਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮਨੋਰੰਜਨ ਸਾਇੰਸ ਗੈਲਰੀ ਵਿੱਚ ਖੇਡ-ਖੇਡ ਰਾਹੀਂ ਵਿਗਿਆਨਕ ਤਕਨੀਕ ਅਤੇ ਸਿਧਾਂਤਾਂ ਨੂੰ ਵਿਹਾਰਕ ਰੂਪ ਵਿੱਚ ਕਰਕੇ ਆਨੰਦ ਮਾਣਿਆ ਜਾਂਦਾ ਹੈ। ਇਹ ਵਿਦਿਆਰਥੀ ਵਰਗ ਲਈ ਖਿੱਚ ਦਾ ਕੇਂਦਰ ਹੈ। ਸਿਹਤ ਗੈਲਰੀ ਵਿੱਚ ਵਰਕਿੰਗ ਮਾਡਲਾਂ ਰਾਹੀਂ ਮਨੁੱਖ ਦੇ ਸਰੀਰ ਦੀ ਬਾਹਰੀ ਅਤੇ ਅੰਦਰੂਨੀ ਬਣਤਰ ਅਤੇ ਕਾਰਜਵਿਧੀ ਨੂੰ ਦਰਸਾਇਆ ਗਿਆ ਹੈ। ਵਿਦਿਆਰਥੀ ਆਪਣੇ ਹੱਥਾਂ ਰਾਹੀਂ ਮਾਡਲਾਂ ਨੂੰ ਚਲਾ ਕੇ ਦਿਲ, ਫੇਫੜੇ, ਗੁਰਦੇ, ਅੱਖਾਂ, ਕੰਨਾਂ ਆਦਿ ਬਾਰੇ ਮੌਕੇ ’ਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ‘ਬਾਇਓ ਟੈਕਨਾਲੋਜੀ’ ਗੈਲਰੀ ਵਿੱਚ ਮਨੁੱਖੀ ਜੀਵਨ ਵਿੱਚ ਬਾਇਓ ਟੈਕਨਾਲੋਜੀ ਦੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਐਚਆਈਵੀ ਏਡਜ਼ ਗੈਲਰੀ ਵਿੱਚ ਏਡਜ਼ ਦੇ ਇਤਿਹਾਸ, ਲੱਛਣ, ਸਰੀਰ ’ਤੇ ਬੁਰੇ ਪ੍ਰਭਾਵ, ਕਾਰਨਾਂ ਅਤੇ ਰੋਕਥਾਮ ਬਾਰੇ ਜਾਗਰੂਕ ਕੀਤਾ ਗਿਆ ਹੈ। ਰੱਖਿਆ ਗੈਲਰੀ ਵਿੱਚ ਸਾਡੇ ਦੇਸ਼ ਵੱਲੋਂ ਵਰਤੇ ਜਾਂਦੇ ਟੈਂਕ, ਤੋਪਾਂ, ਹਵਾਈ ਜਹਾਜ਼ ਆਦਿ ਨੂੰ ਨੇੜਿਓਂ ਦੇਖਿਆ ਜਾ ਸਕਦਾ ਹੈ। ਡਾਇਨਾਸੋਰ ਪਾਰਕ ਸਾਰਿਆਂ ਲਈ ਖਿੱਚ ਦਾ ਕੇਂਦਰ ਹੈ। ਡਾਇਨਾਸੋਰਾਂ ਦੀ ਕਿਸੇ ਸਮੇਂ ਇਸ ਧਰਤੀ ’ਤੇ ਸਰਦਾਰੀ ਰਹੀ ਹੈ ਕਿਉਂਕਿ ਇਹ ਵੱਡ ਆਕਾਰੀ ਜੀਵ ਵੱਡੀ ਗਿਣਤੀ ਵਿੱਚ ਭੌਤਿਕ ਹਾਲਾਤ ਦੇ ਬਦਲਾਓ ਕਾਰਨ ਲੋਪ ਹੋ ਗਏ ਹਨ। ਬਾਕੀ ਸਫ਼ਾ 30 ’ਤੇ

# ਬ੍ਰਿਟਿਸ਼ ਕੋਲੰਬੀਆ ਵਾਸੀਓ, ਆਪਣੇ ਬੱਚਿਆਂ ਨੂੰ ਪੰਜਾਬੀ ਪੜਾਓ

**ਪ੍ਰੋ: ਕੁਲਦੀਪ ਪੇਲੀਆ**
**ਸਰੀ, ਕੈਨੇਡਾ**

ਬੀਸੀ ਦੇ ਸਰਕਾਰੀ ਸਕੂਲਾਂ ਵਿੱਚ 8 ਸਾਲਾਂ ਲਈ ਪੰਜਾਬੀ ਪੜਾਉਣ ਦੀ ਇਜਾਜ਼ਤ ਦਿੱਤੀ ਗਈ ਹੈ।

ਸਕੂਲਾਂ ਵਿੱਚ ਦੂਜੀ ਭਾਸ਼ਾ ਸਿਖਾਉਣ ਦਾ ਉਦੇਸ਼ ਬੱਚਿਆਂ ਨੂੰ ਦੋ-ਭਾਸ਼ੀਏ ਬਣਾਉਣਾ ਹੈ ਕਿਉਂਕਿ ਦੋਭਾਸ਼ੀਆਵਾਦ ਉਨਾਂ ਦੇ ਦਿਮਾਗ ਦਾ ਵਿਕਾਸ ਕਰਦਾ ਹੈ ਅਤੇ ਉਨਾਂ ਨੂੰ ਹੋਰ ਰਚਨਾਤਮਕ ਬਣਾਉਂਦਾ ਹੈ।

ਬ੍ਰਿਟਿਸ਼ ਕੋਲੰਬੀਆ ਵਿੱਚ 4 ਸਾਲ (ਪੰਜਵੀਂ ਤੋਂ ਅੱਠਵੀਂ ਤੱਕ) ਦੂਜੀ ਭਾਸ਼ਾ ਪੜਾਈ ਜਾਂਦੀ ਹੈ ਜੋ ਕਿ ਲਾਜ਼ਮੀ ਹੈ। ਬੱਚੇ ਇਨਾਂ ਵਿੱਚੋਂ ਇੱਕ ਭਾਸ਼ਾ ਚੁਣ ਸਕਦੇ ਹਨ : ਪੰਜਾਬੀ, ਫਰਾਂਸੀਸੀ, ਮੈਂਡਰਿਨ, ਜਾਪਾਨੀ, ਸਪੈਨਿਸ਼ ਅਤੇ ਜਰਮਨ। ਕੈਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਅੰਗਰੇਜ਼ੀ ਤੋਂ ਬਾਅਦ, ਪੰਜਾਬੀ ਬੀ ਸੀ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦੇ ਲਈ ਬੱਚਿਆਂ ਨੂੰ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਚੁਣਨਾ ਚਾਹੀਦਾ ਹੈ। ਨੌਵੀਂ ਤੋਂ ਬਾਰਵੀਂ ਤੱਕ ਦੇ ਬੱਚੇ ਪੰਜਾਬੀ ਵਿਸ਼ੇ ਵਜੋਂ ਪੜ ਸਕਦੇ ਹਨ। ਕਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਵਿੱਚ 198,805 ਲੋਕ ਪੰਜਾਬੀ ਬੋਲਦੇ ਹਨ ਅਤੇ 57,425 ਫਰਾਂਸੀਸੀ ਬੋਲਦੇ ਹਨ। ਨੌਕਰੀਆਂ ਵਿੱਚ ਪੰਜਾਬੀ-ਅੰਗਰੇਜ਼ੀ ਦੋਭਾਸ਼ੀਆਂ ਦੀ ਵੱਡੀ ਮੰਗ ਹੈ। ਬੀਸੀ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਹਮੇਸ਼ਾ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਬੀਸੀ ਸਕੂਲਾਂ ਵਿੱਚ 8 ਸਾਲ ਤੱਕ ਪੰਜਾਬੀ ਪੜ ਕੇ ਬੱਚੇ ਪੰਜਾਬੀ-ਅੰਗਰੇਜ਼ੀ ਦੋ-ਭਾਸ਼ੀਏ ਬਣ ਸਕਦੇ ਹਨ। ਸਕੂਲ ਵਿੱਚ 4 ਸਾਲ ਫਰਾਂਸੀਸੀ ਪੜਕੇ ਬੱਚੇ ਅੰਗਰੇਜ਼ੀ-ਫਰਾਂਸੀਸੀ ਦੋ-ਭਾਸ਼ੀਏ ਨਹੀਂ ਬਣਦੇ। ਸਿਰਫ਼ 4 ਸਾਲਾਂ ਲਈ ਫਰਾਂਸੀਸੀ ਸਿੱਖਣਾ ਸਮੇਂ ਦੀ ਬਰਬਾਦੀ ਹੈ। ਦੂਜੀ ਭਾਸ਼ਾ ਸਿੱਖਣ ਦਾ ਮਕਸਦ ਤੁਹਾਡੇ ਬੱਚਿਆਂ ਨੂੰ ਦੋਭਾਸ਼ੀਏ ਬਣਾਉਣਾ ਹੈ ਤਾਂ ਜੋ ਉਨਾਂ ਦੇ ਦਿਮਾਗ਼ ਦਾ ਵਿਕਾਸ ਹੋ ਸਕਣ। ਬ੍ਰਿਟਿਸ਼ ਕੋਲੰਬੀਆ ਵਿੱਚ ਬੱਚਿਆਂ ਲਈ ਫਰੈਂਚ ਦੀ ਬਜਾਏ 8 ਸਾਲ ਤੱਕ ਪੰਜਾਬੀ ਪੜਨ ਨਾਲ ਨੌਕਰੀ ਹਾਸਿਲ ਕਰਨ ਦੇ ਮੌਕੇ ਵਧਣਗੇ। ਇਸ ਨਾਲ ਤੁਹਾਡੇ ਬੱਚੇ ਆਪਣੀ ਬੋਲੀ, ਸਭਿਅਤਾ, ਤੇ ਧਰਮ ਨਾਲ ਵੀ ਜੁੜੇ ਰਹਿਣਗੇ।

# ਮਾਪਿਆਂ ਦੀ ਪਰਵਰਿਸ਼ ਤੇ ਬੱਚਿਆਂ ਦਾ ਵਿਵਹਾਰ

**ਨੇਚਰਦੀਪ ਕਾਹਲੋਂ**

ਅਸਲ ਵਿੱਚ ਰਿਸ਼ਤਿਆਂ ਨੂੰ ਸਮਝ ਕੇ ਨਿਭਾਉਣਾ ਵੀ ਇੱਕ ਕਲਾ ਹੈ। ਰਿਸ਼ਤੇ ਜੋ ਸਾਨੂੰ ਜਨਮ ਦੇ ਨਾਲ ਹੀ ਮਿਲ ਜਾਂਦੇ ਨੇ ਤੇ ਮੌਤ ਤੋਂ ਬਾਅਦ ਤੱਕ ਵੀ ਨਾਲ ਚਲਦੇ ਨੇ। ਰਿਸ਼ਤੇ ਨਿਭਾਈ ਤਾਂ ਆਪਾਂ ਸਾਰੇ ਹੀ ਜਾਂਦੇ ਹਾਂ ਪਰ ਉਨਾਂ ਨੂੰ ਸਮਝ ਕੇ ਉਨਾਂ ਦੇ ਮਹੱਤਵ ਨੂੰ ਸਮਝ ਕੇ ਨਹੀਂ। ਹਰ ਰਿਸ਼ਤੇ ਦੀ ਅਹਿਮੀਅਤ ਹੈ, ਲੇਕਿਨ ਫ਼ਰਜ ਵੀ ਸਭ ਦਾ ਬਰਾਬਰ ਹੈ ਉਸ ਨੂੰ ਅਪਣਾਉਣ ਤੇ ਸਮਝਣ ਦਾ। ਅੱਜ ਸਿਰਫ਼ ਬੱਚਿਆਂ ਤੇ ਮਾਪਿਆਂ ਬਾਰੇ ਗੱਲ ਕਰਦੇ ਹਾਂ ਮਾਪਿਆਂ ਦੁਆਰਾ ਸਿਰਜੇ ਘਰ ਦੇ ਮਾਹੌਲ ਬਾਰੇ। ਮਾਂ ਬਾਪ ਬੱਚੇ ਨੂੰ ਜਨਮ ਦਿੰਦੇ ਨੇ ਪਾਲਦੇ ਨੇ ਉਸ ਦੀ ਅਪਣੇ ਮੁਤਾਬਕ ਪਰਵਰਿਸ਼ ਕਰਦੇ ਹਾਂ। ਰਾਤਾਂ ਜਾਗਦੇ ਹਨ। ਉਸ ਦੀ ਹਰ ਖਾਹਿਸ਼ ਪੂਰੀ ਕਰਦੇ ਹਨ। ਇਸ ਉਮੀਦ ਨਾਲ ਕਿ ਬੱਚੇ ਉਨਾਂ ਦਾ ਵੱਡੇ ਹੋ ਧਿਆਨ ਰੱਖਣਗੇ।ਰੱਖਣਾ ਚਾਹੀਦਾ ਵੀ ਹੈ, ਬਹੁਤ ਰੱਖਦੇ ਵੀ ਹੋਣਗੇ ਤੇ ਬਹੁਤਿਆਂ ਦੀਆਂ ਮਜਬੂਰੀਆਂ ਵੀ ਹੋਣਗੀਆਂ ਤੇ ਕਈ ਕੰਨੋਂ ਕੇਸਲੇ ਵੀ ਹੋਣਗੇ। ਲੇਕਿਨ ਇੱਥੇ ਜ਼ਰਾ ਰੁਕਣਾ ਹੈ, ਸਮਝਣਾ ਤੇ ਸੋਚਣਾ ਹੈ ਕਿ ਬੱਚੇ ਨੂੰ ਪਾਲਦੇ ਹੋਏ ਅਸੀਂ ਘਰ ਵਿਚ ਇੱਕ ਵਧੀਆ ਵਾਤਾਵਰਨ ਸਿਰਜਿਆ ਸੀ। ਕੀ ਘਰ ਵਿੱਚ ਸਭ ਕੁਝ ਸੁਖਦ ਸੀ? ਅਮੀਰ ਗਰੀਬ ਹੋਣਾ, ਘੱਟ ਪੈਸਿਆਂ ਦਾ ਹੋਣਾ ਮਜਬੂਰੀਆਂ ਦੇ ਹੋਣ ਦਾ ਇਸ ਨਾਲ ਕੋਈ ਸਰੋਕਾਰ ਨਹੀਂ।ਬੱਚਾ ਪੈਦਾ ਹੁੰਦਾ ਉਸ ਨੂੰ ਕੁਝ ਨਹੀਂ ਪਤਾ ਹੁੰਦਾ ਉਹ ਹੌਲੀ ਹੌਲੀ ਦੇਖਦਾ ਤੇ ਸਿੱਖਦਾ ਹੈ, ਮਹਿਸੂਸ ਕਰਦਾ ਹੈ।ਘਰ ਦੇ ਵਾਤਾਵਰਨ ਨੇ ਉਸ ਨੂੰ ਉਸ ਦੇ ਵਿਚਾਰਾਂ ਨੂੰ ਬਣਾਉਣਾ ਹੁੰਦਾ। ਇਹ ਉਸ ਘਰ ਵਿੱਚ ਰਹਿਣ ਵਾਲੇ ਸਾਰਿਆਂ ਦੇ ਸੁਭਾਅ ਨੂੰ ਮਹਿਸੂਸ ਕਰਦਾ। ਉਸ ਨੂੰ ਜੀ ਕਹਿਣਾ ਸਿਖਾਓ। ਜੀ ਕਹੇਗਾ।ਉਸ ਨੂੰ ਹਰ ਮਿਲੀ ਚੀਜ ਤੋਂ ਬਾਅਦ ਥੈਂਕਸ ਕਹਿਣਾ ਸਿਖਾਉ, ਉਹ ਸਿੱਖੇਗਾ। ਗਲਵੱਕੜੀ ਪਾ ਪਿਆਰ ਦਾ ਇਜਹਾਰ ਕਰੇਗਾ ਪਰ ਇਹ ਸਭ ਹੋਣ ਦੇ ਬਾਅਦ ਵੀ ਜੇ ਉਸ ਇਹ ਵੇਖ ਲਿਆ ਕਿ ਮਾਂ ਬਾਪ ਲੜਦੇ ਨੇ ਆਪਸ ਵਿੱਚ ਅਪਸ਼ਬਦ ਬੋਲਦੇ ਹਨ। ਬਜ਼ੁਰਗਾਂ ਨਾਲ ਉਨਾਂ ਦਾ ਵਤੀਰਾ ਠੀਕ ਨਹੀਂ, ਬਜ਼ੁਰਗਾਂ ਦਾ ਵਤੀਰਾ ਉਨਾਂ ਨਾਲ ਕਿਵੇਂ ਦਾ ਹੈ। ਉਹ ਸਭ ਅਬਜ਼ਰਵ ਕਰ ਰਹੇ ਹੁੰਦੇ ਹਨ।ਕੁਝ ਘਰਾਂ ਵਿੱਚ ਅਸੀਂ ਬੱਚੇ ਨੂੰ ਸਦਾ ਬੱਚਾ ਹੀ ਸਮਝਦੇ ਹਾਂ, ਉਸ ਨੂੰ ਅਪਣਾ ਪੱਖ ਰੱਖਣ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ।ਕਿਸੇ ਦੇ ਕਹਿਣ ’ਤੇ ਕਿ ਉਸ ਨੇ ਅਜਿਹਾ ਕੀਤਾ ਅਸੀਂ ਬੱਚੇ ਨੂੰ ਕੁੱਟ ਸੁੱਟਦੇ ਹਾਂ, ਦਬਕਦੇ ਹਾਂ। ਬੱਚੇ ਦੇ ਮਨ ਵਿੱਚ ਹੀਦਭਾਵਨਾ ਆਉਣ ਲੱਗਦੀ ਹੈ, ਨਿਰਾਸ਼ਾ ਆਉਣ ਲੱਗਦੀ ਹੈ ਤੇ ਆਤਮ ਵਿਸ਼ਵਾਸ ਦੀ ਕਮੀ ਵੀ। ਦੂਜੀ ਗੱਲ ਬੱਚੇ ਤੁਹਾਡੇ ਬਾਰੇ ਅਪਣੀ ਰਾਏ ਬਣਾਉਣ ਲੱਗਦੇ ਨੇ। ਉਹ ਕਿਉਂਕਿ ਬੱਚੇ ਹਨ, ਉਹ ਤੁਹਾਨੂੰ ਕਹਿ ਨਹੀਂ ਸਕਦੇ ਕੁਝ, ਪਰ ਅੰਦਰ ਹੀ ਅੰਦਰ ਲਾਵਾ ਫੁੱਟ ਰਿਹਾ ਹੁੰਦਾ। ਇਹ ਗੱਲਾਂ ਰਿਸ਼ਤਿਆਂ ਦੀਆਂ ਨੀਹਾਂ ਨੂੰ ਕਮਜੋਰ ਕਰ ਰਹੀਆਂ ਹੁੰਦੀਆਂ ਹਨ। ਆਪਣੇ ਬੱਚਿਆਂ ਨੂੰ ਵੀ ਸੁਣਨਾ ਚਾਹੀਦਾ। ਬੱਚੇ ਬਹੁਤ ਵਾਰ ਜਿਆਦਾ ਵਧੀਆ ਤਰੀਕੇ ਨਾਲ ਮੁਸ਼ਕਲ ਦਾ ਹੱਲ ਕੱਢ ਲੈਂਦੇ ਹਨ। ਫਿਰ ਘਰ ਦੇ ਵਾਤਾਵਰਨ ਭਾਵ ਸਾਕ ਸਕੀਰੀਆਂ ਨਾਲ ਤੁਹਾਡੇ ਸਬੰਧ ਕਿਵੇਂ ਹਨ।ਤੁਸੀਂ ਕਿਵੇਂ ਆਉਂਦੇ ਜਾਂਦੇ ਹੋ। ਘਰ ਆ ਕੇ ਕਿਵੇਂ ਉਨਾਂ ਬਾਰੇ ਗੱਲਾਂ ਕਰਦੇ ਹੋ, ਉਹ ਸਭ ਨੋਟ ਕਰ ਰਹੇ ਹਨ।ਤੁਸੀਂ ਦੇਖਿਆ ਹੋਵੇਗਾ ਕੁਝ ਬੱਚੇ ਬੜੇ ਸਲੀਕੇ ਵਾਲੇ ਹੁੰਦੇ ਹਨ ਤੇ ਕੁਝ ਬਹੁਤ ਚਲਾਕ ਤੇ ਕੁਝ ਬਹੁਤ ਬੜਬੋਲੇ ਹੁੰਦੇ ਹਨ। ਸਲੀਕੇ ਵਾਲੇ ਆਪਣੇ ਘਰਦਿਆਂ ਤੋਂ ਜੋ ਸਿੱਖਿਆ ਉਸ ਤਰਾਂ ਵਿਚਰ ਰਹੇ ਹਨ ਤੇ ਬੜਬੋਲੇ ਜਿਵੇਂ ਉਨਾਂ ਸਿੱਖਿਆ, ਪਰ ਅਸੀਂ ਮਾਂ ਬਾਪ ਬੱਚਿਆਂ ਨੂੰ ਗਲਤ ਕਹਿਣ ਤੇ ਰੋਕਦੇ ਨਹੀਂ ਹਾਂ ਕਿਉਂਕਿ ਅਸੀਂ ਸਮਝਦੇ ਹਾਂ ਬੱਚੇ ਠੀਕ ਕਹਿ ਰਹੇ ਹਨ। ਉਨਾਂ ਰਿਸ਼ਤੇਦਾਰਾਂ ਵੀ ਸਾਡੇ ਬਾਰੇ ਏਦਾਂ ਕਿਹਾ ਫਿਰ ਕੀ ਹੈ ਜੇ ਸਾਡੇ ਬੱਚੇ ਏਦਾਂ ਬੋਲ ਰਹੇ ਹਨ। ਇੱਕ ਉਦਾਹਰਨ ਸਮਝਣ ਲਈ ਪਰਿਵਾਰ ਵਿੱਚ ਏਦਾਂ ਹੈ ਕਿ ਮਾਂ ਬਾਪ ਠੀਕ ਠਾਕ ਪਰਿਵਾਰ ਤੋਂ ਹਨ। ਮਿਹਨਤੀ ਬਹੁਤ ਹਨ ਪਰ ਉਨਾਂ ਦੇ ਘਰ ਕਲੇਸ਼ ਬਹੁਤ ਹੈ।ਕਲੇਸ਼ ਦਾ ਕਾਰਨ ਕੁਝ ਵੀ ਹੋਵੇ ਉਨਾਂ ਦੇ ਤਿੰਨ ਬੇਟੇ ਹਨ। ਮਾਂ ਬਾਪ ਸਦਾ ਲੜਦੇ ਰਹਿੰਦੇ ਹਨ। ਬੋਲ ਬੁਲਾਰਾ ਹੁੰਦਾ ਰਹਿੰਦਾ। ਬੱਚਿਆਂ ਨੂੰ ਬਿਨਾਂ ਕਾਰਨ ਕੁੱਟ ਮਾਰ ਹੋ ਜਾਂਦੀ।ਬੱਚਿਆਂ ਨੂੰ ਬੀ.ਏ., ਐਮ.ਏ. ਵਿਚ ਪੜਦਿਆਂ ਸਭ ਸਾਹਮਣੇ ਪੈ ਜਾਂਦੀਆਂ। ਹੁਣ ਉਨਾਂ ਬੱਚਿਆਂ ਦਾ ਮਾਨਸਿਕ ਵਿਕਾਸ ਦੇਖੋ ਕਿਵੇਂ ਹੋਇਆ, ਇੱਕ ਬੱਚਾ ਬਹੁਤ ਲੜਾਕਾ ਬਣ ਗਿਆ ਉਹ ਪੜਿਆ ਲਿਖਿਆ ਸਲੀਕੇਦਾਰ ਹੈ ਪਰ ਬਹੁਤ ਜਲਦੀ ਹਾਈਪਰ ਹੋ ਜਾਂਦਾ, ਸਭ ਨਾਲ ਲੜਾਈ ਉਹ ਗੱਲ ਨਹੀਂ ਸੁਣਦਾ ਕਿਸੇ ਦੀ।ਦੂਜਾ ਬੱਚਾ ਉਹ ਲੋੜ ਤੋਂ ਵੱਧ ਡਰਪੋਕ ਆਪਣੇ ਹੱਕ ਲਈ ਖੜਾ ਨਹੀਂ ਹੋ ਸਕਦਾ।ਡਰ ਜਾਂਦਾ ਸਹਿਮ ਜਾਂਦਾ ਤੇ ਤੀਸਰਾ ਉਹ ਮਾਂ ਬਾਪ ਤੋਂ ਏਨਾ ਖਿੱਝ ਗਿਆ ਟੋਕਾ ਟੋਕੀ ਤੋਂ ਇੰਨਾ ਖਿੱਝ ਗਿਆ, ਮਾਰ ਕੁਟਾਈ ਤੋਂ ਇੰਨਾ ਦੁਖੀ ਹੋਇਆ ਉਸ ਨੂੰ ਕੋਈ ਖੁਸ਼ੀ ਨਹੀਂ ਮਾਂ ਬਾਪ ਨੂੰ ਮਿਲਣ ਦੀ। ਉਨਾਂ ਨਾਲ ਕੋਈ ਲਗਾਅ ਨਹੀਂ ਬਹੁਤਾ।ਹੁਣ ਤਿੰਨਾਂ ਤੇ ਅਲੱਗ ਅਲੱਗ ਅਸਰ ਹੋਇਆ। ਇਹ ਨੇਗਟਿਵ ਅਸਰ ਹੈ। ਇਹੋ ਜੇਕਰ ਘਰ ਦਾ ਵਾਤਾਵਰਨ ਸੁਖਮਈ ਹੁੰਦਾ ਤਾਂ ਹਾਲਤ ਹੋਰ ਹੁੰਦੇ। ਜਦੋਂ ਦੋ ਅਣਜਾਣ ਜੀਅ ਵਿਆਹੇ ਜਾਂਦੇ ਹਨ ਉਹ ਇੱਕ ਦੂਜੇ ਨੂੰ ਉਸ ਦੀਆਂ ਕਮੀਆਂ ਨਾਲ ਸਵੀਕਾਰਦੇ ਹਨ। ਇਹ ਸਾਡਾ ਸਮਾਜ ਹੈ ਉਹ ਨਿਭਾਉਂਦੇ ਹਨ ਪਰ ਕੀ ਉਹ ਅਸਲ ਵਿੱਚ ਖੁਸ਼ ਹੁੰਦੇ ਹਨ? ਇੱਕ ਦੂਜੇ ਤੋਂ ਅੱਗੇ ਨਿਕਲਣ ਤੇ ਜਿੱਤਣ ਦੇ ਮਹੱਤਵ ਨਾਲ ਆਪਸੀ ਕਲਾਹ- ਕਲੇਸ਼ ਨਾਲ ਅਸੀਂ ਅਸਲ ਵਿੱਚ ਆਪਣਾ ਅੱਗਾ ਖੁਦ ਵਿਗਾੜ ਰਹੇ ਹੁੰਦੇ ਹਾਂ। ਕੀ ਅਸੀਂ ਬੱਚਿਆਂ ਨੂੰ ਸੋਹਣਾ ਵਾਤਾਵਰਨ ਦਿੱਤਾ, ਨਹੀਂ ਦਿੱਤਾ ਫਿਰ ਅਸੀਂ ਕਿਵੇਂ ਉਨਾਂ ਤੋਂ ਆਸ ਰੱਖ ਰਹੇ ਹਾਂ। ਕੁਝ ਮਾਪੇ ਬੱਚਿਆਂ ਨੂੰ ਜਦੋਂ ਮਦਦ ਦਿੰਦੇ ਹਨ, ਕੋਈ ਤੋਹਫਾ ਦਿੰਦੇ ਹਨ ਉਹ ਸੁਣਾਉਂਦੇ ਹਨ ਵਾਰ ਵਾਰ ਜਤਾਉਦੇ ਹਨ।ਬੱਚੇ ਜੋ ਹੁਣ ਵੱਡੇ ਹੋ ਗਏ ਹਨ ਉਹ ਖੁਦ ਕਮਾ ਰਹੇ ਹਨ।ਉਨਾਂ ਕੋਲ ਅੱਜ ਬਹੁਤ ਕੁਝ ਹੈ।ਉਹ ਖੁਦ ਖਰੀਦ ਸਕਦੇ ਹਨ, ਲੈ ਸਕਦੇ ਹਨ। ਪਹਿਲਾਂ ਉਹ ਬੱਚੇ ਸਨ ਤੁਸੀਂ ਜਵਾਨ ਸੋ ਹੁਣ ਉਹ ਜਵਾਨ ਹਨ ਤੁਸੀਂ ਬੁੱਢਾਪੇ ਵਿਚ ਹੋ। ਇਤਿਹਾਸ ਦੋਹਰਾਇਆ ਵੀ ਜਾਂਦਾ ਹੈ

ਉਨਾਂ ਨੂੰ ਤੁਹਾਡੇ ਦਿੱਤੇ ਤੋਹਫ਼ਿਆਂ ਦੀ ਲੋੜ ਨਹੀਂ ਹੈ।ਉਨਾਂ ਨੂੰ ਉਨਾਂ ਤੋਹਫਿਆਂ ਦੀ ਲੋੜ ਹੈ ਜਿਨਾਂ ਵਿਚ ਉਨਾਂ ਨੂੰ ਦੇ ਕੇ ਜਤਾਇਆ ਜਾਵੇ। ਉਹ ਤੁਹਾਡੀ ਦਿੱਤੀ ਮਦਦ ਵੀ ਤੁਹਾਡੇ ਵਿਵਹਾਰ ਕਰਕੇ ਮੋੜ ਦੇਣਗੇ।ਇਹ ਤਾਂ ਫਿਰ ਮਾਪਿਆਂ ਤੇ ਬੱਚਿਆਂ ਦਾ ਲੈਣ ਦੇਣ ਹੀ ਹੋਇਆ, ਪਿਆਰ ਤੇ ਨਾ ਹੋਇਆ।ਸਮੇਂ ਨਾਲ ਵੀ ਚਲਣਾ ਜਰੂਰੀ ਹੈ।ਜਦੋਂ ਪਹਿਲੇ ਜਮਾਨੇ ਸੀ ਉਦੋਂ ਦਾ ਤੇ ਹੁਣ ਦੇ ਮਾਹੌਲ ਦਾ ਬਹੁਤ ਫ਼ਰਕ ਹੈ।ਹੁਣ ਬੱਚਿਆਂ ਵੀਕਐਂਡ ਤੇ ਬਾਹਰ ਲੰਚ ਡਿਨਰ ਲਈ ਵੀ ਜਾਣਾ। ਮੂਵੀਜ ਦੇਖਣ ਵੀ ਜਾਣਾ। ਉਨਾਂ ਆਉਟਿੰਗ ਲਈ ਵੀ ਬਾਹਰ ਹੌਲੀਡੇਜ ਤੇ ਜਾਣਾ। ਸਮੇਂ ਦੀ ਚਾਲ ਨਾਲ ਚੱਲੋਗੇ ਤਾਂ ਆਪਾ ਖੁਸ਼ ਰਹਾਂਗੇ। ਜੇ ਇਹ ਸੋਚਾਂਗੇ ਸਾਡੀ ਵਾਰੀ ਤਾਂ ਏਦਾਂ ਸੀ। ਬਾਕੀ ਸਫ਼ਾ 30 ’ਤੇ

# ਸਿੱਖ ਬਨਾਮ ਮਨੁੱਖ



**ਅਮਰਦੀਪ ਸਿੰਘ ਗਿੱਲ**

ਇਹ ਗੱਲ ਬਹੁਤ ਮਹੀਨ ਹੈ ਇਸ ਲਈ ਬਹੁਤ ਧਿਆਨ ਨਾਲ ਸਮਝਣ ਵਾਲੀ ਹੈ। ਇਹ ਸਾਰਾ ਬਿਰਤਾਂਤ ਬਹੁਤ ਡੂੰਘੇ ਚਿੰਤਨ ਦੀ ਮੰਗ ਕਰਦਾ ਹੈ। ਅਸੀਂ ਗੱਲ ਸ਼ੁਰੂ ਇੱਥੋਂ ਕਰਦੇ ਹਾਂ ਕਿ ਕਿਸੇ ਸੰਦਰਭ ਵਿਸ਼ੇਸ਼ ਵਿਚ ਸਾਡੇ ਅੰਦਰ ਇੱਕ ਹੀਣਭਾਵਨਾ ਹੁੰਦੀ ਹੈ ਜਦ ਅਸੀਂ ਦੂਜੇ ਦੇ ਇਲਜ਼ਾਮ ਲਾਉਣ ਤੋਂ ਪਹਿਲਾਂ ਹੀ ਖ਼ੁਦ ਨੂੰ ਦੋਸ਼ੀ ਮੰਨ ਬੈਠਦੇ ਹਾਂ, ਉਦਾਹਰਣ ਵੱਜੋਂ ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਇੱਕ ਗਿਣਿਆ ਮਿੱਥਿਆ 'ਡਰਾਮਾ' ਕਰ ਪੰਜਾਬੀਆਂ ਸਿਰ ਇਲਜ਼ਾਮ ਲਾ ਕੇ ਮੁੜਦਾ ਹੈ ਤਾਂ ਅਸੀਂ ਚੀਕਾਂ ਮਾਰਨ ਲੱਗਦੇ ਹਾਂ ਕਿ ਬਹੁਤ ਮਾੜੀ ਗੱਲ ਹੋ ਗਈ ਪ੍ਰਧਾਨ ਮੰਤਰੀ ਵਾਪਸ ਚਲਾ ਗਿਆ ਹੁਣ ਅਗਲੇ ਨੁਕਸਾਨ ਲਈ ਤਿਆਰ ਰਹੋ। ਆਪਣੇ ਅੰਦਰਲੀ ਹੀਣ ਭਾਵਨਾ ਦੁਆਰਾ ਬਿਲਕੁਲ ਇਸੇ ਤਰਾਂ ਦਾ ਬਿਰਤਾਂਤ 26 ਜਨਵਰੀ ਨੂੰ ਵੀ ਸਿਰਜਿਆ ਗਿਆ ਸੀ ਕਿ ਜੇ ਕਿਸਾਨ 26 ਜਨਵਰੀ ਨੂੰ ਲਾਲ ਕਿਲੇ ਵਿਚ ਨਾ ਜਾਂਦੇ ਅਤੇ ਉੱਥੇ ਨਿਸ਼ਾਨ ਸਾਹਿਬ ਨਾ ਲਾਉਂਦੇ ਤਾਂ ਸਰਕਾਰ ਨੇ ਕਿਸਾਨ ਵਿਰੋਧੀ ਕਾਨੂੰਨ ਜਲਦ ਵਾਪਸ ਲੈ ਲੈਣੈ ਸੀ। ਉਸ ਸਮੇਂ ਸਰਕਾਰੀ ਤੰਤਰ ਨੇ ਦੀਪ ਸਿੱਧੂ ਨੂੰ ਬਾਅਦ 'ਚ ਦੋਸ਼ੀ ਕਰਾਰ ਦਿੱਤਾ, ਸਾਡੇ ਆਪਣਿਆਂ ਨੇ ਉਸਦੇ ਵਿਰੁੱਧ ਫੇਸਬੁੱਕ 'ਤੇ ਪੋਸਟਾਂ ਪਹਿਲਾਂ ਪਾ ਦਿੱਤੀਆਂ ਸਨ। ਆਪਣੇ ਅਤੇ ਆਪਣਿਆਂ ਦੇ ਖ਼ਿਲਾਫ਼ ਇਸ ਕਿਸਮ ਦੇ ਬਿਰਤਾਂਤ ਸਿਰਜਣ ਲਈ 'ਯੋਗ' ਮਾਨਸਿਕਤਾ ਦਰਅਸਲ ਇੱਕ ਦਿਨ ਵਿਚ ਪੈਦਾ ਨਹੀਂ ਹੁੰਦੀ ਇਸ ਲਈ ਸਦੀਆਂ ਦੀ ਗ਼ੁਲਾਮੀ ਹੰਢਾਉਣੀ ਪੈਂਦੀ ਹੈ। ਮੈਂ ਖ਼ੁਦ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਕਾਰਨ ਸਾਲਾਂ ਤੱਕ ਇਸ ਕਿਸਮ ਦੀ ਹੀਣ ਭਾਵਨਾ ਤੋਂ 'ਬੜੇ ਮਾਣ ਨਾਲ' ਪੀੜਿਤ ਰਿਹਾ ਹਾਂ। ਸਾਡੇ ਤੋਂ ਉਪਰੋਕਤ ਕਿਸਮ ਦਾ ਵਿਵਹਾਰ ਬੜੀ ਡੂੰਘੀ ਸਾਜਿਸ਼ ਤਹਿਤ ਸੋਚ ਸਮਝ ਕੇ ਕਰਵਾਇਆ ਜਾਂਦਾ ਹੈ ਜਦਕਿ ਸਾਡੇ ਵਿਚੋਂ ਬਹੁਤੇ ਲੋਕਾਂ ਨੂੰ ਇਹ ਗੱਲ ਕਦੇ ਵੀ ਸਮਝ ਨਹੀਂ ਆਉਂਦੀ ਅਤੇ ਉਲਟਾ ਉਹ ਆਪਣੇ ਤੋਂ ਉਲਟ ਸਮਝ ਰੱਖਣ ਵਾਲੇ ਲੋਕਾਂ ਨੂੰ 'ਅੱਤਵਾਦੀ' ਜਾਂ 'ਕੱਟੜ' ਜਿਹੇ ਨਾਂ ਦੇ ਦਿੰਦੇ ਹਨ ਪਰ ਗੱਲ ਇਸਤੋਂ ਠੀਕ ਉਲਟ ਹੁੰਦੀ ਹੈ, ਜਾਗਰੂਕ ਲੋਕ ਅਕਸਰ ਰਿਵਾਇਤੀ ਢਾਂਚੇ ਵਿਚ ਫਿੱਟ ਨਹੀਂ ਆਉਂਦੇ ਅਤੇ ਬਾਗ਼ੀ ਅਖਵਾਉਂਦੇ ਹਨ, ਦੂਜੇ ਪਾਸੇ ਰਿਵਾਇਤੀ ਲੋਕ ਮਾਨਸਿਕ ਗ਼ੁਲਾਮੀ ਭੋਗਦੇ ਆਪਣੇ ਆਪ ਨੂੰ 'ਅਗਾਂਹਵਧੂ' ਸਮਝਦੇ ਹਨ। ਅਸੀਂ ਇਸ ਵੇਲੇ ਗੱਲ ਸਿਰਫ਼ ਆਪਣੇ ਸੰਦਰਭ ਵਿਚ ਕਰ ਰਹੇ ਹਾਂ ਇਸ ਲਈ ਤੁਹਾਨੂੰ ਇਹ ਸਾਰੀ ਪ੍ਰਕਿਰਿਆ ਨੂੰ ਹਿੰਦੁਸਤਾਨ ਅਤੇ ਪੰਜਾਬ ਦੇ ਸੰਦਰਭ ਦੇ ਨਾਲ ਨਾਲ ਹਿੰਦੂ ਰਾਸ਼ਟਰ ਅਤੇ ਸਿੱਖ ਕੌਮ ਦੇ ਸੰਦਰਭ 'ਚ ਵੀ ਸਮਝਣਾ ਪਵੇਗਾ। ਰਾਸ਼ਟਰਵਾਦ ਹਰ ਵੇਲੇ ਦੇਸ਼ਭਗਤੀ ਦੀ ਗੱਲ ਕਰਦਾ ਹੈ ਜੋ ਕਿ ਅਸਲ ਵਿੱਚ ਉਸ ਸਮੇਂ ਦੀ ਸਰਕਾਰ ਦੀ ਭਗਤੀ ਹੁੰਦੀ ਹੈ। ਭਾਰਤ ਵਰਗੇ ਬਹੁ-ਭਾਸ਼ਾਈ, ਬਹੁ-ਧਰਮੀ ਅਤੇ ਭੂਗੋਲਿਕ ਵਿਭਿੰਨਤਾਵਾਂ ਵਾਲੇ ਦੇਸ਼ ਵਿਚ ਬਹੁਤ ਹੱਦ ਤੱਕ ਰਾਸ਼ਟਰਵਾਦ ਦਾ ਨਾਅਰਾ ਇਸ ਲਈ ਵਿਅਰਥ ਹੈ ਕਿਉਂਕਿ ਉਸਦਾ ਮਕਸਦ ਬਹੁ-ਗਿਣਤੀ ਦੀ ਭਾਸ਼ਾ ਅਤੇ ਬਹੁ-ਗਿਣਤੀ ਦੇ ਧਰਮ ਦੀ ਚੌਧਰ ਨੂੰ ਸਾਰਿਆਂ ਤੋਂ ਮਨਵਾਉਣਾ ਹੀ ਹੁੰਦਾ ਹੈ। ਉਦਾਹਰਣ ਵੱਜੋਂ ਤੁਸੀਂ ਦੇਖ ਸਕਦੇ ਹੋ ਕਿ



ਅਜੋਕੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ 'ਰਾਸ਼ਟਰ' ਦੀ ਗੱਲ ਕਰਦੀ ਕਰਦੀ ਕਿੰਨੀ ਛੇਤੀ 'ਹਿੰਦੂ ਰਾਸ਼ਟਰ' ਦੇ ਫ਼ਲਸਫ਼ੇ ਦਾ ਪਾਸਾਰ ਕਰਨ ਲੱਗ ਪਈ। ਇਸੇ ਤਰਾਂ ਭਾਰਤ ਵਰਗੇ ਦੇਸ਼ਾਂ 'ਚ 'ਧਰਮ ਨਿਰਪੱਖਤਾ' ਅਤੇ 'ਮਨੁੱਖਤਾ' ਦੇ ਵੀ ਕੋਈ ਬਹੁਤੇ ਅਰਥ ਨਹੀਂ ਹੁੰਦੇ, 'ਧਰਮ ਨਿਰਪੱਖਤਾ' ਅਤੇ 'ਮਨੁੱਖਤਾ' ਦੇ ਨਾਹਰੇ ਦਾ ਅਸਲ ਅਤੇ ਡੂੰਘਾ ਮਕਸਦ ਤੁਹਾਨੂੰ ਆਪਣੇ ਧਰਮ ਵਿਸ਼ੇਸ਼ ਪ੍ਰਤੀ ਅਵੇਸਲੇ ਕਰਨਾ ਹੁੰਦਾ ਹੈ, ਅਜਿਹੇ ਫ਼ਲਸਫ਼ੇ ਨੂੰ ਅਪਣਾਉਣ ਵਾਲੇ ਲੋਕ ਹੀ ਅਕਸਰ ਅਚੇਤ ਤੌਰ 'ਤੇ ਨਾਸਤਿਕਤਾ ਤੱਕ ਵੀ ਪਹੁੰਚ ਜਾਂਦੇ ਹਨ। ਮੈਂ ਇਹ ਮੰਨਦਾ ਹਾਂ ਕਿ ਸਿੱਖੀ ਵਿਚ ਧਰਮ-ਨਿਰਪੱਖਤਾ ਦੀ ਕੋਈ ਜਗਾ ਨਹੀਂ, ਮੈਂ ਇਸ ਨਤੀਜੇ 'ਤੇ ਸਿੱਖ ਧਰਮ ਦੇ ਹੋਰਾਂ ਧਰਮਾਂ ਨਾਲ ਤੁਲਨਾਤਮਕ ਅਧਿਐਨ ਕਰਨ ਤੋਂ ਬਾਅਦ ਪਹੁੰਚਿਆ ਹਾਂ। ਸਾਡੇ ਧਰਮ ਵਿਚ ਬਹੁਤ ਸਾਰੇ ਗੁਣ ਹਨ, ਸਾਡਾ ਧਾਰਮਿਕ ਵਿਰਸਾ ਮਹਾਨ ਹੈ, ਅਸੀਂ ਆਪਣੇ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਹੋਰਾਂ ਧਰਮਾਂ ਦਾ ਆਦਰ ਕਰਦੇ ਹਾਂ ਪਰ ਅਸੀਂ ਸਿੱਖੀ ਨੂੰ ਲੈ ਕੇ ਨਿਰਪੱਖ ਨਹੀਂ ਹੋ ਸਕਦੇ, ਸਾਨੂੰ ਹਰ ਹਾਲ ਆਪਣੇ ਧਰਮ ਦਾ ਪੱਖ ਪੂਰਨਾ ਚਾਹੀਦਾ ਹੈ। ਇਸ ਤੋਂ ਅੱਗੇ ਮੈਂ ਮੰਨਦਾ ਹਾਂ ਕਿ ਪੂਰਨ ਸਿੱਖ ਹੋਣਾ ਹੀ ਪੂਰਨ ਮਨੁੱਖ ਹੋਣਾ ਹੈ ਫੇਰ ਗੁਰੂ ਦੇ ਇੱਕ ਸਿੱਖ ਲਈ ਅਲੱਗ ਤੌਰ 'ਤੇ 'ਮਨੁੱਖਤਾ' ਦਾ ਝੰਡਾ ਚੁੱਕਣਾ ਕਿਉਂ ਜ਼ਰੂਰੀ ਹੈ ਜਾਂ ਇਸਦੇ ਕੀ ਅਰਥ ਹਨ ? ਅਸਲ ਵਿਚ 'ਮਨੁੱਖਤਾ' ਦਾ ਨਾਹਰਾ ਦੇ ਕੇ ਸਿੱਖ ਵਿਰੋਧੀ ਲੋਕ ਸਾਡੇ ਧਰਮ ਦਾ ਸਧਾਰਣੀਕਰਨ ਕਰਨਾ ਚਾਹੁੰਦੇ ਹਨ। ਉਹ ਸਾਡੇ ਤੋਂ ਇਹ ਕਰਵਾਉਣਾ ਚਾਹੁੰਦੇ ਹਨ ਕਿ ਸਾਡਾ ਧਰਮ ਇੱਕ ਆਮ ਧਰਮ ਹੈ ਇਹਦੇ ਵਿਚ ਕੋਈ ਖ਼ਾਸ ਗੱਲ ਨਹੀਂ, ਇਸ ਲਈ 'ਮਨੁੱਖਤਾ ਦੇ ਝੰਡਾ ਬਰਦਾਰ' ਬਣ ਜਾਂ 'ਧਰਮ ਨਿਰਪੱਖ' ਬਣ ਅਸੀਂ ਮਹਾਨ ਅਤੇ ਖਾਸ ਹੋ ਜਾਵਾਂਗੇ ਪਰ ਅਜਿਹਾ ਨਹੀਂ ਹੈ, ਸਾਡਾ ਸਿੱਖ ਹੋਣਾ ਹੀ ਮਹਾਨ ਅਤੇ ਖਾਸ ਹੈ ਕਿਉਂਕਿ ਸਾਡਾ ਧਾਰਮਿਕ ਫ਼ਲਸਫ਼ਾ ਮਹਾਨ ਅਤੇ ਖ਼ਾਸ ਹੈ, ਸਾਡੇ ਗੁਰੂ ਸਾਹਿਬਾਨ ਖਾਸ ਹਨ, ਸਾਡੇ ਧਰਮ ਦੀ ਉਤਪਤੀ ਦੇ ਕਾਰਨ ਖਾਸ ਹਨ। ਹੁਣ ਜਦੋਂ ਅਸੀਂ ਦੂਜਿਆਂ ਦੇ ਪ੍ਰਭਾਵ ਅਧੀਨ ਖ਼ੁਦ ਨੂੰ ਆਮ ਸਮਝਾਂਗੇ ਤਾਂ ਸਾਡੇ ਗੁਣ ਔਗੁਣ ਵੀ ਆਮ ਹੋ ਜਾਣਗੇ ਫੇਰ ਸਾਡੇ ਮਨ ਅੰਦਰਲੀ ਹਰ ਭਾਵਨਾ ਵੀ ਆਮ ਹੋ ਜਾਵੇਗੀ, ਸੋ ਇਸ ਭਾਵਨਾ ਨੂੰ ਹੀਣ ਭਾਵਨਾ ਤੱਕ ਲੈ ਕੇ ਜਾਣਾ ਕੋਈ ਔਖਾ ਕਾਰਜ ਨਹੀਂ। ਇਸੇ ਭਾਵਨਾ ਅਧੀਨ ਅਸੀਂ ਆਪਣੇ ਸੂਰਮਿਆਂ ਨੂੰ ਕਦੇ 'ਅੱਤਵਾਦੀ' ਕਹਿਨੇ ਆ ਕਦੇ 'ਗ਼ੱਦਾਰ'। ਇਹੋ ਭਾਵਨਾ ਸਾਨੂੰ ਆਪਣੇ ਲੋਕਾਂ ਨੂੰ ਭੰਡਣ ਲਾ ਦਿੰਦੀ ਹੈ ਜਿਵੇਂ ਮੋਦੀ ਵਾਲੇ ਮਸਲੇ 'ਚ ਅਤੇ 26 ਜਨਵਰੀ ਨੂੰ ਹੋਇਆ। ਅਜਿਹੇ ਸਮੇਂ ਅਸੀਂ ਅਚੇਤ ਤੌਰ 'ਤੇ ਉਹ ਕਰ ਰਹੇ ਹੁੰਦੇ ਆ ਜੋ ਸਾਡੇ ਵਿਰੋਧੀ ਸਾਡੇ ਤੋਂ ਕਰਵਾ ਰਹੇ ਹੁੰਦੇ ਹਨ। ਅਜਿਹੇ ਸਮੇਂ ਅਸੀਂ ਬਹੁ-ਗਿਣਤੀਆਂ ਦੀ ਬੋਲੀ ਬੋਲਦੇ ਹਾਂ, ਰਾਸ਼ਟਰ ਭਗਤੀ ਵਾਲੀਆਂ ਗੱਲਾਂ ਕਰਦੇ ਹਾਂ ਅਤੇ 'ਮਨੁੱਖਤਾ' ਜਾਂ 'ਧਰਮ ਨਿਰਪੱਖਤਾ' ਵਰਗੇ ਨਾਹਰੇ ਲਾਉਂਦੇ ਹਾਂ ਅਤੇ ਆਪਣੀ ਖਸਲਤ ਭੁੱਲ ਜਾਂਦੇ ਹਾਂ, ਆਪਣੀ ਵਿਸ਼ੇਸ਼ਤਾ ਆਪ ਹੀ ਭੁੱਲ ਜਾਦੇਂ ਹਾਂ, ਅਜਿਹਾ ਕਰਦੇ 'ਸਿੱਖ' ਰਾਸ਼ਟਰ ਨੂੰ ਬੜੇ ਚੰਗੇ ਲਗਦੇ ਹਨ। ਇਹੋ ਜਿਹੇ ਸਿੱਖ ਭਾਰਤ ਦੀਆਂ ਵਿਭਿੰਨ ਰਾਜਨੀਤਕ ਪਾਰਟੀਆਂ ਵਿਚ ਤੁਹਾਨੂੰ ਆਮ ਮਿਲ ਜਾਣਗੇ। ਅਜਿਹੇ ਲੋਕ ਆਪਣੇ ਇਤਿਹਾਸ, ਆਪਣੇ ਵਿਰਸੇ ਦੀ ਅਲੋਚਨਾ ਕਰਨ ਲਈ ਅਤੇ ਆਪਣੇ ਯੋਧਿਆਂ ਦੇ ਕਾਰਨਾਮਿਆਂ ਤੋਂ ਵੀ ਸ਼ਰਮਿੰਦਾ ਹੋਣ ਲਈ ਤਿਆਰ ਰਹਿੰਦੇ ਹਨ। ਇਹੋ ਅਹਿਸਾਸ ਹੀ ਉਹਨਾਂ ਅੰਦਰ 'ਹੀਣਭਾਵਨਾ' ਭਰਦਾ ਹੈ। ਧਾਰਮਿਕ ਅਤੇ ਰਾਜਨੀਤਕ ਚੇਤਨਾਂ ਤੋਂ ਕੋਰੇ ਆਮ ਲੋਕ ਅਜਿਹੀ ਸੋਚ ਨੂੰ ਅਚੇਤ ਤੌਰ 'ਤੇ ਹੀ ਆਪਣਾ ਲੈਂਦੇ ਹਨ। ਜਦ ਕੋਈ ਘਟਨਾ ਵਾਪਰਦੀ ਹੈ ਤਾਂ ਸਭ ਤੋਂ ਪਹਿਲਾਂ ਇਹ ਸਿਧਾਂਤਕ ਤੌਰ 'ਤੇ ਕੱਚੇ ਲੋਕ ਡਰਦੇ ਹਨ ਕਿ ਇਹ ਇਲਜ਼ਾਮ ਜ਼ਰੂਰ ਸਾਡੇ 'ਤੇ ਲੱਗੇਗਾ, ਇਸੇ ਕਾਰਨ ਇਹ ਆਪਣੇ ਹੀ ਲੋਕਾਂ ਨੂੰ ਭੰਡਣ ਲੱਗਦੇ ਹਨ। ਦੀਪ ਸਿੱਧੂ ਸ਼ੁਰੂਆਤ ਵਿਚ ਇਸੇ ਭਾਵਨਾ ਅਧੀਨ ਹੀ ਆਪਣਿਆਂ ਵੱਲੋਂ ਭੰਡਿਆ ਗਿਆ ਬਾਅਦ ਵਿਚ ਸਰਕਾਰੀ ਮੀਡੀਆ ਅਤੇ ਦੂਜੇ ਵਿਰੋਧੀਆਂ ਨੇ ਸਾਡੇ ਹੀ ਡਰ ਅਤੇ ਹੀਣ ਭਾਵਨਾ ਨੂੰ ਆਪਣਾ ਹਥਿਆਰ ਬਣਾ ਲਿਆ। ਬਹੁਤ ਸਮੇਂ ਤੋਂ ਸਿੱਖ, ਸਿੱਖਾਂ ਨਾਲ ਇੰਝ ਹੀ ਕਰਦੇ ਆਏ ਹਨ, ਬਹੁਤ ਸਮੇਂ ਤੋਂ ਸਿੱਖ ਵਿਰੋਧੀ ਵੀ ਸਿੱਖਾਂ ਨਾਲ ਇੰਝ ਹੀ ਕਰਦੇ ਰਹੇ ਹਨ। ਲੇਖਕਾਂ, ਗਾਇਕਾਂ, ਕਲਾਕਾਰਾਂ ਨੂੰ ਕਲਾ ਦੇ ਨਾਂਅ ਹੇਠ, ਰਾਜਨੀਤੀਵਾਨਾਂ ਨੂੰ ਵੋਟਾਂ ਦੇ ਨਾਂ 'ਤੇ 'ਧਰਮ ਨਿਰਪੱਖਤਾ' ਅਤੇ 'ਮਨੁੱਖਤਾ' ਦੇ ਨਾਹਰੇ ਲਾਉਣ ਦੀ ਆਦਤ ਹੁੰਦੀ ਹੈ, ਉਹ ਇਸ ਸੋਚ ਨੂੰ ਆਪਣੇ ਕਾਰਜ ਖੇਤਰ ਲਈ ਜ਼ਰੂਰੀ ਸੰਦ ਮੰਨਦੇ ਹਨ ਪਰ ਏਸ ਭੰਬਲਭੂਸੇ ਵਿਚ ਸਿੱਖੀ ਦੇ ਉੱਚੇ ਸੁੱਚੇ ਫ਼ਲਸਫ਼ਾ ਨਹੀਂ ਆ ਸਕਦਾ, ਕੁੱਝ ਲੋਕ ਜ਼ਰੂਰ ਆ ਸਕਦੇ ਹਨ ਜਿਨਾਂ ਦਾ ਪਹਿਰਾਵਾ ਅਤੇ ਸੂਰਤ ਸਿੱਖਾਂ ਵਰਗੀ ਹੁੰਦੀ ਹੈ ਪਰ ਉਹ ਸਿੱਖੀ ਦੀ ਮਹਾਨਤਾ ਨੂੰ ਖੁਦ ਹੀ ਨਹੀਂ ਸਮਝ ਰਹੇ ਹੁੰਦੇ। ਸਿੱਖੀ ਅਜਿਹੇ ਸਾਰੇ ਦੁਨਿਆਵੀ ਅਡੰਬਰਾਂ ਤੋਂ ਉੱਚੀ ਅਤੇ ਸੁੱਚੀ ਹੈ ਅਤੇ ਇੱਕ ਸਿੱਖ ਹੋਣ ਦੇ ਨਾਤੇ ਇਹ ਗੱਲ ਮਾਣ ਕਰਨ ਵਾਲੀ ਹੈ ਨਾ ਕਿ ਕਿਸੇ ਹੀਣ ਭਾਵਨਾ ਵਿਚ ਗ੍ਰਸਤ ਹੋਣ ਵਾਲੀ। ਪਿਛਲੇ ਦਿਨੀਂ ਮੋਦੀ ਨੇ ਦਸਵੇਂ ਪਾਤਸ਼ਾਹ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇ ਦਿਨ ਨੂੰ 'ਵੀਰ ਬਾਲ ਦਿਵਸ' ਦਾ ਨਾਂਅ ਦੇਣਾ ਚਾਹਿਆ ਤਾਂ ਜਾਗਰੂਕ ਸਿੱਖਾਂ ਨੇ ਇਸਨੂੰ ਬਹੁ-ਮੱਤ ਨਾਲ ਨਾ ਮਨਜ਼ੂਰ ਕਰ ਦਿੱਤਾ। ਇਹ ਵੀ ਇੱਕ ਅਦੁੱਤੀ ਵਰਤਾਰੇ ਦਾ ਸਧਾਰਨੀਕਰਨ ਕਰਨ ਵਾਲੀ ਗੱਲ ਸੀ, ਜਿਸਨੂੰ ਆਮ ਲੋਕ ਸਮਝ ਨਹੀਂ ਸਕਦੇ। ਆਰ.ਐੱਸ.ਐੱਸ. ਇਹ ਸਧਾਰਨੀਕਰਨ ਆਪਣੇ ਸਿੱਖ ਇਤਿਹਾਸ ਨੂੰ ਦੂਸ਼ਤ ਕਰਨ ਦੇ ਏਜੰਡੇ ਅਨੁਸਾਰ ਜਾਣਬੁੱਝ ਕੇ ਕਰ ਰਹੀ ਹੈ ਅਤੇ ਆਮ ਲੋਕ ਇਸਨੂੰ ਸਰਕਾਰ ਦੀ ਦਿਆਨਤਦਾਰੀ ਸਮਝ ਰਹੇ ਹਨ।

ਸੋ ਬਾਕੀ ਦੁਨੀਆਂ ਤੋਂ ਪਹਿਲਾਂ ਹਰ ਇੱਕ ਸਿੱਖ ਨੂੰ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਅਸਲ ਵਿਚ ਸਿੱਖੀ ਕੀ ਹੈ ? ਅਸਲ ਵਿਚ ਸਿੱਖ ਹੋਣਾ ਕੀ ਹੈ ? ਸਿੱਖ ਫ਼ਲਸਫ਼ਾ ਕੀ ਹੀ ? ਸਾਡੇ ਗੁਰੂਆਂ ਦੀ ਸਿੱਖਿਆ ਕੀ ਹੈ ਅਤੇ ਉਹ ਦੁਨਿਆਵੀ ਪੱਧਰ 'ਤੇ ਆਪਣੇ ਆਪ 'ਤੇ ਕਿਵੇਂ ਲਾਗੂ ਕੀਤੀ ਜਾ ਸਕਦੀ ਹੈ। ਹਰ ਸਿੱਖ ਨੂੰ ਪਹਿਲਾਂ ਇਹ ਸਮਝਣਾ ਪਵੇਗਾ ਕਿ ਉਹ ਮਨੁੱਖ ਨਹੀਂ 'ਸਿੱਖ' ਹੈ ਅਤੇ ਉਸਦੀ ਮਾਨਵਤਾ 'ਸਿੱਖੀ' ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਦਾਸਤਾਨ ਏ ਬਿਰਧ ਆਸ਼ਰਮ

**ਇੰਜੀ ਪ੍ਰੇਮ ਸਿੰਘ ਕਲੇਰ**
ਮੋ. 96461132

ਇਸ ਪਦਾਰਥਵਾਦ ਦੇ ਯੁੱਗ ਵਿਚ ਸਹੂਲਤਾਂ ਤੇ ਖਾਹਿਸ਼ਾਂ ਨੇ ਇਨਸਾਨ ਨੂੰ ਇਸ ਕਦਰ ਖੁਦਗਰਜ਼ ਬਣਾ ਦਿੱਤਾ ਹੈ ਕਿ ਕਦੇ ਜਾਨ ਤੋਂ ਪਿਆਰੇ ਰਹੇ ਖੂਨ ਦੇ ਰਿਸ਼ਤੇ ਉਸ ਲਈ ਬੇਗਾਨੇ ਹੋ ਜਾਂਦੇ ਹਨ। ਇਥੋਂ ਤੱਕ ਕਿ ਜਿਹੜੀ ਮਾਂ ਨੇ ਆਪਣੇ ਸਰੀਰ ਦੇ ਹਿੱਸੇ ਵਜੋਂ ਬੱਚੇ ਨੂੰ ਪੈਦਾ ਕਰਕੇ ਪਾਲਿਆ ਪੋਸਿਆ ਸੀ ਤੇ ਜਿਹੜੇ ਬਾਪ ਨੇ ਆਪ ਤੰਗੀਆਂ ਤੁਰਸ਼ੀਆਂ ਕੱਟ ਉਸਨੂੰ ਸਹੂਲਤਾਂ ਦਿੱਤੀਆਂ ਸੀ, ਇਕ ਦਿਨ ਕਮਾਊ ਪੁੱਤ ਨੂੰ ਉਹ ਦੋਵੇਂ ਬੋਝ ਲੱਗਣ ਲੱਗ ਪੈਂਦੇ ਹਨ। ਹਰ ਰੋਜ਼ ਮੀਡੀਆ, ਅਖਬਾਰਾਂ ਵਿਚ ਅਜਿਹੀਆਂ ਸੁਰਖੀਆਂ ਦੇਖਣ ਨੂੰ ਮਿਲਦੀਆਂ ਹਨ ਜਿਨਾਂ ਨੂੰ ਪੜ ਸੁਣ ਕੇ ਮਨੁੱਖ ਦੀ ਅਖੌਤੀ ਤਰੱਕੀ, ਸਰਾਪ ਲੱਗਣ ਲੱਗਦੀ ਹੈ। ਇੱਕ ਸਾਧਾਰਨ ਇਨਸਾਨ ਅਜਿਹਾ ਸੋਚਣ ਲਈ ਮਜ਼ਬੂਰ ਹੋ ਜਾਂਦਾ ਕਿ ਆਖਰ ਅਚਾਨਕ ਰਿਸ਼ਤਿਆਂ ਵਿਚ ਇੰਨੀ ਤਬਦੀਲੀ ਕਿਉਂ ਆ ਜਾਂਦੀ ਹੈ? ਅਨੇਕਾਂ ਦਿਮਾਗਾਂ ਵਿਚ ਅਨੇਕਾਂ ਸਵਾਲ ਪੈਦਾ ਹੁੰਦੇ ਹਨ।

ਜੇਕਰ ਬੱਚਿਆਂ ਦੇ ਮਾਪਿਆਂ ਨਾਲ ਲਗਾਉ ਦੀ ਗੱਲ ਕੀਤੀ ਜਾਵੇ ਤਾਂ ਦੇਖਿਆ ਗਿਆ ਹੈ ਕਿ ਲੜਕੀਆਂ ਜ਼ਿਆਦਾ ਕੋਮਲ ਭਾਵੀ ਹੁੰਦੀਆਂ ਹਨ ਜਦਕਿ ਲੜਕੇ ਓਨੇ ਨਹੀਂ। ਇਹ ਦੋਵੇਂ ਕੁਦਰਤੀ ਗੁਣ ਹਨ ਤੇ ਲੜਕੀ ਨੂੰ ਕੋਮਲ ਭਾਵੀ ਇਸ ਲਈ ਬਣਾਇਆ ਕੁਦਰਤ ਨੇ ਤਾਂਕਿ ਰਿਸ਼ਤਿਆਂ ਦੀ ਸੰਭਾਲ ਕਰ ਸਕੇ। ਲੜਕੇ ਨੂੰ ਮਜ਼ਬੂਤ ਭਾਵੁਕਤਾ ਲਈ ਤਿਆਰ ਕੀਤਾ ਕੁਦਰਤ ਨੇ ਕਿ ਪ੍ਰੀਵਾਰ ਲਈ ਘਰ ਤੋਂ ਬਾਹਰ ਮਜ਼ਬੂਤੀ ਨਾਲ ਵਿਚਰ ਸਕੇ ਤੇ ਪਰਿਵਾਰ ਨੂੰ ਸੁਰੱਖਿਆ ਦੇ ਸਕੇ।

ਪਰ ਕੁਦਰਤ ਦੇ ਇਸ ਪ੍ਰਬੰਧ ਵਿਚ ਪਤਾ ਨਹੀਂ ਕਦੋਂ ਵਿਗਾੜ ਆ ਗਿਆ ਕਿ ਲੜਕੀਆਂ ਵਿਆਹ ਤੋਂ ਪਿੱਛੋਂ ਰਿਸ਼ਤਿਆਂ ਨੂੰ ਸੰਭਾਲਣ ਵਿਚ ਨਾਕਾਮ ਹੋ ਰਹੀਆਂ ਹਨ ਤੇ ਲੜਕੇ ਆਪਣੇ ਹੀ ਮਜ਼ਬੂਰ ਮਾਪਿਆਂ ਨੂੰ ਘਰੋਂ ਬਾਹਰ ਉਨਾਂ ਦੇ ਹਾਲ ਤੇ ਕਿਵੇਂ ਛੱਡ ਦਿੰਦੇ ਹਨ,ਇਹ ਅਣਸੁਲਝੇ ਸਵਾਲ ਹਨ।

ਜੇਕਰ ਥੋੜਾ ਜਿਹਾ ਮਾਪੇ ਤੇ ਬੱਚਿਆਂ ਦੇ ਰਿਸ਼ਤੇ ਨੂੰ ਪਿਛੇ ਲਿਜਾ ਕੇ ਸੋਚਿਆ ਜਾਵੇ ਤਾਂ ਕੁਝ ਤੱਥ ਸਪੱਸ਼ਟ ਹੁੰਦੇ ਹਨ ਜਿਹੜੇ ਬਾਅਦ ਵਿਚ ਬੱਚਿਆਂ ਵੱਲੋਂ ਮਾਪਿਆਂ ਦੀ ਅਣਦੇਖੀ 'ਚ ਯੋਗਦਾਨ ਪਾਉਂਦੇ ਹਨ।

ਸਭ ਤੋਂ ਪਹਿਲਾਂ ਮਾਪੇ ਤੇ ਬੱਚਿਆਂ ਵਿਚਾਲੇ ਕੁਦਰਤੀ ਖੂਨ ਦਾ ਰਿਸ਼ਤਾ ਪੈਦਾ ਹੁੰਦਾ ਹੈ ਜਿਸਨੂੰ ਅਸੀਂ ਮਾਪੇ ਲੋਕ ਯੂਨੀਕ(ਅਬਸੋਲਿਊਟ) ਸਮਝ ਲੈਂਦੇ ਹਾਂ ਤੇ ਇਸਨੂੰ ਸਮਾਜ ਦੇ ਬਾਕੀ ਰਿਸ਼ਤਿਆਂ ਵਿਚਾਲੇ ਕੁਦਰਤੀ ਪੋਸ਼ਣ ਲਈ ਛੱਡ ਦਿੰਦੇ ਹਾਂ। ਅਸੀਂ ਸੋਚ ਲੈਂਦੇ ਹਾਂ ਕਿ ਸਾਡਾ 'ਮਾਪੇ' ਹੋਣਾ ਹੀ ਯੋਗਤਾ (ਕੁਆਲੀਫਿਕੇਸ਼ਨ) ਹੈ। ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਲਈ ਕੋਈ ਵਧੀਕ ਤੇ ਵੱਖਰੀ ਕੋਸ਼ਿਸ਼ ਕਰਨ ਦੀ ਲੋੜ ਸਾਨੂੰ ਭਾਸਦੀ ਨਹੀਂ।

ਬੱਚੇ ਦੇ ਜਨਮ ਤੋਂ ਬਾਅਦ ਅਸੀਂ ਉਸਦੀਆਂ ਲੋੜਾਂ, ਸਮੱਸਿਆਵਾਂ ਤੇ ਸਿਖਿਆ ਆਦਿ ਲਈ ਕਮਰਕੱਸਾ ਕਰਕੇ ਕੁਝ ਇਸ ਤਰਾਂ ਜੁੱਟ ਜਾਂਦੇ ਹਾਂ ਕਿ ਸਾਨੂੰ ਆਪਾ ਭੁੱਲ ਜਾਂਦਾ ਹੈ। ਪੈਸੇ, ਕੱਪੜੇ ਤੇ ਹੋਰ ਸਹੂਲਤਾਂ ਲਈ ਅਸੀਂ ਪਹਿਲ ਬੱਚਿਆਂ ਨੂੰ ਦਿੰਦੇ ਹਾਂ ਤੇ ਆਪਣੀਆਂ ਸੁਖ ਸਹੂਲਤਾਂ ਨੂੰ ਹਾਸ਼ੀਏ ਤੇ ਲੈ ਜਾਂਦੇ ਹਾਂ ਇਹ ਸੋਚ ਕੇ ਕਿ ਬੱਚੇ ਵੱਡੇ ਹੋ ਕੇ ਕਮਾਈ ਕਰਨਗੇ ਤੇ ਫਿਰ ਐਸ਼ ਕਰਾਂਗੇ ਤੇ ਸੋਹਣੇ ਕੱਪੜੇ ਪਾਵਾਂਗੇ। ਤੇ ਸਭ ਤੋਂ ਗੰਭੀਰ ਗਲਤੀ ਇਹ ਕਿ ਬੱਚਿਆਂ ਨੂੰ ਜ਼ਿੰਦਗੀ ਵਿਚ ਕੀਤੇ ਜਾ ਰਹੇ ਸੰਘਰਸ਼ਾਂ, ਤੰਗੀਆਂ ਤੁਰਸ਼ੀਆਂ ਤੇ ਘਾਲਣਾਵਾਂ ਤੋਂ ਜਾਣੂ ਨਹੀਂ ਕਰਾਉਂਦੇ। ਇਹ ਸੋਚ ਕੇ ਕਿ ਅਜਿਹੀਆਂ ਗੱਲਾਂ ਦਾ ਪਰਛਾਵਾ ਉਨਾਂ 'ਤੇ ਪੈ ਗਿਆ ਤਾਂ ਉਨਾਂ ਦੀ ਪ੍ਰਸੈਨਲਿਟੀ ਡਿਵੈਲਪਮੈਂਟ ਤੇ ਅਸਰ ਨਾ ਪੈ ਜਾਵੇ। ਇਸ ਲਈ ਜ਼ਿੰਦਗੀ ਵਿਚ ਆਉਂਦੀਆਂ ਹਰਡਲਾਂ ਤੇ ਹਾਰਡਸ਼ਿਪਸ ਨੂੰ ਆਪਣੇ ਇਕੱਲਿਆਂ ਦੇ ਪਿੰਡੇ ਤੇ ਹੰਢਾਉਣ ਦੀ 'ਬਹਾਦਰੀ' ਕਰਦੇ ਹਾਂ। ਹੁੰਦਾ ਕੀ ਹੈ ਜੇਕਰ ਖੁਦਾ ਨਾ ਖਾਸਤਾ ਕਬੀਲਦਾਰੀ ਵਿਚ ਪਏ ਬੱਚਿਆਂ ਨੇ ਤੁਹਾਨੂੰ ਸੰਭਾਲਣ ਤੋਂ ਅਸਮਰੱਥਤਾ ਜਤਾ ਦਿੱਤੀ ਤਾਂ ਬੰਦੇ ਨੂੰ ਦੂਹਰੀ ਮਾਰ ਪੈਂਦੀ ਹੈ। ਇੱਕ ਜਾਨ ਤੋਂ ਪਿਆਰੇ ਰਿਸ਼ਤਿਆਂ ਦੀ ਅਣਦੇਖੀ, ਦੂਜੇ ਆਪਣੇ ਸੁਨਹਿਰੇ ਦਿਨਾਂ ਨੂੰ ਪਿਆਰੇ ਬੱਚਿਆਂ ਤੋਂ ਕੁਰਬਾਨ ਕਰ ਆਪਣੀ 'ਜ਼ਿੰਦਗੀ ਨਾ ਜਿਊ ਲੈਣ' ਦਾ ਪਛਤਾਵਾ।

ਅਸੀਂ ਭਾਰਤੀ ਲੋਕ ਰੱਬ ਦੇ ਪੱਕੇ ਤੇ ਅਖੌਤੀ ਉਪਾਸ਼ਕ ਹਾਂ ਪਰ ਉਸ ਰੱਬ ਦੁਆਰਾ ਦਸੇ ਅਸੂਲਾਂ ਦੇ ਉਪਾਸ਼ਕ ਬਿਲਕੁਲ ਨਹੀਂ। ਰੋਜ਼ ਗੁਰਦੁਆਰੇ, ਮੰਦਿਰਾਂ ਵਿਚ ਸਤਿਸੰਗ, ਕਥਾ, ਪਾਠ ਸੁਣਦੇ ਹਾਂ, ਜਿਥੇ ਕਿਹਾ ਜਾਂਦਾ ਹੈ ਕਿ ਹਰੇਕ ਜੀਵ ਦੇ ਮੱਥੇ ਤੇ ਕੁਦਰਤ ਨੇ ਲੇਖ ਲਿਖੇ ਹੋਏ ਹਨ ਤੇ ਉਸੇ ਅਨੁਸਾਰ ਉਸਨੂੰ ਸਭ ਕੁਝ ਪ੍ਰਾਪਤ ਹੁੰਦਾ ਹੈ, ਯਕੀਨਨ ਤੌਰ ਤੇ ਹੁੰਦਾ ਵੀ ਹੈ, ਬਹੁਤਾ ਦੂਰ ਜਾਣ ਦੀ ਲੋੜ ਨਹੀਂ, ਆਪਣਾ ਹੁਣ ਤੱਕ ਦਾ ਜੀਵਨ, ਲਾਭ ਹਾਨੀਆਂ ਦਾ ਲੇਖਾ ਜੋਖਾ ਕਰਕੇ ਦੇਖ ਲਵੋ, ਪ੍ਰਮਾਤਮਾ ਹਰੇਕ ਜੀਵ ਨੂੰ ਪੋਸ਼ਣ ਦੇ ਰਿਹਾ ਹੈ।

ਪਰ ਅਸੀਂ ਅਜਿਹੇ ਵਿਚ ਫਿਰ ਵੀ ਅੱਧੀ ਪੌਣੀ ਜ਼ਿੰਦਗੀ ਜਿਉਣ 'ਚ ਉਧਾਰ ਹੀ ਕਰਦੇ ਰਹਿੰਦੇ ਹਾਂ, ਦੋਸਤੋ,

1. ਜ਼ਿੰਦਗੀ ਅੱਜ ਦਾ ਨਾਮ ਹੈ, ਜੀਅ ਲਵੋ
2. ਕੋਈ ਰਿਸ਼ਤਾ ਦੂਜੇ ਦਾ ਗ੍ਰਾਂਟਡ ਆਸਰਾ ਨਹੀਂ ਹੈ ਭਾਵੇਂ ਪੜਨ ਸੁਣਨ ਨੂੰ ਇਹ ਲਫ਼ਜ਼ ਓਪਰੇ ਲਗਦੇ ਹੋਣ।
3. ਜੇਕਰ ਬੱਚਿਆਂ ਤੋਂ ਵਾਧੂ ਆਸਾਂ ਰੱਖੋ ਤਾਂ ਇਹ ਮੂਰਖਤਾ ਹੈ ਕਿਉਂਕਿ ਅੱਜ ਕੱਲ ਪਦਾਰਥਵਾਦ ਦੇ ਯੁੱਗ ਵਿਚ ਜਿੰਨੇ ਜੀਅ ਕਮਾਉਂਦੇ ਹਨ ਓਨੇ ਹੀ ਖਾ ਸਕਦੇ ਹਨ। ਮਾਂ ਸੁਹਾਗਣ ਤਾਂ ਮਾਂ ਸੁਖੀ ਧੀ ਸੁਹਾਗਣ ਤਾਂ ਧੀ ਸੁਖੀ।

ਜਿਸ ਤਰਾਂ ਅੱਜ ਕੱਲ ਮਾਪਿਆਂ ਦੀ ਇਸ ਤ੍ਰਾਸਦੀ ਸਬੰਧੀ ਪੜ ਸੁਣ ਕੇ ਲੋਕ ਭਾਵੁਕ ਹੋ ਰਹੇ ਹਨ ਅਜਿਹੇ ਵਿਚ ਜੇਕਰ ਅਸੀਂ ਆਪਣੇ ਬਾਰੇ ਹੀ ਸੋਚੀਏ ਤਾਂ ਮਨ 'ਚ ਸਵਾਲ ਆਉਂਦਾ ਹੈ ਕਿ ਖੁਦਾ ਨਾ ਖਾਸਤਾ ਕੱਲ ਨੂੰ ਸਾਡੇ ਨਾਲ ਵੀ ਅਜਿਹਾ ਹੋਇਆ ਤਾਂ ਸਥਿਤੀ ਕਿਹੋ ਜਿਹੀ ਹੋਵੇਗੀ? ਇਸ ਲਈ ਆਪਣੇ ਆਪ ਨੂੰ ਇਸ ਤ੍ਰਾਸਦੀ ਦਾ ਪਾਤਰ ਮੰਨ ਕੇ ਵੱਡਾ ਸਾਰਾ ਜਿਗਰਾ ਕਰਕੇ ਇੱਕ ਭਵਿੱਖਬਾਣੀ ਕਰ ਲਵੋ ਆਪਣੇ ਲਈ ਕਿ ਜਿਵੇਂ ਲੋਕ ਬਿਰਧ ਆਸ਼ਰਮ ਜਾ ਰਹੇ ਹਨ ਕੱਲ ਨੂੰ 'ਮੈਂ' ਵੀ ਜਾਣਾ ਹੈ। ਸੋਚ ਕੇ ਤੁਹਾਡੇ ਅੰਦਰ ਇੱਕ ਧਮਾਕਾ ਹੋਵੇਗਾ ਤੇ ਦੋ ਮੁੱਖ ਗੱਲਾਂ ਵਾਪਰ ਸਕਦੀਆਂ ਹਨ।

ਇੱਕ-ਤੁਹਾਡਾ ਰੁਝਾਨ ਅੱਜ ਜਿਊਣ ਵੱਲ ਹੋਣਾ ਕੁਦਰਤੀ ਹੋਵੇਗਾ। ਦੂਜਾ-ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਪੂਰੇ ਪਿਆਰ ਤੇ ਸ਼ੌਕ ਨਾਲ ਕਰੋ ਪਰ ਨਾਲ ਦੀ ਨਾਲ ਉਨਾਂ ਨੂੰ ਆਪਣੇ ਜੀਵਨ ਵਿਚ ਚਲ ਰਹੇ ਦੁੱਖ, ਸੁਖ ਸਹੂਲਤਾਂ, ਤੰਗੀਆਂ, ਮੁਸ਼ਕਿਲਾਂ ਬਾਰੇ ਸਮੇਂ ਸਮੇਂ ਜਾਗਰੂਕ ਕਰਾਉਂਦੇ ਰਹੋ, ਜਿਸ ਨਾਲ ਉਹ ਤੁਹਾਡੇ ਨਾਲ ਹੋਰ ਪੱਕੇ ਤੌਰ 'ਤੇ ਜੁੜਨ ਲਈ ਕਾਮਯਾਬ ਹੋਣਗੇ। ਬਚਪਨ ਵਿਚ ਕਿਉਂਕਿ ਬੱਚਿਆਂ ਦੇ ਮਨ ਤੇ ਕੋਈ ਵੀ ਸੰਸਕਾਰ ਲੋਡ ਕਰਨਾ ਸੌਖਾ ਹੁੰਦਾ ਹੈ ਕਿਉਂਕਿ ਬੱਚੇ ਦਾ ਮਨ ਨਿਰਛਲ ਹੁੰਦਾ ਹੈ ਤੇ ਇਸ ਸਮੇਂ ਦਾ ਦਿਮਾਗ ਤੇ ਉਕਰਿਆ ਸੱਚ ਪੂਰਾ ਜੀਵਨ ਅਸਰ ਛਡਦਾ ਹੈ, ਇਸੇ ਕਰਕੇ ਕੁਝ ਦੇਸ਼ਾਂ ਵਿਚ ਬੱਚੇ ਦੇ ਜਨਮ ਦੀਆਂ ਪੀੜਾਂ ਪਤੀ ਨੂੰ ਸ਼ੀਸ਼ੇ ਦੇ ਪਰਦੇ ਵਿਚੋਂ ਦਿਖਾਈਆਂ ਜਾਂਦੀਆਂ ਹਨ ਤਾਂਕਿ ਸਾਹਮਣੇ ਤੜਫ ਰਹੀ ਪਤਨੀ ਨੂੰ ਦੇਖ ਕੇ ਉਸਦੇ ਦਿਲ ਵਿਚ ਪਿਆਰ ਭਾਵ ਹੋਰ ਪਕੇਰਾ ਹੋ ਜਾਵੇ। ਜਿਸ ਵੀ ਉਮਰ ਵਿਚ ਹੋਵੇ ਜਿਸ ਵੀ ਸਟੇਜ ਤੇ ਹੋਵੇ ਉਥੋਂ ਹੀ ਜਿਊਣਾ ਸ਼ੁਰੂ ਕਰੋ, ਅੱਜ ਤੇ ਹੁਣ ਤੋਂ ਹੀ, ਤਾਂਕਿ ਅਜਿਹਾ ਨਾ ਹੋਵੇ ਕਿ 'ਉਧਾਰ ਬੇਚਾ, ਗ੍ਰਾਹਕ ਖੋਇਆ' ਵਾਲਾ ਭਾਣਾ ਵਰਤ ਜਾਵੇ।

# ਆਲਸ ਛੱਡੋ ਆਪਣੀ ਪ੍ਰਤਿਭਾ ਨੂੰ ਪਛਾਣੋ



**ਗੁਰਸ਼ਰਨ ਸਿੰਘ ਕੁਮਾਰ**

ਕੁਦਰਤ ਨੇ ਹਰ ਮਨੁੱਖ ਨੂੰ ਕੁਝ ਨਾ ਕੁਝ ਗੁਣ ਦੇ ਕੇ ਜ਼ਰੂਰ ਨਿਵਾਜਿਆ ਹੈ। ਦੁਨੀਆ ਵਿਚ ਕੋਈ ਮਨੁੱਖ ਐਸਾ ਨਹੀਂ ਜਿਸ ਵਿਚ ਕੋਈ ਗੁਣ ਨਾ ਹੋਵੇ। ਇਥੋਂ ਤੱਕ ਕਿ ਅਪੰਗ ਮਨੁੱਖਾਂ ਵਿਚ ਵੀ ਕੋਈ ਨਾ ਕੋਈ ਵਿਸ਼ੇਸ਼ ਗੁਣ ਜ਼ਰੂਰ ਹੁੰਦਾ ਹੈ। ਇਸ ਵਿਸ਼ੇਸ਼ ਗੁਣ ਸਦਕਾ ਹੀ ਹਰ ਮਨੁੱਖ ਜ਼ਿੰਦਗੀ ਵਿਚ ਕਾਮਯਾਬ ਹੋ ਕੇ ਦੁਨੀਆ 'ਤੇ ਆਪਣੀ ਵਿਲੱਖਣ ਪਛਾਣ ਬਣਾ ਸਕਦਾ ਹੈ। ਪੈਰਾਲੰਪਿਕ ਖੇਡਾਂ ਇਸ ਦੀ ਪ੍ਰਤੱਖ ਮਿਸਾਲ ਹਨ। ਪੈਰਾਲੰਪਿਕ ਖੇਡਾਂ ਵਿਚ ਕੇਵਲ ਦੁਨੀਆ ਭਰ ਦੇ ਅਪੰਗ ਵਿਅਕਤੀ ਹੀ ਭਾਗ ਲੈ ਸਕਦੇ ਹਨ। ਉੱਥੇ ਉਹ ਆਪਣੀ ਹਿੰਮਤ, ਸਰੀਰਕ ਬਲ ਅਤੇ ਕਲਾ ਦੇ ਅਜਿਹੇ ਜੌਹਰ ਦਿਖਾਉਂਦੇ ਹਨ ਕਿ ਦੁਨੀਆ ਭਰ ਦੇ ਲੋਕ ਹੈਰਾਨ ਰਹਿ ਜਾਂਦੇ ਹਨ ਅਤੇ ਪੂਰੇ ਅੰਗਾਂ ਵਾਲੇ ਵਿਅਕਤੀ ਵੀ ਐਸੇ ਕਾਰਨਾਮੇ ਨਹੀਂ ਕਰ ਸਕਦੇ। ਇਹ ਗੱਲ ਸਾਬਤ ਕਰਦੀ ਹੈ ਕਿ ਬੇਸ਼ੱਕ ਕਿਸੇ ਕਾਰਨ ਕਰਕੇ ਉਹ ਅਪੰਗ ਰਹਿ ਗਏ ਹਨ ਪਰ, ਉਨਾਂ ਵਿਚ ਜੋਸ਼ ਅਤੇ ਹੁਨਰ ਦੀ ਕੋਈ ਕਮੀ ਨਹੀਂ ਹੁੰਦੀ। ਅਜਿਹੇ ਲੋਕ ਕਈ ਕਈ ਤਗਮੇ ਜਿੱਤ ਕੇ ਆਪਣੇ ਘਰਾਂ ਨੂੰ ਪਰਤਦੇ ਹਨ ਤਾਂ ਨਾ ਕੇਵਲ ਆਪਣਾ ਸਗੋਂ ਆਪਣੇ ਪਰਿਵਾਰ ਅਤੇ ਦੇਸ਼ ਦਾ ਨਾਂ ਵੀ ਰੌਸ਼ਨ ਕਰਦੇ ਹਨ।

ਮਨੁੱਖ ਦੇ ਅਜਿਹੇ ਗੁਣ ਹੀ ਉਸ ਦੀ ਕਾਮਯਾਬੀ ਦੀ ਚਾਬੀ ਹਨ। ਇਨਾਂ ਗੁਣਾਂ ਨੂੰ ਪਛਾਣ ਕੇ ਉਨਾਂ ਨੂੰ ਉਭਾਰਨ ਦੀ ਜ਼ਰੂਰਤ ਹੈ। ਇਸ ਲਈ ਸਖਤ ਮਿਹਨਤ, ਦ੍ਰਿੜ ਵਿਸ਼ਵਾਸ ਅਤੇ ਪੂਰਨ ਇਕਾਗਰਤਾ ਦੀ ਲੋੜ ਹੈ। ਕਈ ਵਾਰੀ ਅਸੀਂ ਦੇਖਦੇ ਹਾਂ ਕਿ ਕੁਦਰਤ ਕਈ ਲੋਕਾਂ ਨੂੰ ਇਕਸਾਰ ਮੌਕੇ ਦਿੰਦੀ ਹੈ ਪਰ ਕਾਮਯਾਬੀ ਕੇਵਲ ਉਨਾਂ ਲੋਕਾਂ ਦੇ ਹੀ ਕਦਮ ਚੁੰਮਦੀ ਹੈ ਜੋ ਆਪਣਾ ਧਿਆਨ ਹਥਲੇ ਕੰਮ 'ਤੇ ਰੱਖਦੇ ਹਨ ਅਤੇ ਸਵੈ ਭਰੋਸੇ ਨਾਲ ਸਖਤ ਮਿਹਨਤ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਸਕੂਲ ਦੀ ਕਿਸੇ ਜਮਾਤ ਵਿਚ ਅਧਿਆਪਕ ਸਭ ਵਿਦਿਆਰਥੀਆਂ ਨੂੰ ਇਕੋ ਜਿਹਾ ਹੀ ਪੜਾਉਂਦੇ ਹਨ, ਪਰ ਜਦ ਨਤੀਜਾ ਨਿਕਲਦਾ ਹੈ ਤਾਂ ਕੋਈ ਵਿਦਿਆਰਥੀ ਬਾਕੀ ਸਭ ਨੂੰ ਪਿੱਛੇ ਛੱਡਦਾ ਹੋਇਆ ਅੱਵਲ ਆ ਜਾਂਦਾ ਹੈ ਅਤੇ ਕੁਝ ਵਿਦਿਆਰਥੀ ਫੇਲ ਵੀ ਹੋ ਜਾਂਦੇ ਹਨ, ਐਸਾ ਕਿਉਂ? ਵਿੱਦਿਆ ਤਾਂ ਸਭ ਨੂੰ ਇਕੋ ਜਿਹੀ ਹੀ ਮਿਲੀ ਸੀ। ਇਹ ਹੈ ਮਿਹਨਤ, ਲਗਨ ਅਤੇ ਇਕਾਗਰਤਾ ਦਾ ਨਤੀਜਾ। ਜਿਹੋ ਜਿਹੀ ਕਿਸੇ ਨੇ ਮਿਹਨਤ ਕੀਤੀ ਉਹੋ ਜਿਹਾ ਹੀ ਉਸ ਦਾ ਨਤੀਜਾ ਆ ਗਿਆ। ਸਾਨੂੰ ਇਤਿਹਾਸ/ਮਿਥਿਹਾਸ ਤੋਂ ਵੀ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ ਜਿਵੇਂ ਮਹਾਂਭਾਰਤ ਵਿਚ ਦਰੋਣਾਚਾਰਿਆ ਪਾਂਡਵਾਂ ਅਤੇ ਕੌਰਵਾਂ ਦੇ ਸਾਂਝੇ ਗੁਰੂ ਸਨ। ਉਨਾਂ ਨੇ ਸਭ ਨੂੰ ਧਨੁਸ਼ ਵਿੱਦਿਆ ਵੀ ਇਕੋ ਜਿਹੀ ਹੀ ਦਿੱਤੀ ਪਰ ਕੇਵਲ ਅਰਜੁਨ ਹੀ ਮਹਾਨ ਤੀਰ ਅੰਦਾਜ਼ ਬਣ ਸਕਿਆ, ਕਾਰਨ ਇਹ ਹੈ ਉਹ ਸਖਤ ਮਿਹਨਤੀ ਅਤੇ ਇਕਾਗਰਤਾ ਵਾਲਾ ਸੀ। ਜਦਕਿ ਦੂਜੇ ਆਪਣਾ ਧਿਆਨ ਅਰਜੁਨ ਦੀ ਤਰਾਂ ਆਪਣੇ ਨਿਸ਼ਾਨੇ 'ਤੇ ਕੇਂਦਰਿਤ ਨਹੀਂ ਸਨ ਕਰ ਪਾਉਂਦੇ। ਜੇ ਅਸੀਂ ਹੋਰ ਅੱਗੇ ਚੱਲੀਏ ਤਾਂ ਏਕਲਵਯ ਵੀ ਸਾਡੇ ਚੇਤਿਆਂ ਵਿਚ ਆ ਜਾਂਦਾ ਹੈ। ਉਸ ਨੂੰ ਤਾਂ ਅਰਜੁਨ ਦੀ ਤਰਾਂ ਕਿਸੇ ਨੇ ਧਨੁਸ਼ ਵਿੱਦਿਆ ਵੀ ਨਹੀਂ ਸੀ ਦਿੱਤੀ। ਉਸ ਨੇ ਮਨ ਵਿਚ ਦਰੋਣਾਚਾਰਿਆ ਨੂੰ ਹੀ ਗੁਰੂ ਧਾਰ ਕੇ ਹੀ ਧਨੁਸ਼ ਵਿੱਦਿਆ ਦਾ ਅਭਿਆਸ ਸ਼ੁਰੂ ਕੀਤਾ ਅਤੇ ਅਰਜੁਨ ਤੋਂ ਵੀ ਮਹਾਨ ਤੀਰ ਅੰਦਾਜ਼ ਬਣਿਆ। ਇਹ ਸਭ ਉਸ ਦੀ ਮਿਹਨਤ ਅਤੇ ਇਕਾਗਰਤਾ ਦਾ ਹੀ ਨਤੀਜਾ ਸੀ। ਇਹ ਵੱਖਰੀ ਗੱਲ ਹੈ ਕਿ ਦਰੋਣਾਚਾਰਿਆ ਨੇ ਛਲ ਨਾਲ ਏਕਲਵਯ ਦਾ ਅੰਗੂਠਾ ਗੁਰੂ ਦੱਛਣਾ ਵਿਚ ਮੰਗ ਕੇ ਉਸ ਨੂੰ ਸਦਾ ਲਈ ਅਪੰਗ ਬਣਾ ਦਿੱਤਾ।

ਜਦ ਪ੍ਰਮਾਤਮਾ ਨੇ ਇਸ ਧਰਤੀ ਨੂੰ ਸਾਜਿਆ ਤਾਂ ਜ਼ਿੰਦਗੀ ਉਸ ਸਮੇਂ ਅੱਜ ਵਰਗੀ ਆਰਾਮਦਾਇਕ ਅਤੇ ਸੌਖੀ ਨਹੀਂ ਸੀ। ਉਸ ਸਮੇਂ ਮਨੁੱਖਾ ਜ਼ਿੰਦਗੀ ਬਹੁਤ ਭਿਆਨਕ ਅਤੇ ਖ਼ਤਰਿਆਂ ਭਰੀ ਸੀ। ਮਨੁੱਖ ਦੇ ਸਾਹਮਣੇ ਹਰ ਤਰਫ ਮੌਤ ਮੰਡਰਾਅ ਰਹੀ ਸੀ। ਇਕ ਪਾਸੇ ਖੂੰਖਾਰ ਜਾਨਵਰ ਸਨ ਅਤੇ ਦੂਜੇ ਪਾਸੇ ਕੁਦਰਤ ਦੀਆਂ ਕਰੋਪੀਆਂ ਤੂਫਾਨ, ਭੁਚਾਲ ਅਤੇ ਸੁਨਾਮੀਆਂ ਸਨ। ਮਨੁੱਖ ਕੋਲ ਉਸ ਸਮੇਂ ਨਾ ਪੇਟ ਭਰਨ ਲਈ ਭੋਜਨ ਸੀ ਅਤੇ ਨਾ ਹੀ ਸਿਰ ਲੁਕਾਉਣ ਲਈ ਛੱਤ ਸੀ। ਗਰਮੀ, ਸਰਦੀ ਤੋਂ ਬਚਣ ਲਈ ਜਾਂ ਤਨ ਢਕਣ ਲਈ ਵੀ ਕੋਈ ਕੱਪੜਾ ਨਹੀਂ ਸੀ। ਆਤਮ ਰੱਖਿਆ ਲਈ ਕੋਈ ਹਥਿਆਰ ਨਹੀਂ ਸੀ। ਮਨੁੱਖ ਦੀ ਜ਼ਿੰਦਗੀ ਖ਼ਤਰਿਆਂ ਭਰੀ ਅਤੇ ਤਰਸਯੋਗ ਸੀ। ਪਰ ਮਨੁੱਖ ਨੇ ਤਾਂ ਹਰ ਹਾਲਾਤ ਵਿਚ ਜ਼ਿੰਦਾ ਰਹਿਣਾ ਸੀ। ਇਹ ਉਸ ਦੀ ਹੋਂਦ ਦਾ ਸੁਆਲ ਸੀ। ਫਿਰ ਵੀ ਉਸ ਨੇ ਹਾਰ ਨਹੀਂ ਮੰਨੀ। ਉਸ ਨੇ ਆਪਣੀਆਂ ਸੁੱਤੀਆਂ ਸ਼ਕਤੀਆਂ ਨੂੰ ਉਭਾਰਿਆ ਅਤੇ ਇਨਾਂ ਮੁਸੀਬਤਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਆਪਣੇ ਜ਼ਿੰਦਾ ਰਹਿਣ ਦੇ ਸਾਧਨ ਉਪਲਬਧ ਕੀਤੇ। ਉਸ ਨੇ ਇਸ ਦੁਨੀਆ ਨੂੰ ਇਕ ਨਵਾਂ ਰੂਪ ਦੇਣਾ ਸ਼ੁਰੂ ਕੀਤਾ।

ਇੱਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਕਿਹੜੇ ਗੁਣ ਮਨੁੱਖ ਨੂੰ ਆਮ ਨਾਲੋਂ ਵਿਲੱਖਣ ਬਣਾਉਂਦੇ ਹਨ। ਉਨਾਂ ਦੀ



ਪਛਾਣ ਕਿਵੇਂ ਕੀਤੀ ਜਾਵੇ? ਮਨੁੱਖੀ ਗੁਣ ਅਨੇਕ ਹਨ ਜਿਨਾਂ ਨੂੰ ਇਕ ਕਾਗਜ਼ 'ਤੇ ਬਿਆਨ ਕਰਨਾ ਸੰਭਵ ਨਹੀਂ। ਜਿਵੇਂ-ਜਿਵੇਂ ਸੂਰਜ ਨਿਕਲਦਾ ਹੈ ਤਾਂ ਸਾਰੀ ਦੁਨੀਆ ਨੂੰ ਪਤਾ ਚੱਲ ਜਾਂਦਾ ਹੈ ਕਿ ਸੂਰਜ ਨਿਕਲ ਆਇਆ ਹੈ, ਇਸੇ ਤਰਾਂ ਮਨੁੱਖ ਦੇ ਵਿਸ਼ੇਸ਼ ਗੁਣ ਆਪਣੇ ਆਪ ਪ੍ਰਗਟ ਹੋ ਜਾਂਦੇ ਹਨ। ਕਾਬਲ ਉਸਤਾਦ ਅਤੇ ਮਨੁੱਖ ਦੀ ਆਪਣੀ ਮਿਹਨਤ ਇਨਾਂ ਗੁਣਾਂ ਨੂੰ ਤਰਾਸ਼ਦੇ ਹਨ ਅਤੇ ਦੁਨੀਆ ਸਾਹਮਣੇ ਪ੍ਰਗਟ ਕਰਦੇ ਹਨ। ਇਹ ਗੁਣ ਹੀ ਮਨੁੱਖ ਦੀ ਵਿਲੱਖਣ ਸ਼ਖ਼ਸੀਅਤ ਬਣਾਉਂਦੇ ਹਨ। ਕਈਆਂ ਮਨੁੱਖਾਂ ਦਾ ਦਿਮਾਗ ਬਹੁਤ ਤੇਜ਼ ਹੁੰਦਾ ਹੈ। ਉਹ ਹਰ ਸਮੱਸਿਆ ਦਾ ਹੱਲ ਬਹੁਤ ਛੇਤੀ ਕੱਢ ਲੈਂਦੇ ਹਨ ਅਤੇ ਨਵੀਆਂ-ਨਵੀਆਂ ਖੋਜਾਂ ਕਰਦੇ ਹਨ। ਕਈਆਂ ਦਾ ਸਰੀਰ ਬਹੁਤ ਤਕੜਾ ਅਤੇ ਫੁਰਤੀਲਾ ਹੁੰਦਾ ਹੈ। ਉਹ ਯੁੱਧ ਵਿਚ ਜਾਂ ਖੇਡਾਂ ਵਿਚ ਮੱਲਾਂ ਮਾਰਦੇ ਹਨ। ਇਸ ਤੋਂ ਇਲਾਵਾ ਬੰਦੇ ਦੀ ਆਪਣੀ ਦਿਲਚਸਪੀ ਵੀ ਉਸ ਨੂੰ ਜ਼ਿੰਦਗੀ ਵਿਚ ਇਕ ਨਵਾਂ ਰਾਹ ਦਿਖਾਉਂਦੀ ਹੈ।

**ਮਨੋਵਿਗਿਆਨ**

ਮਨੁੱਖ ਦਾ ਸੁਹਜ-ਸੁਆਦ ਦਾ ਗੁਣ ਵੀ ਦੁਨੀਆ ਦੀ ਸੁੰਦਰਤਾ ਵਿਚ ਵਾਧਾ ਕਰਦਾ ਹੈ। ਮਨੁੱਖ ਹਮੇਸ਼ਾ ਆਪਣੇ ਰਹਿਣ-ਸਹਿਣ, ਖਾਣ ਪੀਣ, ਪਹਿਨਣ, ਕੰਮ ਕਰਨ ਅਤੇ ਜ਼ਿੰਦਗੀ ਜਿਊਣ ਦੇ ਢੰਗ ਵਿਚ ਸੁਧਾਰ ਕਰਦਾ ਰਹਿੰਦਾ ਹੈ। ਪੱਥਰ ਯੁੱਗ ਤੋਂ ਅੱਜ ਦੇ ਸੁੱਖ ਸਹੂਲਤਾਂ ਨਾਲ ਲਬਰੇਜ਼ ਸੁਪਨਮਈ ਸੰਸਾਰ ਤੱਕ ਦਾ ਸਫ਼ਰ ਮਨੁੱਖ ਦੇ ਸੁਹਜ ਸੁਆਦ ਦੀ ਤ੍ਰਿਪਤੀ ਦਾ ਸਿੱਟਾ ਹੈ। ਕਲਾਕਾਰ ਇਕ ਕੋਮਲ ਦਿਲ ਰੱਖਦੇ ਹਨ। ਉਹ ਦੁਨੀਆ ਦਾ ਕੂੜ ਕਬਾੜ ਦੂਰ ਕਰ ਕੇ ਉਸ ਨੂੰ ਸੁੰਦਰ ਦ੍ਰਿਸ਼ਟੀ ਪ੍ਰਦਾਨ ਕਰਨਾ ਲੋਚਦੇ ਹਨ। ਉਨਾਂ ਦੀਆ ਕਲਾਕ੍ਰਿਤੀਆਂ ਮਨ ਨੂੰ ਠੰਢ ਪਾਉਂਦੀਆਂ ਹਨ। ਕਈ ਮਨੁੱਖਾਂ ਵਿਚ ਕੁਝ ਨਵਾਂ ਕਰਨ ਦੀ ਅਤੇ ਦੂਜਿਆਂ ਤੋਂ ਅੱਗੇ ਵਧਣ ਦੀ ਤਮੰਨਾ ਹੁੰਦੀ ਹੈ। ਉਹ ਵੀ ਆਪਣੇ ਹੁਨਰ ਨਾਲ ਇਕ ਨਵਾਂ ਇਤਿਹਾਸ ਸਿਰਜ ਜਾਂਦੇ ਹਨ। ਕਈਆਂ ਵਿਚ ਲੋਕ ਭਲਾਈ ਦਾ ਜਜ਼ਬਾ ਹੁੰਦਾ ਹੈ। ਕਈਆਂ ਦੇ ਮਨ ਵਿਚ ਇਹ ਚਾਅ ਹੁੰਦਾ ਹੈ ਕਿ ਮੇਰੇ ਮਰਨ ਤੋਂ ਪਿੱਛੋਂ ਵੀ ਮੇਰਾ ਨਾਂ ਯਾਦ ਕੀਤਾ ਜਾਏ। ਕਈਆਂ ਵਿਚ ਲੀਡਰਸ਼ਿਪ ਦਾ ਜਜ਼ਬਾ ਹੁੰਦਾ ਹੈ। ਉਹ ਰਾਜਨੀਤੀ ਵਿਚ ਅੱਗੇ ਆਉਂਦੇ ਹਨ ਅਤੇ ਦੁਨੀਆ ਨੂੰ ਪਿੱਛੇ ਲਾ ਕੇ ਇਕ ਨਵਾਂ ਸੰਦੇਸ਼ ਦਿੰਦੇ ਹਨ। ਇਸ ਤਰਾਂ ਕਲਾਕਾਰਾਂ, ਬਹਾਦਰਾਂ, ਖੋਜੀਆਂ, ਰਾਜਨੇਤਾਵਾਂ, ਖਿਡਾਰੀਆਂ ਅਤੇ ਹੋਰ ਵਿਲੱਖਣ ਗੁਣਾਂ ਦੇ ਧਾਰਨੀਆਂ ਦੁਆਰਾ ਦੁਨੀਆ ਵਿਚ ਮਹਾਨ ਤਬਦੀਲੀਆਂ ਆਈਆਂ ਅਤੇ ਦੁਨੀਆ ਅੱਜ ਦੇ ਮੁਕਾਮ 'ਤੇ ਪਹੁੰਚੀ ਹੈ।

ਕੁਦਰਤ ਦੇ ਵਰਤਾਰੇ, ਮਨੁੱਖੀ ਮਿਹਨਤ ਅਤੇ ਗੁਣਾਂ ਨਾਲ ਦੁਨੀਆ ਪੱਥਰ ਯੁੱਗ ਤੋਂ ਲੈ ਕੇ ਅੱਜ ਤੱਕ ਬਦਲਦੀ ਆਈ ਹੈ ਅਤੇ ਬਦਲਦੀ ਰਹੇਗੀ। ਅਜਿਹੇ ਮਨੁੱਖ ਜ਼ਿੰਦਗੀ ਦੇ ਯੋਧੇ ਹੁੰਦੇ ਹਨ। ਉਹ ਆਪਣੀ ਧੁਨ ਦੇ ਪੱਕੇ ਹੁੰਦੇ ਹਨ। ਉਹ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕਰਦੇ। ਸਾਰੀ ਦੁਨੀਆ ਜਦ ਰਾਤ ਨੂੰ ਆਰਾਮ ਨਾਲ ਆਪਣੇ ਨਰਮ ਬਿਸਤਰਿਆਂ ਵਿਚ ਸੁੱਤੀ ਹੁੰਦੀ ਹੈ ਤਾਂ ਅਜਿਹੇ ਯੋਧੇ ਉਸ ਸਮੇਂ ਜਾਗ ਕੇ ਆਪਣੇ ਮਕਸਦ ਦੀ ਕਾਮਯਾਬੀ ਵਿਚ ਲੱਗੇ ਹੁੰਦੇ ਹਨ। ਉਹ ਨਵੀਆਂ-ਨਵੀਆਂ ਮੰਜ਼ਿਲਾਂ ਨੂੰ ਸਰ ਕਰਦੇ ਹਨ। ਉਨਾਂ ਦੀ ਕਾਮਯਾਬੀ ਸਾਰੇ ਵਿਸ਼ਵ ਦੀ ਉੱਨਤੀ ਅਤੇ ਮਨੁੱਖਤਾ ਦੇ ਭਲੇ ਦਾ ਕਾਰਨ ਹੋ ਨਿੱਬੜਦੀ ਹੈ। ਇਸੇ ਲਈ ਉਹ ਦੁਨੀਆ 'ਤੇ ਆਪਣਾ ਨਾਂਅ ਪੈਦਾ ਕਰਦੇ ਹਨ ਅਤੇ ਲੋਕਾਂ ਦੇ ਦਿਲਾਂ 'ਤੇ ਛਾਏ ਰਹਿੰਦੇ ਹਨ।

ਤੁਸੀਂ ਆਲਸ ਛੱਡੋ ਅਤੇ ਆਪਣੀ ਪ੍ਰਤਿਭਾ ਨੂੰ ਪਛਾਣੋ ਅਤੇ ਆਪਣੇ ਗੁਣਾਂ ਦੀ ਚਾਬੀ ਨਾਲ ਆਪਣੀ ਕਾਮਯਾਬੀ ਦੇ ਬੰਦ ਦਰਵਾਜ਼ੇ ਖੋਲੋ। ਇਨਾਂ ਕਾਮਯਾਬੀ ਦੇ ਦਰਵਾਜ਼ਿਆਂ ਵਿਚੋਂ ਲੰਘ ਕੇ ਹੀ ਤੁਹਾਡੇ ਭਵਿੱਖ ਦੀ ਉੱਨਤੀ ਦਾ ਇਕ ਵਿਸ਼ਾਲ ਸੰਸਾਰ ਨਜ਼ਰ ਆਵੇਗਾ ਜੋ ਤੁਹਾਡੀ ਸਾਰੀ ਜ਼ਿੰਦਗੀ ਨੂੰ ਸਫਲ ਅਤੇ ਖ਼ੁਸ਼ਹਾਲ ਬਣਾ ਦੇਵੇਗਾ।

# ਗਿਆਨੀ ਗਿਆਨ ਸਿੰਘ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਮੁੱਲਵਾਨ ਇਤਿਹਾਸਕ ਸਰੋਤ

**ਡਾਕਟਰ ਧਰਮ ਸਿੰਘ**
**ਮੋ. 98889-39808**

ਸਿੱਖ ਇਤਿਹਾਸਕਾਰਾਂ ਵਿਚ ਗਿਆਨੀ ਗਿਆਨ ਸਿੰਘ ਦਾ ਨਾਂ ਬੜੇ ਆਦਰ ਨਾਲ ਲਿਆ ਜਾਂਦਾ ਹੈ। ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਮਹਾਂਕਵੀ ਭਾਈ ਸੰਤੋਖ ਸਿੰਘ ਦੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਬਾਅਦ ਤੀਜੇ ਨੰਬਰ 'ਤੇ ਗਿਆਨੀ ਜੀ ਦਾ ਨਾਂਅ ਲਿਆ ਜਾਂਦਾ ਹੈ। ਛਾਪਾਖਾਨਾ ਲੱਗਣ ਤੋਂ ਬਾਅਦ ਗਿਆਨੀ ਗਿਆਨ ਸਿੰਘ ਦੀਆਂ ਦੋ ਪੁਸਤਕਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖ਼ਾਲਸਾ' ਸਭ ਤੋਂ ਜ਼ਿਆਦਾ ਵਾਰ ਛਾਪੀਆਂ ਅਤੇ ਪੜੀਆਂ ਗਈਆਂ। ਇਨਾਂ ਦੋਹਾਂ ਵਿਚੋਂ ਇਕੋ ਜਿਲਦ ਵਿਚ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅੱਜ ਤੋਂ ਪੰਜਾਹ ਸਾਲ ਪਹਿਲਾਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ 1970 ਵਿਚ ਛਾਪਿਆ ਗਿਆ ਸੀ। ਇਸ ਨਾਲ ਇਹ ਆਮ ਲੋਕਾਂ ਵਿਚ ਸੌਖਿਆਂ ਹੀ ਪਹੁੰਚਣ ਲੱਗਾ। ਪੱਛਮੀ ਵਿੱਦਿਆ ਦੇ ਪ੍ਰਭਾਵ ਅਧੀਨ ਜਦ ਇਤਿਹਾਸਕਾਰੀ ਦਾ ਨਵਾਂ ਮਾਡਲ ਸਾਹਮਣੇ ਆਇਆ ਤਾਂ ਇਤਿਹਾਸਕਾਰਾਂ ਦਾ ਧਿਆਨ ਇਸ ਗ੍ਰੰਥ ਵੱਲ ਗਿਆ। ਉਹ ਇਸ ਵਿਚੋਂ ਹਵਾਲੇ ਦੇਣ ਲੱਗੇ ਅਤੇ ਇੰਜ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਮਾਨਤਾ ਹੋਰ ਵੀ ਵਧਣ ਲੱਗੀ।

ਲੇਖਕ ਖ਼ੁਦ ਸ਼ਹੀਦ ਭਾਈ ਮਨੀ ਸਿੰਘ ਦੀ ਪੰਜਵੀਂ ਪੀੜੀ ਵਿਚੋਂ ਸਨ, ਜਿਸ ਕਰਕੇ ਇਤਿਹਾਸ ਦੀਆਂ ਕਈ ਮੌਖਿਕ ਰਵਾਇਤਾਂ ਦੀ ਜਾਣਕਾਰੀ ਉਸ ਨੂੰ ਵਿਰਸੇ ਵਿਚ ਘਰੋਂ ਹੀ ਪ੍ਰਾਪਤ ਹੋ ਗਈ ਸੀ। ਦੂਸਰਾ ਉਸ ਨੇ ਪੰਦਰਾਂ-ਸੋਲਾਂ ਸਾਲ ਸਮੁੱਚੇ ਭਾਰਤ ਦਾ ਭ੍ਰਮਣ ਕਰ ਕੇ ਬੇਅੰਤ ਸਮੱਗਰੀ ਇਕੱਠੀ ਕੀਤੀ ਜਿਸ ਦੀ ਵਰਤੋਂ ਉਨਾਂ ਨੇ ਆਪਣੀਆਂ ਲਿਖਤਾਂ ਵਿਚ ਕੀਤੀ।

'ਸ੍ਰੀ ਗੁਰੂ ਪੰਥ ਪ੍ਰਕਾਸ਼' ਕਿਉਂਕਿ ਪੰਜਾਬੀ ਰਲੀ ਬ੍ਰਿਜ ਭਾਸ਼ਾ ਵਿਚ ਹੈ, ਇਸ ਲਈ ਇਸ ਨੂੰ ਸੁਖੈਨ ਤਰੀਕੇ ਨਾਲ ਅਰਥਾਂ ਸਮੇਤ ਸਮਝਣ ਲਈ, ਪਹਿਲਾ ਤਰੱਦਦ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ 1977 ਵਿਚ ਕੀਤਾ ਜਿਸ ਦੀ ਪ੍ਰਸੰਸਾ ਉਨਾਂ ਦੇ ਸਮਕਾਲੀਆਂ ਨੇ ਵੀ ਕੀਤੀ ਹੈ। ਕਿਸੇ ਵੀ ਸੰਪਾਦਿਤ ਗ੍ਰੰਥ ਦੀ ਭੂਮਿਕਾ ਹੀ, ਅਸਲ ਵਿਚ, ਉਸ ਗ੍ਰੰਥ ਅਤੇ ਗ੍ਰੰਥਕਾਰ ਉੱਪਰ ਹੋਈ ਖੋਜ ਦਾ ਨਿਚੋੜ ਹੁੰਦੀ ਹੈ ਅਤੇ ਨਾਲ ਹੀ ਸੰਪਾਦਕ ਦੀ ਵਿਦਵਤਾ ਦਾ ਸ਼ੀਸ਼ਾ ਵੀ। ਸੰਪਾਦਕ ਗਿ: ਕ੍ਰਿਪਾਲ ਸਿੰਘ ਨੇ ਪ੍ਰਸਤਾਵਨਾ ਵਜੋਂ ਇਕ ਜਿਲਦ ਜਾਂ ਪੁਸਤਕ ਲਿਖੀ ਹੈ। ਇਸ ਪ੍ਰਸਤਾਵਨਾ ਵਿਚ ਕੀਤੇ ਤਰੱਦਦ ਸੰਬੰਧੀ ਵਿਸਥਾਰ ਵਿਚ ਦੱਸਿਆ ਗਿਆ ਹੈ। ਉਨਾਂ ਦਾ ਕਹਿਣਾ ਹੈ, ਪ੍ਰਸਤਾਵਨਾ ਲਿਖਣ ਲਈ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਸੰਪਾਦਨਾ ਦਾ ਸੰਕਲਪ ਸਾਡੇ ਵਲੋਂ ਕੀਤੇ ਗਏ ਵਾਧਿਆਂ ਆਦਿ ਵਿਸ਼ਿਆਂ 'ਤੇ ਖੋਜ ਇਕੱਠੀ ਕੀਤੀ ਗਈ ਹੈ। ਮੁੱਖ ਬੰਦ ਵਿਚ ਇਤਿਹਾਸ, ਸਿੱਖ ਧਰਮ ਵਿਚ ਇਤਿਹਾਸ, ਇਤਿਹਾਸ ਦੀਆਂ ਕਿਸਮਾਂ, ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਕਿਸ ਕਿਸਮ ਦਾ ਇਤਿਹਾਸ ਹੈ ? ਇਸ ਦੇ ਸੋਮੇ, ਗ੍ਰੰਥ ਰਚਨਾ ਵਿਚ ਇਮਾਨਦਾਰੀ ਆਦਿ ਲੇਖ ਸ਼ਾਮਿਲ ਹਨ। (ਪੰਨਾ 9)

ਉਂਜ ਤਾਂ ਇਸ ਸਵੈ-ਕਥਨ ਵਿਚੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਗਿਆਨੀ ਕ੍ਰਿਪਾਲ ਸਿੰਘ ਨੇ ਕਿਸ ਤਰਾਂ ਦੀ ਖੋਜ ਕੀਤੀ ਹੈ, ਪਰ ਪਾਠਕਾਂ ਦੀ ਦਿਲਚਸਪੀ ਲਈ ਇਹ ਦੱਸਣਾ ਬਣਦਾ ਹੈ ਕਿ ਉਨਾਂ ਨੇ ਪਹਿਲਾਂ ਇਸ ਗ੍ਰੰਥ ਨੂੰ ਛੇ ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ ਸੀ, ਜਿਸ ਵਿਚ ਇਕ ਜਿਲਦ ਪ੍ਰਸਤਾਵਨਾ ਜਾਂ ਭੂਮਿਕਾ ਦੀ ਸੀ ਅਤੇ ਦੂਜੀਆਂ ਪੰਜਾਂ ਵਿਚ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਮੂਲ ਪਾਠ ਸੀ। ਬਾਅਦ ਵਿਚ ਪ੍ਰਸਤਾਵਨਾ ਅਤੇ ਪਹਿਲੀ ਜਿਲਦ ਨੂੰ ਇਕ ਹੀ ਸੈਂਚੀ ਵਿਚ ਇਕੱਠਾ ਕਰ ਦਿੱਤਾ ਗਿਆ, ਬਾਕੀ ਸਾਰੇ ਭਾਗ ਉਨਾਂ ਦੇ ਉਂਜ ਰਹਿ ਗਏ। ਹੁਣ ਮੁਕੰਮਲ ਗ੍ਰੰਥ ਪੰਜਾਂ ਭਾਗਾਂ ਵਿਚ ਹੈ।



ਇਤਿਹਾਸਕ ਸਮੱਗਰੀ ਇਕੱਤਰ ਕਰਨ ਲਈ ਲੇਖਕ ਨੂੰ ਸਾਰੇ ਭਾਰਤ ਦੀ ਯਾਤਰਾ ਕਰਨੀ ਪਈ। ਇਸ ਲਈ ਇਕ ਉਪ ਭਾਗ ਵਿਚ ਸ੍ਰੀ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਕਲਕੱਤਾ, ਬਰਦਵਾਨ, ਜਗਨਨਾਥ ਪੁਰੀ, ਆਗਰਾ, ਦਿੱਲੀ, ਸਿੰਧ ਕਾਠੀਆਵਾੜ ਅਤੇ ਜੂਨਾਗੜ ਜਾਣ ਦਾ ਉਲੇਖ ਹੈ। ਇਕ ਹਿੱਸੇ ਵਿਚ ਗਿ: ਗਿਆਨ ਸਿੰਘ ਦੀਆਂ ਰਚਨਾਵਾਂ, ਜੋ ਗਿਣਤੀ ਵਿਚ ਦੋ ਦਰਜਨ ਤੋਂ ਵੱਧ ਹਨ, ਦਾ ਪਰਿਚਯ ਹੈ। ਇਨਾਂ ਰਚਨਾਵਾਂ ਵਿਚੋਂ ਕੁਝ ਵਧੇਰੇ ਪ੍ਰਚੱਲਿਤ ਜਾਂ ਚਰਚਿਤ ਹਨ, ਕੁਝ ਘੱਟ ਜਾਣੀਆਂ-ਪਛਾਣੀਆਂ ਹਨ ਪਰ ਹਨ ਇਤਿਹਾਸ ਨਾਲ ਸੰਬੰਧਿਤ। ਇਕ ਉਪ-ਭਾਗ ਵਿਚ ਇਕ ਕਵੀ ਵਜੋਂ ਵਿਚਾਰਿਆ ਗਿਆ। ਅਲੰਕਾਰ ਅਤੇ ਰਸ ਆਦਿ ਬਾਰੇ ਗਿਆਨੀ ਕ੍ਰਿਪਾਲ ਸਿੰਘ ਦੇ ਵਿਚਾਰ ਹਨ।

'ਸ੍ਰੀ ਗੁਰੂ ਪੰਥ ਪ੍ਰਕਾਸ਼' ਇਕ ਵੱਡ-ਆਕਾਰੀ ਰਚਨਾ ਹੈ ਅਤੇ ਇਸ ਦੇ ਸੰਪਾਦਨ ਵੇਲੇ ਅਜਿਹੇ ਹੀ ਗ੍ਰੰਥ ਦਾ ਸੰਪਾਦਨ-ਮਾਡਲ ਦਰਕਾਰ ਸੀ। ਸੋ, ਗਿਆਨੀ ਜੀ ਨੇ ਇਸ ਮਾਡਲ ਲਈ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਅਤੇ 1926 ਈ: ਵਿਚ ਪ੍ਰਕਾਸ਼ਿਤ ਮਹਾਂਕਵੀ ਭਾਈ ਸੰਤੋਖ ਸਿੰਘ ਦਾ ਗ੍ਰੰਥ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਚੁਣਿਆ। ਕ੍ਰਿਪਾਲ ਸਿੰਘ ਹੁਰਾਂ ਉਸੇ ਹੀ ਤਰਾਂ ਇਕ ਮੁਕੰਮਲ ਜਿਲਦ ਪ੍ਰਸਤਾਵਨਾ ਦੀ ਬਣਾਈ ਜਿਸ ਵਿਚ ਗ੍ਰੰਥ ਅਤੇ ਗ੍ਰੰਥਕਾਰ ਬਾਰੇ ਇਨਾਂ ਹੀ ਉਪ-ਸਿਰਲੇਖਾਂ ਅਧੀਨ ਚਰਚਾ ਹੈ। ਅਰਥ ਅਤੇ ਟਿੱਪਣੀਆਂ ਅੰਕਿਤ ਕਰਨ ਦਾ ਢੰਗ ਵੀ ਭਾਈ ਵੀਰ ਸਿੰਘ ਵਾਲਾ ਹੈ। ਇੰਜ ਵਿਚਾਰਅਧੀਨ ਗ੍ਰੰਥ ਨੂੰ ਸਮਝਣ ਵਿਚ ਸੁਖੈਨਤਾ ਪੈਦਾ ਹੋ ਗਈ ਹੈ। ਗਿਆਨੀ ਕ੍ਰਿਪਾਲ ਸਿੰਘ ਦੀ ਸੰਪਾਦਨ ਕਲਾ ਉਪਰ ਭਾਈ ਵੀਰ ਸਿੰਘ ਦਾ ਪ੍ਰਭਾਵ ਪ੍ਰਤੱਖ ਹੈ।

ਲੋੜ ਹੈ ਗਿ: ਗਿਆਨ ਸਿੰਘ ਦੀਆਂ ਸਮੁੱਚੀਆਂ ਰਚਨਾਵਾਂ ਲੱਭ ਕੇ ਰਚਨਾਵਲੀਆਂ ਦੇ ਰੂਪ ਵਿਚ ਉਹ ਛਾਪੀਆਂ ਜਾਣ ਤਾਂ ਜੋ ਅਗਲੇਰੇ ਖੋਜਕਾਰਾਂ ਲਈ ਆਸਾਨੀ ਪੈਦਾ ਹੋ ਸਕੇ। ਇਹ ਸਿਖ ਇਤਿਹਾਸ ਦੀ ਸੇਵਾ ਵੀ ਹੋਏਗੀ ਅਤੇ ਪੰਜਾਬੀ ਸਾਹਿਤ ਦੀ ਸੇਵਾ ਵੀ।

# ਅੰਬਾਂ ਦੇ ਬਾਗਾਂ ਵਾਲਾ 175 ਸਾਲ ਪੁਰਾਣਾ ਜ਼ਿਲਾ ਹੁਸ਼ਿਆਰਪੁਰ



**ਡਾਕਟਰ ਧਰਮ ਪਾਲ ਸਾਹਿਲ**

ਚੋਆਂ, ਅੰਬਾਂ ਦੇ ਬਾਗਾਂ ਅਤੇ ਸੰਤਾਂ ਲਈ ਮਸ਼ਹੂਰ ਜ਼ਿਲਾ ਹੁਸ਼ਿਆਰਪੁਰ ਨੂੰ ਪੰਜਾਬ ਦੇ ਪੁਰਾਤਨ ਜ਼ਿਲਿਆਂ ਵਿਚ ਸ਼ੁਮਾਰ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬ ਦੇ ਉੱਤਰ ਪੂਰਬ ਵੱਲ ਸ਼ਿਵਾਲਿਕ ਦੀਆਂ ਹਰੀਆਂ-ਭਰੀਆਂ ਪਹਾੜੀਆਂ ਅਤੇ ਸਤਲੁਜ ਤੇ ਬਿਆਸ ਦਰਿਆ ਵਿਚਾਲੇ ਸਥਿਤ ਜ਼ਿਲਾ ਹੁਸ਼ਿਆਰਪੁਰ, ਦਸੰਬਰ 2021 ਵਿਚ ਆਪਣੀ ਸਥਾਪਨਾ ਦੀ 175ਵੀਂ ਵਰੇਗੰਢ ਮਨਾ ਕੇ ਹਟਿਆ ਹੈ। ਸਰਕਾਰੀ ਗਜ਼ਟੀਅਰ ਮੁਤਾਬਿਕ ਬਰਤਾਨਵੀ ਸਰਕਾਰ ਵਲੋਂ ਮਾਰਚ ਸੰਨ 1846 ਨੂੰ ਹੁਸ਼ਿਆਰਪੁਰ ਨੂੰ ਜਲੰਧਰ ਦੋਆਬ ਤੋਂ ਅਲੱਗ ਜ਼ਿਲਾ ਐਲਾਨਿਆ ਗਿਆ ਸੀ ਅਤੇ ਮਿਸਟਰ ਜੇ. ਲਾਰੈਂਸ ਨੂੰ ਇਸ ਜ਼ਿਲੇ ਦਾ ਦੋ ਸਾਲਾਂ ਲਈ ਪਹਿਲਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਇਤਿਹਾਸ ਮੁਤਾਬਿਕ ਹੁਸ਼ਿਆਰਪੁਰ ਦਾ ਜ਼ਿਕਰ ਬਾਦਸ਼ਾਹ ਅਕਬਰ ਦੇ ਸਮੇਂ ਅਬੁਲ ਫਜ਼ਲ ਵਲੋਂ ਲਿਖੀ ਗਈ ਵਿਸ਼ਵ ਪ੍ਰਸਿੱਧ ਪੁਸਤਕ 'ਆਈਨ-ਏ-ਅਕਬਰੀ' ਵਿਚ ਵੀ ਦਰਜ ਹੈ। ਉਸ ਸਮੇਂ ਇਹ ਖੇਤਰ ਚੋਆਂ ਵਾਲਾ ਸ਼ਹਿਰ ਕਰਕੇ ਜਾਣਿਆ ਜਾਂਦਾ ਸੀ। ਉਸ ਸਮੇਂ ਹੁਸ਼ਿਆਰਪੁਰ ਵਿਚ ਲਗਭਗ 914 ਚੋਅ (ਤਹਿਸੀਲ ਹੁਸ਼ਿਆਰਪੁਰ ਵਿਚ 442, ਤਹਿਸੀਲ ਗੜਸ਼ੰਕਰ ਵਿਚ 310 ਅਤੇ ਦਸੂਹਾ ਵਿਚ 162 ਛੋਟੇ-ਵੱਡੇ ਚੋਅ) ਸਨ। ਇਨਾਂ ਚੋਆਂ ਦੀ ਮਾਰ ਹੇਠ ਆਉਣ ਕਰਕੇ ਹੁਸ਼ਿਆਰਪੁਰ ਦੀ ਲਗਭਗ 30,000 ਹੈਕਟੇਅਰ ਉਪਜਾਊ ਜ਼ਮੀਨ ਬੇਕਾਰ ਸਮਝੀ ਜਾਂਦੀ ਸੀ। ਗੜਸ਼ੰਕਰ ਤੋਂ ਦਸੂਹਾ ਤੱਕ ਸੜਕਾਂ ਦੇ ਦੋਵਾਂ ਪਾਸੇ ਅਤੇ ਆਲੇ-ਦੁਆਲੇ ਅੰਬਾਂ ਦੇ ਬਾਗ਼ ਹੀ ਬਾਗ਼ ਸਨ। ਇਹ ਅੰਬਾਂ ਦੇ ਦਰੱਖਤ ਏਨੇ ਸੰਘਣੇ ਸਨ ਕਿ ਸਿਖਰ ਦੁਪਹਿਰੇ ਵੀ ਸੂਰਜ ਦੀ ਧੁੱਪ ਸੜਕ ਨੂੰ ਛੂਹ ਨਾ ਸਕਦੀ। ਇਨਾਂ ਅੰਬਾਂ ਕਰਕੇ ਹੀ 'ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ਼ ਦੁਆਬਾ' ਵਰਗੇ ਲੋਕ ਗੀਤ ਪ੍ਰਚਲਿਤ ਹੋਏ।

ਉਸ ਸਮੇਂ ਜ਼ਿਲਾ ਹੁਸ਼ਿਆਰਪੁਰ ਦੀਆਂ ਪੰਜ ਤਹਿਸੀਲਾਂ ਸਨ। ਮੁਕੇਰੀਆਂ, ਹਰਿਆਣਾ, ਹੁਸ਼ਿਆਰਪੁਰ, ਊਨਾ ਅਤੇ ਗੜਸ਼ੰਕਰ। ਇਕ ਨਵੰਬਰ 1966 ਨੂੰ ਪੰਜਾਬ 'ਚੋਂ ਹਿਮਾਚਲ ਪ੍ਰਦੇਸ਼ ਅਲੱਗ ਕਰ ਦਿੱਤਾ ਗਿਆ। ਹੁਸ਼ਿਆਰਪੁਰ ਤੋਂ ਊਨਾ ਤਹਿਸੀਲ ਖੋਹ ਕੇ ਜ਼ਿਲਾ ਊਨਾ ਬਣਾ ਦਿੱਤਾ ਗਿਆ। 175 ਵਰੇ ਪਹਿਲਾਂ ਮਿਸਟਰ ਆਰ. ਐਨ. ਕਸਟ ਨੇ ਇਸ ਜ਼ਿਲੇ ਦੇ ਡਿਪਟੀ ਕਮਿਸ਼ਨਰ ਵਜੋਂ ਕਮਾਨ ਸਾਂਭੀ ਸੀ। ਉਨੀਂ ਦਿਨੀਂ ਹੁਸ਼ਿਆਰਪੁਰ ਅਤੇ ਭੁੰਗਾ ਮਾਰਕੀਟ ਅਨਾਜ ਅਤੇ ਦਾਲਾਂ ਨੂੰ ਦਰਾਮਦ ਕਰਦੀਆਂ ਸਨ। ਹੁਸ਼ਿਆਰਪੁਰ ਦੇ ਬਾਕੀ ਹਿੱਸੇ ਗੰਨਾ, ਕਪਾਹ ਅਤੇ ਹੋਰ ਫਸਲਾਂ ਬਰਾਮਦ ਕਰਿਆ ਕਰਦੇ ਸਨ।

ਸੰਨ 1881 ਵਿਚ ਹੁਸ਼ਿਆਰਪੁਰ ਦੀ ਪਹਿਲੀ ਮਰਦਮਸ਼ੁਮਾਰੀ ਅਨੁਸਾਰ ਇੱਥੇ ਹਿੰਦੂ ਵਸੋਂ 5334, ਸਿੱਖ-5721 ਮੁਸਲਮਾਨ-5291 ਅਤੇ ਜੈਨ-5416 ਦੀ




ਗਿਣਤੀ ਵਿਚ ਸਨ। ਇੰਜ ਹੀ ਇਸਤਰੀ-ਪੁਰਖ ਅਨੁਪਾਤ 949:1000 ਸੀ। ਪੁਸਤਕ 'ਆਈਨ-ਏ- ਅਕਬਰੀ' ਵਿਚ ਹੁਸ਼ਿਆਰਪੁਰ ਦੇ ਕਮਾਹੀ ਦੇਵੀ ਮੰਦਰ, ਵਿਰਾਟ ਨਗਰੀ, ਦਾਤਾਰਪੁਰ, ਬਜਵਾੜਾ, ਸ੍ਰੀ ਪੰਡਾਇਣ, ਕੁੰਤੀ ਪੁਰ ਅਤੇ ਜੇਜੋਂ ਆਦਿ ਦਾ ਜ਼ਿਕਰ ਮਿਲਦਾ ਹੈ। ਇੰਜ ਹੁਸ਼ਿਆਰਪੁਰ ਦਾ ਪਿਛੋਕੜ ਮਹਾਭਾਰਤ ਕਾਲ ਨਾਲ ਵੀ ਜੁੜਦਾ ਹੈ। ਭੰਗਾਲਾ ਦੇ ਰਾਏ ਮੁਰਾਦ ਨੇ ਬਿਆਸ ਦਰਿਆ ਕੰਢੇ 'ਤੇ ਵਸੇ ਪਿੰਡ ਚੰਗੜਵਾਂ ਲਾਗਿਉਂ ਸ਼ਾਹ ਨਹਿਰ ਖੁਦਵਾਈ ਸੀ। ਜੇਜੋਂ ਨੂੰ ਪਹਾੜੀ ਰਾਜਿਆਂ ਦੀ ਰਿਆਸਤ ਦੱਸਿਆ ਗਿਆ ਹੈ। ਦਸੂਹਾ ਦਾ ਕਿਲਾ ਸੰਨ 1848 ਵਿਚ ਢਾਹ ਦਿੱਤਾ ਗਿਆ ਸੀ। ਜਦੋਂ ਕਿ ਇਹ ਕਿਲਾ 14 ਵਰੇ ਤੱਕ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਵੀ ਰਿਹਾ ਸੀ। ਹੁਣ ਉਸ ਥਾਂ 'ਤੇ ਖੰਡਰ ਹੋਇਆ ਇਕ ਟਾਵਰ ਮਿਲਦਾ ਹੈ। ਉੱਥੇ ਹੁਣ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚਲ ਰਿਹਾ ਹੈ। ਅੱਜ ਤੋਂ 175 ਵਰੇ ਪਹਿਲਾਂ ਹੁਸ਼ਿਆਰਪੁਰ ਵਿਚ ਕਰੇਵਾ ਯਾਨੀ ਵਿਧਵਾ ਵਿਆਹ ਦਾ ਰਿਵਾਜ ਸੀ। ਇਸ ਇਲਾਕੇ ਵਿਚ ਵਿਧਵਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਕੁਝ ਫਿਰਕੇ ਵਿਧਵਾ ਵਿਆਹ ਖੁੱਲ ਕੇ ਕਰਦੇ ਸਨ ਪਰ ਕੁਝ ਹੋਰ ਬਰਾਦਰੀ ਵਾਲੇ ਵਿਧਵਾ ਵਿਆਹ ਦਾ ਵਿਰੋਧ ਕਰਦੇ ਸਨ। ਅਨਪੜਤਾ, ਅੰਧਵਿਸ਼ਵਾਸ, ਵਹਿਮ-ਭਰਮ ਜ਼ੋਰਾਂ 'ਤੇ ਸਨ। ਸਕੂਲਾਂ, ਸੜਕਾਂ, ਆਵਾਜਾਈ ਦੇ ਸਾਧਨਾਂ, ਹਸਪਤਾਲਾਂ, ਬਿਜਲੀ ਆਦਿ ਦੀ ਨਾਮਾਤਰ ਵਿਵਸਥਾ ਸੀ। ਲੜਕੀਆਂ ਨੂੰ ਪੜਾਉਣ ਦਾ ਰਿਵਾਜ ਬਹੁਤ ਹੀ ਘੱਟ ਸੀ। ਲੋਕ ਪੈਦਲ ਹੀ ਲੰਮੀਆਂ-ਲੰਮੀਆਂ ਯਾਤਰਾਵਾਂ ਸਮੂਹਾਂ ਵਿਚ ਕਰਿਆ ਕਰਦੇ ਸਨ। ਬਰਾਤਾਂ ਵੀ ਪੈਦਲ ਜਾਂ ਘੋੜਿਆਂ ਆਦਿ 'ਤੇ ਆਉਂਦੀਆਂ-ਜਾਂਦੀਆਂ ਸਨ। ਲੜਕੀ ਵਾਲਿਆਂ ਦੇ ਕਈ-ਕਈ ਦਿਨ ਠਹਿਰਦੀਆਂ ਹੁੰਦੀਆਂ ਸਨ। ਖ਼ਾਸ ਕਰਕੇ ਲੜਕੀ ਦੇ ਵਿਆਹ ਨੂੰ ਸਾਰੇ ਪਿੰਡ ਵਾਲੇ ਹੀ ਰਲ-ਮਿਲ ਕੇ ਨੇਪਰੇ ਚੜਾਉਂਦੇ ਸਨ। ਉਸ ਸਮੇਂ ਕਿਸੇ ਦੇ ਘਰ ਲੜਕਾ ਪੈਦਾ ਹੋਣ 'ਤੇ ਉਸ ਦੇ ਪਿਤਾ ਨੂੰ ਖੱਬਲ ਘਾਹ ਦੇ ਤਿਨਕੇ ਦੇ ਕੇ ਵਧਾਈ ਦਿੱਤੀ ਜਾਂਦੀ ਸੀ। ਉਹ ਘਾਹ ਦੇ ਤਿਨਕੇ ਨੂੰ ਆਪਣੀ ਪਗੜੀ 'ਤੇ ਸਜਾ ਲੈਂਦਾ ਸੀ। ਉਹ ਖ਼ੁਸ਼ੀ ਨਾਲ ਗੁੜ-ਪਤਾਸੇ ਵੰਡਦਾ ਸੀ ਅਤੇ ਔਰਤਾਂ ਗੀਤ ਗਾਉਂਦੀਆਂ ਸਨ। ਪਰ ਲੜਕੀ ਪੈਦਾ ਹੋਣ 'ਤੇ ਅਜਿਹਾ ਕੋਈ ਸ਼ਗਨ ਨਹੀਂ ਸੀ ਮਨਾਇਆ ਜਾਂਦਾ। ਇਸ ਇਲਾਕੇ ਵਿਚ ਖੂਹ ਬਹੁਤ ਘੱਟ ਸਨ। ਪੀਣ ਵਾਲੇ ਪਾਣੀ ਦੀ ਜ਼ਬਰਦਸਤ ਕਿੱਲਤ ਸੀ। ਲੋਕ ਚੋਆਂ, ਟੋਭਿਆਂ ਅਤੇ ਦਰਿਆਵਾਂ ਦੇ ਪਾਣੀ ਨੂੰ ਹੀ ਪੀਣ ਲਈ ਵਰਤਦੇ ਸਨ। ਇਸ ਵਗਦੇ-ਠਹਿਰੇ ਪਾਣੀ ਵਿਚ ਗੁਨੀਆ ਨਾਂਅ ਦਾ ਕੀੜਾ ਵਧੇਰੇ ਮਿਲਦਾ ਸੀ ਜਿਸ ਕਰਕੇ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਸਨ। ਲੋਕੀਂ ਮੁੱਖ ਤੌਰ 'ਤੇ ਗਰਮੀਆਂ ਵਿਚ ਕਣਕ ਅਤੇ ਛੋਲੇ ਮਿਲਾ ਕੇ ਅਤੇ ਸਰਦੀਆਂ ਵਿਚ ਮੱਕੀ ਦੇ ਆਟੇ ਦੀਆਂ ਰੋਟੀਆਂ ਖਾਂਦੇ ਸਨ। ਬਚੇ ਚੋਆਂ ਦੀ ਰੇਤਲੀ ਜ਼ਮੀਨ 'ਤੇ ਦੇਸੀ ਖੇਡਾਂ ਨਾਲ ਮਨ ਪ੍ਰਚਾਵਾ ਕਰਿਆ ਕਰਦੇ ਸਨ। ਲੋਕਾਂ ਨੇ ਸਮੇਂ ਨੂੰ ਦੇਸੀ ਢੰਗ ਨਾਲ ਵੰਡਿਆ ਹੋਇਆ ਸੀ। ਤੜਕੇ ਜਾਂ ਬੜਾਵੇਲਾ, ਮੂੰਹ ਹਨੇਰਾ ਜਾਂ ਨਮਾਜ਼ ਵੇਲਾ, ਸਵੇਰਾ (ਫਜ਼ਰ)-ਸੂਰਜ ਨਿਕਲਣ 'ਤੇ, ਸ਼ਾਹ ਵੇਲਾ (ਸਵੇਰੇ 8 ਤੋਂ 9 ਵਜੇ ਤੱਕ),

**ਵਿਰਾਸਤ**

ਰੋਟੀ ਵੇਲਾ (11 ਵਜੇ ਸਵੇਰੇ), ਦੁਪਹਿਰ (ਸਿਖਰ), ਲੌਢਾ ਵੇਲਾ (3 ਤੋਂ 5 ਵਜੇ ਦੁਪਹਿਰ ਬਾਅਦ), ਤਰਕਾਲਾਂ (ਸੂਰਜ ਅਸਤ), ਖਾਪਰਿਆ (7 ਵਜੇ ਸ਼ਾਮ ਗਰਮੀਆਂ, 8 ਵਜੇ ਸ਼ਾਮ ਸਰਦੀਆਂ) ਅਤੇ ਅਧੀਰਤ (ਅੱਧੀ ਰਾਤ)।

ਉਪਰੋਕਤ ਇਤਿਹਾਸਕ ਅਸਥਾਨਾਂ ਤੋਂ ਇਲਾਵਾ ਅੱਜ ਦਾ ਹੁਸ਼ਿਆਰਪੁਰ ਜਿਥੇ ਕਈ ਡੈਮਾਂ, ਢੋਲਵਾਹਾ ਡੈਮ, ਸਲੇਰਨ ਡੈਮ, ਮੈਲੀ ਡੈਮ, ਚੋਹਾਲ ਡੈਮ, ਥਾਣਾ ਡੈਮ, ਸ਼ੀਸ਼ ਮਹਿਲ, ਸ਼ਿਮਲਾ ਪਹਾੜੀ, ਵੀਵੀਆਰਆਈ ਸਾਧੂ ਆਸ਼ਰਮ, ਇਨਾਮੀ ਬਾਗ, ਬਜਵਾੜੇ ਦਾ ਸ਼ੇਰਸ਼ਾਹ ਸੂਰੀ ਦਾ ਕਿਲਾ, ਸੰਗੀਤ ਸਮਰਾਟ ਬੈਜੂ ਬਾਵਰਾ, ਆਰੀਆ ਸਮਾਜੀ ਹੰਸਰਾਜ, ਮਾਤਾ ਸੁੰਦਰੀ ਦੇ ਜਨਮ ਅਸਥਾਨ, ਤੱਖਣੀ ਰਹੀਮਪੁਰ ਵਾਈਲਡ ਲਾਈਫ ਸੈਂਚੁਰੀ, ਗੁਰਦਵਾਰਾ ਗਰਨਾ ਸਾਹਿਬ, ਗੁਰਦੁਆਰਾ ਹਰੀਆਂ ਵੇਲਾਂ, ਸਾਈਰਸ ਸਟੇਟ, ਤਪ ਅਸਥਾਨ ਖੁਰਾਲਗੜ, ਡੇਰਾ ਸੰਤਗੜ, ਮਾਤਾ ਰਾਗਿਨੀ ਦੇਵੀ ਮੰਦਰ, ਠਾਕੁਰਦਵਾਰਾ ਬਾਬਾ ਲਾਲ ਦਿਆਲ, ਰਾਮਟਟਵਾਲੀ ਮੰਦਰ, ਬਾਬਾ ਦਯਾਲੂ ਅਤੇ ਬਾਬਾ ਜੰਬੂਜੀਤ ਆਦਿ ਧਾਰਮਿਕ ਅਸਥਾਨਾਂ ਕਰਕੇ ਮਸ਼ਹੂਰ ਹੈ, ਉੱਥੇ ਹੁਸ਼ਿਆਰਪੁਰ ਠੇਠੂ ਵਾਲਾ ਅੰਬ ਨਾਂਅ ਦੇ ਪੀਕ ਪੁਆਇੰਟ ਜਿਥੋਂ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲਾਹੌਰ ਨੂੰ ਵੀ ਦੂਰਬੀਨ ਦੀ ਮਦਦ ਨਾਲ ਵੇਖਿਆ ਜਾ ਸਕਦਾ ਹੈ, ਕਰਕੇ ਵੀ ਵਿਲੱਖਣ ਹੈ। ਹੁਸ਼ਿਆਰਪੁਰ ਨੂੰ ਗਿਆਨੀ ਜ਼ੈਲ ਸਿੰਘ, ਕਾਂਸ਼ੀਰਾਮ, ਅੰਬਿਕਾ ਸੋਨੀ, ਅਵਿਨਾਸ਼ ਰਾਏ ਖੰਨਾ ਵਰਗੇ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਿਆਸੀ ਨੇਤਾਵਾਂ, ਪ੍ਰੋ. ਪ੍ਰੇਮ ਕੁਮਾਰ ਨਜ਼ਰ, ਡਾ. ਤਿਰਲੋਕ ਤੁਲਸੀ, ਪ੍ਰੋ. ਬ੍ਰਿਜ ਬਿਹਾਰੀ ਚੌਬੇ, ਮੇਹਰ ਗੇਰਾ, ਮਹਿੰਦਰ ਸਿੰਘ ਰੰਧਾਵਾ, ਮੁਨੀਰ ਨਿਯਾਜ਼ੀ, ਜਗਦੀਸ਼ ਚੰਦਰ, ਸੰਤ ਰਾਮ ਬੀ. ਏ. ਵਰਗੇ ਵਿਸ਼ਵ ਪ੍ਰਸਿੱਧ ਸ਼ਾਇਰਾਂਲੇਖਕਾਂ, ਅਮਰੀਸ਼ ਪੁਰੀ, ਮੋਨਿਕਾ ਬੇਦੀ, ਉਪਾਸਨਾ ਸਿੰਘ, ਕੁਲਬੀਰ ਬਡੇਸਰੋਂ, ਗੌਰੀ ਖਾਨ, ਅਵਿਨਾਸ਼ ਵਧਾਵਨ ਵਰਗੇ ਫ਼ਿਲਮੀ ਸਿਤਾਰਿਆਂ, ਅਮਾਨਤ ਅਲੀ ਖਾਨ, ਸ਼ਾਮਚੁਰਾਸੀ ਸੰਗੀਤ ਘਰਾਣਿਆਂ, ਸੰਗੀਤਕਾਰ ਗੁਰਦੀਪ ਸਿੰਘ, ਮਨਮੋਹਨ ਵਾਰਿਸ, ਦੇਬੀ ਮਖਸੂਸਪੁਰੀ, ਕਮਲ ਹੀਰ ਅਤੇ ਸਤਿੰਦਰ ਸਰਤਾਜ ਆਦਿ ਗਾਇਕਾਂ, ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦ ਪੁਰੀ, ਆਈ.ਜੀ. ਬੀ.ਐਸ.ਐਫ. ਮਧੂ ਸੂਦਨ ਸ਼ਰਮਾ ਜਿਹੇ ਫੌਜੀ ਜਰਨੈਲਾਂ, ਪੰਡਿਤ ਜਗਤ ਰਾਮ ਆਜ਼ਾਦੀ ਘੁਲਾਟੀਏ, ਮੰਗੂਰਾਮ ਮੁਗੋਵਾਲੀਆ ਗ਼ਦਰੀ, ਕੌਮਾਂਤਰੀ ਪੱਧਰ ਦੇ ਫੁੱਟਬਾਲਰ ਜਰਨੈਲ ਸਿੰਘ ਤੇ ਗੁਰਦੇਵ ਸਿਂਘ ਜਿਹੇ ਫੁਟਬਾਲ ਖਿਡਾਰੀਆਂ ਆਦਿ ਕਰਕੇ ਜਾਣਿਆ ਜਾਂਦਾ ਹੈ। ਅੰਤਰਰਾਸ਼ਟਰੀ ਮੁਸ਼ਾਇਰਿਆਂ ਲਈ ਮਸ਼ਹੂਰ ਹੁਸ਼ਿਆਰਪੁਰ ਵਿਖੇ ਬੀਤੇ ਵਰੇ ਇੱਥੋਂ ਦੀ ਸੱਭਿਆਚਾਰ ਸੰਭਾਲ ਸੁਸਾਇਟੀ ਵਲੋਂ ਹੁਸ਼ਿਆਰਪੁਰ ਦੀ 175 ਵੀਂ ਵਰੇਗੰਢ ਦੇ ਮੌਕੇ 'ਤੇ 'ਜਸ਼ਨ-ਏ-ਹੁਸ਼ਿਆਰਪੁਰ' ਮਨਾ ਕੇ ਇਸ ਸ਼ਹਿਰ ਦੀ ਪੁਰਾਤਨਤਾ ਨੂੰ ਚੇਤੇ ਕੀਤਾ ਗਿਆ ਹੈ।

# 'ਹਉਮੈ ਰੋਗੁ ਮਾਨੁਖ ਕਉ ਦੀਨਾ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ-23

**ਸੰਪਾਦਤ: ਸਰਬਜੀਤ ਕੌਰ ਸਰਬ**

'ਜੋ ਜੋ ਦੀਸੈ ਸੋ ਸੋ ਰੋਗੀ' ਇਸ ਸੰਸਾਰ ਵਿੱਚ ਜੋ ਵੀ ਦਿਖਾਈ ਦੇ ਰਿਹਾ ਹੈ ਉਹ ਰੋਗੀ ਹੀ ਦਿਖਾਈ ਦੇ ਰਿਹਾ ਹੈ। ਰੋਗ ਦੇ ਹੀ ਦਰਸ਼ਨ ਹੁੰਦੇ ਹਨ ਚਲਦੇ ਫਿਰਦੇ ਮਨੁੱਖ ਦੇ ਦਰਸ਼ਨ ਨਹੀਂ ਸਗੋਂ ਰੋਗ ਦੇ ਦਰਸ਼ਨ ਅਤੇ ਰੋਗੀਆਂ ਦੇ ਦਰਸ਼ਨ ਹੁੰਦੇ ਹਨ। ਇਕੱਲਾ ਇਕੱਲਾ ਮਨੁੱਖ ਇੱਕ ਐਸੀ ਤਖ਼ਤੀ ਹੈ ਜਿਸ ਦੇ ਉੱਤੇ ਹਜ਼ਾਰਾਂ ਰੋਗ ਲਿਖੇ ਹੋਏ ਨੇ । ਮਨੁੱਖ ਅੰਦਰ ਜੇਕਰ ਪੜਨ ਦੀ ਸਮਰੱਥਾ ਹੋਵੇ ਤਾਂ ਉਹ ਖ਼ੁਦ ਪੜ ਸਕਦਾ ਹੈ ਵਰਨਾ ਇਹ ਤਖ਼ਤੀ ਖੁਦ ਵੀ ਬੋਲਣ ਲੱਗ ਪੈਂਦੀ ਹੈ, ਔਰ ਖ਼ੁਦ ਵੀ ਬਿਆਨ ਕਰ ਲੱਗ ਪੈਂਦੀ ਹੈ। ਇਸ ਰੂਏ ਜ਼ਮੀਨ ਉੱਤੇ ਇੱਕ ਮਨੁੱਖੀ ਐਸੀ ਤਖ਼ਤੀ ਹੈ ਜੋ ਆਪਣੇ ਲਿਖੇ ਹੋਏ ਅੱਖਰਾਂ ਨੂੰ ਖੁਦ ਪੜ ਕੇ ਸੁਣਾਉਂਦੀ ਹੈ ਕਿ ਮੈਂ ਦੁਖੀ ਹਾਂ, ਤੇ ਮੈਨੂੰ ਇਹ ਰੋਗ ਹੈ । ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਮਨੁੱਖ ਰੋਗਾਂ ਦੀ ਪੰਡ ਹੈ ਦੁੱਖਾਂ ਦੀ ਪੰਡ ਹੈ ਸਿਰਫ਼ ਬੋਲਣ ਦੀ ਦੇਰ ਹੈ ਜ਼ਰਾ ਜਿੰਨਾ ਖੋਲੀਏ ਤਾਂ ਸਿਵਾਏ ਦੁੱਖਾਂ ਦੇ ਹੋਰ ਕੁਝ ਨਹੀਂ ਨਿਕਲਦਾ ਕਹਿਣ ਤੋਂ ਭਾਵ ਜਦੋਂ ਵੀ ਅਸੀਂ ਕਿਸੇ ਦੂਜੇ ਮਨੁੱਖ ਨਾਲ ਗੱਲ ਕਰਦੇ ਹਾਂ ਤਾਂ ਉਸ ਦੇ ਮੂੰਹੋਂ ਸਿਰਫ਼ ਦੁੱਖ ਦੇ ਬੋਲ ਹੀ ਨਿਕਲਦੇ ਹਨ ਇਸੇ ਲਈ ਗੁਰੂ ਸਾਹਿਬ ਫਰਮਾਉਂਦੇ ਹਨ :

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥ ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥ ਦੁਖ ਕੀਆ ਪੰਡਾ ਖੁਲੀਆ ਸੁਖੁ ਨ ਨਿਕਲਿਓ ਕੋਇ ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥ ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥1॥ ਪੰਨਾ 1240

ਹਰ ਇੱਕ ਮਨੁੱਖ ਦੁੱਖਾਂ ਦੀ ਪੰਡ ਹੈ ਜ਼ਰਾ ਖੋਲੀਏ ਰੰਚਕ ਮਾਤਰ ਵੀ ਸੁੱਖ ਨਹੀਂ ਨਿਕਲਦਾ ਦੁੱਖ ਹੀ ਦੁੱਖ ਬਾਹਰ ਆਉਂਦੇ ਹਨ। ਇਸ ਤਰੀਕੇ ਨਾਲ ਮਹਾਨ ਦਾਰਸ਼ਨਿਕ ਸੰਤ ਜੋ ਢਾਈ ਹਜ਼ਾਰ ਸਾਲ ਪਹਿਲਾਂ ਭਾਰਤ ਦੀ ਭੂਮੀ ਵਿੱਚ ਹੋਇਆ ਹੈ ਜਿਸ ਦਾ ਨਾਮ ਵੈਸੇ ਤਾਂ ਸਿਧਾਰਥ ਸੀ ਪਰ ਬਾਅਦ ਵਿੱਚ ਗੌਤਮ ਬੁੱਧ ਕਹਿਲਾਇਆ। ਉੱਤਮ ਬੁੱਧ ਵਾਲਾ ਤੇ ਉੱਤਮ ਸੋਚਣੀ ਵਾਲਾ। ਦੁਨੀਆਂ ਵਿੱਚ ਕਈ ਐਸੇ ਮਹਾਨ ਪੁਰਸ਼ ਹੁੰਦੇ ਨੇ ਜੋ ਮਿੱਟੀ ਦੀ ਲਕੀਰ ਦੇ ਹਿੱਸੇ ਨਹੀਂ ਹੁੰਦੇ ਸਗੋਂ ਉਨਾਂ ਦੇ ਚਲਦਿਆਂ ਹੀ ਲਕੀਰਾਂ ਬਣਦੀਆਂ ਨੇ। ਮਿੱਟੀ ਹੋਈ ਲਕੀਰ ਤੋਂ ਮੁਰਾਦ ਜੋ ਸੱਤ ਪੁਰਖ ਸੱਤ ਤਕ ਪਹੁੰਚਦੇ ਨੇ ਉਨਾਂ ਰਸਤਿਆਂ ਦਾ ਜੋ ਅਨੁਗਾਮੀ ਹੈ ਉਨਾਂ ਉੱਤੇ ਹੀ ਚੱਲਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਦੀ ਆਪਣੀ ਮਿਹਨਤ ਕੁਝ ਨਹੀਂ, ਸਿਰਫ਼ ਪਿੱਛੇ ਹੀ ਚੱਲਿਆ ਹੈ । ਲੇਕਿਨ ਦੋ ਮਹਾਂਪੁਰਸ਼ ਜਗਤ ਵਿੱਚ ਐਸੇ ਹੋਏ ਨੇ ਜਿਨਾਂ ਨੇ ਇਸ ਕੁੱਲ ਕਾਇਨਾਤ ਨੂੰ ਉਸ ਅਕਾਲ ਨਾਲ ਜੋੜਿਆ ਹੈ। ਉਹ ਮਹਾਂਪੁਰਸ਼ ਹਨ ਮਹਾਤਮਾ ਬੁੱਧ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਇਹ ਸੰਸਾਰ ਵਿੱਚ ਆਏ ਅਤੇ ਇਹ ਖ਼ੁਦ ਚੱਲੇ ਅਤੇ ਇਨਾਂ ਦੀ ਜੀਵਨ ਚੇਤਨਾ ਖ਼ੁਦ ਰਸਤਾ ਲੱਭਦੀ ਹੈ ਕਹਿਣ ਤੋਂ ਭਾਵ ਇਹ ਕਿੱਸੇ ਬਣੀ ਲੀਹ ਉੱਤੇ ਨਹੀਂ ਚੱਲੇ । ਇਨਾਂ ਦੇ ਚੱਲਣ ਨਾਲ ਹੀ ਜੋ ਰਸਤੇ ਬਣੇ ਇਕ ਰਸਤੇ ਦਾ ਨਾਮ ਬੁੱਧ ਧਰਮ ਪੈ ਗਿਆ ਅਤੇ ਦੂਜੇ ਰਸਤੇ ਦਾ ਨਾਂ ਸਿੱਖ ਧਰਮ ਪੈ ਗਿਆ। ਦੋਵਾਂ ਨੇ ਬੁਲੰਦ ਆਵਾਜ਼ ਵਿਚ ਇਕ ਗੱਲ ਕਹੀ ਹੈ ਜਿਉਣਾ ਦੁੱਖ ਹੈ, ਜੀਵਨ ਦੁੱਖ ਹੈ, ਮਰਨ ਦੁੱਖ ਹੈ । ਅਗਰ ਮਰਨ ਦੁੱਖ ਹੈ ਤਾਂ ਜਨਮ ਤੇ ਮਰਨ ਦੇ ਵਿਚਕਾਰ ਜੋ ਹੈ ਉਹ ਸੁੱਖ ਕਿਸ ਤਰਾਂ ਹੋ ਸਕਦਾ ਹੈ । ਜਿਵੇਂ ਕਣਕ ਦੇ ਬੀਜ ਕਣਕ ਤੋਂ ਪੈਦਾ ਹੁੰਦੇ ਹਨ, ਚਨੇ ਦੇ ਬੀਚ ਤੋਂ ਚਨੇ ਪੈਦਾ ਹੁੰਦੇ ਹਨ ਇਸੇ ਤਰਾਂ ਜੇਕਰ ਜਨਮ ਦੁੱਖ ਹੈ ਤਾਂ ਇਸ ਜਗਤ ਵਿਚ ਜੀਵਨ ਦੁਖੀ ਹੋਵੇਗਾ ਅਤੇ ਅਖ਼ੀਰ ਜਿਸ ਇੱਕ ਦੁੱਖ ਦੀ ਬਹੁਤ ਵੱਡੀ ਮੋਹਰ ਲੱਗੇਗੀ ਉਹ ਹੈ ਮਰਨਾ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਬਾਣੀ ਦਾ ਫ਼ੁਰਮਾਨ ਹੈ :

ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥

ਕਈ ਦਫ਼ਾ ਦਾਰਸ਼ਨਿਕ ਚਿੰਤਨ ਹੈਰਾਨ ਹੁੰਦੇ ਨੇ ਗੁਰਮਤਿ ਨੂੰ ਸਮਝਣ ਵਾਲੇ ਮਹਾਤਮਾ ਬੁੱਧ ਨੂੰ ਪੜਨ ਵਾਲੇ ਕੇ ਇਤਨਾ ਦੁੱਖ ਹੈ ਇਤਨਾ



ਦੁੱਖ ਹੈ ਪਰ ਇਤਨੇ ਰੋਗ ਨੇ, ਮਨੁੱਖ ਜੀਅ ਕਿਸ ਤਰਾਂ ਲੈਂਦਾ ਹੈ ਕਿਵੇਂ ਜੀਅ ਲੈਂਦਾ ਹੈ ? ਇੱਕੋ ਹੀ ਜਵਾਬ ਹੈ ਅਸਾਂ ਕਰਕੇ ਜੀਅ ਲੈਂਦਾ ਹੈ ਕਿ ਅੱਜ ਦੁੱਖ ਹੈ ਸ਼ਾਇਦ ਕੱਲ ਦੁੱਖ ਨਾ ਹੋਵੇ ਇਸੇ ਆਸ ਵਿੱਚ ਉਹ ਆਪਣਾ ਜੀਵਨ ਬਤੀਤ ਕਰ ਦਿੰਦਾ ਹੈ। ਪਰ ਜੇਕਰ ਅਸੀਂ ਗੁਰਬਾਣੀ ਨੂੰ ਡੂੰਘਾਈ ਵਿੱਚ ਮਨ ਲਾ ਕੇ ਪੜਦੇ ਹਾਂ ਤਾਂ ਪ੍ਰਤੀਤ ਹੁੰਦਾ ਹੈ ਕਿ ਅੱਜ ਦੁੱਖ ਹੈ, ਕੱਲ ਵੀ ਦੁੱਖ ਹੈ, ਪਰਸੋਂ ਵੀ ਦੁੱਖ ਹੈ, ਅੰਤਿਮ ਸਮੇਂ ਤਕ ਮਨੁੱਖ ਦੁੱਖ ਵਿਚ ਜੀਵਨ ਬਤੀਤ ਕਰਦਾ ਹੈ ਜਦੋਂ ਤੱਕ ਉਹ ਹੁਕਮ ਵਿੱਚ ਰਹਿੰਦਾ। ਲੇਕਿਨ ਫਿਰ ਵੀ ਮਨੁੱਖ ਜੀਅ ਲੈਂਦਾ ਹੈ ਸੁਖ ਦੀ ਆਸਾਂ ਉਤੇ ਦੁੱਖ ਵਿੱਚ ਵੀ ਲੈਂਦਾ ਹੈ ਫਿਰ ਸੁਖ ਦੀ ਆਸਾਂ ਉੱਤੇ ਜਿਊਂਦਾ ਤਾਂ ਦੁੱਖ ਵਿਚ ਹੈ ਪਰ ਜਿਊਂਦਾ ਹੈ ਸੁੱਖ ਦੀ ਆਸ ਵਿੱਚ ਇਸ ਵਾਸਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਫ਼ੁਰਮਾਨ ਹੈ :

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥

ਅਸਾਂ ਤਾਂ ਬਹੁਤ ਵੱਡਾ ਬੰਧਨ ਹੈ ਜੀਵ ਜੀਏਗਾ ਤਾਂ ਦੁੱਖ ਵਿੱਚ ਇਸ ਤੋਂ ਤਾਂ ਫਿਰ ਛੁਟਕਾਰਾ ਹੋਣਾ ਹੀ ਕਠਿਨ ਹੈ ਅਤੇ ਆਸ ਕਰਕੇ ਜੋ ਕਰਮ ਕੀਤੇ ਉਹ ਵੀ ਤਾਂ ਬੰਧਨ ਨੇ ਸ਼ਾਇਦ ਇਹ ਸੁੱਖ ਦੇਣ ਪਰ ਕੌਣ ਦੱਸੇ ਕਿ ਆਸਾਂ ਹੀ ਮਨੁੱਖ ਹੈ ਅਤੇ ਆਸ ਕਰਕੇ ਜੋ ਕੁਝ ਕੀਤਾ ਉਸ ਵਿੱਚ ਸੁਖ ਕਿੱਥੇ ਹੈ ਕੇਵਲ ਸੁਖ ਮਿਲ ਸਕਦਾ ਹੈ ਧਨ ਗੁਰੂ ਨਾਨਕ ਜੀ ਆਖਦੇ ਹਨ :-

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥ ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥ ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥ ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥ ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥31॥ ਪੰਨਾ 1249

ਜਿਸ ਨੇ ਆਪਣੇ ਮਨ ਨੂੰ ਅੱਗੇ ਰੱਖਿਆ ਆਪਣੀ ਸੋਚ ਨੂੰ ਅੱਗੇ ਰੱਖਿਆ ਉਹ ਸਾਰਾ ਜੀਵਨ ਆਸ ਵਿਚ ਬਤੀਤ ਕਰਦਾ ਹੈ ਕਹਿਣ ਤੋਂ ਭਾਵ ਸਾਰਾ ਜੀਵਨ ਫਿਰ ਦੁੱਖ ਵਿਚ ਬਤੀਤ ਕਰਦਾ ਹੈ ਕਿਉਂਕਿ ਕੀ ਸੁਖ ਦੀ ਥਾਂ ਸਿਰਫ਼ ਆਸ਼ਾ ਹੈ ਕੋਲ ਉਸ ਦੇ ਸਿਰਫ਼ ਦੁੱਖ ਹੈ । ਇਕ ਵਿਦਵਾਨ ਦਾ ਤਾਂ ਕਹਿਣਾ ਹੈ ਕਿ ਇਕ ਰਿਸ਼ਟ ਪੁਸ਼ਟ ਸਰੀਰ ਗਾਲਬਿਨ 40 ਦਿਨ ਰੋਟੀ ਤੋਂ ਬਿਨਾਂ ਜੀ ਸਕਦਾ ਹੈ।ਉਸ ਦੇ ਸਰੀਰ ਵਿਚ ਇਤਨੀ ਚਰਬੀ ਹੈ, ਇਤਨਾ ਭੋਜਨ ਹੈ ਕਿ ਇਸ ਨੂੰ 40 ਦਿਨ ਜ਼ਿੰਦਾ ਰੱਖ ਸਕਦਾ ਹੈ। ਗਾਲਬਿਨ ਤਿੰਨ ਦਿਨ ਪਾਣੀ ਤੋਂ ਬਿਨਾਂ ਵੀ ਜੀਅ ਸਕਦਾ ਹੈ। ਪ੍ਰਣਾਯਾਮ ਦੀ ਸਾਧਨਾ ਕਰਨ ਵਾਲੇ ਕਹਿੰਦੇ ਨੇ ਕਿ ਅੱਠ ਮਿੰਟ ਸੁਆਸਾਂ ਤੋਂ ਬਿਨਾਂ ਵੀ ਜਿਆ ਜਾ ਸਕਦਾ ਹੈ ਸਵਾਸ ਬੜੇ ਕੀਮਤੀ ਹਨ ਪਾਣੀ ਬੜਾ ਕੀਮਤੀ ਹੈ ਰੋਟੀ ਬੜੀ ਕੀਮਤੀ ਹੈ ਪਰ ਰੋਟੀ ਦਾ ਚਾਲੀ ਦਿਨ ਤਕ ਤਿਆਗ ਕੀਤਾ ਜਾ ਸਕਦਾ ਪਾਣੀ ਦਾ ਤਿੰਨ ਦਿਨ ਤੈਅ ਕੀਤਾ ਜਾ ਸਕਦਾ ਅਤੇ ਸਵਾਸਾਂ ਦਾ ਵੀ ਅੱਠ ਮਿੰਟ ਤਿਆਰ ਕੀਤਾ ਜਾ ਸਕਦਾ ਹੈ। ਇਸ ਤੋਂ ਸਪੱਸ਼ਟ ਹੋ ਗਈ ਕਿ ਮਨੁੱਖ ਚਾਲੀ ਦਿਨ ਤਕ ਰੋਟੀ ਤੋਂ ਬਿਨਾਂ ਜੀ ਸਕਦਾ ਹੈ ਪਰ ਆਸਾਂ ਤੋਂ ਬਿਨਾਂ ਤਾਂ ਇੱਕ ਮਿੰਟ ਵੀ ਨਹੀਂ ਜੀਵਿਆ ਜਾ ਸਕਦਾ।

ਇਨਸਾਨ ਦੀ ਆਸ਼ਾ ਉਮੀਦ ਜਦੋਂ ਟੁੱਟ ਜਾਂਦੀ ਹੈ ਤਾਂ ਉਹ ਫਿਰ ਦੁੱਖਾਂ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੈ। ਪਰ ਜਦੋਂ ਇਨਸਾਨ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਉਸ ਦੇ ਹੁਕਮ ਵਿੱਚ ਆਪਣਾ ਬੱਚਾ ਜੀਵਨ ਬਤੀਤ ਕਰਦਾ ਹੈ ਤਾਂ ਉਸ ਨੂੰ ਕਿਸੇ ਪ੍ਰਕਾਰ ਦੀ ਹਿੰਸਾ ਨਹੀਂ ਹੁੰਦੀ ਕਿਉਂਕਿ ਉਸ ਅਕਾਲ ਪੁਰਖ ਦੇ ਭਾਣੇ ਵਿੱਚ ਆਪਣਾ ਜੀਵਨ ਜੀਅ ਰਿਹਾ ਹੈ । ਮਨੁੱਖ ਦਾ ਜਨਮ ਜਦੋਂ ਹੁੰਦਾ ਹੈ ਤਾਂ ਉਹ ਰੋਂਦਾ ਹੋਇਆ ਇਸ ਧਰਤੀ ਉੱਤੇ ਆਉਂਦਾ ਹੈ ਸਾਰੇ ਜੀਵਨ ਵਿਚ ਉਸ ਦਾ ਇਹ ਰੋਣਾ ਨਾਲ ਹੀ ਰਹਿੰਦਾ ਹੈ ਕਦੇ ਕਿਸੇ ਚੀਜ਼ ਦੀ ਕਮੀ ਕਦੇ ਕਿਸੇ ਚੀਜ਼ ਦੀ ਕਮੀ। ਜੇਕਰ ਉਸ ਦੀ ਇਕ ਕਮੀ ਪੂਰੀ ਹੋ ਜਾਂਦੀ ਹੈ ਤਾਂ ਉਸ ਦੀ ਲੋੜ ਹੋਰ ਵਧ ਜਾਂਦੀ ਹੈ ਅਸੀਂ ਇਸੇ ਲੋੜਾਂ ਵਿਚ ਉਹ ਆਪਣਾ ਜੀਵਨ ਨਰਕ ਭਰਿਆ ਬਤੀਤ ਕਰਦਾ ਹੈ। ਜੇਕਰ ਆਸ ਰੱਖਣੀ ਹੈ ਤਾਂ ਉਸ ਅਕਾਲ ਉੱਤੇ ਅਤੇ ਉਸ ਦੇ ਭਾਣੇ ਵਿਚ ਬਤੀਤ ਕੀਤਾ ਜੀਵਨ ਮਨੁੱਖ ਦੀ ਰੂਹ ਨੂੰ ਸਕੂਨ ਦਿੰਦਾ ਹੈ। ਰਜ਼ਾ ਅਤੇ ਆਸਾ ਦੋ ਚੀਜ਼ਾਂ ਅਲੱਗ ਅਲੱਗ ਹਨ। ਰਜ਼ਾ ਉਹ ਹੈ ਜੋ ਕੇਵਲ ਤੇ ਕੇਵਲ ਅਕਾਲ ਦੇ ਭਾਣੇ ਵਿਚ ਹੁੰਦੀ ਹੈ ਤੇ ਆਸ਼ਾ ਉਹ ਹੈ ਜੋ ਮਨੁੱਖ ਦੂਜਿਆਂ ਉੱਤੇ ਕਰਦਾ ਹੈ। ਇਸੇ ਲਈ ਗੁਰੂ ਸਹਿਬਾਨ ਕਹਿੰਦੇ ਹਨ ਕਿ ਜੀਵਨ ਜਿਊਣਾ ਹੈ ਤਾਂ ਉਸ ਅਕਾਲ ਦੇ ਹੁਕਮ ਵਿੱਚ ਜੋ ਸਭ ਕੁਝ ਦੇ ਰਿਹਾ ਹੈ । ਜਿੰਨਾ ਚਿਰ ਇਸ ਧਰਤੀ ਉੱਤੇ ਮਨੁੱਖ ਜੀਅ ਰਿਹਾ ਹੈ ਸਵਾਸ ਲੈ ਰਿਹਾ ਹੈ ਇਹ ਸਭ ਕੁਝ ਉਸ ਦੇ ਹੁਕਮ ਵਿਚ ਹੋ ਰਿਹਾ ਹੈ । ਕੁਦਰਤ ਉਸ ਦੇ ਹੁਕਮ ਵਿੱਚ ਚੱਲ ਰਹੀ ਹੈ। ਉਹ ਹਰ ਇੱਕ ਚੀਜ਼ ਵਿੱਚ ਮੌਜੂਦ ਹੁੰਦੇ ਹੋਏ ਵੀ ਕਿਸੇ ਨੂੰ ਦਿਖਾਈ ਨਹੀਂ ਦਿੰਦਾ ।ਬੜੇ ਭਾਗਾਂ ਵਾਲੇ ਨੇ ਉਹ ਮਨੁੱਖ ਜਿਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਆਕਾਲ ਹਰ ਸਮੇਂ ਨਾਲ ਹੈ।

# ਜਾਗਦੀਆਂ ਜ਼ਮੀਰਾਂ ਵਾਲੇ ਸਿੱਖ ਯੋਧੇ

**ਸਰਬਜੀਤ ਕੌਰ ਸਰਬ**

ਸਮੇਂ ਦੇ ਹਾਲਾਤ ਸਿੱਖੀ ਨੂੰ ਦੋ ਫਾੜ ਕਰਨ ਵਾਲੇ ਹਨ, ਜਿਸ ਵਿੱਚ ਇੱਕ ਪਾਸੇ ਸਿਆਸੀ ਲੋਕ ਅਤੇ ਦੂਜੇ ਪਾਸੇ ਕੌਮ ਨੂੰ ਬਚਾਉਣ ਵਾਲੇ ਯੋਧੇ ਸ਼ਾਮਿਲ ਹਨ। ਹਾਲਾਤਾਂ ਨੂੰ ਜੇਕਰ ਡੂੰਘਾਈ ਵਿੱਚ ਦੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਸਿਆਸੀ ਲੋਕਾਂ ਦਾ ਪੱਲੜਾ ਭਾਰੀ ਹੈ ਜੋ ਆਮ ਲੋਕਾਂ ਨੂੰ ਭਰਮਾਉਣ ਵਿੱਚ ਜਲਦੀ ਸਫ਼ਲਤਾ ਹਾਸਲ ਕਰਦੇ ਹਨ ਕਿਉਂ ਕਿ ਉਨਾਂ ਦੇ ਬੋਲਾਂ ਵਿੱਚ ਜ਼ਿਆਦਾਤਰ ਝੂਠ ਹੀ ਹੁੰਦਾ ਹੈ ਤੇ ਉਸੇ ਝੂਠ ਦੇ ਜ਼ਰੀਏ ਉਹ ਲੋਕਾਂ ਨੂੰ ਸੁਪਨਿਆਂ ਦਾ ਮਹਿਲ ਦੇ ਦਿੰਦੇ ਹਨ ਤੇ ਉਸੇ ਮਹਿਲ ਦੇ ਸੁਪਨਿਆਂ ਵਿੱਚ ਸਾਡੇ ਆਮ ਲੋਕ ਵੋਟ ਪਾ ਦਿੰਦੇ ਹਨ। ਦੂਜੇ ਪਾਸੇ ਸਾਡੇ ਜਾਗਦੀਆਂ ਜ਼ਮੀਰਾਂ ਵਾਲੇ ਉਹ ਸਿੱਖ ਯੋਧੇ ਹਨ ਜੋ ਆਪਣੀ ਸਿੱਖ ਕੌਮ ਦੇ ਲਈ ਕੁਝ ਨਾ ਕੁਝ ਕਰਨ ਨੂੰ ਸਦਾ ਲੋਚਦੇ ਹਨ ਤਾਂ ਜੋ ਆਪਣੀ ਸਿੱਖ ਕੌਮ ਦੇ ਇਤਿਹਾਸ ਨੂੰ ਜ਼ਿੰਦਾ ਰੱਖ ਕੇ ਸੂਰਬੀਰਤਾ ਦੇ ਸੰਕਲਪ ਨੂੰ ਲੋਕ ਮਨਾਂ ਦਾ ਹਿੱਸਾ ਬਣਾਇਆ ਜਾ ਸਕੇ।

ਅਸਲ ਵਿਚ ਇਸ ਸੋਚ ਵਾਲੇ ਹੀ ਹਰੀ ਸਿੰਘ ਨਲੂਏ ਦੇ ਵਾਰਿਸ ਅਖਵਾਉਂਦੇ ਹਨ ਤੇ ਇਸ ਸੋਚ ਦੇ ਧਾਰਨੀ ਇਨਾਂ ਕੌਮੀ ਯੋਧਿਆਂ ਵਿਚ ਪਹਿਲੇ ਯੋਧੇ ਉਹ ਹਨ ਜਿਨਾਂ ਨੂੰ ਅੱਜ ਅਸੀਂ ਬੰਦੀ ਸਿੰਘ ਆਖਦੇ ਹਨ। ਸਾਡੀ ਸਭ ਦੀ ਸੋਚ ਵਿੱਚ ਪਹਿਲਾਂ ਇਹ ਹੀ ਸ਼ਬਦ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਨਾਂ ਯੋਧਿਆਂ ਨੇ ਅਜਿਹਾ ਕੀ ਕੀਤਾ ਸੀ ਕਿ ਇਨਾਂ ਨੂੰ ਸਰਕਾਰਾਂ ਨੇ ਜੇਲਾਂ ਵਿੱਚ ਧੱਕ ਦਿੱਤਾ ? ਬੇਸ਼ੱਕ ਕੁਝ ਲੋਕਾਂ ਦੀ ਮਾਨਸਿਕਤਾ ਇੱਥੋਂ ਤਕ ਦੀ ਹੁੰਦੀ ਹੈ ਕਿ ਇਨਾਂ ਨੇ ਦੇਸ਼ ਧ੍ਰੋਹੀ ਦਾ ਕੰਮ ਕੀਤਾ ਹੈ ਜਾਂ ਮਾਸੂਮ ਲੋਕਾਂ ਦੀ ਹੱਤਿਆ ਕੀਤੀ ਹੈ ਪਰ ਜੇਕਰ ਥੋੜਾ ਡੂੰਘਾਈ ਵਿੱਚ ਜਾਈਏ ਤਾਂ ਪਤਾ ਚਲਦਾ ਹੈ ਕਿ ਸਮੇਂ ਦੇ ਉਹ ਹਾਲਾਤ ਤੇ ਉਹ ਦਰਦ ਜਿਨਾਂ ਨੇ ਇਨਾਂ ਯੋਧਿਆਂ ਨੂੰ ਅਜਿਹਾ ਕੰਮ ਕਰਨ ਦੇ ਲਈ ਮਜਬੂਰ ਕਰ ਦਿੱਤਾ ਸੀ । ਜੇਕਰ ਅਸੀਂ ਆਪਣੀ ਸਿੱਖ ਕੌਮ ਨਾਲ ਪਿਆਰ ਕਰਦੇ ਹਾਂ ਤਾਂ ਸਾਨੂੰ ਪਹਿਲਾਂ ਉਸ ਸਮੇਂ ਵਿੱਚ ਜਾ ਕੇ ਸੋਚਣਾ ਪਰਾਂ ਹਟ ਕੇ ਜੇਕਰ ਅਸੀਂ ਆਪਣੀ ਸਿੱਖ ਕੌਮ ਦੇ ਬਾਰੇ ਹੀ ਸੋਚੀਏ ਤਾਂ ਅਸੀਂ ਆਪਣੇ ਇਤਿਹਾਸ ਨੂੰ ਵੀ ਬਚਾ ਸਕਾਂਗੇ ਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ



**ਪਿਛਲੇ ਦਿਨਾਂ ਵਿੱਚ ਜਿੰਨੀਆਂ ਵੀ ਰਾਜਨੀਤਿਕ ਪਾਰਟੀਆਂ ਪੰਜਾਬ ਨੂੰ ਉੱਪਰ ਲਿਆਉਣ ਦੀ ਗੱਲ ਕਰ ਰਹੀਆਂ ਹਨ ਜੇਕਰ ਉਨਾਂ ਦੇ ਲੀਡਰ ਹੀ ਆਪਣੀਆਂ ਪਾਰਟੀਆਂ ਨਾਲ ਗਦਾਰੀ ਕਰਨ ਤਾਂ ਉਹ ਪੰਜਾਬ ਦਾ ਭਲਾ ਕਿੱਥੋਂ ਕਰਨਗੇ ? ਜਿਨਾਂ ਲੋਕਾਂ ਦਾ ਆਪਣਾ ਕੋਈ ਜ਼ਮੀਰ ਨਹੀਂ ਹੈ ਉਹ ਦੂਜਿਆਂ ਨੂੰ ਕੀ ਸਿਖਾਉਣਗੇ ? ਜੇਕਰ ਪੰਜਾਬ ਲਈ ਕੁਝ ਕਰਨਾ ਤਾਂ ਪਹਿਲਾਂ ਪਾਰਟੀਬਾਜ਼ੀ ਤੋਂ ਉੱਪਰ ਉੱਠਣਾ ਪੈਣਾ ਹੈ । ਜੇਕਰ ਕਿਸੇ ਪਾਰਟੀ ਨਾਲ ਸਬੰਧ ਰੱਖਣਾ ਵੀ ਹੈ ਤਾਂ ਸਭ ਤੋਂ ਪਹਿਲਾਂ ਉਸ ਪਾਰਟੀ ਦੇ ਅਸਲ ਮਨਸੂਬੇ ਵਿਚ ਸਿੱਖੀ ਲਈ ਪਿਆਰ ਹੋਣਾ ਜ਼ਰੂਰੀ ਹੈ ਤਾਂ ਜੋ ਮਜ਼ਲੂਮਾਂ ਦੀ ਭਲਾਈ ਦੇ ਨਾਲ ਧਰਮ ਤੇ ਇਤਿਹਾਸ 'ਤੇ ਵੀ ਪਹਿਰਾ ਦਿੱਤਾ ਜਾ ਸਕੇ। ਅੱਜ ਧਰਮ ਦੀ ਰਖਵਾਲੀ ਕਰਨ ਵਾਲਿਆਂ ਦੀ ਜ਼ਮੀਰ ਉਨਾਂ ਨਾਲ ਨਹੀਂ ਹੈ। ਹਰ ਇਕ ਪਾਰਟੀ ਰਾਜ ਕਰਨ ਲਈ ਸਿਆਸਤ ਕਰਦੀ ਹੈ, ਅਜਿਹੀ ਸੋਚ ਦੀ ਸਿਆਸਤ ਨੂੰ ਪਹਿਲਾਂ ਖਤਮ ਕੀਤਾ ਜਾਵੇ ਇਹ ਤਾਂ ਹੀ ਹੋ ਸਕਦਾ ਜੇਕਰ ਅਸੀਂ ਆਪਣੀ ਕੌਮ ਪ੍ਰਤੀ ਸਮਰਪਿਤ ਹੋਵਾਗੇ।**

ਚਾਹੀਦਾ ਹੈ ਕਿ ਜੇਕਰ ਅਸੀਂ ਇਨਾਂ ਯੋਧਿਆਂ ਦੀ ਜਗਾ ਹੁੰਦੇ ਤਾਂ ਅਸੀਂ ਕੀ ਕਰਦੇ, ਸਿੱਖ ਕੌਮ ਨਾਲ ਗੱਦਾਰੀ ਕਰਨ ਵਾਲੇ ਤੇ ਸਿੱਖੀ ਦੇ ਭੇਸ ਵਿਚ ਉਹ ਲੋਕ ਜੋ ਸਾਡੀ ਕੌਮ ਨੂੰ ਘੁਣ ਦੇ ਵਾਂਗ ਹੀ ਖਾ ਰਹੇ ਹਨ ਅਜਿਹੇ ਲੋਕ ਸਿੱਖ ਭਾਈਚਾਰੇ ਵਿੱਚ ਵੰਡੀਆਂ ਪਾ ਕੇ ਆਪਣੀਆਂ ਰੋਟੀਆਂ ਸੇਕ ਰਹੇ ਹਨ ਤੇ ਨੌਜਵਾਨਾਂ ਨੂੰ ਨਸ਼ੇ ਦਾ ਜ਼ਹਿਰ ਦੇ ਕੇ ਨਿੱਤ ਮਾਰ ਰਹੇ ਹਨ। ਇਸ ਸਿਆਸੀ ਬਾਜ਼ੀ ਤੋਂ ਵੀ ਇਤਿਹਾਸ ਦੱਸ ਕੇ ਉਸ ਨਾਲ ਜੋੜ ਸਕਾਂਗੇ ।

ਦੂਜੇ ਉਹ ਸਿੱਖ ਯੋਧੇ ਹਨ ਜਿਨਾਂ ਵਿੱਚ ਸਰਦਾਰ ਜਸਪਾਲ ਸਿੰਘ ਮੰਝਪੁਰ ਜੀ ਵਰਗੇ ਵਕੀਲ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਜਿਹੇ ਸਿੱਖ ਸਿਆਸੀ ਨੇਤਾ ਜੋ ਆਪਣੀ ਸਿੱਖ ਕੌਮ ਦੇ ਲਈ ਸਮੇਂ ਦੀ ਹਕੂਮਤ ਨਾਲ ਲੜ ਰਹੇ ਹਨ। ਬੇਸ਼ੱਕ ਇਸ ਮਸਲੇ ਵਿਚ ਹਰ ਇਕ ਦਾ ਆਪੋ ਆਪਣਾ ਵਿਚਾਰ ਹੋਵੇਗਾ ਪਰ ਕੀਤੇ ਸੋਚ ਕੇ ਵੇਖੋ ਇਹ ਉਹ ਰੂਹਾਂ ਹਨ ਜੋ ਸਿੱਖੀ ਉੱਤੇ ਪਹਿਰਾ ਦੇ ਰਹੀਆਂ ਨੇ ਤੇ ਨੌਜਵਾਨ ਤਬਕੇ ਨੂੰ ਸਿੱਖੀ ਨਾਲ ਜੋੜ ਰਹੀਆਂ ਹਨ। ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਇੱਕ ਵੀਡੀਓ ਜੋ ਸੋਸ਼ਲ ਮੀਡੀਆ ਉੱਤੇ ਬਹੁਤ ਹੀ ਜ਼ਿਆਦਾ ਵਾਇਰਲ ਹੋ ਰਹੀ ਹੈ ਜਿਸ ਵਿੱਚ ਉਨਾਂ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਵੇਖ ਕੇ ਆਪਣੀ ਟਿੱਪਣੀ ਦਿੱਤੀ ਸੀ । ਉਨਾਂ ਦੀ ਟਿਪਣੀ ਦੇ ਅਜਿਹੇ ਬੋਲ ਉਹ ਹੀ ਬੋਲ ਸਕਦਾ ਹੈ ਜੋ ਆਪਣੀ ਕੌਮ ਪ੍ਰਤੀ ਦਰਦ ਰੱਖਦਾ ਹੋਵੇ ਤੇ ਭਵਿੱਖ ਲਈ ਚਿੰਤਤ ਹੋਵੇ। ਕੀ ਅਜਿਹੇ ਬੋਲ ਕਿਸੇ ਰਾਜਨੀਤਿਕ ਪਾਰਟੀ ਦੇ ਲੀਡਰ ਨੇ ਹੁਣ ਤੱਕ ਲੋਕਾਂ ਵਿਚ ਆ ਕੇ ਬੋਲੇ ਹਨ ? ਸਰਦਾਰ ਜਸਪਾਲ ਸਿੰਘ ਮੰਝਪੁਰ ਇਕ ਅਜਿਹੇ ਵਕੀਲ ਹਨ ਜੋ ਆਪਣੇ ਕੌਮੀ ਯੋਧਿਆਂ ਲਈ ਹਕੂਮਤ ਨਾਲ ਲੜ ਰਹੇ ਹਨ ਤੇ ਸਰਕਾਰਾਂ ਨੂੰ ਸਿੱਧਾ ਸਵਾਲ ਕਰ ਰਹੇ ਹਨ। ਕੀ ਪੰਜਾਬ ਦੇ ਬਾਕੀ ਵਕੀਲ ਵੀ ਉਨਾਂ ਵਾਂਗ ਲੜ ਰਹੇ ਹਨ ? ਵਕੀਲ ਹੋਣ ਜਾਂ ਸਿਆਸੀ ਲੋਕ ਉਹ ਕੇਵਲ ਆਪਣਾ ਘਰ ਭਰਨ ਦੀ ਹੀ ਸੋਚ ਰੱਖਦੇ ਹਨ। ਪਰ ਇਹ ਉਹ ਰੂਹਾਂ ਨੇ ਜੋ ਕੌਮ ਦਾ ਦਰਦ ਰੱਖਦੀਆਂ ਹਨ। ਇਨਾਂ ਰੂਹਾਂ ਤੋਂ ਇਲਾਵਾ ਹੋਰ ਵੀ ਅਜਿਹੀਆਂ ਬਹੁਤ ਸਾਰੀਆਂ ਰੂਹਾਂ ਹਨ ਜੋ ਸਿੱਖ ਕੌਮ ਦੇ ਲਈ ਦਿਨ ਰਾਤ ਕੰਮ ਕਰ ਰਹੀਆਂ ਹਨ। ਸਾਡੀ ਤ੍ਰਾਸਦੀ ਹੈ ਕਿ ਵਰਤਮਾਨ ਸਮਾਜ ਲਈ ਇਕ ਅਜਿਹਾ ਸਮਾਂ ਹੈ ਜਿਸ ਵਿਚ ਸਾਨੂੰ ਆਪਣੀ ਰੋਟੀ ਰੋਜ਼ੀ ਦਾ ਫਿਕਰ ਸਭ ਤੋਂ ਵੱਧ ਹੈ, ਹਰ ਇਕ ਇਨਸਾਨ ਇਹ ਹੀ ਸੋਚਦਾ ਹੈ ਕਿ ਉਸ ਦੀ ਜ਼ਿੰਦਗੀ ਆਰਾਮ ਨਾਲ ਨਿਕਲੇ । ਇਸੇ ਚੱਕਰ ਦੇ ਵਿੱਚ ਅਸੀਂ ਧਨ ਇਕੱਠਾ ਕਰ ਰਹੇ ਹਾਂ ਤੇ ਬਹੁਤੇ ਲੋਕ ਆਪਣੀਆਂ ਜ਼ਮੀਰਾਂ ਮਾਰ ਕੇ ਮਹਿਲਾਂ ਦੀ ਉਸਾਰੀ ਕਰ ਰਹੇ ਹਨ। ਅਜੋਕੇ ਸਮੇਂ ਵਿੱਚ ਇਹ ਕੋਈ ਨਹੀਂ ਸੋਚਦਾ ਕਿ ਜਿਸ ਕੌਮ ਵਿੱਚ ਅਸੀਂ ਜਨਮ ਲਿਆ ਹੈ ਉਸ ਪ੍ਰਤੀ ਵੀ ਸਾਡੇ ਕੁਝ ਫਰਜ਼ ਹਨ ।

# ਮਾਨਸਿਕ ਤਣਾਅ ਵਿਚ ਨੌਜਵਾਨ, ਜ਼ਿੰਮੇਵਾਰ ਕੌਣ ?

**ਡਾ. ਅਮਨਪ੍ਰੀਤ ਸਿੰਘ ਬਰਾੜ**

ਨੌਜਵਾਨ ਦੇਸ਼ ਦਾ ਸਭ ਤੋਂ ਵੱਡਾ ਸਰਮਾਇਆ ਹਨ, ਜਿਸ ਦੇਸ਼ ਨੇ ਆਪਣੀ ਨੌਜਵਾਨੀ ਸੰਭਾਲ ਲਈ ਸਮਝੋ ਉਸ ਨੇ ਤਰੱਕੀ ਕਰ ਲਈ। ਦਰਅਸਲ ਨੌਜਵਾਨ ਉਹ ਸ਼ਕਤੀ ਹੈ ਜੋ ਤੁਰੰਤ ਫ਼ੈਸਲੇ ਲੈਂਦੀ ਹੈ ਅਤੇ ਫ਼ੈਸਲੇ ਲੈਣ ਲੱਗਿਆਂ ਬਹੁਤਾ ਨਫ਼ਾ-ਨੁਕਸਾਨ ਨਹੀਂ ਸੋਚਦੀ, ਕਿਉਂਕਿ ਜਵਾਨੀ ਸ਼ਕਤੀ ਭਰਪੂਰ ਹੁੰਦੀ ਹੈ ਅਤੇ ਉਸ ਵਿਚ ਜ਼ਿੰਦਗੀ 'ਚ ਕੁਝ ਕਰ ਗੁਜ਼ਰਨ ਦਾ ਉਤਸ਼ਾਹ ਹੁੰਦਾ ਹੈ। ਜੇ ਇਸ ਸ਼ਕਤੀ ਨੂੰ ਵੇਲੇ ਸਿਰ ਸੰਭਾਲ ਕੇ ਸਿੱਧੇ ਰਸਤੇ ਪੈਣ ਦਾ ਮੌਕਾ ਦਿੱਤਾ ਜਾਵੇ ਤਾਂ ਇਹ ਸ਼ਕਤੀ ਸੋਨਾ ਪੈਦਾ ਕਰਦੀ ਹੈ ਪਰ ਜੇ ਇਸੇ ਸ਼ਕਤੀ ਨੂੰ ਮੌਕਾ ਨਾ ਮਿਲੇ ਤਾਂ ਇਹੋ ਸ਼ਕਤੀ ਪਰਿਵਾਰ ਅਤੇ ਦੇਸ਼ ਲਈ ਸਰਾਪ ਬਣ ਜਾਂਦੀ ਹੈ। 2019 ਵਿਚ ਇੰਡੀਆ ਟੂਡੇ ਦਾ ਇਕ ਸੰਮੇਲਨ ਮੁੰਬਈ ਵਿਚ ਹੋਇਆ ਸੀ, ਜਿਸ ਵਿਚ ਖੁਲਾਸਾ ਹੋਇਆ ਸੀ ਕਿ ਪਿਛਲੇ ਪੰਜ ਸਾਲਾਂ ਵਿਚ 40000 ਤੋਂ ਜ਼ਿਆਦਾ ਨੌਜਵਾਨਾਂ ਨੇ ਆਤਮ ਹੱਤਿਆ ਕੀਤੀ ਸੀ। 2021 ਵਿਚ "©9356 (ਯੂਨੀਸੈਫ) ਅਤੇ ਗੈਲੋਪ ਦੇ ਸਰਵੇ ਮੁਤਾਬਿਕ 15 ਤੋਂ 24 ਸਾਲਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਵਿਚੋਂ ਸਿਰਫ 41 ਫ਼ੀਸਦੀ ਹੀ ਦਿਮਾਗੀ ਸਿਹਤ ਪੱਖੋਂ ਠੀਕ ਹਨ। ਜਦਕਿ ਬਾਕੀ 59 ਫ਼ੀਸਦੀ ਦਿਮਾਗੀ ਬਿਮਾਰੀਆਂ ਨਾਲ ਜੂਝਦੇ ਹਨ ਪਰ ਇਨਾਂ ਅੰਕੜਿਆਂ ਦਾ ਜਦੋਂ ਬਾਕੀ ਦੇਸ਼ਾਂ ਨਾਲ ਮੁਕਾਬਲਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਥੋਂ ਦੇ ਇਸ ਉਮਰ ਦੇ 83 ਫ਼ੀਸਦੀ ਨੌਜਵਾਨ ਦਿਮਾਗੀ ਤੌਰ 'ਤੇ ਤੰਦਰੁਸਤ ਹਨ। ਇਸ ਰਿਪੋਰਟ ਵਿਚ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜਿਥੇ ਇਸ ਬਿਮਾਰੀ ਦੀ ਗੱਲ ਖੁੱਲ ਕੇ ਨਹੀਂ ਕੀਤੀ ਜਾਂਦੀ, ਸਮਾਜਿਕ ਡਰ ਦੇ ਪੱਖੋਂ। ਇਥੇ ਤਣਾਅ (ਡਿਪਰੈਸ਼ਨ) ਨੂੰ ਸਿੱਧਾ ਹੀ ਪਾਗਲਪਨ ਨਾਲ ਜੋੜ ਦਿੱਤਾ ਜਾਂਦਾ ਹੈ। ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਵਿਚ ਇਕ ਹੋਰ ਅੰਦਾਜ਼ਾ ਲਾਇਆ ਗਿਆ ਹੈ ਕਿ ਭਾਰਤ ਨੂੰ ਨੌਜਵਾਨਾਂ ਦੀ ਇਸ ਬਿਮਾਰੀ ਕਰਕੇ (2012-2030) ਤੱਕ ਤਕਰੀਬਨ 10.3 ਖ਼ਰਬ ਡਾਲਰ ਦਾ ਆਰਥਿਕ ਨੁਕਸਾਨ ਹੋ ਸਕਦਾ ਹੈ। ਨੌਜਵਾਨਾਂ ਵਿਚ ਬੇਚੈਨੀ ਦੇ ਦੋ ਮੁੱਖ ਕਾਰਨ ਹਨ ਪੜਾਈ ਅਤੇ ਬੇਰੁਜ਼ਗਾਰੀ।

ਪੜਾਈ : ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਅਧਿਆਪਕ ਭਰਤੀ ਹੀ ਨਹੀਂ ਕੀਤੇ ਜਾ ਰਹੇ, ਆਹ ਵੋਟਾਂ ਤੋਂ ਬਾਅਦ ਤਾਂ ਸਰਕਾਰ ਪੱਕੇ ਰੱਖਣੇ ਤਾਂ ਛੱਡੋ ਕੱਚੇ ਰੱਖਣ ਨੂੰ ਵੀ ਤਿਆਰ ਨਹੀਂ ਹੋਣੀ। ਪਰ ਅੱਜ ਦੇ ਹਾਲਾਤ ਇਹ ਹਨ ਕਿ ਗੁਜਰਾਤ ਮਾਡਲ ਨੂੰ ਪੰਜਾਬ ਵਿਚ ਲੈ ਕੇ ਆਉਣ ਵਾਲੇ ਸਿਆਸਤਦਾਨ ਜਿਨਾਂ ਨੇ ਪੱਕੇ ਤੋਂ ਕੱਚੇ ਦੀ ਪਿਰਤ ਪਾਈ ਅੱਜ ਨੌਕਰੀਆਂ ਦੇਣ ਦੀ ਦੁਹਾਈ ਦੇ ਰਹੇ ਹਨ। ਖ਼ੈਰ, ਇਸ ਦੌਰਾਨ ਉੱਚ ਵਿੱਦਿਆ ਲਈ ਪ੍ਰਾਈਵੇਟ ਅਦਾਰੇ ਬਣੇ, ਜਿਨਾਂ ਨੇ ਬੱਚਿਆਂ 'ਤੇ ਪੜਾਈ ਦਾ ਦਬਾਅ ਤਾਂ ਘੱਟ ਕੀਤਾ ਅਤੇ ਹਰ ਇਕ ਨੂੰ ਹਰ ਮਜ਼ਮੂਨ ਵਿਚ ਦਾਖ਼ਲਾ ਮਿਲਣਾ ਸ਼ੁਰੂ ਹੋ ਗਿਆ, ਮਾਂ-ਬਾਪ ਵੀ ਖੁਸ਼ ਹੋਏ ਪਰ ਇਨਾਂ ਨੇ ਹੌਲੀ-ਹੌਲੀ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਬੱਚਿਆਂ ਕੋਲ ਡਿਗਰੀਆਂ ਤਾਂ ਆ ਗਈਆਂ ਪਰ ਜਦੋਂ ਬਹੁਤ ਸਾਰੇ ਨਿੱਜੀ ਵਿੱਦਿਅਕ ਅਦਾਰਿਆਂ ਦੇ ਪੜੇ ਨੌਜਵਾਨ ਨੌਕਰੀਆਂ ਲੈਣ ਲਈ ਜਾਂਦੇ ਹਨ ਤਾਂ ਉਥੇ ਉਨਾਂ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਤੁਹਾਨੂੰ ਕੁਝ ਆਉਂਦਾ ਹੀ ਨਹੀਂ। ਸਾਡੇ ਲਿਖਣ ਦਾ ਇਹ ਮੰਤਵ ਨਹੀਂ ਕਿ ਸਾਰੇ ਨਿੱਜੀ ਵਿੱਦਿਅਕ ਅਦਾਰੇ ਗ਼ੈਰ-ਮਿਆਰੀ ਸਿੱਖਿਆ ਹੀ ਦੇ ਰਹੇ ਹਨ ਪਰ ਗ਼ੈਰ-ਮਿਆਰੀ ਸਿੱਖਿਆ ਨੇ ਨੌਜਵਾਨਾਂ ਵਿਚ ਤਣਾਓ ਜ਼ਰੂਰ ਪੈਦਾ ਕੀਤਾ ਹੈ। ਭਾਰਤ ਸਕਿੱਲ ਰਿਪੋਰਟ 2021 ਦੇ ਮੁਤਾਬਿਕ 54 ਫ਼ੀਸਦੀ ਗ੍ਰੈਜੂਏਟ ਅੱਜ ਵੀ ਕਿਸੇ ਨੌਕਰੀ ਜਾਂ ਕੰਮ ਦੇ ਕਾਬਲ ਨਹੀਂ ਹਨ। ਭਾਵ ਸਿਰਫ 45.9 ਫ਼ੀਸਦੀ ਹੀ ਨੌਕਰੀ ਦੇ ਕਾਬਲ ਹਨ। ਚੇਤੇ ਰੱਖੋ ਨੌਕਰੀ ਦੇ ਕਾਬਲ ਹੋਣਾ ਅਤੇ ਮਿਲਣਾ ਦੋ ਅਲੱਗ-ਅਲੱਗ ਅਵਸਥਾਵਾਂ ਹਨ। ਇਸ ਵੇਲੇ 45.9 ਫ਼ੀਸਦੀ (ਜਿਹੜੇ ਨੌਕਰੀ ਦੇ ਕਾਬਲ ਹਨ), ਵਿਚੋਂ ਸਭ ਤੋਂ ਜ਼ਿਆਦਾ ਜੇਕਰ ਕਿਸੇ ਨੂੰ ਨੌਕਰੀ ਮਿਲਦੀ ਹੈ ਤਾਂ ਉਹ ਹਨ ਬੀ.ਟੈਕ ਵਾਲੇ 46.82 ਫ਼ੀਸਦੀ ਤੇ ਇਸ ਦੇ ਨਾਲ ਹੀ ਐਮ.ਬੀ.ਏ. 46.59 ਫ਼ੀਸਦੀ, ਸਭ ਤੋਂ ਘੱਟ ਨੌਕਰੀ 'ਤੇ ਲੱਗਣ ਯੋਗ ਹਨ ਐਮ.ਸੀ.ਏ. 22.42 ਫ਼ੀਸਦੀ ਤੇ ਇਸ ਤੋਂ ਥੋੜਾ ਉੱਪਰ 25.02 ਪ੍ਰਤੀਸ਼ਤ ਹੋਰ ਖੇਤਰਾਂ ਦੀ ਪੜਾਈ ਵਾਲੇ ਹਨ। ਇਸ ਦਾ ਸਿੱਧਾ ਅਰਥ ਹੈ ਕਿ ਸਰਕਾਰ ਦੇ ਪਾਲੀਟੈਕਨਿਕ ਵੀ ਫੇਲ ਹਨ। ਉਪਰੋਕਤ ਰਿਪੋਰਟ ਮੁਤਾਬਿਕ ਪੰਜਾਬ ਅੱਜ ਵੀ ਹੇਠਲੇ ਪੰਜ ਸੂਬਿਆਂ ਵਿਚ ਆਉਂਦਾ ਹੈ। ਇਸ ਬਾਰੇ ਅਧਿਆਪਕਾਂ ਨੂੰ ਦੋਸ਼ ਦੇਣਾ ਵੀ ਠੀਕ ਨਹੀਂ। ਸਰਕਾਰੀ ਕੱਚੇ ਅਧਿਆਪਕ ਪੱਕੇ ਹੋਣ ਲਈ ਡੰਡੇ ਖਾ ਰਹੇ ਹਨ ਅਤੇ ਪ੍ਰਾਈਵੇਟ ਵਾਲੇ ਆਪਣਾ ਭਵਿੱਖ ਸੁਰੱਖਿਅਤ ਨਹੀਂ ਦੇਖਦੇ, ਉਹ ਕਿਸੇ ਦਾ ਭਵਿੱਖ ਕੀ ਬਣਾ ਦੇਣਗੇ ? ਉਹ ਲੱਗੇ ਵੀ ਸਰਕਾਰੀ ਕੱਚਿਆਂ ਨਾਲੋਂ ਮਾੜੀ ਤਨਖ਼ਾਹ 'ਤੇ ਹਨ। ਜਦੋਂ ਸਰਕਾਰੀ ਦਰਜਾ ਚਾਰ ਦੀਆਂ ਨੌਕਰੀਆਂ ਨਿਕਲਦੀਆਂ ਹਨ ਤਾਂ ਐਮ.ਏ., ਪੀ.ਐਚ.ਡੀ. ਪਾਸ ਦੀਆਂ ਅਰਜ਼ੀਆਂ ਦੀ ਭਰਮਾਰ ਹੁੰਦੀ ਹੈ। ਅੱਗੇ ਤੋਂ ਸਰਕਾਰੀ ਨੌਕਰੀਆਂ ਨਿਕਲਣੀਆਂ ਬੰਦ ਹੀ ਹੋ ਜਾਣੀਆਂ ਹਨ, ਕਿਉਂਕਿ ਸਰਕਾਰੀ ਅਦਾਰੇ ਹੀ ਵੇਚੇ ਜਾ ਰਹੇ ਹਨ। ਅਸਲ ਵਿਚ ਅੱਜ ਨਿੱਜੀਕਰਨ ਦੇ ਪ੍ਰਭਾਵ ਹੇਠ ਬਹੁਤੇ ਪ੍ਰਾਈਵੇਟ ਅਦਾਰਿਆਂ ਨੇ ਵਿੱਦਿਆ ਦੇ ਮੰਦਰਾਂ ਤੋਂ ਦੁਕਾਨਾਂ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ। ਇਸ ਸਾਰੇ ਵਿਚ ਪਿਸ ਰਹੇ ਹਨ ਵਿਦਿਆਰਥੀ ਅਤੇ ਅਧਿਆਪਕ। ਦੋਵਾਂ ਨੇ ਹੀ ਇਸ ਵੇਲੇ ਦੇਸ਼ ਤੋਂ ਬਾਹਰ ਜਾਣ ਦਾ ਰੁਖ਼ ਕੀਤਾ ਹੋਇਆ ਹੈ, ਇਸੇ ਲਈ ਹੁਣ ਬੀ.ਟੈਕ ਤੇ ਹੋਰ ਕੋਰਸਾਂ ਦੀਆਂ ਸੀਟਾਂ ਨਹੀਂ ਭਰਦੀਆਂ। ਉਧਰ ਹਿਸਾਬ ਅਤੇ ਸਾਇੰਸ ਦੇ ਅਧਿਆਪਕ ਹੀ ਨਹੀਂ ਮਿਲਦੇ। ਇਹ ਲੋਕ ਖ਼ੁਸ਼ੀ ਨਾਲ ਦੇਸ਼ ਛੱਡ ਕੇ ਨਹੀਂ ਜਾਂਦੇ ਬਲਕਿ ਮਜਬੂਰ ਅਤੇ ਲਾਚਾਰ ਹੋ ਕੇ ਜਾਂਦੇ ਹਨ। ਪਰ ਜਿਹੜੇ ਇਥੇ ਹੀ ਟਿਕੇ ਹਨ, ਕਿਸੇ ਕਾਰਨ ਬਾਹਰ ਨਹੀਂ ਜਾ ਸਕੇ ਉਨਾਂ ਵਿਚ ਬੇਚੈਨੀ ਦਾ ਪੱਧਰ ਵਧਦਾ ਜਾਂਦਾ ਹੈ।



ਬੇਰੁਜ਼ਗਾਰੀ : ਪਹਿਲਾਂ ਪੜਾਈ ਦਾ ਹਾਲ ਮਾੜਾ ਸੀ, ਪਰ ਜਿਹੜੇ ਹਿੰਮਤ ਕਰਕੇ ਪੜ ਗਏ ਅਤੇ ਨੌਕਰੀ ਦੇ ਕਾਬਲ ਵੀ ਹੋ ਗਏ ਉਨਾਂ ਨੂੰ ਬੇਰੁਜ਼ਗਾਰੀ ਨੇ ਦਬੋਚ ਲਿਆ। ਇਸ ਉਮਰ ਵਿਚ ਖਾਹਸ਼ਾਂ ਵੀ ਹੁੰਦੀਆਂ ਹਨ ਅਤੇ ਘਰ-ਬਾਰ ਭਾਵ ਗ੍ਰਹਿਸਥੀ ਵੀ ਵਸਾਉਣੀ ਹੁੰਦੀ ਹੈ। ਅੱਜ ਲੋਕਾਂ ਦੀ ਬੇਰੁਜ਼ਗਾਰੀ ਨਾਲ ਪੈਦਾ ਹੋਈ ਬੈਚੇਨੀ ਵਿਆਹੁਤਾ ਜੀਵਨ ਵਿਚ ਵੀ ਦਾਖ਼ਲ ਹੋ ਚੁੱਕੀ ਹੈ ਅਤੇ ਇਸ ਕਰਕੇ ਦਿਨ-ਬ-ਦਿਨ ਕਚਹਿਰੀਆਂ ਵਿਚ ਤਲਾਕ ਦੇ ਕੇਸ ਵਧ ਰਹੇ ਹਨ। ਭਾਰਤ ਦੀ 28 ਦਸੰਬਰ 2021 ਨੂੰ ਬੇਰੁਜ਼ਗਾਰੀ ਦਰ 7.77 ਫ਼ੀਸਦੀ 'ਤੇ ਸੀ ਜਿਸ ਵਿਚ 9.17 ਫ਼ੀਸਦੀ ਸ਼ਹਿਰੀ ਖੇਤਰ ਦੀ ਬੇਰੁਜ਼ਗਾਰੀ ਦਰ ਅਤੇ 7.13 ਫ਼ੀਸਦੀ ਪੇਂਡੂ ਖੇਤਰ ਦੀ ਬੇਰੁਜ਼ਗਾਰੀ ਦਰ ਸੀ, ਜਦਕਿ ਪੰਜਾਬ, ਹਰਿਆਣਾ ਅਤੇ ਚੰਡੀਗੜ ਵਿਚ ਇਹ ਦਰ ਰਾਸ਼ਟਰੀ ਔਸਤ ਨਾਲੋਂ ਉੱਪਰ ਹੈ, ਖ਼ਾਸ ਕਰਕੇ 15 ਸਾਲ ਤੋਂ ਉੱਪਰਲੀ ਆਬਾਦੀ ਲਈ। ਇਸ ਵੇਲੇ ਪੜੇ-ਲਿਖੇ ਜ਼ਿਆਦਾ ਬੇਰੁਜ਼ਗਾਰ ਹਨ। ਇਸ ਦਾ ਸਬੂਤ ਦੇਖੋ ਕਿ ਇਕ ਵਿਅਕਤੀ ਪੋਸਟ ਗ੍ਰੈਜੂਏਸ਼ਨ ਕਰਕੇ ਅਧਿਆਪਕ ਲਗਦਾ ਹੈ, ਖ਼ਾਸ ਕਰਕੇ ਪ੍ਰਾਈਵੇਟ ਸਕੂਲ, ਕਾਲਜ ਵਿਚ ਤਾਂ ਉਸ ਨੂੰ ਜੇਕਰ 10000 ਰੁਪਏ ਤਨਖ਼ਾਹ ਵੀ ਮਿਲੀ ਭਾਵ ਰੋਜ਼ ਦੇ 333 ਰੁਪਏ, ਜੇਕਰ ਸਰਕਾਰ ਦਾ ਫਿਕਸ ਗਰੇਡ ਵੀ ਮਿਲੇ ਭਾਵ 15600 (ਕਾਲਜ ਦੇ ਅਧਿਆਪਕ ਦਾ) ਤਾਂ ਰੋਜ਼ ਦੇ 520 ਰੁਪਏ ਜਦਕਿ ਪੈਂਟਰ, ਲੱਕੜ ਵਾਲਾ ਮਿਸਤਰੀ 600 ਰੁਪਏ ਦਿਹਾੜੀ ਲੈਂਦਾ ਹੈ, ਗੋਲ ਗੱਪੇ ਦੀ ਰੇਹੜੀ ਵਾਲੇ ਵੀ ਇਸ ਤੋਂ ਜ਼ਿਆਦਾ ਕਮਾ ਲੈਂਦੇ ਹਨ। ਸਭ ਤੋਂ ਵੱਡੀ ਗੱਲ ਕਿ ਅਧਿਆਪਕ ਦੇ ਕੱਪੜੇ ਕਿਸ ਤਰਾਂ ਦੇ ਪਾਏ ਹਨ ਵਿਦਿਆਰਥੀ ਸਭ ਦੇਖਦੇ ਹਨ ਅਤੇ ਉਨਾਂ ਉੱਪਰ ਅਸਰ ਵੀ ਪੈਂਦਾ ਹੈ। ਸ਼ਾਇਦ ਅਸੀਂ ਹੀ ਚੰਗੀ ਤਰਾਂ ਨਹੀਂ ਸਮਝ ਸਕੇ ਕਿ ਸਰਕਾਰ ਨੇ ਤਾਂ ਪਕੌੜੇ ਤਲਣ ਦੇ ਕੰਮ 'ਤੇ ਪੂਰਾ ਜ਼ੋਰ ਲਗਾਇਆ ਹੈ ਅਤੇ ਸਰਕਾਰਾਂ ਦੇ ਮੁਤਾਬਿਕ ਇਸ ਤੋਂ ਵੱਡਾ ਕੋਈ ਕੰਮ ਨਹੀਂ ਹੋ ਸਕਦਾ। ਬਾਅਦ ਵਿਚ ਤੁਹਾਨੂੰ ਸਿਆਸਤ ਵਿਚ ਜਾਣ ਦਾ ਮੌਕਾ ਮਿਲ ਗਿਆ ਤਾਂ 'ਬਰੈਂਡ ਇਮੇਜ' ਵਧੀਆ ਬਣ ਜਾਊਗੀ। ਇਕ ਪਕੌੜੇ ਤਲਣ ਵਾਲਾ ਐਮ.ਐਲ.ਏ. ਬਣਿਆ ਹੈ। ਲੋਕਾਂ ਦੀ ਹਮਦਰਦੀ ਹੀ ਕੰਮ ਕਰ ਜਾਊਗੀ ਕਿ ਗ਼ਰੀਬ ਬੰਦਾ ਉੱਪਰ ਉਠਿਆ ਹੈ ਉਸ ਦੀ ਕਮਾਈ ਭਾਵੇਂ ਅਧਿਆਪਕ ਨਾਲੋਂ ਜ਼ਿਆਦਾ ਹੀ ਹੋਵੇ। ਪਰ ਉਹ ਗ਼ਰੀਬ ਹੀ ਰਹੇਗਾ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਫੂਡ ਪ੍ਰੋਸੈਸਿੰਗ ਦੇ ਨਾਂਅ 'ਤੇ 3 ਫੂਡ ਪਾਰਕ ਖੁੱਲੇ ਹਨ ਪਰ ਖੇਤੀ ਆਧਾਰਿਤ ਸੂਬਾ ਹੋਣ ਦੇ ਬਾਵਜੂਦ ਇਹ ਅਜੇ ਵੀ ਆਪਣੀ ਸਰਬੋਤਮ ਸਮਰੱਥਾ 'ਤੇ ਪਹੁੰਚਣ ਵਿਚ ਕਾਮਯਾਬ ਨਹੀਂ ਹੋਏ ਜਦਕਿ ਇਨਾਂ ਵਿਚੋਂ ਇਕ ਤਾਂ ਪੈਸੇ ਦੀ ਤੰਗੀ ਕਾਰਨ ਬੰਦ ਹੋਣ ਦੀ ਕਗਾਰ 'ਤੇ ਹੈ। ਇਸ ਦਾ ਕੇਸ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਕੋਲ ਪੈਂਡਿੰਗ ਹੈ, ਜਦਕਿ ਦੂਜੇ ਦੋ 33 ਫ਼ੀਸਦੀ ਸਮਰੱਥਾ 'ਤੇ ਚੱਲ ਰਹੇ ਹਨ। ਇਸ ਵੇਲੇ ਸਵਾਲ ਤਾਂ ਇਹ ਹੈ ਕਿ ਕਿਉਂ ਨਹੀਂ ਸਰਕਾਰ ਇਸ ਬਾਰੇ ਸੋਚਦੀ ਕਿ ਇਕ ਨੌਜਵਾਨ ਬਾਹਰ ਜਾਂਦਾ ਹੈ ਤਾਂ ਉਹ ਤਕਰੀਬਨ 30 ਤੋਂ 40 ਲੱਖ ਖਰਚ ਕੇ ਜਾਂਦਾ ਹੈ। ਜਿਹੜੇ ਪੈਸੇ ਖਰਚ ਕੇ ਬਾਹਰ ਜਾਣਾ ਹੈ ਉਸ ਪੈਸੇ ਨਾਲ ਇਥੇ ਹੀ ਛੋਟਾ ਪ੍ਰੋਸੈਸਿੰਗ ਯੂਨਿਟ ਖੋਲੋ, ਜਿਸ ਵਿਚ ਕੁਝ ਸਰਕਾਰ ਮਦਦ ਕਰੇ। ਸਰਕਾਰ ਕਾਰਪੋਰੇਟਰਾਂ ਨੂੰ ਬੈਂਕਾਂ ਤੋਂ ਸਹੂਲਤ ਲੈ ਕੇ ਦੇ ਸਕਦੀ ਹੈ ਤਾਂ ਨੌਜਵਾਨਾਂ ਲਈ ਅਜਿਹਾ ਕਿਉਂ ਨਹੀਂ ਕਰ ਸਕਦੀ। ਇਹ ਜਿਹੜੇ ਛੋਟੇ ਯੂਨਿਟ ਖੁੱਲਣਗੇ ਇਨਾਂ ਵਿਚ ਹੋਰ ਲੋਕਾਂ ਨੂੰ ਵੀ ਰੁਜ਼ਗਾਰ ਮਿਲੇਗਾ। ਇਸ ਲਈ ਡਾਇਰੈਕਟਰ ਸਮਾਲ ਸਕੇਲ ਇੰਡਸਟਰੀਜ਼ ਨੂੰ ਪ੍ਰਮੋਸ਼ਨ ਦਾ ਕੰਮ ਵੀ ਨਾਲ ਦਿੱਤਾ ਜਾਵੇ ਜਿਸ ਨਾਲ ਉਹ ਇਨਾਂ ਨੌਜਵਾਨਾਂ ਨੂੰ ਯੂਨਿਟ ਰਜਿਸਟਰ ਕਰਵਾਉਣ ਤੋਂ ਲੈ ਕੇ ਕਿਸ ਤਰਾਂ ਚਲਾਉਣੇ ਹਨ, ਤੱਕ ਦੀ ਸਿਖਲਾਈ ਦੇਣ ਅਤੇ ਸਮੇਂ-ਸਮੇਂ 'ਤੇ ਇਨਾਂ ਦੀ ਮਾਰਕੀਟਿੰਗ ਵਿਚ ਮਦਦ ਕੀਤੀ ਜਾਵੇ।

**ਬਾਕੀ ਸਫ਼ਾ 30 'ਤੇ**

---

# 'ਜੱਟੀ ਬਾਟਾ ਵਾਲੇ ਪਾਈ ਫਿਰੇ ਬੂਟ ਵੇ'

**ਸਪਨ ਸੰਧੂ**

**ਮੇਰੀ ਡਾਇਰੀ**

ਪੰਜ ਛੇ ਸਾਲ ਪਹਿਲਾਂ ਮੇਰੀ ਸਹੇਲੀ ਸਤਿੰਦਰ ਸਿੱਧੂ ਦਾ ਫੋਨ ਆਇਆ ਕਹਿੰਦੀ, 'ਦੀਦੀ ਪੰਜਾਬੀ ਜੁੱਤੀ ਭੇਜਣੀ ਆ ਪੈਰ ਦਾ ਨਾਪ ਦੱਸਿਉ ਇੰਡੀਆ ਵਾਲਾ'। ਮੈਨੂੰ ਚੇਤਾ ਹੀ ਨਹੀਂ ਆਇਆ ਕਿ ਇੰਡੀਆ ਮੈਂ ਕਦੇ ਕੋਈ ਜੁੱਤੀ ਖਰੀਦੀ ਵੀ ਸੀ।

ਦਿਮਾਗ 'ਤੇ ਜ਼ੋਰ ਪਾਉਣ ਤੇ ਵੀ ਜੁੱਤੀ ਦੇ ਨਾਪ ਦਾ ਚੇਤਾ ਨਹੀਂ ਆਇਆ ਪਰ ਇੱਕ ਮਿੱਠੀ ਜਿਹੀ ਯਾਦ ਮੇਰੀ ਰੂਹ ਨੂੰ ਮਿੱਠਾ ਕਰ ਗਈ। ਉਹ ਯਾਦ ਕਾਗਜ਼ ਦੇ ਸੀਨੇ ਵਿੱਚ ਢਲਣ ਲਈ ਤੜਫਣ ਲੱਗ ਪਈ। ਤੇ ਇੱਕ ਦਿਨ ਅਚਾਨਕ ਇੱਕ ਗੀਤ ਕੰਨੀ ਪਿਆ : 'ਜੱਟੀ ਬਾਟਾ ਵਾਲੇ ਪਾਈ ਫਿਰੇ ਬੂਟ ਵੇ'

ਗੀਤ ਸੁਣ ਕੇ ਮੈਂ ਕੱਲੀ ਬੈਠੀ ਹੱਸ ਪਈ। ਬਾਟਾ ਦੇ ਬੂਟ ਤਾਂ ਮੈਂ ਵੀ ਬਥੇਰੇ ਪਾਏ ਨੇ ਸਾਰਾ ਬਚਪਨ ਬਾਟਾ ਦੇ ਬੂਟਾਂ ਨਾਲ ਹੀ ਕੱਢਿਆ ਹੈ। ਮੇਰਾ ਬਾਪੂ ਸ਼ੌਕੀਨ ਹੀ ਨਹੀਂ ਰੱਜ ਕੇ ਸ਼ੌਕੀਨ ਸੀ। ਉਹ ਘਰੋਂ ਬਾਹਰ ਨਿਕਲਦੇ ਤਾਂ ਪੰਜਾਬ ਪੁਲਿਸ ਦੇ ਰੰਗ ਦੀ ਪੋਚਵੀਂ ਪੱਗ ਬੰਨ ਕੇ ਸੋਹਣੀ ਪੈਂਟ ਸ਼ਰਟ ਪਾ ਕੇ ਨਿਕਲਦੇ, ਪੈਰਾਂ ਦੀ ਜੁੱਤੀ ਹਮੇਸ਼ਾ ਲਿਸ਼ਕਦੀ ਹੁੰਦੀ। ਸਿਰਫ ਆਪ ਹੀ ਨਹੀਂ ਸਾਨੂੰ ਨਿਆਣਿਆਂ ਨੂੰ ਵੀ ਲਿਸ਼ਕਾ ਪੁਸ਼ਕਾ ਕੇ ਨਾਲ ਲੈ ਕੇ ਜਾਂਦੇ।

ਜਿਥੋਂ ਤੱਕ ਮੇਰੀ ਸੁਰਤ ਪਿਛਾਂਹ ਜਾਂਦੀ ਹੈ ਮੈਨੂੰ ਯਾਦ ਹੈ ਕਿ ਸਾਨੂੰ ਹਰ ਚੜਦੇ ਸਾਲ 'ਬਾਟਾ' ਦੀਆਂ ਜੁੱਤੀਆਂ ਖਰੀਦ ਕੇ ਦਿੰਦੇ। ਸਾਨੂੰ ਨਿਆਣਿਆਂ ਨੂੰ ਤਾਂ ਇਹ ਨਹੀਂ ਸੀ ਪਤਾ ਕਿ ਇਹ ਕੋਈ ਬ੍ਰੈਂਡ ਸੀ ਜਿਸਦੀਆਂ ਜੁੱਤੀਆਂ ਵਧੀਆ ਹੁੰਦੀਆਂ ਸੀ। ਬਾਪੂ ਸਮੇਤ ਮੇਰਾ ਸਾਰਾ ਟੱਬਰ ਹੀ ਬਾਟਾ ਦੀਆਂ ਜੁੱਤੀਆਂ ਪਾਉਂਦਾ ਸੀ। ਮੈਨੂੰ ਬਾਕੀ ਭੈਣ ਭਰਾਵਾਂ ਦਾ ਤਾਂ ਪਤਾ ਨਹੀਂ ਪਰ ਜਦੋਂ ਮੈਂ ਪਿੰਡੋ ਸਕੂਲ ਖਤਮ ਕਰਕੇ ਛੇਵੀਂ ਵਿੱਚ ਅੱਪਰੇ ਪੜਨ ਲੱਗੀ ਤਾਂ ਮੈਨੂੰ ਉਹ ਠਿੱਬੀ ਜਿਹੀ ਜੁੱਤੀ ਤੋਂ ਚਿੜ ਆਉਣ ਲੱਗ ਪਈ ਸੀ। ਉਸ ਸਾਲ ਮੈਂ ਘਰੇ ਅੜ ਕੇ ਬੈਠ ਗਈ ਕਿ ਇਸ ਸਾਲ ਮੈਂ ਆਪਣੀ ਪਸੰਦ ਦੀ ਜੁੱਤੀ ਲੈਣੀ ਹੈ ਨਹੀਂ ਤਾਂ ਮੈਂ ਸਕੂਲ ਹੀ ਨਹੀਂ ਜਾਣਾ। ਪਰ ਕਿਸਮਤ ਮਾੜੀ ਨੂੰ ਬਾਪੂ ਇੱਕ ਤਰਕਾਲਾਂ ਨੂੰ ਜੁੱਤੀਆਂ ਵਾਲੇ ਡੱਬੇ ਚੁੱਕ ਲਿਆਏ। ਉਹ ਫੀਨੀ ਜਿਹੀ ਗ੍ਰੇਅ ਰੰਗ ਦੀ ਜੁੱਤੀ ਹੌਲੀ ਜਿਹੀ ਡੱਬੇ ਵਿੱਚੋ ਨਿੱਕਲ ਕੇ ਮੇਰੇ ਪੈਰਾਂ ਵੱਲ ਨੂੰ ਵਧੀ ਤੇ ਆਪਾਂ ਨੇ ਘਰ ਵਿੱਚ ਲੜਾਈ ਸ਼ੁਰੂ ਕਰ ਦਿੱਤੀ। ਮੇਰੀ ਵੀ ਜ਼ਿਦ ਸੀ ਕਿ ਇਸ ਸਾਲ ਇਹ ਬੇਬੇ ਜੁੱਤੀ ਮੇਰੇ ਪੈਰਾਂ ਵਿੱਚ ਨਹੀਂ ਪਵੇਗੀ। ਜਿੰਨਾ ਕੁ ਵੀ ਮੇਰੇ ਤੋਂ ਰੌਲਾ ਪਾ ਹੋਇਆ, ਮੈਂ ਪਾਇਆ ਪਰ ਜੁੱਤੀ ਘਰ ਦੇ ਅੰਦਰ ਆ ਚੁੱਕੀ ਸੀ ਤੇ ਉਹ ਪਾਉਣੀ ਵੀ ਪੈਣੀ ਸੀ। ਮੇਰੇ ਬਾਪੂ ਨੇ ਇੱਕ ਲੰਬਾ ਲੈਕਚਰ ਦਿੱਤਾ 'ਸ਼ੇਰਾ ਇਹ ਬਾਟਾ ਦੀਆਂ ਜੁੱਤੀਆਂ ਪੈਰਾਂ ਲਈ ਠੀਕ ਹੁੰਦੀਆਂ ਨੇ ਆਰਾਮ ਦਿੰਦੀਆਂ ਨੇ ਵਗੈਰਾ



ਵਗੈਰਾ'। ਪਰ ਸ਼ੇਰ ਕਿਥੇ ਮੰਨਦਾ ਸੀ ਅਜਿਹੀਆਂ ਦਲੀਲਾਂ ਨੂੰ। ਡੈਡ ਦੀ ਲਿਆਂਦੀ ਜੁੱਤੀ ਮੇਰੇ ਵੱਲ ਔਖਾ ਔਖਾ ਝਾਕੀ ਜਾਵੇ ਤੇ ਮੇਰਾ ਦਿਲ ਕਰੇ ਕਿ ਬਾਟਾ ਦੀ ਬਦਸੂਰਤ ਜਿਹੀ ਬੰਦ ਜੁੱਤੀ ਚੁੱਕ ਕੇ ਖੂਹ ਵਿਚ ਸੁੱਟ ਆਵਾਂ। ਘਰ ਦੇ ਸਾਰੇ ਮੈਂਬਰ ਇੱਕ ਪਾਸੇ ਤੇ ਮੈਂ ਕੱਲੀ। ਸਾਰੇ ਕਹਿਣ ਠੰਡ ਬਹੁਤ ਆ ਪਰ ਮੈਂ ਝੁਕਣਾ ਨਹੀਂ ਸੀ ਚਾਹੁੰਦੀ।

ਮੇਰੀ ਮਾਂ ਕਹੇ ਪੈਰ ਖਰਾਬ ਕਰ ਲਵੇਂਗੀ ਬੰਦ ਜੁੱਤੀ ਪਾ ਕੇ, ਜਾਹ ਪਰ ਮੇਰੀ ਜਿਦ ਸੀ ਕੀ ਜੇ ਪਾਉਣੀ ਹੈ ਤਾਂ ਆਪਣੀ ਪਸੰਦ ਦੀ ਜੁੱਤੀ ਨਹੀ ਤਾਂ ਆਪਣੇ ਪੈਰ ਛੱਡ ਕੇ ਗੁਆਂਢੀ ਦੇ ਪੈਰ ਵੀ ਖਰਾਬ ਹੋ ਜਾਣ।

ਗੱਲ ਕੀ ਮੈਂ ਆਪਣੇ ਥਾਂ ਅੜੀ ਰਹੀ ਤੇ ਮੇਰੇ ਪਰ ਬਾਪੂ ਦੇ ਆਪਣੇ ਅਸੂਲ ਸੀ। ਕਈ ਦਿਨ ਉਹ ਮਿੱਡੀ ਜਿਹੀ ਜੁੱਤੀ ਮੇਰਾ ਮੂੰਹ ਚਿੜਾਉਂਦੀ ਰਹੀ। ਅਖੀਰ ਮੰਮੀ ਨੇ ਝਿੜਕੇ ਮਾਰ ਕੇ ਸਕੂਲ ਲਈ ਤਿਆਰ ਕਰ ਦਿੱਤਾ ਜਦੋਂ ਜੁੱਤੀ ਪਾਉਣ ਦੀ ਵਾਰੀ ਆਈ ਤਾਂ ਮੈਂ ਗਰਮੀਆਂ ਵਾਲੀਆਂ ਚੱਪਲਾਂ ਪਾ ਕੇ ਪੈਰ ਪਟਕਾਉਂਦੀ ਸਕੂਲ ਨੂੰ ਤੁਰ ਗਈ।

ਉਸ ਦਿਨ ਮੇਰੇ ਪੈਰ ਸੁੰਨ ਜਿਹੇ ਹੋ ਕੇ ਡਲੇ ਵਾਲੀ ਬਰਫ ਵਰਗੇ ਹੋ ਗਏ ਸੀ। ਹੌਲੀ ਹੌਲੀ ਸਿਆਲ ਦੀ ਠੰਡ ਵਧਦੀ ਗਈ ਤੇ ਘਰਦਿਆਂ ਨੂੰ ਆਸ ਸੀ ਕਿ ਠੰਡ ਲੱਗੇਗੀ ਤਾਂ ਆਪੇ ਪਾ ਲਵੇਗੀ, ਪਰ ਇਉਂ ਹਾਰ ਮੰਨ ਲੈਣਾ ਮੈਨੂੰ ਚੰਗਾ ਨਹੀਂ ਸੀ ਲਗਦਾ।

ਇੱਕ ਦਿਨ ... ਦੋ ਦਿਨ ... ਤਿੰਨ ਦਿਨ .. ਤੇ ਫੇਰ ਦਿਨ ਹਫਤਿਆਂ ਵਿੱਚ ਲੰਘ ਗਏ। ਸਿਆਲਾਂ ਦੀ ਠੰਡ ਤੇ ਨਿਆਣੇ ਪੈਰ ਐਨੀਂ ਠੰਡ ਖਬਰੇ ਕਿਵੇਂ ਝੱਲ ਗਏ ਪਰ ਮੈਂ ਜ਼ਿਦ ਤੇ ਅੜੀ ਰਹੀ। ਇੱਕ ਰਾਤ ਮੰਮੀ ਨੇ ਗਰਮ ਪਾਣੀ ਕਰਕੇ ਸਾਡੇ ਪੈਰ ਧੋਣ ਦਾ ਜੁਗਾੜ ਜਿਹਾ ਬਣਾਇਆ।

**ਬਾਕੀ ਸਫ਼ਾ 30 'ਤੇ**

## ਇਤਿਹਾਸਕ ਦਿਹਾੜਾ

# ਅਮਰ ਸ਼ਹੀਦ ਬਾਬਾ ਦੀਪ ਸਿੰਘ

**ਬਲਵਿੰਦਰ ਸਿੰਘ ਕੋਟਕਪੂਰਾ**
**ਮੋ. 94171-85565**

ਮਹਾਨ ਸਿੱਖ ਯੋਧਾ ਬਾਬਾ ਦੀਪ ਸਿੰਘ ਦਾ ਜਨਮ 26 ਜਨਵਰੀ 1682 ਈਸਵੀ ਨੂੰ ਪਿੰਡ ਪਹੂਵਿੰਡ, ਤਹਿਸੀਲ ਪੱਟੀ ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਜਿਊਣੀ ਜੀ ਤੇ ਭਾਈ ਜਗਤ ਜੀ ਦੇ ਘਰ ਹੋਇਆ। ਬਚਪਨ ਵਿਚ ਮਾਤਾ-ਪਿਤਾ ਉਨਾਂ ਨੂੰ ਪਿਆਰ ਨਾਲ 'ਦੀਪਾ' ਕਹਿ ਕੇ ਬੁਲਾਉਂਦੇ ਸਨ। 18 ਸਾਲ ਦੀ ਉਮਰ ਵਿਚ ਆਪ ਆਪਣੇ ਮਾਤਾ-ਪਿਤਾ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਆਏ ਤੇ ਇੱਥੇ ਹੀ ਗੁਰੂ ਸਾਹਿਬ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਉਹ ਦੀਪਾ ਤੋਂ ਦੀਪ ਸਿੰਘ ਬਣੇ।

ਸਭ ਤੋਂ ਪਹਿਲਾਂ ਬਾਬਾ ਜੀ ਨੇ ਗੁਰਮੁੱਖੀ ਅੱਖਰਾਂ ਦਾ ਗਿਆਨ ਹਾਸਲ ਕੀਤਾ। ਇਸ ਉਪਰੰਤ ਆਪ ਨੇ ਮਹਾਨ ਸਿੱਖ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਬਾਣੀ ਦਾ ਗਿਆਨ ਲਿਆ ਤੇ ਬਾਣੀ ਕੰਠ ਕਰਨ ਲੱਗੇ। 20-22 ਸਾਲ ਦੀ ਉਮਰ ਵਿਚ ਹੀ ਬਾਬਾ ਦੀਪ ਸਿੰਘ ਜੀ ਘੋੜ ਸਵਾਰੀ ਤੇ ਸ਼ਸਤਰ ਵਿੱਦਿਆ ਪ੍ਰਾਪਤ ਕਰ ਕੇ ਸੂਰਬੀਰ ਸੈਨਿਕ ਬਣ ਗਏ। ਬਾਬਾ ਦੀਪ ਸਿੰਘ ਜੀ ਨੂੰ ਜਦੋਂ ਵੀ ਕਿਸੇ ਸਿੱਖ ਜਾਂ ਮਜ਼ਲੂਮ 'ਤੇ ਅੱਤਿਆਚਾਰ ਦੀ ਖ਼ਬਰ ਮਿਲਦੀ ਤਾਂ ਆਪ ਸਾਰੇ ਕੰਮ ਛੱਡ ਕੇ ਜ਼ਾਲਮਾਂ ਦੀ ਸੁਧਾਈ ਕਰਦੇ ਤੇ ਗ਼ਰੀਬਾਂ-ਮਜ਼ਲੂਮਾਂ ਦੀ ਰਾਖੀ ਦਾ ਪ੍ਰਬੰਧ ਕਰਦੇ। ਸੰਨ 1709 ਵਿਚ ਬਾਬਾ ਬੰਦਾ ਸਿੰਘ ਬਹਾਦਰ ਜਦੋਂ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਦੀਪ ਸਿੰਘ ਜੀ ਨੇ ਸਰਹਿੰਦ ਅਤੇ ਸਢੌਰਾ ਵਿਖੇ ਉਨਾਂ ਨਾਲ ਮਿਲ ਕੇ ਖ਼ਾਲਸਾ ਫ਼ੌਜ ਦੀਆਂ ਜਿੱਤਾਂ ਵਿਚ ਅਹਿਮ ਭੂਮਿਕਾ ਨਿਭਾਈ। ਸੰਨ 1756 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮੁਗਲਾਨੀ ਬੇਗਮ ਦੇ ਸੱਦੇ 'ਤੇ ਹਿੰਦੁਸਤਾਨ ਉੱਪਰ ਚੌਥਾ ਹਮਲਾ ਕੀਤਾ ਤਾਂ ਉਸ ਨੇ ਅਤਿਆਚਾਰਾਂ ਦੀ ਹੱਦ ਹੀ ਪਾਰ ਕਰ ਦਿੱਤੀ। ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਨੂੰ ਹਰ ਮੁਹਾਜ਼ 'ਤੇ ਸਿੱਖਾਂ ਦਾ ਸਾਹਮਣਾ ਕਰਨਾ ਪਿਆ ਤੇ ਖ਼ਾਲਸਾ ਫ਼ੌਜ ਨੇ ਉਸ ਦਾ ਭਾਰੀ ਨੁਕਸਾਨ ਕੀਤਾ। ਉਸ ਵੱਲੋਂ ਬੰਦੀ ਬਣਾਈਆਂ ਭਾਰਤੀ ਔਰਤਾਂ ਨੂੰ ਆਜ਼ਾਦ ਕਰਵਾਇਆ ਤੇ ਉਸ ਦਾ ਖ਼ਜ਼ਾਨਾ ਖੋਹ ਲਿਆ। ਅਹਿਮਦ ਸ਼ਾਹ ਅਬਦਾਲੀ ਵਤਨ ਪਰਤਣ ਵੇਲੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਬਣਾ ਗਿਆ ਤੇ ਆਪਣੇ ਫ਼ੌਜਦਾਰ ਜਹਾਨ ਖ਼ਾਂ ਨੂੰ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਸਖ਼ਤ ਹਦਾਇਤ ਦੇ ਗਿਆ।

ਤੈਮੂਰ ਸ਼ਾਹ ਤੇ ਜਹਾਨ ਖ਼ਾਂ ਦੀਆਂ ਫ਼ੌਜਾਂ ਨੇ ਅੰਮ੍ਰਿਤਸਰ ਸ਼ਹਿਰ ਨੂੰ ਨੇਸਤੋਨਾਬੂਦ ਕਰਨ ਦੇ ਨਾਲ-ਨਾਲ ਦਰਬਾਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਢਹਿ-ਢੇਰੀ ਕਰਨ ਦੇ ਨਾਲ ਪਵਿੱਤਰ ਸਰੋਵਰ ਨੂੰ ਮਲਬੇ ਨਾਲ ਪੂਰ ਦਿੱਤਾ ਤੇ ਗੁਰੂ ਘਰ ਦਾ ਰੱਜ ਕੇ ਨਿਰਾਦਰ ਕੀਤਾ।

ਜਹਾਨ ਖ਼ਾਂ ਜਦ ਭਾਰੀ ਫ਼ੌਜ ਲੈ ਕੇ ਅੰਮ੍ਰਿਤਸਰ ਪੁੱਜਾ ਤਾਂ ਬਾਬਾ ਗੁਰਬਖ਼ਸ਼ ਸਿੰਘ ਜੀ (ਪਿੰਡ ਲੀਲ ਵਾਲੇ) ਨੇ 30 ਕੁ ਸਾਥੀਆਂ ਨਾਲ ਉਸ ਦਾ ਡਟ ਕੇ ਮੁਕਾਬਲਾ ਕੀਤਾ ਤੇ ਸਾਰੇ ਸਿੰਘ ਸ਼ਹੀਦ ਹੋ ਗਏ। ਜਹਾਨ ਖ਼ਾਂ ਨੇ ਸ਼ਹਿਰ ਦੇ ਸਾਰੇ ਵਸਦੇ-ਰਸਦੇ ਮਕਾਨ ਢਾਹ ਦਿੱਤੇ ਅਤੇ ਪਵਿੱਤਰ ਸਰੋਵਰ ਤੇ ਦਰਬਾਰ ਸਾਹਿਬ ਦੀ ਇਮਾਰਤ ਨੂੰ ਵੀ ਗਿਰਾ ਕੇ ਸਖ਼ਤ ਫ਼ੌਜੀ ਪਹਿਰਾ ਲਾ ਕੇ ਵਾਪਸ ਲਾਹੌਰ ਪਰਤ ਗਿਆ। ਅੰਮ੍ਰਿਤਸਰ ਸ਼ਹਿਰ ਵਿਚ ਜਹਾਨ ਖ਼ਾਂ ਦੇ ਜ਼ੁਲਮਾਂ ਨਾਲ ਹਾਹਾਕਾਰ ਮਚ ਗਈ।

ਬਾਬਾ ਦੀਪ ਸਿੰਘ ਜੀ ਉਸ ਸਮੇਂ ਸ੍ਰੀ ਦਮਦਮਾ ਸਾਹਿਬ ਵਿਖੇ ਸਨ। ਇਕ ਸਿੱਖ ਜਥੇਦਾਰ ਭਾਗ ਸਿੰਘ ਨੇ ਉੱਥੇ ਪਹੁੰਚ ਕੇ ਸਾਰੀ ਘਟਨਾ ਦੱਸੀ ਤਾਂ ਬਾਬਾ ਦੀਪ ਸਿੰਘ ਜੀ ਦਾ ਖ਼ੂਨ ਉਬਾਲੇ ਮਾਰਨ ਲੱਗਾ। ਉਨਾਂ ਨੇ ਨਗਾਰਚੀ ਨੂੰ ਨਗਾਰੇ 'ਤੇ ਚੋਟ ਲਗਾਉਣ ਦਾ ਹੁਕਮ ਦਿੱਤਾ। ਨਗਾਰੇ 'ਤੇ ਚੋਟ ਵੱਜਣ ਨਾਲ ਡੇਰੇ ਤੇ ਨਗਰ ਦੇ ਸਾਰੇ ਸਿੰਘ ਇਕੱਤਰ ਹੋ ਗਏ। ਬਾਬਾ ਦੀਪ ਸਿੰਘ ਨੇ ਪਵਿੱਤਰ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਬੇਅਦਬੀ ਦਾ ਬਦਲਾ ਲੈਣ ਲਈ ਸਿੰਘਾਂ ਸਾਹਮਣੇ ਆਪਣੇ ਖੰਡੇ ਨਾਲ ਲਕੀਰ ਖਿੱਚੀ ਤੇ ਕਿਹਾ ਕਿ ਜੋ ਸਿੱਖ ਅਣਖ ਤੇ ਸਿੱਖੀ ਦੀ ਸ਼ਾਨ ਲਈ ਲਈ ਮੌਤ ਦੀ ਲੜਾਈ



26 ਜਨਵਰੀ 'ਤੇ ਵਿਸ਼ੇਸ਼

ਵਿਚ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਲਕੀਰ ਟੱਪ ਆਵੇ। ਬਾਬਾ ਜੀ ਦੀ ਲਲਕਾਰ ਸੁਣ ਸਣ ਕੇ ਸਾਰੇ ਸਿੰਘ ਲਕੀਰ ਟੱਪ ਕੇ ਉਨਾਂ ਵਾਲੇ ਪਾਸੇ ਆ ਗਏ। ਤਰਨਤਾਰਨ ਸਾਹਿਬ ਪੁੱਜਣ ਤਕ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਹੋ ਗਈ। ਸਿੰਘਾਂ ਦੇ ਇਕੱਠ ਦੀ ਖ਼ਬਰ ਲਾਹੌਰ ਦਰਬਾਰ ਵਿਚ ਵੀ ਪੁੱਜੀ। ਜਹਾਨ ਖ਼ਾਂ ਨੂੰ ਆਪਣੇ ਹੱਥਾਂ-ਪੈਰਾਂ ਦੀ ਪੈ ਗਈ। ਉਹ 2000 ਫ਼ੌਜ ਲੈ ਕੇ ਅੰਮ੍ਰਿਤਸਰ ਪੁੱਜਾ। ਅੰਮ੍ਰਿਤਸਰ ਤੋਂ ਪੰਜ ਮੀਲ ਦੀ ਦੂਰੀ 'ਤੇ ਸਿੰਘਾਂ ਦੇ ਦਲ ਦਾ ਜਹਾਨ ਖ਼ਾਂ ਦੀ ਫ਼ੌਜ ਨਾਲ ਟਾਕਰਾ ਹੋਇਆ। ਸਿੰਘਾਂ ਨੇ ਖ਼ੂਬ ਖੰਡਾ ਖੜਕਾਇਆ ਤੇ ਜਹਾਨ ਖ਼ਾਂ ਦੀ ਫ਼ੌਜ ਵਿਚ ਭਗਦੜ ਮੱਚ ਗਈ।

ਮੱਲਾਂ ਮਾਰਦਾ ਸਿੰਘਾਂ ਦਾ ਦਲ ਰਾਮਸਰ ਵਿਖੇ ਪੁੱਜਾ। ਇੰਨੇ ਨੂੰ ਇਹ ਹੋਰ ਸ਼ਾਹੀ ਜਰਨੈਲ ਅਤਾਈ ਖ਼ਾਨ ਫ਼ੌਜ ਲੈ ਕੇ ਆਣ ਪੁੱਜਾ ਤੇ ਇਕ ਵਾਰੀ ਫਿਰ ਘਮਸਾਣ ਦਾ ਯੁੱਧ ਸ਼ੁਰੂ ਹੋ ਗਿਆ। ਇਸ ਵੇਲੇ ਬਾਬਾ ਦੀਪ ਸਿੰਘ ਜੀ 18 ਸੇਰ ਦਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਲਾਉਂਦੇ ਹੋਏ ਅੱਗੇ ਵੱਧ ਰਹੇ ਸਨ। ਦੁਸ਼ਮਣ ਫ਼ੌਜ ਦੇ ਇਕ ਜਰਨੈਲ ਅਮਾਨ ਖ਼ਾਂ ਦਾ ਬਾਬਾ ਜੀ ਨਾਲ ਸਾਹਮਣਾ ਹੋਇਆ। ਇਸ ਦੌਰਾਨ ਉਸ ਦੀ ਤਲਵਾਰ ਦਾ ਇਕ ਵਾਰ ਬਾਬਾ ਜੀ ਦੀ ਧੌਣ ਉੱਪਰ ਲੱਗਾ ਤੇ ਬਾਬਾ ਜੀ ਦਾ ਸਿਰ ਇਕ ਪਾਸੇ ਵੱਲ ਉਲਟ ਪਿਆ। ਇਕ ਸਿੱਖ ਨੇ ਆਵਾਜ਼ ਮਾਰੀ, 'ਬਾਬਾ ਜੀ, ਤੁਸੀਂ ਤਾਂ ਸੀਸ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦੇਣ ਦਾ ਪ੍ਰਣ ਕੀਤਾ ਸੀ।' ਸਿੱਖ ਦੀ ਆਵਾਜ਼ ਕੰਨੀਂ ਪੈਣ 'ਤੇ ਬਾਬਾ ਜੀ ਨੇ ਆਪਣਾ ਸੀਸ ਖੱਬੇ ਹੱਥ ਨਾਲ ਸੰਭਾਲਿਆਂ ਤੇ ਖੰਡਾ ਵਾਹੁੰਦੇ ਹੋਏ ਚਾਟੀਵਿੰਡ ਤਕ ਪਹੁੰਚ ਗਏ। ਦੁਸ਼ਮਣਾਂ ਦੇ ਘੇਰੇ ਵਿਚ ਜਕੜੇ ਹੋਏ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਆਪਣਾ ਸੀਸ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਭੇਟ ਕਰ ਦਿੱਤਾ। ਬਾਬਾ ਜੀ ਸਿੱਖ ਧਰਮ ਤੇ ਸ੍ਰੀ ਦਰਬਾਰ ਸਾਹਿਬ ਦੀ ਆਨ-ਬਾਨ-ਸ਼ਾਨ ਨੂੰ ਕਾਇਮ ਰੱਖਣ ਲਈ 11 ਨਵੰਬਰ 1760 ਨੂੰ ਸ਼ਹਾਦਤ ਦਾ ਜਾਮ ਪੀ ਗਏ।



# ਵਿਰਾਸਤ ਦਾ ਚਹੇਤਾ ਨੌਜਵਾਨ 'ਜਗਨ ਉਗੋਕੇ ਧਾਲੀਵਾਲ'



**ਤਸਵਿੰਦਰ ਸਿੰਘ ਬੜੈਚ**

**ਮੋਬਾ-7527931887**

ਮਨੁੱਖ ਆਵਦੇ ਗੁਣਾਂ-ਆਦਤਾਂ, ਸੋਚ ਅਤੇ ਸੁਭਾਅ ਕਰਕੇ ਹੀ ਇਸ ਸ੍ਰਿਸ਼ਟੀ ਤੇ ਸਭ ਤੋਂ ਉੱਤਮ ਮੰਨਿਆਂ ਜਾਂਦਾ ਹੈ, ਇਨਾਂ ਹੀ ਸਾਰਿਆਂ ਦੇ ਪ੍ਰਭਾਵ 'ਚੋਂ ਉਤਰ ਕੇ ਆਏ ਇੱਕ ਅੰਗ ਨੂੰ ਅਸੀਂ 'ਸ਼ੌਂਕ' ਕਹਿੰਦੇ ਹਾਂ। ਜਿਹੜਾ ਕਿ ਸਦੀਵ ਕਾਲ ਤੋਂ ਹੀ ਮਨੁੱਖ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਿਆ ਹੋਇਆ ਹੈ। ਆਮ ਤੌਰ 'ਤੇ ਕੋਈ ਵਿਆਕਤੀ ਜਿਸ ਤਰਾਂ ਦੇ ਸ਼ੌਂਕ ਰੱਖਦਾ ਹੈ ਉਹ ਉਸਦੇ ਆਲੇ-ਦੁਆਲੇ, ਸਿੱਖਿਆ ਜਾਂ ਉਸ ਸਮੇਂ ਦੇ ਤੌਰ-ਤਰੀਕਿਆਂ ਨਾਲ ਜੁੜੇ ਹੁੰਦੇ ਹਨ, ਜਿਸ ਵਿੱਚ ਉਹ ਵਿਆਕਤੀ ਵਿਚਰ ਰਿਹਾ ਹੋਵੇ। ਉਥੇ ਹੀ ਦੂਜੇ ਪਾਸੇ ਕਈ ਵਾਰ ਸਾਨੂੰ ਇਸੇ ਦੁਨੀਆਂ 'ਚ ਰਹਿਣ ਵਾਲੇ ਕੁੱਝ ਖਾਸ ਲੋਕਾਂ ਬਾਰੇ ਪੜਨ ਸੁਣਨ ਦਾ ਸ਼ੌਂਕ ਮਿਲਦਾ ਹੈ। ਜਿਹੜੇ ਕਿ ਆਪਣੀ ਅਨੌਖੀ ਸੂਝ-ਬੂਝ, ਵਿਚਾਰਾਂ ਜਾਂ ਕਿਸੇ ਹੋਰ ਵਿਲੱਖਣ ਸ਼ੌਂਕ ਕਰਕੇ ਹੋਰ ਦੁਨੀਆਂ ਨੂੰ ਆਪਣੇ ਵੱਲ ਮੋਹ ਲੈਣ ਦਾ ਹੁਨਰ ਰੱਖਦੇ ਹਨ। ਜੀ ਹਾਂ, ਇਸ ਲਿਖਤ ਦੁਆਰਾ ਤੁਹਾਨੂੰ ਅੱਜ ਇਕ ਅਜਿਹੀ ਸ਼ਖਸੀਅਤ ਨਾਲ ਰੂਬਰੂ ਕਰਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜੋ ਕਿ ਅਜੋਕੇ ਸਮਾਜ ਵਿੱਚ ਆਪਣੇ ਵਿਲੱਖਣ ਸ਼ੌਂਕ ਕਰਕੇ ਹੀ ਆਪਣੀ ਪਹਿਚਾਣ ਬਣਾ ਰਿਹਾ ਹੈ। ਉਮਰ ਦੇ ਪੱਖ ਤੋਂ ਤਾਂ ਇਹ 25-26 ਸਾਲ ਦਾ ਨੌਜਵਾਨ ਹੈ, ਪਰ ਉਸਦੀ ਸੂਝ-ਬੂਝ ਤੇ ਉਸਦੀ ਉਮਰ ਦੇ ਲਿਹਾਜ ਨਾਲ ਬਹੁਤ ਡੂੰਘੇ ਤੇ ਉੱਚੇ ਹਨ। ਜਗਨ ਉਗੋਕੇ ਧਾਲੀਵਾਲ ਆਪਣੇ ਇਨਾਂ ਵਿਲੱਖਣ ਸ਼ੌਂਕਾਂ ਕਰਕੇ ਹੀ ਅੱਜ ਦੇ ਸਮੇਂ ਵਿਚ ਸਭ ਦਾ ਹਰਮਨ ਪਿਆਰਾ ਹੈ। ਜਿਨਾਂ ਬਾਰੇ ਅਸੀਂ ਗੱਲ ਕਰਾਂਗੇ। ਜਗਨ ਧਾਲੀਵਾਲ ਦਾ ਜਨਮ ਸ. ਜਸਵੀਰ ਸਿੰਘ ਅਤੇ ਸ੍ਰੀਮਤੀ ਬੇਅੰਤ ਕੌਰ ਜੀ ਦੇ ਘਰ, ਜ਼ਿਲਾ ਬਰਨਾਲਾ ਅਧੀਨ ਪੈਂਦੇ ਪਿੰਡ ਉਗੋਕੇ ਵਿਖੇ ਹੋਇਆ। ਹਾਲ ਹੀ ਵਿੱਚ ਕੀਤੀ ਗਈ ਗੱਲਬਾਤ ਦੌਰਾਨ ਜਗਨ ਨੇ ਦੱਸਿਆ ਕਿ ਉਹ ਬਹੁਤ ਸਧਾਰਨ ਤਰੀਕੇ ਨਾਲ ਰਹਿਣਾ ਪਸੰਦ ਕਰਦਾ ਹੈ। ਭਾਵ ਜਿਥੋਂ ਹਰ ਤਰਾਂ ਨਾਲ ਕੁਦਰਤ ਅਤੇ ਵਿਰਾਸਤ ਨਾਲ ਜੁੜੇ ਹੋਣ ਦਾ ਅਹਿਸਾਸ ਹੁੰਦਾ ਹੋਵੇ, ਉਹ ਬਹੁਤ ਦੇਸੀ ਅਤੇ ਸਾਦਾ ਰਹਿਣਾ ਪਸੰਦ ਕਰਦਾ ਹੈ। ਸਾਦਾ ਖਾਂਦਾ ਹੈ, ਸਾਦਾ ਪਾਉਂਦਾ ਹੈ ਅਤੇ ਸਾਦਾ ਜੀਵਨ ਜਿਉਂਦਾ ਹੈ। ਭਾਵ ਕਿ ਸਾਨੂੰ ਜਗਨ ਦੇ ਰਹਿਣ-ਸਹਿਣ ਅਤੇ ਗੱਲਬਾਤ 'ਚੋਂ ਹੀ ਉਸਦੀਆਂ ਰੁਚੀਆਂ ਦੀ ਝਲਕ ਮਿਲ ਜਾਂਦੀ ਹੈ।

ਜਗਨ ਪੰਜਾਬੀ ਸੱਭਿਆਚਾਰ ਨੂੰ ਰੂਹ ਤੋਂ ਪਿਆਰ ਕਰਨ ਵਾਲਾ ਅਤੇ ਸੱਭਿਆਚਾਰ ਨਾਲ ਜੁੜ ਕੇ ਰਹਿਣ ਵਾਲਾ ਇਨਸਾਨ ਹੈ। ਉਹ ਕਦੇ ਵੀ ਕੂਲਰ, ਪੱਖੇ ਜਾਂ ਏ.ਸੀ. ਦੀ ਹਵਾ 'ਚ ਨਹੀਂ ਬੈਠਦਾ ਤੇ ਕੁਦਰਤੀ ਮੌਸਮ ਦਾ ਆਨੰਦ ਮਾਣਦਾ ਹੈ। ਉਸਦੀ ਖੁਰਾਕ ਵੀ ਬਿਲਕੁਲ ਦੇਸੀ ਤੇ ਸਾਦੀ ਹੈ ਜੋ ਕਿ ਉਸਨੂੰ ਸਰੀਰਕ ਪੱਖੋਂ ਸਦਾ ਤੰਦਰੁਸਤ ਰੱਖਦੀ ਹੈ। ਉੱਥੇ ਹੀ ਜਗਨ ਦਾ ਇਹ ਮੰਨਣਾ ਹੈ ਕਿ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਤੰਦਰੁਸਤੀ ਹੋਣੀ ਵੀ ਬਹੁਤ ਜਰੂਰੀ ਹੈ। ਜਿਸ ਕਰਕੇ ਉਹ ਸੰਗੀਤ ਸੁਣਨ ਦਾ ਬਹੁਤ ਸ਼ੌਂਕੀਨ ਹੈ, ਕਿਉਂਕਿ ਸੰਗੀਤ ਸਾਡੇ ਰੂਹ ਦੀ ਖੁਰਾਕ ਹੁੰਦਾ ਹੈ।

ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸੰਗੀਤ ਦੇ ਜ਼ਮਾਨੇ 'ਚ ਵੀ ਜਗਨ ਦਾ ਸ਼ੌਂਕ ਆਮ ਨਾਲੋਂ ਬਹੁਤ ਵੱਖਰਾ ਅਤੇ ਵਿਰਾਸਤੀ ਹੈ। ਜਗਨ ਅੱਜ ਕੱਲ ਦੇ ਭੜਕੀਲੇ ਗੀਤਾਂ ਤੋਂ ਕੋਹਾਂ ਦੂਰ ਰਹਿਣਾ ਪਸੰਦ ਕਰਦਾ ਹੈ। ਉਸਨੂੰ ਸਦਾ ਵਿਰਾਸਤੀ ਗੀਤ ਸੁਣਨੇ ਹੀ ਚੰਗੇ ਲੱਗਦੇ ਹਨ। ਸੰਗੀਤ ਸਾਡੇ ਰੂਹ 'ਤੇ ਡੂੰਘਾ ਪ੍ਰਭਾਵ ਛਡਦਾ ਹੈ। ਇਸ ਲਈ ਆਪਣੀ ਸੋਚ ਨੂੰ ਹੋਰ ਸੁਚਾਰੂ ਬਣਾਉਂਦੇ ਹੋਏ ਜਗਨ ਅੱਜ ਦੇ ਭੜਕੀਲੇ ਗੀਤਾਂ ਤੋਂ ਦੂਰੀ ਬਣਾਉਂਦੇ ਹੋਏ ਉਸ ਸਮੇਂ ਦੇ ਗੀਤਾਂ ਨੂੰ ਤਰਜੀਹ ਦਿੰਦੇ ਹਨ, ਜਦੋਂ ਨਾ ਤਾਂ ਸੋਸ਼ਲ ਮੀਡੀਆ ਦਾ ਜ਼ਮਾਨਾ ਸੀ ਅਤੇ ਨਾ ਹੀ ਡੈੱਕ ਕੈਸਟਾਂ ਦਾ।

ਜੀ, ਹਾਂਜੀ ਬਿਲਕੁਲ ਸਹੀ ਸਮਝੇ ਤੁਸੀਂ। ਜਗਨ ਤਵਿਆਂ ਵਾਲੇ ਰਿਕਾਰਡਾਂ ਦਾ ਸ਼ੌਂਕੀਨ ਹੈ। ਭਾਵੇਂ ਕਿ ਇਹ ਸ਼ੌਂਕ ਉਸਨੂੰ ਬਚਪਨ ਤੋਂ ਹੀ ਉਸਦੇ ਪਿਤਾ ਜੀ ਕੋਲੋਂ ਵਿਰਾਸਤ ਵਿਚ ਮਿਲਿਆ ਪਰ ਅੱਜ ਦੇ ਸਮੇਂ ਵਿਚ ਉਹ ਉਨਾਂ ਨਾਲੋਂ ਵੀ ਜਿਆਦਾ ਇਸ ਵਿਰਸੇ ਨਾਲ ਜੁੜਿਆ ਹੋਇਆ ਹੈ। ਜਗਨ ਕੋਲ ਸਾਰੇ ਹੀ ਪੁਰਾਣੇ ਕਲਾਕਾਰਾਂ ਦੇ 33-45 ਦੀ ਸਪੀਡ ਦੇ ਪਲਾਸਿਟਕ ਦੇ ਛੋਟੇ-ਵੱਡੇ ਰਿਕਾਰਡ ਮੌਜੂਦ ਹਨ। ਬਾਕੀ ਜਿਵੇਂ ਪੱਥਰ ਦੇ ਤਵੇ ਜੋ 78 ਦੀ ਸਪੀਡ 'ਤੇ ਚੱਲਦੇ ਹਨ, ਉਹ ਵੀ ਮੌਜੂਦ ਹਨ। ਉਸ ਕੋਲ ਅਜਿਹੇ ਗੀਤਾਂ ਦੀ ਪੂੰਜੀ ਵੀ ਜਮਾਂ ਹੈ ਜਿਹੜੇ ਕਿ ਇੰਟਰਨੈੱਟ 'ਤੇ ਵੀ ਨਹੀਂ ਮਿਲ ਸਕਦੇ। ਆਪਣੀ ਇਸ ਵਿਰਾਸਤ ਨਾਲ ਉਸਨੂੰ ਇਕ ਖਾਸ ਲਗਾਓ ਹੈ। ਉਸਦਾ ਕਹਿਣਾ ਹੈ ਕਿ ਅਸੀਂ ਆਪਣੀ ਜ਼ਿੰਦਗੀ ਨਾਲ ਮੈਂ ਇਨਾਂ ਸਭ ਰੀਝਾਂ ਨੂੰ ਇਸੇ ਤਰਾਂ ਹੀ ਸੰਭਾਲ ਕੇ ਰੱਖਾਂਗਾ।

ਜਗਨ ਕੋਲ ਕਲਦੀਪ ਮਾਣਕ, ਮੁਹੰਮਦ ਸਦੀਕ, ਰਣਜੀਤ ਕੌਰ, ਦੀਦਾਰ ਸੰਧੂ, ਨਰਿੰਦਰ ਬੀਬਾ, ਕਰਨੈਲ



ਗਿੱਲ, ਗੁਰਮੀਤ ਬਾਵਾ, ਸੁਰਿੰਦਰ ਕੌਰ, ਸੁਰਿੰਦਰ ਛਿੰਦਾ, ਲਾਲ ਚੰਦ ਯਮਲਾ ਜੱਟ, ਰਮੇਸ਼ ਰੰਗੀਲਾ, ਆਸਾ ਸਿੰਘ ਮਸਤਾਨਾ, ਚਾਂਦੀ ਰਾਮ ਚਾਂਦੀ, ਹਰਚਰਨ ਗਰੇਵਾਲ, ਅਮਰ ਸਿੰਘ ਸ਼ੌਂਕੀ, ਰੰਗੀਲਾ ਜੱਟ, ਕਰਮਜੀਤ ਧੂਰੀ, ਆਦਿ ਹੋਰ ਵੀ ਕਈ ਕਲਾਕਾਰਾਂ ਦੇ ਤਵੇ ਸੰਭਾਲੇ ਹੋਏ ਹਨ। ਇਸ ਤੋਂ ਇਲਾਵਾ ਧਾਰਮਿਕ ਗੀਤ ਢਾਡੀ ਜਥੇ, ਕਵੀਸ਼ਰੀ, ਜਪੁਜੀ ਸਾਹਿਬ, ਰਹਿਰਾਸ ਸਾਹਿਬ, ਆਸਾ ਜੀ ਦੀ ਵਾਰ, ਜਨਮ ਸਾਖੀਆਂ, ਕਿੱਸਾ ਪੂਰਨ ਭਗਤ, ਸਰਵਨ, ਰੂਪ ਬਸੰਤ ਆਦਿ ਵੀ ਮੌਜੂਦ ਹਨ।

ਇਸ ਸਭ ਤੋਂ ਇਲਾਵਾ ਜਗਨ ਕੁਦਰਤ ਨਾਲ ਨੇੜਤਾ ਰੱਖਣ ਵਾਲਾ ਇਕ ਹੋਣਹਾਰ ਨੌਜਵਾਨ ਹੈ, ਜਗਨ ਕੁਦਰਤ ਦੇ ਬਹੁਤ ਨੇੜੇ ਹੈ। ਉਸਨੂੰ ਪਸ਼ੂ ਪੰਛੀਆਂ ਅਤੇ ਜਾਨਵਰਾਂ ਨਾਲ ਬਹੁਤ ਲਗਾਵ ਹੈ। ਆਪਣੇ ਵਿਹਲੇ ਸਮੇਂ ਵਿੱਚ ਉਹ ਭੁੱਖੇ-ਪਿਆਸੇ ਪਸ਼ੂ-ਪੰਛੀਆਂ ਨੂੰ ਖਾਣਾ ਅਤੇ ਪਾਣੀ ਵੀ ਦਿੰਦਾ ਹੈ। ਜਗਨ ਨੂੰ ਪਿੰਡ ਦੇ ਖੁੱਲੇ-ਡੁੱਲੇ ਮਾਹੌਲ ਅਤੇ ਹਰਿਆਲੀ ਨਾਲ ਬਹੁਤ ਪਿਆਰ ਹੈ। ਉਹ ਵਾਤਾਵਰਨ ਸੰਬੰਧੀ ਕਾਰਜ ਕਰਨ ਦੀ ਵੀ ਰੁਚੀ ਰੱਖਦਾ ਹੈ, ਜਿਵੇਂ ਕਿ ਸਾਡੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਾ ਅਤੇ ਜ਼ਿਆਦਾ ਤੋਂ ਜਿਆਦਾ ਦਰੱਖਤ ਲਗਾਉਣੇ।

ਅੱਜ-ਕੱਲ ਜਿਥੇ ਬੱਚਿਆਂ ਨੂੰ ਸਾਰਾ-ਸਾਰਾ ਦਿਨ ਇੰਟਰਨੈੱਟ ਤੋਂ ਹੀ ਫੁਰਸਤ ਨਹੀਂ ਮਿਲਦੀ ਇਹ ਨੌਜਵਾਨ ਆਵਦੀ ਕਿਰਤ-ਕਮਾਈ ਦੇ ਨਾਲ-ਨਾਲ ਵਿਰਾਸਤ ਤਾਂ ਸਾਂਭ ਹੀ ਰਿਹਾ ਹੈ, ਸਗੋਂ ਨਾਲ ਹੀ ਆਪਣਾ ਕੁੱਝ ਸਮਾਂ ਪਿੰਡ ਦੀ ਸੱਥ 'ਚ ਬੈਠੇ ਬਜੁਰਗਾਂ ਨਾਲ ਬਿਤਾਉਣਾ ਵੀ ਬਹੁਤ ਪਸੰਦ ਕਰਦਾ ਹੈ। ਜਿਹੜੇ ਕਿ ਅਸਲ ਵਿੱਚ ਸਾਡੀ ਵਿਰਾਸਤ ਦਾ ਜਿਉਂਦਾ-ਜਾਗਦਾ ਸਰਮਾਇਆ ਹਨ। ਉਸਦਾ ਮੰਨਣਾ ਹੈ ਕਿ ਸਾਡੇ ਦਾਦੇ-ਬਾਬੇ ਸਾਡੀ ਵਿਰਾਸਤ ਦਾ ਬੋਹੜ ਹਨ। ਸੋ ਉਸਦੇ ਹਾਸੇ-ਠੱਠੇ ਤੇ ਖੁਸ਼ੀਆਂ ਵੀ ਉਹ ਇਨਾਂ ਨਾਲ ਹੀ ਸਾਂਝੀਆਂ ਕਰਦਾ ਹੈ। ਮੇਰੇ ਹਿਸਾਬ ਨਾਲ ਤੇ ਹਸ ਨੌਜਵਾਨ ਨੂੰ 'ਵਿਰਸੇ ਦਾ ਸ਼ਹਿਨਸ਼ਾਹ', 'ਵਿਰਸੇ ਦਾ ਪੁਜਾਰੀ', ਜਾਂ 'ਵਿਰਾਸਤ ਦੀ ਰੀੜ ਦੀ ਹੱਡੀ' ਆਦਿ ਕੁੱਝ ਵੀ ਕਹਿ ਲੈਣ 'ਚ ਅਸੀਂ ਗੁਰੇਜ ਨਹੀਂ ਕਰ ਸਕਦੇ।

ਜਗਨ ਦੀ ਇਸ ਦੁਰਲੱਭ ਸੋਚ ਅਤੇ ਵਡਮੁੱਲੇ ਸ਼ੌਂਕ ਲਈ ਅਸੀਂ ਤਹਿ ਦਿਲ ਤੋਂ ਇਸ ਦੇ ਧੰਨਵਾਦੀ ਹੋਈਏ ਅਤੇ ਇਸ ਨੌਜਵਾਨ ਦੀ ਹੌਸ਼ਲਾ ਅਫ਼ਜਾਈ ਲਈ ਆਪਣੇ ਰੁਝੇਵਿਆਂ 'ਚੋਂ ਕੁੱਝ ਸਮਾਂ ਕੱਢਦੇ ਹੋਏ ਉਸ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰਨ ਦਾ ਯਤਨ ਕਰੀਏ। ਅਸੀਂ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਉਸਨੂੰ ਆਪਣੇ ਮਾਰਗ ਉੱਤੇ ਨਿਰੰਤਰ ਚੱਲਦੇ ਰਹਿਣ ਦਾ ਬਲ-ਬਖ਼ਸ਼ੇ। ਇਸੇ ਤਰਾਂ ਹੀ ਇਹ ਆਪਣੇ ਜੀਵਨ ਵਿੱਚ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ ਤਾਂ ਜੋ ਸਾਡੇ ਹੋਰ ਵੀ ਨੌਜਵਾਨ ਵੀਰ ਜਗਨ ਉਗੋਕੇ ਪਾਸੋਂ ਇਨਾਂ ਅਨਮੋਲ ਰੁਝੇਵਿਆਂ ਦੀ ਸੇਧ ਲੈ ਸਕਣ। ਵਾਹਿਗੁਰੂ ਸਦਾ ਇਸ ਲੌਜਵਾਨ ਤੇ ਆਪਣੀ ਕ੍ਰਿਪਾ ਬਣਾ ਕੇ ਰੱਖੇ, ਤਾਂ ਜੋ ਪੀੜੀ ਦਰ ਪੀੜੀ ਚੱਲਿਆ ਆ ਰਿਹਾ ਸੱਭਿਅਤਾ ਦਾ ਇਹ ਸਰਮਾਇਆ ਨਵੀਂ ਪੀੜੀ ਲਈ ਖਿੱਚ ਦਾ ਕਾਰਨ ਬਣਿਆ ਰਹੇ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਮਨ ਪਰਚਾਵੇ

ਹੁਣ ਪੰਜ ਛੇ ਕੁੜੀਆਂ ਮਹੱਲੇ ਵਿਚ ਆ ਕੇ ਬੋਲੀਆਂ, 'ਆਓ, ਭੈਣੇ ਖੇਡੀਏ'। ਇੱਕ ਆਖਿਆ, 'ਅਸਾਂ ਤੇ ਖੇਡਣਾ ਨਹੀਂ, ਅਸਾਡਾ ਪੈਰ ਦੁਖਦਾ ਜੇ, ਜੇ ਤੁਹਾਡੀ ਸਲਾਹ ਹੋਵੇ ਤਾਂ ਬੈਠ ਕੇ ਪਹੇਲੀਆਂ ਪਾਓ'। ਇਹ ਸੁਣ ਕੇ ਕਿਸੇ ਰਾਜੇ ਰਾਣੀ ਦੀ ਤੇ ਕਿਸੇ ਚਿੜੀ ਚਿੜੇ ਦੀ ਕਥਾ ਪਾਈ। ਇਕ ਉਨਾਂ ਵਿਚੋਂ ਉਲੂ ਦੀ ਕਥਾ ਪਾ ਕੇ ਬੋਲੀ, 'ਬੱਸ ਭੈਣ ਨੰਦੀ ਅਸਾਨੂੰ ਤੇ ਇਹ ਇਕ ਹੀ ਆਂਦੀ ਸਾਈ, ਸੋ ਅਸਾਂ ਸੁਣਾ ਛੱਡੀ, ਹੁਣ ਤੂੰ ਸੁਣਾਉ।' ਉਸ ਆਖਿਆ, 'ਅੜੀਏ! ਸੁਣਨ ਵਾਲੀਆਂ ਕਥਾ ਥੀਂ ਅਸਾਂ ਨੂੰ ਨੀਂਦਰ ਆਂਦੀ ਨੇ ਕੋਈ ਬੁੱਝਣ ਵਾਲੀਆਂ ਪਹੇਲੀਆਂ ਪਾਓ।'

ਉਨਾਂ ਵਿਚੋਂ ਇਕ ਬੋਲੀ, 'ਭਲਾ ਬੁੱਝੋ ਖਾਂ- ਇਤਨੀ ਕੁ ਰਾਈ, ਸਾਰੇ ਪਿੰਡ 'ਚ ਖਿੰਡਾਈ।' ਪਹਿਲਾਂ ਤੇ ਕੁਝ ਚਿਰ ਸੋਚ ਵਿਚ ਪਈਆਂ, ਪਰ ਫੇਰ ਆਖਿਆ, 'ਭੈਣ, ਏਹ ਤਾਂ ਅੱਗ ਜਾਪਦੀ ਜੇ' ਉਸ ਆਖਿਆ 'ਅਹਾਂ ਨੀ, ਅਹਾਂ ਇਹ ਅੱਗ ਹੀ ਜੇ।' ਫਿਰ ਇਕ ਕੁੜੀ ਆਖਿਆ, 'ਲਓ ਮੇਰੀ ਫੜੇਲੀ ਬੁੱਝੋ, ਥੜੇ ਉੱਤੇ ਥੜਾ, ਉੱਪਰ ਲਾਲ ਕਬੂਤਰ ਖੜਾ।' ਇਕ ਕੁੜੀ ਇਹ ਭੀ ਬੁਝ ਲੀਤੀ ਕਿ ਭੈਣ ਆਹ ਦੀਵਾ ਹਈ।

ਫੇਰ ਇਕ ਕੁੜੀ ਬੋਲੀ, 'ਹੱਛਾ ਭੈਣੋ। ਇੱਕ ਬਾਤ ਮੇਰੀ ਭੀ ਬੁੱਝੋ ਖਾਂ ਤਦ ਤੁਹਾਡੀ ਚਤਰਾਈ ਮੰਨਾਂਗੀ-ਕਥਾ ਪਾਮਾਂ ਕਬੋਲੀ ਪਾਮਾ ਸੁਣ ਖਾਂ ਭਾਈ ਹਕੀਮਾ, ਲੱਕੜੀਆਂ ਤੋਂ ਪਾਣੀ ਕੀਤਾ ਪਾਣੀਓਂ ਕੀਤੀਆਂ ਢੀਮਾਂ।' ਇਹ ਫੜੇਲੀ ਸੁਣ ਕੇ ਸੱਭੇ ਸੋਚ ਵਿਚ ਪਈਆਂ ਅਤੇ ਬੋਲੀਆਂ 'ਭੈਣੇ ਇਹ ਤਾਂ ਕੋਈ ਔਖੀ ਫੜੇਲੀ ਪਾਈ ਨੇ ਜੋ ਅਸਾਂ ਤੇ ਬੁੱਝ ਨਹੀਂ ਹੁੰਦੀ। ਭਲਾ ਦੱਸ ਖਾਂ ਖਾਣ ਵਿੱਚੋਂ ਕਿ ਵਰਤਣੇ ਵਿੱਚ?' ਉਸ ਆਖਿਆ, 'ਵਰਤਣੇ ਵਿਚ ਭੀ ਹੈ ਖਾਣੇ ਵਿਚ ਭੀ ਆਂਦੀ ਜੇ।' ਉਨਾਂ ਫੇਰ ਧਿਆਨ ਕਰ ਕੇ ਭੀ ਜਾਂ ਕੁਝ ਨਾ ਦੱਸਿਆ ਤਾਂ ਆਖਿਆ, 'ਭੈਣੇ ਇਹ ਤੇ ਅਸਾਂ ਤੇ ਨਹੀਂ ਬੁੱਝ ਹੁੰਦੀ। ਤੂੰਹੇਂ ਦੱਸ ਖਾਂ ਕੀ ਜੇ?'

ਉਸ ਆਖਿਆ, 'ਸੱਤ ਵਾਰੀ ਆਖ ਦਿਓ ਹਾਰੀਆਂ।' ਉਨੀਂ ਸਭਨੀਂ ਜਾਂ ਸੱਤ ਵਾਰੀ 'ਹਾਰੀਆਂ, ਹਾਰੀਆਂ' ਆਖਿਆ ਤਾਂ ਉਸ ਹੱਸ ਕੇ ਆਖਿਆ, 'ਬੱਸ ਇਸੇ ਗੱਲ ਪੁਰ ਫੜੇਲੀਆਂ ਪਾਉਣ ਦੀ ਚਾਉੜ ਕਰਦੀਆਂ ਸਾਓ। ਇਹ ਤਾਂ ਬਹੁਤ ਹੀ ਸੁਖਾਲੀ ਗੱਲ ਸਾਈ। ਸੁਣੋ, ਮੈਂ ਦੱਸ ਦੇਨੀ ਹਾਂ। ਇਹ ਕੁਮਾਦੀ ਦਾ ਗੰਨਾ ਅਤੇ ਉਸ ਦਾ ਰਸ ਅਤੇ ਗੁੜ ਦੀਆਂ ਭੇਲੀਆਂ ਨੇ' ਇਹ ਸੁਣ ਕੇ ਸੱਭੇ ਹੱਸ ਪਈਆਂ।

ਫੇਰ ਇੱਕ ਨੇ ਆਖਿਆ 'ਭੈਣੋ, ਚਾਨਣੀ ਰਾਤ ਜੇ। ਆਓ ਚੂਟਾਹਲਾ ਪਾਈਏ।' ਇਹ ਗੱਲ ਆਖ ਕੇ ਸੱਭੇ ਕੱਠੀਆਂ ਹੋ ਗਈਆਂ ਅਤੇ ਹੱਥਾਂ ਵਿਚ ਹੱਥ ਫਸਾ ਕੇ ਘੇਰਾ ਮਾਰ ਖਲੋਤੀਆਂ। ਕਿਸੇ ਕੋਈ ਬੋਲੀ ਪਾਈ ਅਤੇ ਕਿਸੇ ਕੋਈ ਗੀਤ ਗਾਇਆ। ਜਾਂ ਘੁੰਮ ਘੁੰਮ ਕੇ ਫਾਮੀਆਂ ਹੋ ਗਈਆਂ ਤਾਂ ਆਖਿਆ, 'ਆਵੋ ਹੁਣ ਗਿੱਧਾ ਪਾਈਏ। ਅਜੇ ਗਿੱਧਾ ਪਾਉਣ ਹੀ ਲੱਗੀਆਂ ਸਨ ਕਿ ਕਿਸੇ ਦੀ ਮਾਂ ਵਾਜ ਮਾਰੀ, ਨੀ ਗੰਗੀ, ਘਰ ਆਓ।' ਕੋਈ ਬੁੱਢੀ ਬੋਲੀ, 'ਨੀ ਵੀਰੋ, ਤੇਰਾ ਪਿਉ ਗੁੱਸੇ ਪਿਆ ਹੁੰਦਾ ਜੇ, ਘਰ ਆਓ।' ਕਿਸੇ ਦੀ ਮਾਂ ਆਖਿਆ, 'ਕੁੜੇ ਪਾਰਬਤੀ ਆ ਖਾਂ ਤੇਰੇ ਜਿਸ ਕਿਸੇ ਨੂੰ ਪਿੱਟਿਆ, ਸਾਰੀ ਰਾਤ ਬਾਹਰ ਹੀ ਬਿਤਾ ਦਿੱਤੀ ਜੇ।' ਕਿਸੇ ਦੀ ਭੂਆ ਬੋਲੀ, 'ਕੁੜੇ ਚੰਦੀਏ, ਕਿੱਥੇ ਖਲੀ ਏਂ? ਟੁਰ-ਰੋਟੀ ਟੁੱਕ ਖਾਹ।'

ਕੁੜੀਆਂ ਜੋ ਆਪਣੀ ਖੇਡ ਵਿਚ ਮੱਤੀਆਂ ਹੋਈਆਂ ਸਨ ਵਿਚੋਂ ਕਿਸੇ ਨੇ ਆਖਿਆ, 'ਆਂਦੀ ਨੇ, ਹਿੱਕ ਬੋਲੀ ਪੂਰੀ ਕਰ ਆਮਾਂ।' ਕਿਸੇ ਆਖਿਆ, 'ਮੈਂ ਨਹੀਓਂ ਆਂਦੀ।' ਕੋਈ ਬੋਲੀ, 'ਹੋਰ ਕਿਸੇ ਦੀ ਮਾਂ ਕਿਸੇ ਨੂੰ ਨਹੀਂ ਬੁਲਾਂਦੀ, ਤੂੰਹੇ ਸਭ ਤੇ ਅਗੇਤਰੀ ਹੱਥ ਧੋ ਕੇ ਅਸਾਡੇ ਮਗਰ ਪੈ ਜਾਂਦੀ ਏਂ।" ਕਿਸੇ ਆਖਿਆ, 'ਕਿਉਂ ਕੈਂ ਕੈਂ ਲਾਈ ਜੇ, ਅਸਾਂ ਖੇਲ ਕੇ ਆਮਾਂਗੀਆਂ।' ਕੋਈ ਬੋਲੀ, 'ਤੂੰ ਕਾਈ ਭੈੜੀ ਏਂ ਅਸਾਂ ਨੂੰ ਖੇਡਣ ਨਹੀਂ ਦੇਂਦੀ। ਜਾ ਖਾਂ ਮੈਂ ਆਪੇ ਆ ਜਾਮਾਂਗੀ।'

**ਪੰਡਤ ਸ਼ਰਧਾ ਰਾਮ ਫ਼ਿਲੌਰੀ**

# ਔਕਾਤ ਅਤੇ ਖਵਾਹਿਸ਼ਾਂ ਵਿਚਕਾਰ ਜ਼ਿੰਦਗੀ

## ਹਰਪ੍ਰੀਤ ਸਿੰਘ ਜਵੰਦਾ



ਨਿੱਕਾ ਕਿੰਨੇ ਚਿਰ ਤੋਂ ਮਗਰ ਪਿਆ ਸੀ ਅਖ਼ੇ ਪੰਜਾਬੀ ਕੁੜਤਾ ਲੈਣਾ। ਇੱਕ ਦਿਨ ਕੰਮ ਤੋਂ ਉਚੇਚੀ ਛੁੱਟੀ ਲੈ ਕੇ ਪੰਜਾਬੀ ਸਟੋਰ ਲੈ ਗਈ। ਅੰਦਰ ਗਿਆ ਤਾਂ ਕਾਊਂਟਰ 'ਤੇ ਇੱਕ ਬਜ਼ੁਰਗ ਜੋੜਾ, ਉਨਾਂ ਦੋ ਕੁੜਤੇ ਵਿਖਾਏ, ਇਹ ਦੋਵੇਂ ਪਸੰਦ ਕਰ ਬੈਠਾ।

ਆਖਣ ਲੱਗੇ ਦੋ ਲਵੇਂਗਾ ਤਾਂ ਇੱਕ ਅੱਧੇ ਮੁੱਲ ਤੇ। ਇਸ ਨੂੰ ਘਰੋਂ ਪੱਕੀ ਕਰ ਕੇ ਗਈ ਸਾਂ ਕਿ ਇੱਕੋ ਹੀ ਲੈਣਾ, ਪਰ ਓਥੇ ਗਿਆ ਪੰਘਰ ਗਿਆ, ਦੋਵੇਂ ਹੱਥ ਵਿਚ ਫੜ ਮੇਰੇ ਵੱਲ ਵੇਖੀ ਜਾਵੇ, ਮੈਂ ਇਸ਼ਾਰੇ ਜਿਹੇ ਨਾਲ ਨਾਂਹ ਕਰ ਦਿੱਤੀ।

ਇੱਕ ਵੇਰ ਫੇਰ ਆਖਣ ਲੱਗਾ ਪਲੀਜ ਦੋਵੇਂ ਅੱਧੇ ਮੁੱਲ ਤੇ ਦੇ ਦੇਵੋ। ਉਨਾਂ ਨਾਂਹ ਕਰ ਦਿੱਤੀ, ਇਸ ਨੇ ਆਖਰੀ ਕੋਸ਼ਿਸ਼ ਦੇ ਤੌਰ 'ਤੇ ਇੱਕ ਵੇਰ ਫੇਰ ਮੇਰੇ ਵੱਲ ਵੇਖਿਆ, ਮੇਰਾ ਮਗਰ ਖਲੋਤੀ ਦਾ ਓਹੀ ਜੁਆਬ ਸੀ। ਇਸ ਵੇਰ ਅੱਖੀਆਂ ਵਿਚ ਗਲੇਡੂ ਭਰ ਦੋਵੇਂ ਕਾਊਂਟਰ ਤੇ ਵਾਪਿਸ ਰੱਖ ਦਿੱਤੇ। ਅਗਲਿਆਂ ਰਮਝ ਪਛਾਣ ਲਈ ਤੇ ਆਖਣ ਲੱਗੇ ਮੰਮੀ ਨਹੀਂ ਮੰਨਦੀ ਤਾਂ ਅਗਲੀ ਵੇਰ ਡੈਡੀ ਨਾਲ ਆਵੀਂ। ਇਸ ਮੌਕੇ ਤੇ ਡੈਡੀ ਅਕਸਰ ਹੀ ਮੰਨ ਜਾਂਦੇ ਵੇਖੇ।

ਨੀਵੀਂ ਜਿਹੀ ਪਾ ਲਈ ਤੇ ਆਖਣ ਲੱਗਾ ਮੇਰਾ ਡੈਡੀ ਹੈਨੀ। ਚਾਰ ਸਾਲ ਪਹਿਲੋਂ ਪੂਰਾ ਹੋ ਗਿਆ ਸੀ। ਕਾਊਂਟਰ ਅੰਦਰ ਖਲੋਤਿਆਂ ਹੱਥੋਂ ਕਿੰਨਾ ਕੁਝ ਛੁੱਟ ਗਿਆ, ਮਾਤਾ ਜੀ ਤਾਂ ਕਾਊਂਟਰ ਤੋਂ ਬਾਹਰ ਆ ਗਈ ਤੇ ਇਸਨੂੰ ਕਲਾਵੇ ਵਿਚ ਲੈਂਦੀ ਆਖਣ ਲੱਗੀ। ਛਿੰਦਿਆ ਬੇਸ਼ੱਕ ਦੋਵੇਂ ਹੀ ਲੈ ਜਾ ਪੈਸੇ ਵੀ ਨਾ ਦੇਹ।

ਇਸ ਵੇਰ ਮੈਨੂੰ ਮਗਰ ਖਲੋਤੀ ਨੂੰ ਇੰਝ ਲੱਗਿਆ ਜਿੱਦਾਂ ਕਿਸੇ ਨੇ ਸਾਨੂੰ ਦੋਹਾਂ ਮਾਂ ਪੁੱਤਾਂ ਨੂੰ ਵੱਡੇ ਇਮਤਿਹਾਨ ਵਿਚ ਪਾ ਦਿੱਤਾ ਹੋਵੇ। ਉਡੀਕਣ ਲੱਗੀ ਕਿ ਵੇਖਦੀ ਹਾਂ ਹੁਣ ਇਹ ਕੀ ਜੁਆਬ ਦਿੰਦਾ। ਆਖਣ ਲੱਗਾ ਮੇਰੀ ਮਾਂ ਨੇ ਸਮਝਾਇਆ ਏ ਕਿ ਨਾ ਕਿਸੇ ਦਾ ਹੱਕ ਲੈਣਾ ਤੇ ਨਾ ਆਪਣਾ ਕਿਸੇ ਨੂੰ ਲੈਣ ਹੀ ਦੇਣਾ। ਤੁਸੀਂ ਇੱਕ ਹੀ ਦੇ ਦੇਵੋ, ਦੂਜਾ ਫੇਰ ਲੈ ਜਾਵਾਂਗਾ।

ਕਾਫੀ ਦੇਰ ਬਹਿਸ ਹੁੰਦੀ ਰਹੀ ਪਰ ਇਹ ਟੱਸ ਤੋਂ ਮੱਸ ਨਾ ਹੋਇਆ। ਉਮਰ ਦਾ ਵੀ ਐਸਾ ਦੌਰ, ਨਾ ਤੇ ਇਹ ਬੱਚਾ ਰਿਹਾ ਸੀ ਤੇ ਨਾ ਹੀ ਪੂਰੀ ਤਰਾਂ ਜੁਆਨ ਹੀ ਹੋਇਆ ਸੀ, ਫੇਰ ਵੀ ਮੈਨੂੰ ਪਾਸ ਕਰਵਾ ਗਿਆ ਵੱਡੇ ਇਮਤਿਹਾਨ ਵਿਚੋਂ, ਉਹ ਵੀ ਪੂਰੇ ਨੰਬਰਾਂ ਨਾਲ। ਹੁਣ ਹੰਝੂ ਵਹਾਉਣ ਦੀ ਵਾਰੀ ਸ਼ਾਇਦ ਅੰਕਲ ਜੀ ਦੀ ਸੀ, ਆਖਣ ਲੱਗੇ ਪੁੱਤਰ ਅੱਗੇ ਤੋਂ ਕਿਸੇ ਵੀ ਚੀਜ ਨੂੰ ਜੀ ਕਰੇ ਤਾਂ ਇਥੇ ਆ ਕੇ ਇੰਝ ਚੀਜ ਮੰਗਣੀ ਏ ਜਿੱਦਾਂ ਨਾਨਕੇ ਆ ਕੇ ਨਾਨੇ ਨਾਨੀ ਤੋਂ ਮੰਗੀਦੀ ਏ।

ਨਾਨੇ ਨਾਨੀ ਦਾ ਸੁਣ ਮੈਂ ਵੀ ਜਜ਼ਬਾਤੀ ਹੋ ਗਈ, ਕੁਝ ਸਮਝ ਨਾ ਲੱਗੇ ਕਿ ਹੁਣ ਜਿਉਂਦਿਆਂ ਦੀ ਸੁੱਖ ਮੰਗਾ ਕਿ ਚਲੇ ਗਿਆਂ ਨੂੰ ਚੇਤੇ ਕਰਾਂ। ਪਰ ਇਹ ਡਟਿਆ ਰਿਹਾ ਚੱਟਾਨ ਵਾਂਗ ਤੇ ਉਹ ਦੋਵੇਂ ਹੰਝੂ ਵਹਾਉਂਦੇ ਰਹੇ। ਦਿਲਾਂ ਤੇ ਚੜੀ ਕਾਰੋਬਾਰ ਦੀ ਪਰਤ ਇੰਝ ਖੁਰ ਗਈ ਜਿੱਦਾਂ ਧੁਪ ਚੜੇ ਬਰਫ ਖੁਰਦੀ ਹੈ।

ਸੋ ਬਾਪ ਵਿਹੂਣੀ ਔਲਾਦ ਅਕਸਰ ਹੀ ਕਈ ਵੇਰ ਡੋਲ ਜਾਂਦੀ ਹੈ, ਪਰ ਜਿਥੇ ਕੱਲੀਆਂ ਰਹਿ ਗਈਆਂ ਮਾਵਾਂ ਨੂੰ ਪਿਓ ਬਣਨਾ ਆ ਜਾਵੇ ਸਮਝੋ ਕਈ ਔਕੜਾਂ ਸਰ ਹੋ ਗਈਆਂ।

ਕਿਉਂਕਿ ਜਿੰਦਗੀ ਔਕਾਤ ਅਤੇ ਖਵਾਹਿਸ਼ਾਂ ਵਿਚਕਾਰ ਹੁੰਦੀ ਇੱਕ ਨਿਰੰਤਰ ਜੰਗ ਦਾ ਨਾਮ ਹੈ। ਦੋਵੇਂ ਇੱਕ ਦੂਜੇ ਤੇ ਭਾਰੂ ਹੋਣ ਦੀ ਕੋਸ਼ਿਸ਼ ਕਰਦੀਆਂ ਹੀ ਰਹਿੰਦੀਆਂ ਹਨ ਪਰ ਜਿੱਤ ਉਸਦੀ ਹੁੰਦੀ ਜਿਹੜੀ ਇਨਸਾਨ ਦੇ ਮਨ ਤੇ ਭਾਰੂ ਹੋ ਨਿਕਲਦੀ ਹੈ, ਮਨ ਜੀਤੇ ਜਗ ਜੀਤ। ਸ਼ਾਲਾ ਇਸ ਦੁਨੀਆਂ ਦਾ ਹਰ ਮਾਂ ਪਿਓ ਰਹਿੰਦੀ ਦੁਨੀਆਂ ਤੱਕ ਹੱਸਦਾ ਵਸਦਾ ਰਹੇ।

# ਜੰਗਲੀ ਬੂਟੀ

## ਅੰਮ੍ਰਿਤਾ ਪ੍ਰੀਤਮ

ਅੰਗੂਰੀ ਮੇਰੇ ਗੁਆਂਢੀਆਂ ਦੇ ਘਰ, ਉਨਾਂ ਦੇ ਬੜੇ ਪੁਰਾਣੇ ਨੌਕਰ ਦੀ ਬੜੀ ਨਵੀਂ ਬੀਵੀ ਹੈ। ਇਕ ਤਾਂ ਨਵੀਂ ਇਸ ਗੱਲੋਂ ਕਿ ਉਹ ਆਪਣੇ ਖ਼ਾਵੰਦ ਦੀ ਦੂਸਰੀ ਬੀਵੀ ਹੈ, ਸੋ ਉਸ ਦਾ ਖ਼ਾਵੰਦ 'ਦੁਹਾਜੂ' ਹੋਇਆ। ਜੂ ਤੋਂ ਮਤਲਬ ਜੇ ਜੂਨ ਦਾ ਹੋਵੇ ਤਾਂ ਇਸ ਦਾ ਪੂਰਾ ਅਰਥ ਨਿਕਲਿਆ-ਦੂਸਰੀ ਜੂਨੇ ਪੈ ਚੁੱਕਾ ਬੰਦਾ। ਯਾਨੀ ਦੂਸਰੇ ਵਿਆਹ ਦੀ ਜੂਨ ਵਿੱਚ ਤੇ ਅੰਗੂਰੀ ਕਿਉਂਕਿ ਅਜੇ ਵਿਆਹ ਦੀ ਪਹਿਲੀ ਜੂਨ ਵਿੱਚ, ਇਸ ਲਈ ਨਵੀਂ ਹੋਈ ਅਤੇ ਦੂਸਰੀ ਉਹ ਇਸ ਗੱਲੋਂ ਵੀ ਨਵੀਂ ਹੈ ਕਿ ਉਸ ਦਾ ਮੁਕਲਾਵਾ ਆਇਆਂ ਅਜੇ ਜਿੰਨੇ ਕੁ ਮਹੀਨੇ ਹੋਏ ਹਨ ਉਹ ਸਾਰੇ ਮਹੀਨੇ ਰਲ ਕੇ ਵੀ ਇਕ ਵਰਾ ਨਹੀਂ ਬਣੇ।

ਪੰਜ ਛੇ ਵਰੇ ਹੋਏ, ਪ੍ਰਭਾਤੀ ਜਦੋਂ ਆਪਣੇ ਮਾਲਕਾਂ ਤੋਂ ਛੁੱਟੀ ਲੈ ਕੇ ਆਪਣੀ ਪਹਿਲੀ ਵਹੁਟੀ ਦੀ ਕਿਰਿਆ ਕਰਨ ਲਈ ਆਪਣੇ ਪਿੰਡ ਗਿਆ ਸੀ ਤਾਂ ਕਹਿੰਦੇ ਹਨ ਕਿ ਕਿਰਿਆ ਵਾਲੇ ਦਿਨ ਇਸ ਅੰਗੂਰੀ ਦੇ ਪਿਓ ਨੇ ਉਸ ਦਾ ਪਰਨਾ ਨਚੋੜ ਦਿੱਤਾ ਸੀ। ਕਿਸੇ ਵੀ ਮਰਦ ਦਾ ਇਹ ਪਰਨਾ ਭਾਵੇਂ ਆਪਣੀ ਔਰਤ ਦੀ ਮੌਤ ਉੱਤੇ ਅੱਥਰੂਆਂ ਨਾਲ ਨਹੀਂ ਭਿੱਜਿਆ ਹੁੰਦਾ, ਚੌਥੇ ਵਾਲੇ ਦਿਨ ਜਾਂ ਕਿਰਿਆ ਵਾਲੇ ਦਿਨ ਨਹਾ ਕੇ ਪਿੰਡਾ ਪੂੰਝਣ ਤੋਂ ਪਿੱਛੋਂ ਇਹ ਪਰਨਾ ਪਾਣੀ ਨਾਲ ਹੀ ਗਿੱਲਾ ਹੁੰਦਾ ਹੈ, ਪਰ ਸਾਧਾਰਣ ਜਿਹੀ ਪੇਂਡੂ ਰਸਮ ਨਾਲ ਕਿਸੇ ਹੋਰ ਕੁੜੀ ਦਾ ਪਿਓ ਉਠ ਕੇ ਜਦੋਂ ਇਹ ਪਰਨਾ ਨਚੋੜ ਦੇਂਦਾ ਹੈ ਤਾਂ ਜਿਵੇਂ ਆਖ ਰਿਹਾ ਹੁੰਦਾ ਹੈ- 'ਉਸ ਮਰਨ ਵਾਲੀ ਦੀ ਥਾਵੇਂ ਮੈਂ ਤੈਨੂੰ ਆਪਣੀ ਧੀ ਦੇਂਦਾ ਹਾਂ। ਹੁਣ ਤੈਨੂੰ ਰੋਣ ਦੀ ਲੋੜ ਨਹੀਂ। ਮੈਂ ਤੇਰੇ ਅੱਥਰੂਆਂ ਨਾਲ ਭਿੱਜਾ ਹੋਇਆ ਪਰਨਾ ਵੀ ਸੁਕਾ ਦਿੱਤਾ ਹੈ।'

ਇੰਜ ਪ੍ਰਭਾਤੀ ਦਾ ਇਸ ਅੰਗੂਰੀ ਨਾਲ ਦੂਸਰਾ ਵਿਆਹ ਹੋ ਗਿਆ ਸੀ। ਪਰ ਇਕ ਤਾਂ ਅੰਗੂਰੀ ਅਜੇ ਉਮਰ ਦੀ ਛੋਟੀ ਸੀ ਅਤੇ ਦੂਸਰਾ ਅੰਗੂਰੀ ਦੀ ਮਾਂ ਜੂੜੀ ਦੇ ਰੋਗ ਨਾਲ ਬੱਝੀ ਹੋਈ ਸੀ। ਇਸ ਲਈ ਮੁਕਲਾਵੇ ਵਾਲੀ ਗੱਲ ਪੰਜਾਂ ਵਰਿਆਂ ਉਤੇ ਪੈ ਗਈ। ਫੇਰ ਇਕ ਇਕ ਕਰ ਕੇ ਪੰਜ ਵਰੇ ਵੀ ਲੰਘ ਗਏ ਸਨ ਅਤੇ ਇਸ ਵਰੇ ਜਦੋਂ ਪ੍ਰਭਾਤੀ ਆਪਣੇ ਮਾਲਕਾਂ ਤੋਂ ਛੁੱਟੀ ਲੈ ਕੇ ਆਪਣੇ ਪਿੰਡ ਆਪਣਾ ਮੁਕਲਾਵਾ ਲੈਣ ਗਿਆ ਸੀ ਤਾਂ ਆਪਣੇ ਮਾਲਕਾਂ ਨੂੰ ਪਹਿਲੋਂ ਹੀ ਕਹਿ ਗਿਆ ਸੀ ਕਿ ਉਹ ਜਾਂ ਤਾਂ ਆਪਣੀ ਵਹੁਟੀ ਨੂੰ ਵੀ ਨਾਲ ਲਿਆਵੇਗਾ ਤੇ ਸ਼ਹਿਰ ਵਿਚ ਆਪਣੇ ਕੋਲ ਰੱਖੇਗਾ ਤੇ ਜਾਂ ਉਹ ਵੀ ਪਿੰਡੋਂ ਨਹੀਂ ਮੁੜਨ ਲੱਗਾ। ਮਾਲਕ ਤਾਂ ਪਹਿਲਾਂ ਹੀ ਦਲੀਲੀਂ ਪੈ ਗਏ ਸਨ ਕਿਉਂਕਿ ਇਕ ਪ੍ਰਭਾਤੀ ਦੀ ਥਾਵੇਂ ਆਪਣੇ ਚੌਂਕੇ ਵਿਚੋਂ ਉਹ ਦੋ ਜਣਿਆਂ ਨੂੰ ਰੋਟੀ ਨਹੀਂ ਸਨ ਦੇਣਾ ਚਾਹੁੰਦੇ। ਪਰ ਜਦੋਂ ਪ੍ਰਭਾਤੀ ਨੇ ਇਹ ਗੱਲ ਆਖੀ ਕਿ ਉਹਦੀ ਅੰਗੂਰੀ ਕੋਠੜੀ ਦੇ ਪਿਛਲੇ ਕੱਚੇ ਥਾਂ ਨੂੰ ਲਿਪ ਪੋਚ ਕੇ ਆਪਣਾ ਵੱਖਰਾ ਚੁੱਲਾ ਬਣਾਏਗੀ, ਆਪਣਾ ਪਕਾਏਗੀ, ਆਪਣਾ ਖਾਏਗੀ ਤਾਂ ਉਹਦੇ ਮਾਲਕ ਇਹ ਗੱਲ ਮੰਨ ਗਏ ਸਨ। ਸੋ ਅੰਗੂਰੀ ਮੁਕਲਾਵੇ ਫੇਰੇ ਸ਼ਹਿਰ ਆ ਗਈ ਸੀ।

ਭਾਵੇਂ ਅੰਗੂਰੀ ਨੇ ਸ਼ਹਿਰ ਆਣ ਕੇ ਕੁਝ ਦਿਨ ਮਹੱਲੇ ਦੇ ਮਰਦਾਂ ਕੋਲੋਂ ਤਾਂ ਕੀ, ਮੁਹੱਲੇ ਦੀਆਂ ਔਰਤਾਂ ਕੋਲੋਂ ਵੀ ਘੁੰਡ ਨਹੀਂ ਸੀ ਲਾਹਿਆ। ਪਰ ਫੇਰ ਹੌਲੀ ਹੌਲੀ ਉਹਦਾ ਘੁੰਡ ਉਪਰਾ ਗਿਆ। ਉਹ ਪੈਰਾਂ ਵਿਚ ਚਾਂਦੀ ਦੀਆਂ ਝਾਂਜਰਾਂ ਪਾ ਕੇ ਛਣਕ ਮਣਕ ਕਰਦੀ ਮਹੱਲੇ ਦੀ ਰੌਣਕ ਬਣ ਗਈ। ਇਕ ਝਾਂਜਰਾਂ ਉਹਦੇ ਪੈਰਾਂ ਵਿਚ ਪਈਆਂ ਹੁੰਦੀਆਂ, ਇਕ ਉਹਦੇ ਹਾਸੇ ਵਿਚ। ਭਾਵੇਂ ਉਹ ਦਿਨ ਦਾ ਬਹੁਤਾ ਹਿੱਸਾ ਆਪਣੀ ਕੋਠੜੀ ਵਿਚ ਹੀ ਰਹਿੰਦੀ, ਪਰ ਜਦੋਂ ਵੀ ਬਾਹਰ ਨਿਕਲਦੀ, ਇਕ ਰੌਣਕ ਉਹਦੇ ਪੈਰਾਂ ਦੇ ਨਾਲ ਨਾਲ ਤੁਰਦੀ। 'ਯਹ ਕਿਆ ਪਹਿਨਾ ਹੈ ਅੰਗੂਰੀ?'

# ਬਿਜਲੀ ਭੂਤ

## ਡਾ. ਗੁਰਪ੍ਰੀਤ ਸਿੰਘ ਗਿਆਨੀ

ਮੋ: 7009807103

ਰਾਤ ਦੇ ਕਰੀਬ 9:30 ਕੁ ਵਜੇ ਦੀ ਗੱਲ ਹੈ ਅਚਣਚੇਤ ਘੰਟੀ ਵੱਜੀ, ਮੈਂ ਕਾਹਲੀ-ਕਾਹਲੀ ਉਠਿਆ ਤੇ ਦਰਵਾਜੇ ਵਲ ਵਹੁੜਿਆ। ਅੰਮ੍ਰਿਤਸਰ ਵਿਚ ਨਸ਼ੇੜੀਆਂ ਤੇ ਚੋਰਾਂ ਦੀਆਂ ਘਟਨਾਵਾਂ ਬਾਰੇ ਕਥਾ ਕਹਾਣੀਆਂ ਬਾਰੇ ਮੈਂ ਸੁਣ ਚੁਕਾ ਸੀ, ਫਲਸਰੂਪ ਮੇਰੇ ਜਿਹਨ ਵਿਚ ਪ੍ਰਸ਼ਨ ਪੈਦਾ ਹੋਣਾ ਸੁਭਾਵਿਕ ਸੀ। ਇਸ ਲਈ ਮੈਂ ਸਿਧਾ ਜਾ ਕੇ ਦਰਵਾਜ਼ਾ ਖੋਹਲਣ ਦੀ ਜਗਾ ਪੌੜੀਆਂ ਚੜਕੇ ਬਾਹਰ ਨਿਗਾਹ ਮਾਰਨ ਬਾਰੇ ਸੋਚਿਆ। ਪਰ ਇਧਰ ਓਧਰ ਨਿਗਾਹ ਘਮਾਉਣ ਦੇ ਬਾਵਜੂਦ ਮੈਨੂੰ ਕੋਈ ਜੀਵ-ਜੰਤ, ਪਸ਼ੂ-ਪਰਿੰਦਾ ਨਜਰ ਨਾ ਆਇਆ। ਮੈ ਕੁਝ ਸੋਚ ਕਰਨ ਉਪਰੰਤ ਆਪਣੇ ਘਰ ਦੇ ਨਜਦੀਕ ਰਹਿੰਦੇ ਮਿੱਤਰ ਸ. ਸੁਖਦੇਵ ਸਿੰਘ ਨੂੰ ਘਟਨਾ ਸਬੰਧੀ ਫੋਨ ਤੇ ਜਾਣੂ ਕਰਾ ਸਲਾਹ ਮੰਗੀ, ਉਹ ਬੋਲੇ ਵੇਖੀਂ ਕਿਤੇ ਸਿਧਾ ਦਰਵਾਜਾ ਖੋਲ ਬਹੇਂ! ਤੇ ਅਗਲਾ ਤੇਰਾ ਸਿਰ ਪਾੜ ਉਹ ਜਾਵੇ ਓਹ। ਹੁਣ ਜਦ ਘੰਟੀ ਵਜੀ ਮੈਨੂੰ ਫੋਨ ਕਰੀ, ਮੈਂ ਆਪਣੇ ਕੋਠੇ ਤੋਂ ਵੇਖਣ ਦਾ ਯਤਨ ਕਰਾਂਗਾ ਪਰ ਤੁਸੀਂ ਕੋਈ ਆਵਾਜ਼ ਨਾ ਕਰਿਓ। ਮੈਂ ਵਾਪਿਸ ਬੈਡਰੂਮ ਵਿਚ ਆ ਗਿਆ ਕੁਝ ਸਮਾਂ ਪੜਨ ਤੋਂ ਬਾਅਦ ਸੌਂ ਗਿਆ। ਰਾਤ ਦੇ ਕਰੀਬ 2:10 ਵਜੇ ਫਿਰ ਤੋਂ ਘੰਟੀ ਵੱਜੀ। ਮੈਂ ਇਕਦਮ ਤ੍ਰਬਕ ਉੱਠਿਆ।

ਇਕ ਵੱਖਰੇ ਤਰਾਂ ਦਾ ਡਰ ਸੀ। ਕਿਉਂਕਿ ਮੈਂ ਘਰ ਵਿਚ ਇਕੱਲਾ ਹੀ ਸੀ ਤੇ ਮੇਰੇ ਘਰ ਦੇ ਨਜ਼ਦੀਕ ਆਸੇ ਪਾਸੇ ਕੋਈ ਜ਼ਿਆਦਾ ਘਰ ਵੀ ਨਹੀਂ। ਮੈਂ ਬੜੇ ਸਹਿਜ ਨਾਲ ਉੱਠਿਆ ਦਬੇ ਪੈਰੀਂ ਚੁਪਚਾਪ ਫਿਰ ਪੌੜੀਆਂ ਚੜ ਕੇ ਉੱਪਰੋਂ ਤੱਕਿਆ, ਖੱਬੇ ਤੇ ਸੱਜੇ ਪਾਸੇ ਵੀ ਵੇਖਿਆ, ਕੋਈ ਸ਼ਖ਼ਸ ਨਜ਼ਰ ਨਾ ਆਇਆ। ਮੇਰੇ ਮਨ 'ਚੋਂ ਚੋਰਾਂ/ਨਸ਼ੇੜੀਆਂ ਦਾ ਡਰ ਨਿਕਲ ਗਿਆ। ਕਿਉਂਕਿ ਚੋਰ ਇੰਨੀ ਜਲਦੀ ਕਿੱਥੇ ਜਾ ਸਕਦੇ ਸਨ? ਹੁਣ ਮੈਨੂੰ ਭੂਤਾਂ ਦੀਆਂ ਕਹਾਣੀਆਂ ਜੋ ਨਿੱਕੇ ਹੁੰਦੇ ਸੁਣੀਆਂ ਸਨ ਅੱਖਾਂ ਸਾਹਵੇਂ ਹੁੰਦੀਆਂ ਪ੍ਰਤੀਤ ਹੋਣ ਲੱਗੀਆਂ ਕਿ ਜ਼ਰੂਰ ਇਥੇ ਵੀ ਕੋਈ ਭੂਤ ਹੈ ਜੋ ਘੰਟੀ ਵਜਾ ਕੇ ਮੈਨੂੰ ਡਰਾ ਰਿਹਾ ਹੈ। ਮੈਂ ਵਾਪਿਸ ਫਿਰ ਆਪਣੇ ਕਮਰੇ ਵਿਚ ਆ ਗਿਆ। ਕੁਝ ਸਮਾਂ 'ਆਪ ਬੀਤੀ' ਇਕ ਸੀਰੀਅਲ ਜੋ ਬਚਪਨ ਵਿਚ ਵੇਖਦੇ ਸਾਂ, ਦੀਆਂ ਕਹਾਣੀਆਂ ਯਾਦ ਕਰਦਿਆਂ ਸੌਂ ਗਿਆ। ਹੁਣ ਘੰਟੀ ਫਿਰ ਤੋਂ ਵੱਜੀ ਸਮਾਂ ਸਵੇਰ ਦੇ 3:30 ਮਿੰਟ ਸੀ। ਮੈਂ ਬਹੁਤ ਡਰ ਗਿਆ। ਭੂਤਾਂ ਦੀਆਂ ਸੁਣੀਆਂ ਕਹਾਣੀਆਂ ਹੁਣ ਮੇਰੇ ਨਾਲ ਹੀ ਹੋਣ ਲੱਗੀਆਂ। ਮੈਂ ਸ. ਸੁਖਦੇਵ ਸਿੰਘ ਨੂੰ ਫੋਨ ਕੀਤਾ ਕਿ ਫਿਰ ਤੋਂ ਘੰਟੀ ਵੱਜੀ ਹੈ, ਬਾਹਰ ਵੇਖੋ ਕੋਈ ਹੈ ਤਾਂ ਨਹੀਂ?

**ਇਨਸਾਨੀ ਸੋਚ ਦਾ ਤਰਜਮਾ**

ਉਨਾਂ ਕਿਹਾ ਕਿ ਤੁਸੀਂ ਬਾਹਰ ਨਾ ਆਇਓ ਮੈਂ ਅੰਦਰ ਹੀ ਸਾਂ। ਕਈ ਤਰਾਂ ਦੇ ਖਿਆਲ ਮਨ ਵਿਚ ਆ ਰਹੇ ਸਨ। ਫੋਨ ਆਇਆ ਕਿ ਬਾਹਰ ਕੋਈ ਨਹੀਂ ਹੈ। ਤੁਸੀਂ ਦੂਸਰੀ ਸਾਈਡ ਤੋਂ ਵੇਖੋ ਤੇ ਹਾਂ ਹੱਥ ਵਿਚ ਕੋਈ ਇੱਟ, ਰੋੜਾ ਲੈ ਜਾਇਓ ਜੇ ਕੋਈ ਨਸ਼ੇੜੀ ਹੋਇਆ ਤਾਂ ਸਿਰ ਵਿਚ ਮਾਰ ਦਿਓ। ਮੈਂ ਦਬੇ ਪੈਰੀਂ ਫਿਰ ਉਪਰ ਗਿਆ ਪਰ ਉਥੇ ਫਿਰ ਤੋਂ ਕੋਈ ਨਹੀਂ ਸੀ।

ਬਾਕੀ ਸਫ਼ਾ 30 'ਤੇ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਸੱਤਵੀਂ ਕਿਸ਼ਤ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਇਨਾਂ ਉਥਲ-ਪੁਥਲ ਦੇ ਪਕੜ-ਪਛਾੜ ਭਰੀਆਂ ਸਥਿਤੀਆਂ ਵਿਚ ਜਿਸ ਮਹਾਂ ਪੰਕਾਰ, ਮੱਕਾਰ ਤੇ ਚਾਲਬਾਜ ਵਿਅਕਤੀ ਦਾ ਵਿਅਕਤੀਤੱਵ ਨਿੱਖੜ ਕੇ ਸਾਹਮਣੇ ਆਇਆ, ਉਹ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ। ਜਬਾਨ ਦਾ ਮਿੱਠਾ, ਸਰੀਰਕ ਪੱਖੋਂ ਚੁਸਤ-ਦਰੁਸਤ ਅਤੇ ਹਥੇਲੀ ਉੱਤੇ ਸਰੋਂ ਜਮਾਅ ਕੇ ਦਿਖਾਅ ਦੇਣ ਵਾਲਾ ਆਦਮੀ ਸੀ ਉਹ। ਨਾ ਉਹ ਈਰਾਨੀ ਸੀ, ਨਾ ਤੁਰਾਨੀ, ਨਾ ਸ਼ੀਆ ਸੀ, ਨਾ ਸੂਨੀ। ਆਪਣੇ ਤੋਂ ਉਤਲੇ ਨੂੰ ਹੇਠਾਂ ਡੇਗਣ ਦੇ ਆਪ ਉਚਾ ਉਠਣ ਲਈ ਚਾਪਲੂਸੀ, ਛਲ-ਕਪਟ ਤੇ ਧੋਖਾਧੜੀ ਹੀ ਉਸਦਾ ਈਮਾਨ ਸੀ। ਉਸਦੀ ਨਜ਼ਰ ਹਮੇਸ਼ਾ ਉਪਰ ਵੱਲ ਰਹਿੰਦੀ ਸੀ ਤੇ ਉਹ ਹਰ ਵੇਲੇ ਅਸਾਮਾਨ ਨੂੰ ਟਾਕੀ ਲਾਉਣ ਦੀਆਂ ਵਿਉਂਤਾਂ ਘੜਦਾ ਰਹਿੰਦਾ ਸੀ।

ਉਸਦਾ ਜਨਮ ਸ਼ਕਰਪੁਰ ਨਾਂ ਦੇ ਇਕ ਪਿੰਡ ਵਿਚ ਹੋਇਆ ਸੀ। ਜੋ ਲਾਹੌਰ ਤੋਂ ਅੱਠ ਕੁ ਮੀਲ ਦੇ ਫਾਸਲੇ ਉਪਰ ਰਾਵੀ ਦੇ ਕੰਢੇ ਸੀ। ਉਹ ਜਾਤ ਦਾ ਅਰਾਈ ਸੀ ਤੇ ਉਸਦਾ ਬਚਪਨ ਦਾ ਨਾ ਚੁੰਨੂ ਸੀ। ਘਰੇ ਅੰਤਾਂ ਦੀ ਗਰੀਬੀ ਸੀ, ਚੂਹੇ ਖੜਮਸਤੀਆਂ ਕਰਨ ਆ ਜਾਂਦੇ ਸਨ। ਜਦੋਂ ਉਹ ਬਚਪਨ ਲੰਘ ਕੇ ਛੋਹਰ ਅਵਸਥਾ ਵਿਚ ਪਹੁੰਚਿਆ ਤਾਂ ਘਰੋਂ ਨੱਠ ਕੇ ਸ਼ਹਿਰ ਆ ਗਿਆ ਤੇ ਜੀਆ ਬੇਗ ਨਾਂ ਦੇ ਇਕ ਮੁਸਲਮਾਨ ਅਫਸਰ ਦਾ ਘਰੇਲੂ ਨੌਕਰ ਬਣ ਗਿਆ। ਮਿੱਠੀ ਬੋਲੀ ਤੇ ਚਾਪਲੂਸੀ ਨਾਲ ਉਸਨੇ ਅਫਸਰ ਦਾ ਮਨ ਮੋਹ ਲਿਆ। ਵੈਸੇ ਵੀ ਉਹ ਖਾਸਾ ਹੁਸ਼ਿਆਰ ਤੇ ਸਮਝਦਾਰ ਸੀ ਤੇ ਜੀਆ ਬੇਗ ਉਸਦੇ ਕੰਮ ਉੱਤੇ ਖੁਸ਼ ਸੀ। ਪਰ ਚੁੰਨੂੰ ਖੁਸ਼ ਨਹੀਂ ਸੀ, ਉਹ ਘਰੇਲੂ ਨੌਕਰ ਦੇ ਬਜਾਏ ਕੁਝ ਹੋਰ ਬਣਨਾ ਚਾਹੁੰਦਾ ਸੀ। ਜਦੋਂ ਉਹ ਸਤਾਰਾਂ ਅਠਾਰਾਂ ਸਾਲ ਦਾ ਹੋਇਆ ਤਾਂ ਇਸ ਬੰਧੂਆ ਜੀਵਨ ਤੋਂ ਮੁਕਤ ਹੋਣ ਦੀ ਇੱਛਾ ਪਰਬਲ ਹੋ ਉਠੀ। ਇਕ ਦਿਨ ਉਹ ਪੱਕਾ ਇਰਾਦਾ ਕਰਕੇ ਜੀਆ ਬੇਗ ਦੇ ਸਾਹਮਣੇ ਜਾ ਖੜਾ ਹੋਇਆ ਤੇ ਹੱਥ ਜੋੜ ਕੇ ਬੋਲਿਆ, 'ਹਜ਼ੂਰ ਮੈਂ ਏਨੇ ਦਿਨ ਮਾ-ਬਦੌਲਤ ਦੀ ਸੇਵਾ ਕੀਤੀ ਏ। ਜੇ ਤੁਹਾਡੀ ਨਜ਼ਰ ਸਵੱਲੀ ਹੋ ਜਾਏ ਤਾਂ ਬੰਦਾ ਕੋਈ ਹੋਰ ਕੰਮ ਕਰਨ ਦੀ ਇੱਛਾ ਜਾਹਰ ਕਰੇ।'

ਜੀਆ ਬੇਗ ਨੇ ਉਸ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ। ਅਦੀਨਾ ਬੇਗ ਨੇ ਜੀਵਨ ਫੌਜੀ ਅਫਸਰਾਂ ਵਿਚਕਾਰ ਬਿਤਾਇਆ ਸੀ। ਉਨਾਂ ਦੇ ਰੰਗ-ਢੰਗ ਦੇਖੇ ਸਨ। ਉਸਦੀ ਇੱਛਾ ਫੌਜੀ ਅਫਸਰ ਬਣਨ ਦੀ ਸੀ। ਪਰ ਕੁਝ ਦਿਨਾਂ ਵਿਚ ਹੀ ਪਤਾ ਲੱਗ ਗਿਆ ਕਿ ਇਕ ਸਾਧਾਰਨ ਸੈਨਿਕ ਦੇ ਪਦ ਤੋਂ ਅਫਸਰ ਦੇ ਪਦ ਤੱਕ ਪਹੁੰਚਣਾ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਇਕ ਸੈਨਕ ਦਾ ਜੀਵਨ, ਘਰੇਲੂ ਨੌਕਰ ਦੇ ਜੀਵਨ ਨਾਲੋਂ ਕਿਸੇ ਵੀ ਪੱਖ ਤੋਂ ਬਿਹਤਰ ਨਹੀਂ। ਉਸਨੇ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਸੁਲਤਾਨ ਜ਼ਿਲੇ ਦੇ ਕਾਂਗ ਵਿਚ ਮਾਲੀਆ ਉਗਰਾਉਣ ਵਾਲੇ ਦਫ਼ਤਰ ਵਿਚ ਮੁਲਾਜਮ ਭਰਤੀ ਹੋ ਗਿਆ। ਮਿੱਠੀ ਜ਼ਬਾਨ, ਚੰਗੀ ਕਾਰਗੁਜਾਰੀ ਤੇ ਪੱਕੇ ਇਰਾਦੇ ਸਦਕਾ ਉਸਨੇ ਛੇਤੀ ਹੀ ਕਈ ਦੋਸਤ ਬਣਾ ਲਏ। ਉਨਾਂ ਵਿਚ ਸੁਲਤਾਨਪੁਰ ਦਾ ਇਕ ਧਨੱਡ ਸੇਠ ਸ਼੍ਰੀ ਨਿਵਾਸ ਵੀ ਸੀ, ਜਿਸਦਾ ਇਲਾਕੇ ਵਿਚ ਕਾਫੀ ਰਸੂਖ ਸੀ।

ਲਾਲਾ ਸ਼੍ਰੀ ਨਿਵਾਸ ਨੇ ਕੁਝ ਸਾਲਾਂ ਵਿਚ ਹੀ ਉਸਨੂੰ ਹਲਕੇ ਦੇ ਪੰਜ ਛੇ ਪਿੰਡਾਂ ਦਾ ਮਾਲੀਆ ਉਗਰਾਹੁਣ ਦਾ ਠੇਕਾ ਦਿਵਾ ਦਿੱਤਾ। ਅਦੀਨਾ ਬੇਗ ਨੇ ਆਪਣੀ ਯੋਗਤਾ ਦਿਖਾਈ ਤੇ ਇਕ ਸਾਲ ਵਿਚ ਹੀ ਇਸ ਇਲਾਕੇ ਦੇ ਸਾਰੇ ਪਿੰਡਾਂ ਦਾ ਮਾਲੀਆ ਉਗਰਾਹੁਣ ਦਾ ਅਧਿਕਾਰ ਉਸਨੂੰ ਮਿਲ ਗਿਆ।



ਅਦੀਨਾ ਬੇਗ ਹੁਣ ਮਾਮੂਲੀ ਕਰਮਚਾਰੀ ਨਹੀਂ, ਇਕ ਯੋਗ ਅਫਸਰ ਸੀ। ਉਸਦਾ ਪੈਰ ਤਰੱਕੀ ਦੀ ਪੌੜੀ ਉੱਤੇ ਟਿੱਕ ਚੁੱਕਿਆ। ਉਨਾਂ ਚਾਰ ਮਹੀਨਿਆਂ ਵਿਚ ਜਦੋਂ ਮੀਰ ਮੰਨੂ ਤੇ ਉਸਦੇ ਫੌਜਦਾਰ ਅਹਿਮਦ ਸ਼ਾਹ ਅਬਦਾਲੀ ਨਾਲ ਉਲਝੇ ਹੋਏ ਸਨ, ਸਿੱਖਾਂ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲਿਆ ਤੇ ਉਨਾਂ ਨੇ ਆਪਣੀ ਅਜ਼ਾਦੀ ਲਈ ਯਤਨ ਸ਼ੁਰੂ ਕਰ ਦਿੱਤੇ। ਉਨਾਂ ਦੁਆਬਾ-ਬਾਰੀ ਤੇ ਦੁਆਬਾ-ਜਲੰਧਰ ਵਿਚ ਉਥਲ-ਪੁਥਲ ਮਚਾ ਦਿੱਤੀ। ਜਿਹੜੇ ਤਅਸੁਬੀ ਸੱਯਦ ਅਤੇ ਪੀਰਜਾਦੇ ਸਿੱਖਾਂ ਉਪਰ ਜੁਲਮ ਕਰਨ ਦੇ ਜ਼ਿੰਮੇਵਾਰ ਸਨ, ਉਨਾਂ ਤੋਂ ਗਿਣ-ਗਿਣ ਕੇ ਬਦਲੇ ਲਏ ਗਏ। ਫੇਰ ਉਨਾਂ ਨੇ ਸਤਲੁਜ ਪਾਰ ਕੀਤਾ ਤੇ ਸਰਹਿੰਦ, ਥਾਨੇਸਰ ਤੇ ਜੀਂਦ ਦੇ ਇਲਾਕੇ ਨੂੰ ਬਰਬਾਦ ਕਰਕੇ ਸੋਨੀਪਤ ਤੇ ਪਾਣੀਪਤ ਦੇ ਹਾਕਮ ਕਾਮਗਾਰ ਨਾਲ ਜਾ ਟੱਕਰ ਲਈ। ਕਾਮਗਾਰ ਨੇ ਉਨਾਂ ਨੂੰ ਅੱਗੇ ਵਧਣ ਤੋਂ ਰੋਕਿਆ ਤੇ ਕਾਫੀ ਨੁਕਸਾਨ ਪਹੁੰਚਾ ਕੇ ਪਿੱਛੇ ਧਕੇਲ ਦਿੱਤਾ।

ਦਲ ਖਾਲਸਾ ਦਾ ਇਕ ਟੋਲਾ ਚੜਤ ਸਿੰਘ ਸ਼ੁਕਰਚੱਕੀਆ ਦੀ ਕਮਾਨ ਵਿਚ ਦੁਆਬਾ-ਰਚਨਾ ਦੇ ਦੁਆਬਾ-ਚੱਜ ਵਿਚ ਜਾ ਦਾਖਲ ਹੋਇਆ ਤੇ ਉਸ ਨੇ ਜੇਹਲਮ ਪਾਰ ਕਰਕੇ ਸੱਯਦ ਬਸਰਾ ਤੱਕ ਦੇ ਪੂਰੇ ਇਲਾਕੇ ਨੂੰ ਆਪਣੇ ਕਬਜੇ ਵਿਚ ਕਰ ਲਿਆ। ਗੁਜਰਾਤ ਦੇ ਰਾਕਖੜ ਸਰਦਾਰ ਮਕਰਨ ਨਾਲ ਟੱਕਰ ਲਈ ਤੇ ਆਪਣੇ ਚਨਾਬ ਪਾਰ ਦੇ ਇਲਾਕੇ ਛੱਡ ਦੇਣ ਲਈ ਮਜ਼ਬੂਰ ਕਰ ਦਿੱਤਾ।

ਇੰਜ ਬਹੁਤ ਸਾਰਾ ਧਨ ਸਿੱਖਾ ਦੇ ਹੱਥ ਲੱਗਿਆ ਤੇ ਬਹੁਤ ਸਾਰੇ ਨੌਜਵਾਨ ਦਲ-ਖਾਲਸਾ ਵਿਚ ਭਰਤੀ ਹੋਏ।

ਅਹਿਮਦ ਸ਼ਾਹ ਅਬਦਾਲੀ ਦੇ ਨਾਲ ਸੁਲਾਹ ਹੋ ਜਾਣ ਪਿੱਛੋਂ ਬਾਹਰੀ ਹਮਲੇ ਦਾ ਖਤਰਾ ਟਲ ਗਿਆ ਤੇ ਦਿੱਲੀ ਦਾ ਦਖਲ ਵੀ ਖਤਮ ਹੋ ਗਿਆ। ਪਰ ਸਿੱਖਾਂ ਦਾ ਖਤਰਾ ਵਧ ਗਿਆ ਸੀ। ਮੀਰ ਮੰਨੂ ਲਈ ਹੁਣ ਉਹੀ ਸਭ ਤੋਂ ਵੱਡੀ ਤੇ ਸਭ ਤੋਂ ਪਹਿਲੀ ਸਮੱਸਿਆ ਸਨ। ਦੀਵਾਨ ਕੌੜਾ ਮੱਲ ਦੇ ਲੜਾਈ ਵਿਚ ਮਾਰੇ ਜਾਣ ਪਿੱਛੋਂ ਸਿੱਖਾਂ ਦਾ ਕੋਈ ਹਮਦਰਦ ਵੀ ਨਹੀਂ ਸੀ ਰਹਿ ਗਿਆ। ਮੀਰ ਮੰਨੂ ਨੂੰ ਉਨਾਂ ਦੇ ਪਿਛਲੇ ਕਾਰਨਾਮੇ ਯਾਦ ਆਏ ਤੇ ਸਮਝ ਲਿਆ ਕਿ ਉਨਾਂ ਲਈ ਜਾਗੀਰ ਦੇ ਲਾਲਚ ਦਾ ਕੋਈ ਮੰਤਕ ਨਹੀਂ। ਉਨਾਂ ਦਾ ਮੁੱਖ ਮੰਤਵ ਆਜ਼ਾਦੀ ਪ੍ਰਾਪਤ ਕਰਨਾ ਹੈ ਤੇ ਜਦੋਂ ਤਕ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ, ਉਹ ਚੁੱਪ ਬੈਠਣ ਵਾਲੇ ਨਹੀਂ। ਪੰਜਾਬ ਵਿਚ ਰਾਜ ਕਰਨਾ ਹੈ ਤਾਂ ਸਿੱਖਾਂ ਨੂੰ ਖਤਮ ਕਰਨਾ ਹੀ ਪਏਗਾ। ਇਹ ਦੋਹਾਂ ਲਈ ਜ਼ਿੰਦਗੀ ਮੌਤ ਦੀ ਲੜਾਈ ਹੈ, ਸੁਲਾਹ ਸਮਝੌਤੇ ਸਭ ਅਸਥਾਈ ਨੇ। ਮੀਰ ਮੰਨੂ ਨੇ ਸਿੱਖਾਂ ਨੂੰ ਦਿੱਤੀ ਹੋਈ ਜਾਗੀਰ ਜਬਤ ਕਰਕੇ 1748 ਵਾਲਾ ਹੁਕਮ ਫੇਰ ਜਾਰੀ ਕਰ ਦਿੱਤਾ ਕਿ ਸਿੱਖ ਜਿੱਥੇ ਵੀ ਮਿਲੇ, ਫੜ ਕੇ ਲਾਹੌਰ ਭੇਜ ਦਿੱਤਾ ਜਾਏ। ਪਿੰਡਾਂ ਦੇ ਚੌਧਰੀਆਂ ਤੇ ਪਹਾੜੀ ਇਲਾਕਿਆਂ ਦੇ ਰਾਜਿਆਂ ਨੂੰ ਸਖਤ ਹਦਾਇਤਾਂ ਕਰ ਦਿੱਤੀਆਂ ਗਈਆਂ ਤੇ ਹਰ ਪਾਸੇ ਗਸ਼ਤੀ ਫੌਜ ਭੇਜ ਦਿੱਤੀ ਗਈ। ਦਮਨ ਦਾ ਮੁਕਾਬਲਾ ਕਰਦੇ ਹੋਏ ਸਿੱਖ ਵੀ ਖਾਸੇ ਹੁਸ਼ਿਆਰ ਤੇ ਚੁਕੰਨੇ ਹੋ ਚੁੱਕੇ ਸਨ। ਸਰਕਾਰੀ ਗਤੀਵਿਧੀਆਂ ਦੀ ਖਬਰ ਉਨਾਂ ਤਕ ਪਹੁੰਚਦੀ ਰਹਿੰਦੀ ਸੀ। ਲਾਹੌਰ ਤੋਂ ਗਸ਼ਤੀ ਫੌਜ ਦੇ ਰਵਾਨਾ ਹੁੰਦਿਆਂ ਹੀ ਸਿੰਘ ਪਿੰਡਾਂ ਵਿਚੋਂ ਨਿਕਲ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਜਾ ਪਹੁੰਚੇ।

ਸਿੰਘਾਂ ਦਾ ਇਹ ਸੱਤਵਾਂ ਕਤਲੇਆਮ ਸੀ। ਪਹਿਲਾ ਬਾਦਸ਼ਾਹ ਬਹਾਦੁਰ ਸ਼ਾਹ ਦੇ ਸਮੇਂ 1710 ਤੋਂ 1712 ਤਕ, ਦੂਜਾ ਫਰੁੱਖਸੀਅਰ ਤੇ ਅਬਦੁੱਲ ਸਮਦ ਦੇ ਸਮੇਂ, ਤੀਜਾ ਨਵਾਬ ਜ਼ਕਰੀਆ ਖਾਂ ਦੇ ਸਮੇਂ 1726 ਤੋਂ 1735 ਤਕ, ਚੌਥਾ ਵੀ ਜ਼ਕਰੀਆ ਖਾਂ ਦੇ ਸਮੇਂ 1739 ਤੋਂ 1745 ਤੱਕ, ਪੰਜਵਾਂ ਫੇਰ ਜ਼ਕਰੀਆ ਖਾਂ ਦੇ ਸਮੇਂ 1745 ਤੋਂ 1746 ਤਕ, ਛੇਵਾਂ ਮੀਰ ਮੰਨੂ ਦੇ ਸਮੇਂ 1748 ਵਿਚ ਤੇ ਹੁਣ ਸੱਤਵਾਂ ਵੀ ਮੀਰ ਮੰਨੂ ਦੇ ਹੱਥੋਂ ਸ਼ੁਰੂ ਹੋਇਆ।

ਮੀਰ ਮੰਨੂ ਦੀ ਮੌਤ ਤੋਂ ਪਿੱਛੋਂ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੇ ਆਪਣੇ ਤਿੰਨ ਸਾਲ ਦੇ ਬੇਟੇ ਮਹਿਮੂਦ ਖਾਂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਤੇ ਮੀਰ ਮੰਨੂ ਦੇ ਦੋ ਸਾਲ ਦੇ ਬੇਟੇ ਮੁਹੰਮਦ ਅਮੀਨ ਨੂੰ ਨਾਇਬ ਸੂਬੇਦਾਰ ਨਿਯੁਕਤ ਕਰਕੇ ਰਾਜ ਪ੍ਰਬੰਧ ਮੋਮਿਨ ਖਾਂ ਨੂੰ ਸੌਂਪ ਦਿੱਤਾ। ਮੀਰ ਮੰਨੂ ਦੀ ਵਿਧਵਾ ਮੁਰਾਦ ਬੇਗਮ ਜਿਹੜੀ ਬਾਅਦ ਵਿਚ ਮੁਗਲਾਨੀ ਬੇਗਮ ਦੇ ਨਾਂ ਨਾਲ ਮਸ਼ਹੂਰ ਹੋਈ, ਜੋੜ-ਤੋੜ ਵਿਚ ਇਕ ਪ੍ਰਤਿਭਾਸ਼ਾਲੀ ਔਰਤ ਸੀ। 1753 ਦੀ ਸੰਧੀ ਅਨੁਸਾਰ ਲਾਹੌਰ ਤੇ ਮੁਲਤਾਨ ਅਹਿਮਦ ਸ਼ਾਹ ਅਬਦਾਲੀ ਦੇ ਕਬਜੇ ਵਿਚ ਚਲੇ ਗਏ ਸਨ। ਮੁਲਤਾਨੀ ਬੇਗਮ ਨੇ ਦਿੱਲੀ ਦਾ ਦਖਲ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਸੱਤਾ ਆਪਣੇ ਹੱਥ ਵਿਚ ਲੈ ਲਈ। ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਅਫਗਾਨਿਸਤਾਨ ਵਿਚ ਵੀ ਵਿਰੋਧ ਹੋ ਰਹੇ ਸਨ। ਉਹ ਉਨਾਂ ਨੂੰ ਦਬਾਉਣ ਵਿਚ ਉਲਝਿਆ ਹੋਇਆ ਸੀ। ਉਸਨੂੰ ਇਧਰ ਧਿਆਨ ਦੇਣ ਦੀ ਵਿਹਲ ਹੀ ਨਹੀਂ ਸੀ ਕਿ ਲਾਹੌਰ ਤੇ ਮੁਲਤਾਨ ਵਿਚ ਕੀ ਹੋ ਰਿਹਾ ਹੈ। ਮੁਲਤਾਨੀ ਬੇਗ਼ਮ ਨੇ ਉਸਤੋਂ ਮੰਜ਼ੂਰੀ ਮੰਗੀ ਜਿਹੜੀ ਉਸਨੇ ਝੱਟ ਦੇ ਦਿੱਤੀ। ਦਿੱਲੀ ਵਿਚ ਈਰਾਨੀ-ਦਲ ਤੇ ਤੂਰਾਨੀ-ਦਲ ਆਪਸ ਵਿਚ ਲੜ-ਝਗੜ ਰਹੇ ਸਨ, ਸਾਜਿਸ਼ਾਂ ਤੇ ਹੱਤਿਆਵਾਂ ਦਾ ਬਾਜ਼ਾਰ ਗਰਮ ਸੀ। ਈਰਾਨੀ-ਦਲ ਦਾ ਨੇਤਾ ਸਫਦਰ ਜੰਗ ਤੇ ਤੂਰਾਨੀ-ਦਲ ਇਮਾਦੁੱਲ ਮੁਲਕ ਸੀ। ਦੋਹਾਂ ਦਲਾਂ ਵਿਚ ਕਈ ਦਿਨਾਂ ਤਕ ਦਿੱਲੀ ਦੀਆਂ ਗਲੀਆਂ ਵਿਚ ਲੜਾਈ ਹੁੰਦੀ ਰਹੀ। ਇਨਾਂ ਲੜਾਈਆਂ ਵਿਚ ਸਫਦਰ ਜੰਗ ਦਾ ਪੱਲਾ ਭਾਰੀ ਸੀ। ਇਮਾਦੁੱਲ ਮੁਲਕ ਨੇ ਮਰਹੱਟਿਆਂ ਦੀ ਮਦਦ ਨਾਲ ਸਫਦਰ ਜੰਗ ਨੂੰ ਦਿੱਲੀ ਵਿਚੋਂ ਬਾਹਰ ਕੱਢ ਦਿੱਤਾ। ਸਫਦਰ ਜੰਗ ਨੇ ਅਵਧ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ। ਇਧਰ ਇਮਾਦੁੱਲ ਮੁਲਕ ਤੇ ਬਾਦਸ਼ਾਹ ਅਹਿਮਦ ਸ਼ਾਹ ਵਿਚ ਵੀ ਅਣਬਣ ਹੋ ਗਈ। ਇਮਾਦੁੱਲ ਮੁਲਕ ਨੇ ਅਹਿਮਦ ਸ਼ਾਹ ਦੀਆਂ ਅੱਖਾਂ ਕਢਵਾ ਦਿੱਤੀਆਂ ਤੇ ਅਜੀਜੁੱਲ ਦੀਨ ਜਹਾਂ ਨੂੰ ਆਲਮਗੀਰ ਦੂਜਾ ਦੇ ਤੌਰ 'ਤੇ ਤਖ਼ਤ ਉੱਤੇ ਬਿਠਾ ਦਿੱਤਾ। ਇਹ ਸਥਿਤੀ ਸੀ ਜਦੋਂ ਅਬਦਾਲੀ ਤੋਂ ਮੰਜ਼ੂਰੀ ਲੈ ਕੇ ਮੁਗਲਾਨੀ ਬੇਗਮ ਸਰਵੇ-ਸਰਵਾ ਬਣ ਗਈ। ਉਸਨੇ ਇਸ ਮੰਜ਼ੂਰੀ ਦਾ ਧੂਮਧਾਮ ਨਾਲ ਜਸ਼ਨ ਮਨਾਇਆ। ਮੁਗਲਾਨੀ ਬੇਗਮ ਉਚੇ ਕੱਦ ਤੇ ਭਰੇ ਭਾਰੇ ਸਰੀਰ ਵਾਲੀ ਸੁੰਦਰ ਜਨਾਨੀ ਸੀ। ਸੱਤਾ ਹੱਥ ਵਿਚ ਆਉਂਦਿਆਂ ਹੀ ਉਹ ਖੁੱਲ ਕੇ ਖੇਡੀ। ਉਸਨੇ ਆਪਣੇ ਆਚਰਣ ਨਾਲ ਸਿੱਧ ਕਰ ਦਿੱਤਾ ਕਿ ਵਿਲਾਸਤਾ ਉਪਰ ਸਿਰਫ ਮਰਦਾਂ ਦਾ ਹੀ ਨਹੀਂ, ਔਰਤਾਂ ਦਾ ਵੀ ਹੱਕ ਬਣਦਾ ਹੈ। ਗਾਜੀ ਬੇਗ ਖਾਂ ਬਖ਼ਸ਼ੀ ਦੇ ਨਾਲ ਉਸਦੇ ਨਾਜ਼ਾਇਜ ਸਬੰਧ ਤੇ ਰੰਗ-ਰਲੀਆਂ ਦੇ ਕਿੱਸੇ ਛੇਤੀ ਹੀ ਸਾਰੇ ਲਾਹੌਰ ਵਿਚ ਮਸ਼ਹੂਰ ਹੋ ਗਏ। ਉਸਦੇ ਆਸ਼ਕਾਂ ਵਿਚ ਜਾਂ ਇੰਜ ਕਹੋ ਕਿ ਜਿਨਾਂ ਉਪਰ ਉਹ ਆਸ਼ਕ ਸੀ, ਇਕ ਸ਼ਾਹ ਨਵਾਜ ਮਸਕੀਨ ਸੀ, ਜਿਸ ਉਪਰ ਉਹ ਦਿਲੋ-ਜਾਨ ਨਾਲ ਮਰ ਮਿਟੀ ਸੀ। ਮੀਆਂ ਖੁਸ਼ ਫਹਿਮ, ਮੀਆਂ ਅਰਜਮੰਦ ਤੇ ਮੀਆਂ ਮੁਹੱਬਤ ਆਦਿ ਖਵਾਜਾ ਸਰਾ (ਖੁਸਰੇ) ਉਸਦੇ ਸਲਾਹਕਾਰ ਸਨ ਤੇ ਹੋਰ ਅਧਿਕਾਰੀ ਡਿਊਢੀ ਵਿਚ ਬੈਠੇ ਉਡੀਕਦੇ ਰਹਿੰਦੇ ਸਨ ਤੇ ਬੇਗਮ ਨਾਲ ਉਦੋਂ ਤਕ ਮੁਲਾਕਾਤ ਸੰਭਵ ਨਹੀਂ ਸੀ ਹੁੰਦੀ ਜਦੋਂ ਤੱਕ ਇਨਾਂ ਖਵਾਜਾ ਸਰਾਵਾਂ ਤੋਂ ਇਜਾਜ਼ਤ ਨਾ ਮਿਲ ਜਾਏ। ਬੇਗਮ ਆਪਣੀਆਂ ਰੰਗ-ਰਲੀਆਂ ਵਿਚ ਤੇ ਇਹ ਸਲਾਕਾਰ ਆਪਣੀਆਂ ਮਸਤੀਆਂ-ਖੜਮਸਤੀਆਂ ਵਿਚ ਰੁੱਝੇ ਰਹਿੰਦੇ ਸਨ ਤੇ ਡਿਊਢੀ ਵਿਚ ਥਿਰਕਦੀਆਂ ਅੱਡੀਆਂ ਤੇ ਤਾੜੀਆਂ ਦੇ ਨਾਲ ਇਹ ਆਵਾਜ਼ ਸੁਣਾਈ ਦਿੰਦੀ ਰਹਿੰਦੀ।

'...ਥਾ-ਥਾ ਥੱਈਆ, ਥਾ-ਥਾ ਥੱਈਆ।'
ਨਾਚੇ ਮੇਰਾ ਭਈਆ।

(ਚਲਦਾ...)

# ਆਪਣੇ ਆਪ ਨੂੰ ਸਮਾਂ ਦਿਓ



ਹਰਕੀਰਤ ਕੌਰ
ਮੋ. 9779118066

ਸਮਾਂ ਇੱਕ ਤਾਕਤ ਹੈ। ਇਹ ਕਦੇ ਕਿਸੇ ਲਈ ਨਹੀਂ ਰੁਕਿਆ। ਇਹ ਚੱਲਦਾ ਆਇਆ ਹੈ ਅਤੇ ਚੱਲਦਾ ਰਹੇਗਾ।ਸਮੇਂ ਦੀ ਤਾਣੀ ਏਨੀ ਉਲਝੀ ਹੈ ਕਿ ਲੋਕਾਂ ਕੋਲ ਸਿਰ ਖੁਰਕਣ ਦਾ ਵੇਹਲ ਨਹੀਂ ਹੈ। ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਜੱਦੋਜਹਿਦ ਵਿੱਚ ਮਨੁੱਖ ਸਾਰਾ ਸਮਾਂ ਆਪਣੇ ਕੰਮਾਂ ਧੰਦਿਆਂ ਨੂੰ ਦੇਣ ਲੱਗ ਗਿਆ ਹੈ। ਜਿਸ ਦੇ ਚੱਲਦਿਆਂ ਜਿੱਥੇ ਮਨੁੱਖੀ ਰਿਸ਼ਤਿਆਂ ਵਿੱਚ ਫਿਕ ਪੈ ਗਈ ਉੱਥੇ ਨਾਲ ਦੀ ਨਾਲ ਮਨੁੱਖ ਆਪਣੇ ਆਪ ਤੋਂ ਵੀ ਦੂਰ ਹੋ ਗਿਆ। ਜਿੰਦਗੀ ਦਾ ਭਾਰ ਮੋਢਿਆਂ ਤੇ ਢੋਂਦੇ ਮਨੁੱਖ ਨੂੰ ਆਪਣੇ ਸ਼ੌਕ ਭੁੱਲ ਗਏ, ਜੀਵਨ ਦਾ ਮਨੋਰਥ ਭੁੱਲ ਗਿਆ। ਬਸ ਜਿੰਮੇਵਾਰੀਆਂ ਤੇ ਹੋਰ ਕੰਮਾਂ ਧੰਦਿਆਂ ਵਿੱਚ ਉਲਝਿਆ ਮਨੁੱਖ ਜਿੰਦਗੀ ਦੇ ਪਹੀਏ ਰੇੜਦਾ ਆਖਰ ਇਸ ਸੰਸਾਰ ਤੋਂ ਵਿਦਾ ਹੋ ਜਾਂਦਾ ਹੈ।

ਪ੍ਰਮਾਤਮਾ ਨੇ ਸਾਨੂੰ ਜੀਵਨ ਦਿੱਤਾ ਹੈ। ਇਹ ਕੁਦਰਤ ਦੀ ਬਖਸ਼ਿਸ਼ ਹੈ। ਇਸ ਉੱਪਰ ਸਭ ਤੋਂ ਵੱਧ ਅਧਿਕਾਰ ਸਾਡਾ ਆਪਣਾ ਹੈ। ਪਰ ਅਸੀਂ ਸਾਰੀ ਜਿੰਦਗੀ ਇਹ ਗੱਲ ਸਮਝ ਹੀ ਨਹੀਂ ਪਾਉਂਦੇ ਕਿ ਅਸੀਂ ਆਪਣੀ ਕੀਮਤ ਵੀ ਸਮਝਣੀ ਹੈ। ਕੁਦਰਤ ਬਹੁਤ ਖੂਬਸੂਰਤ ਹੈ, ਭੀੜ ਭੜੱਕੇ, ਸ਼ੋਰ ਸ਼ਰਾਬੇ, ਭੱਜ ਦੌੜ, ਪੱਥਰਾਂ ਦੇ ਸ਼ਹਿਰਾਂ, ਮੋਬਾਇਲ ਫੋਨਾਂ ਤੋਂ ਬਾਹਰ ਨਿਕਲ ਕਦੇ ਕੁਦਰਤ ਸੰਗ ਆਪਣਾ ਆਪ ਲੈ ਕੇ ਬੈਠੋ । ਕਦੇ ਆਪਣੀ ਸੰਗਤ ਮਾਣ ਕੇ ਵੇਖੋ। ਜਾਨਣ ਦਾ ਯਤਨ ਕਰੋ ਕਿ ਤੁਸੀਂ ਕੌਣ ਹੋ ? ਕਿਉਂ ਹੋ ? ਤੇ ਤੁਹਾਨੂੰ ਕਿਵੇਂ ਹੋਣਾ ਚਾਹੀਦਾ ਹੈ ? ਕਦੇ ਬੈਠ ਕੇ ਵਿਚਾਰੋ ਕਿ ਜਿਸ ਕੰਮ ਵਿੱਚ ਮੈਂ ਆਪਣੀ ਜਿੰਦਗੀ ਦਾ ਅੱਧਾ, ਅੱਧੇ ਤੋਂ ਜਿਆਦਾ ਸਮਾਂ ਬਤੀਤ ਕਰ ਦਿੱਤਾ ਹੈ ਕੀ ਮੈਂ ਏਦਾਂ ਦਾ ਜੀਵਨ ਹੀ ਚਾਹੁੰਦਾ ਸੀ ਜਾਂ ਚਾਹੁੰਦੀ ਸੀ ? ਜੇਕਰ ਹਾਂ ਦਾ ਜਵਾਬ ਮਿਲੇ ਤਾਂ ਪ੍ਰਮਾਤਮਾ ਦਾ ਸ਼ੁਕਰ ਕਰੋ ਜੇ ਇਹ ਵਿਚਾਰਨ ਤੋਂ ਬਾਅਦ ਨਿਰਾਸ਼ਤਾ ਜਿਹੀ ਪੱਲੇ ਪਵੇ ਤਾਂ ਆਪਣੇ ਰੁਝਾਨ ਨੂੰ ਹੌਲੀ ਹੌਲੀ ਬਦਲਣ ਬਾਰੇ ਸੋਚੀਏ।

ਅਸੀਂ ਸਾਰੇ ਆਪਣੇ ਲਈ ਘੱਟ ਤੇ ਦੂਸਰਿਆਂ ਲਈ ਜਿਆਦਾ ਜਿਊਂਦੇ ਹਾਂ। ਦੂਸਰਿਆਂ ਨੂੰ ਖੁਸ਼ ਕਰਨ ਵਿੱਚ ਸਾਰੀ ਉਮਰ ਲਗਾ ਦਿੰਦੇ ਹਾਂ ਕਿ ਆਪਣਾ ਵਜੂਦ ਹੀ ਗਵਾ ਦਿੰਦੇ ਹਾਂ, ਆਪਣੇ ਆਪ ਨੂੰ ਹੀ ਭੁਲਾ ਦਿੰਦੇ ਹਾਂ। ਜਿੰਮੇਵਾਰੀਆਂ ਨਿਭਾਓ, ਪਰਿਵਾਰ ਪਾਲੋ ਉਨਾਂ ਦੀਆਂ ਜਰੂਰਤਾਂ ਦਾ ਖਿਆਲ ਰੱਖੋ ਉਨਾਂ ਦੀ ਖੁਸ਼ੀ ਦਾ ਵੀ ਖਿਆਲ ਰੱਖੋ। ਪਰ ਇਸ ਸਭ ਦੇ ਚੱਲਦੇ ਚੱਲਦੇ ਆਪਣੇ ਆਪ ਨੂੰ ਵੀ ਯਾਦ ਰੱਖੋ ਕਿ ਤੁਹਾਡੀ ਵੀ ਕੋਈ ਪਛਾਣ ਹੈ।

ਸਾਡੀ ਖੁਸ਼ੀ ਸਾਡੀ ਜਿੰਮੇਵਾਰੀ ਹੈ ਕੋਈ ਦੂਸਰਾ ਇਸਦਾ ਕਾਰਨ ਜਰੂਰ ਬਣ ਸਕਦਾ ਹੈ ਪਰ ਇਸ ਨੂੰ ਸਦੀਵੀ ਬਦਾਉਣ ਦੀ ਜਿੰਮੇਵਾਰੀ ਸਾਡੀ ਹੀ ਰਹੇਗੀ। ਅਸੀਂ ਆਪਣੇ ਆਪ ਨੂੰ ਖੁਸ਼ ਉਦੋਂ ਹੀ ਰੱਖ ਸਕਦੇ ਹਾਂ ਜਦੋਂ ਸਾਡੇ ਚਿਹਰੇ ਦੀ ਮੁਸਕਾਨ ਕਿਸੇ ਦੂਸਰੇ ਕਰਕੇ ਨਹੀਂ ਬਲਕਿ ਸਾਡੀ ਆਪਣੀ ਸੰਗਤ ਕਰਕੇ ਆਉਂਦੀ ਹੋਵੇ। ਪਰ ਇਹ ਖੁਸ਼ੀ ਅਸੀਂ ਤਾਂ ਹੀ ਮਾਣ ਸਕਦੇ ਹਾਂ ਜੇਕਰ ਅਸੀਂ ਹਰ ਰੋਜ਼ ਕੁਝ ਸਮਾਂ ਆਪਣੇ ਆਪ ਨੂੰ ਦਿੰਦੇ ਹੋਈਏ। ਸਾਡੇ ਨਿੱਤ ਦੇ ਕਾਰ ਵਿਹਾਰ ਦੀ ਸੂਚੀ ਵਿੱਚ ਆਪਣੇ ਆਪ ਲਈ ਕੁਝ ਸਮਾਂ ਰਾਖਵਾਂ ਹੋਣਾ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਕੁਦਰਤ ਦੇ ਸੰਗ ਕੁਝ ਘੜੀਆਂ ਬਿਤਾਓ, ਆਪਣੇ ਆਪੇ ਨੂੰ ਜਾਨਣ ਦਾ ਯਤਨ ਕਰੋ। ਕੁਝ ਪਲਾਂ ਲਈ ਆਪਣੇ ਚਿੱਤ ਵਿੱਚ ਆਉਣ ਵਾਲੇ ਸਾਰੇ ਖਿਆਲਾਂ ਨੂੰ ਰੋਕਣ ਦਾ ਯਤਨ ਕਰੋ। ਇਹ ਖਿਆਲ ਘੜੀ ਮੁੜ ਤੁਹਾਨੂੰ ਤੰਗ ਕਰਨਗੇ, ਪਰ ਜਦੋਂ ਤੁਸੀਂ ਸ਼ਾਤ ਚਿੱਤ ਆਪਣੇ ਆਪ ਨਾਲ ਬੈਠਣਾ ਸਿੱਖ ਜਾਵੋਗੇ ਤਾਂ ਤੁਹਾਡੇ ਵਿੱਚ ਨਿਰੋਲ ਸਹਿਜਤਾ ਆ ਜਾਵੇਗੀ। ਹਰ ਪ੍ਰਸਿਥਤੀ ਨੂੰ ਸ਼ਾਂਤੀ ਨਾਲ ਨਿਜੱਠਣ ਦੀ ਤਾਕਤ ਆ ਜਾਵੇਗੀ । ਤੁਹਾਡੇ ਚਿਹਰੇ 'ਤੇ ਆਉਣ ਵਾਲੀ ਮੁਸਕਰਾਹਟ ਸਦੀਵੀ ਹੋ ਜਾਵੇਗੀ ਜਿਸ ਨੂੰ ਉੱਚੇ ਨੀਵੇਂ ਹਲਾਤ ਪ੍ਰਭਾਵਿਤ ਨਹੀਂ ਕਰ ਸਕਣ। ਇਸ ਲਈ ਜਰੂਰੀ ਹੈ ਆਪਣੇ ਆਪ ਨੂੰ ਸਮਾਂ ਦੇਣਾ, ਆਪਣੀ ਸੰਗਤ ਨੂੰ ਮਾਨਣਾ।

# ਲਹਿੰਦੇ ਪੰਜਾਬ ਤੇ ਪੰਜਾਬੀਆਂ ਦੀਆਂ ਮਿੱਠੀਆਂ ਯਾਦਾਂ




**ਡਾ. ਨਵਜੋਤ**

**ਮੋ. 81468-28040**


ਡਾ. ਗੁਰਭਜਨ ਗਿੱਲ ਹੋਰਾਂ ਨੇ ਜਦ ਕਰਤਾਰਪੁਰ ਸਾਹਿਬ (ਪਾਕਿਸਤਾਨ) ਜਾਣ ਲਈ ਮੇਰੀ ਰਜ਼ਾਮੰਦੀ ਮੰਗੀ ਤਾਂ ਮੈਂ ਸਿਆਸੀ ਤੇ ਸਰਹੱਦੀ ਤਲਖ਼ੀਆਂ ਦੇ ਬਾਵਜੂਦ ਬਿਨਾਂ ਇਕ ਪਲ ਸੋਚਿਆਂ ਹਾਮੀ ਭਰ ਦਿੱਤੀ। ਕਰਤਾਰਪੁਰ ਕੋਰੀਡੋਰ 'ਤੇ ਗਿੱਲ ਸਾਹਿਬ, ਉਨਾਂ ਦੇ ਸ਼ਰੀਕ-ਏ-ਹਯਾਤ ਸਰਦਾਰਨੀ ਜਸਵਿੰਦਰ ਕੌਰ, ਪੰਜਾਬੀ ਦੀ ਮਾਣਮੱਤੀ ਸ਼ਾਇਰਾ ਤੇ ਲੋਕ ਨਾਇਕ ਜਿਊਣੇ ਮੌੜ ਦੀ ਦੋਹਤੀ ਦੀ ਧੀ ਸੁਲਤਾਨਾ ਬੇਗਮ, ਮਨਜਿੰਦਰ ਧਨੋਆ ਤੇ ਮੈਂ, ਅਸੀਂ ਜਦੋਂ ਦੋਨਾਂ ਦੇਸ਼ਾਂ ਦੀ ਪਾਰਦਰਸ਼ੀ ਪਰ ਸਤਿਕਾਰਤ ਨਜ਼ਰ ਵਿਚੋਂ ਲੰਘ ਕੇ ਦੋ-ਤਿੰਨ ਕਿਲੋਮੀਟਰ ਦਾ ਪੈਂਡਾ ਮੁਕਾ ਕੇ ਪਾਕਿਸਤਾਨ ਦੀ ਸਰਹੱਦ 'ਤੇ ਹਾਲੇ ਪੈਰ ਹੀ ਧਰਿਆ ਸੀ ਕਿ ਸਾਨੂੰ ਆਪਣੇ ਵਿਸ਼ੇਸ਼ ਹੋਣ ਦਾ ਅਹਿਸਾਸ ਕਰਵਾ ਦਿੱਤਾ ਗਿਆ।

ਪਾਕਿਸਤਾਨ ਦੇ ਸਾਡੇ ਲੇਖਕ ਮਿੱਤਰਾਂ ਵੱਲੋਂ ਵਾਰ-ਵਾਰ ਆਪਣੇ ਸੁਰੱਖਿਆ ਅਮਲੇ ਨੂੰ ਫੋਨ 'ਤੇ ਹਦਾਇਤ ਦਿੱਤੀ ਜਾ ਰਹੀ ਸੀ ਕਿ ਸਾਡੇ ਵਿਸ਼ੇਸ਼ ਪ੍ਰਾਹੁਣਿਆਂ ਦੀ ਬਿਨਾਂ ਕਿਸੇ ਤਕਲੀਫ਼ ਦੇ ਪਹੁੰਚ ਯਕੀਨੀ ਬਣਾਈ ਜਾਵੇ। ਸ਼ਾਂਤ ਚਿੱਤ ਚੌਗਿਰਦਾ, ਪੰਛੀਆਂ ਦੀ ਚਹਿ-ਚਹਾਟ ਤੇ ਫੁੱਲਾਂ ਲੱਦੀ ਧਰਤੀ ਤੋਂ ਲੰਘਦਿਆਂ ਜਿਵੇਂ ਹੀ ਅਸੀਂ ਗੁਰਦੁਆਰਾ ਸਾਹਿਬ ਦੀ ਹਦੂਦ 'ਚ ਪੈਰ ਧਰਿਆ ਤਾਂ ਸਾਹਵੇਂ ਲਹਿੰਦੇ ਪੰਜਾਬ ਦੇ ਨਾਮਵਰ ਲੇਖਕਾਂ ਦਾ ਇਕੱਠ ਨਜ਼ਰੀਂ ਪਿਆ। ਹੱਥਾਂ ਵਿਚ ਸੂਹੇ ਸੁੱਚੇ ਗੁਲਾਬ ਦੇ ਫੁੱਲ, ਗੁਲਦਸਤੇ ਤੇ ਜ਼ੁਬਾਨ ਤੇ ਮੁਹੱਬਤ ਦੇ ਤਰਾਨੇ ਲਈ ਜੋ ਬੜੀ ਸ਼ਿੱਦਤ ਨਾਲ ਸਾਡੀ ਉਡੀਕ ਕਰ ਰਹੇ ਸਨ। ਇੱਕੋ ਰੰਗ ਦਾ ਖ਼ੂਨ, ਇੱਕੋ ਜਿਹੇ ਨੈਣ-ਨਕਸ਼ ਤੇ ਇੱਕੋ ਜਿਹਾ ਮੜੰਗਾ ਤੇ ਸਭ ਤੋਂ ਵੱਡੀ ਸਾਂਝ ਮਾਖਿਓਂ ਮਿੱਠੀ ਮਾਂ-ਬੋਲੀ ਦੀ। ਸਰਮਦ ਦੇ ਵਾਰਸ, ਮਨਸੂਰ ਦੇ ਵਾਰਸ, ਨਾਨਕ ਦੇ ਵਾਰਸ, ਮੁਹੱਬਤੀ ਇਨਸਾਨ ਘੁੱਟ-ਘੁੱਟ ਇੰਜ ਗਲਵੱਕੜੀਆਂ ਪਾ ਰਹੇ ਸਨ ਜਿਵੇਂ ਚਿਰੋਕਣਾਂ ਵਿਛੜਿਆ ਕੋਈ ਆਪਣਾ ਮੁੱਦਤ ਬਾਅਦ ਮਿਲਿਆ ਹੋਵੇ। ਜਿਵੇਂ ਅਮਨ, ਸ਼ਾਂਤੀ, ਫਿਰਕੂ ਸਦਭਾਵਨਾ ਤੇ ਏਕਤਾ ਦੀਆਂ ਤੰਦਾਂ ਨੂੰ ਹੋਰ ਪੀਡੀਆਂ ਗੰਢਾਂ ਦੇ ਰਿਹਾ ਹੋਵੇ। ਮੈਂ ਆਪਣੇ ਕਾਲਜ ਦੀ ਕੰਧ 'ਤੇ ਜਿਸ ਮਾਂ-ਬੋਲੀ ਦੇ ਲਾਡਲੇ ਸ਼ਾਇਰ ਬਾਬਾ ਗੁਲਾਮ ਹੁਸੈਨ ਨਦੀਮ ਦੀ ਸ਼ਾਇਰੀ ਅੰਕਿਤ ਕੀਤੀ ਹੋਵੇ ਜਿਨਾਂ ਦੀਆਂ ਰਚਨਾਵਾਂ ਸਾਲਾਂ ਤੋਂ ਮੇਰੇ ਦਿਲੋ-ਦਿਮਾਗ ਦੇ ਕਰੀਬ ਹੋਣ, ਉਨਾਂ ਨੂੰ ਜ਼ਾਹਰਾ ਤੌਰ 'ਤੇ ਮਿਲਣ ਵੇਲੇ ਮੇਰੇ ਵਰਗੇ ਭਾਵੁਕ ਬੰਦੇ ਦੀ ਕੀ ਮਨੋਦਸ਼ਾ ਹੋਵੇਗੀ, ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ।

**ਇਕ ਯਾਦ**

ਇਨਾਂ ਭਾਵੁਕ ਪਲਾਂ ਨੂੰ ਤੁਹਾਡੇ ਸਨਮੁੱਖ ਕਰਨ ਦੀ ਮੇਰੀ ਔਕਾਤ ਨਹੀਂ। ਮੇਰੇ ਮੂੰਹ ਆਏ ਜਜ਼ਬਾਤ ਨੂੰ ਸ਼ਬਦ ਨਹੀਂ ਅਹੁੜ ਰਹੇ ਕਿਉਂਕਿ ਭਾਸ਼ਾ ਦੇ ਸ਼ਬਦ ਗਿਣਤੀ ਦੇ ਹਨ ਜੋ ਮੇਰੇ ਮਨੋਭਾਵਾਂ ਨੂੰ ਆਪਣੇ 'ਚ ਨਹੀਂ ਸਮੋ ਸਕਦੇ। ਜਿਸ ਕਵੀ ਦੀ ਕਲਮ ਤੋਂ ਹਕੂਮਤਾਂ ਤ੍ਰਹਿੰਦੀਆਂ ਹੋਣ, ਸੱਚ ਦੇ ਪਹਿਰੇਦਾਰ, ਸਮਾਜਿਕ ਸਰੋਕਾਰਾਂ ਪ੍ਰਤੀ ਸੁਚੇਤ ਹੋਏ ਤੇ ਅਣਹੋਏ ਲੋਕਾਂ ਵਿਚਲੇ ਪਾੜੇ ਤੇ ਸਰਕਾਰਾਂ ਦੀ



ਬੇਰੁਖੀ ਖ਼ਿਲਾਫ਼ ਬੇਬਾਕ ਹੋ ਕੇ ਲਿਖਣ ਵਾਲੇ, ਮਾਂ-ਬੋਲੀ ਪ੍ਰਤੀ ਚਿੰਤਤ ਇਨਕਲਾਬੀ ਕਵੀ ਬਾਬਾ ਨਜਮੀ ਨੂੰ ਦੇਖ ਕੇ ਤਾਂ ਮੈਨੂੰ ਚਾਅ ਹੀ ਚੜ ਗਿਆ।

ਮੈਂ ਉਨਾਂ ਦੀ ਸਮਾਜਿਕ ਪ੍ਰਤਿਬੱਧਤਾ ਦੀ ਮੁੱਢ ਤੋਂ ਹੀ ਕਾਇਲ ਰਹੀ ਹਾਂ। ਸਾਨੀਆ ਸ਼ੇਖ, ਮਨੀਰ ਹੁਸ਼ਿਆਰਪੁਰੀ ਤੇ ਹੋਰ ਨਾਮਵਰ ਹਸਤੀਆਂ ਨੂੰ ਮਿਲ ਕੇ ਸੱਚੀਂ ਰੂਹ ਨਸ਼ਿਆ ਗਈ। ਸਮੁੱਚੀ ਲੋਕਾਈ ਦੇ ਰਹਿਬਰ, ਦਿਲੀ ਮੁਹੱਬਤਾਂ ਲਈ ਪੁਲ ਬਣੇ ਇਨਕਲਾਬੀ ਸ਼ਾਇਰ ਜਗਤ ਗੁਰੂ ਸੱਚੇ ਪਾਤਸ਼ਾਹ ਬਾਬੇ ਨਾਨਕ ਦੀ ਕਰਮ ਭੂਮੀ ਦੀ ਜ਼ਿਆਰਤ ਕਰਨ ਵਾਘਿਓਂ ਪਾਰ ਦੇ ਮਿੱਤਰ ਜਦੋਂ ਸਾਨੂੰ ਲੈ ਤੁਰੇ ਤਾਂ ਸਭ ਤੋਂ ਪਹਿਲਾਂ ਅਸੀਂ ਉਸ ਮੁਕੱਦਸ ਸਥਾਨ 'ਤੇ ਨਤਮਸਤਕ ਹੋਏ ਜਿੱਥੇ ਬਾਬਾ ਜੀ ਦੀ ਚਾਦਰ ਨੂੰ ਸਪੁਰਦ-ਏ-ਖਾਕ ਕੀਤਾ ਗਿਆ ਸੀ। ਉੱਥੇ ਖੜੋਤਿਆਂ ਮੈਂ ਬਾਬੇ ਨਾਨਕ ਦੇ ਰੂਹਾਨੀਅਤ ਦੇ ਅਮਲੀ ਫਲਸਫੇ : "ਬਾਬਾ ਆਖੇ ਹਾਜੀਆ, ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ।" ਨੂੰ ਜੀਵੰਤ ਹੁੰਦੇ ਦੇਖਿਆ। ਉੱਥੇ ਬੁਸ਼ਰਾ ਨਾਜ਼ ਨੇ ਆਪਾਂ ਨੂੰ ਘੁੱਟ ਕੇ ਮਿਲਦਿਆਂ ਇਕ ਘੜੀ ਵੀ ਓਪਰੇਪਣ ਦਾ ਅਹਿਸਾਸ ਨਾ ਕਰਵਾਇਆ। ਅਸੀਂ ਗੁਰਦੁਆਰਾ ਸਾਹਿਬ ਦੀ ਹੱਦ 'ਚ ਹੱਥ 'ਚ ਹੱਥ ਪਾ ਕੇ ਸਕੀਆਂ ਭੈਣਾਂ ਵਾਂਗ ਵਿਚਰ ਰਹੀਆਂ ਸਾਂ ਜਿਵੇਂ ਜਲੰਧਰੋਂ ਇਕੱਠੀਆਂ ਹੀ ਆਈਆਂ ਹੋਈਏ। ਗੋਲ ਆਕਾਰ, ਭੀੜੀਆਂ ਪੌੜੀਆਂ ਤੋਂ ਉੱਪਰ ਚੜ ਕੇ ਜਦੋਂ ਸਾਡਾ ਜਥਾ ਦਰਬਾਰ ਹਾਲ ਵਿਚ ਪਹੁੰਚਿਆ ਤਾਂ ਗੁਰੂ ਜੀ ਦੀ ਇਲਾਹੀ ਬਾਣੀ ਤੇ ਰਸਭਿੰਨਾ ਕੀਰਤਨ ਮੰਤਰ-ਮੁਗਧ ਕਰ ਰਿਹਾ ਸੀ। ਸਾਡੇ ਜਥੇ ਦੇ ਮੁਖੀ ਗੁਰਭਜਨ ਸਿੰਘ ਗਿੱਲ ਹੋਰਾਂ ਜਦੋਂ ਆਪਣੀ ਚਿਰਕੋਣੀ ਇੱਛਾ ਪੂਰਤੀ ਹਿੱਤ ਪਾਵਨ ਸਥਾਨ 'ਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਆਰੰਭਿਆ ਤਾਂ ਅਲੌਕਿਕ ਨਜ਼ਾਰਾ ਨਜ਼ਰੀਂ ਪਿਆ। ਹਰ ਪਾਸੇ ਕਾਦਰ ਦੀ ਕੁਦਰਤ ਆਪਣੇ ਜਲਵੇ ਬਿਖੇਰ ਰਹੀ ਸੀ।

ਪੋਹ ਮਹੀਨੇ ਦੀਆਂ ਸੀਤ ਹਵਾਵਾਂ ਤੇ ਠੰਢੇ ਯਖ਼ ਫਰਸ਼ 'ਤੇ ਨੰਗੇ ਪੈਰੀਂ ਘੰਟਿਆਂਬੱਧੀ ਤੁਰਦਿਆਂ ਵੀ ਮਾਨਵੀ ਰਿਸ਼ਤਿਆਂ ਦੀ ਗਰਮਾਇਸ਼ ਨੇ ਠੰਢ ਦਾ ਅਹਿਸਾਸ ਤਕ ਨਾ ਹੋਣ ਦਿੱਤਾ। ਲੰਗਰ ਹਾਲ ਦਾ ਨਜ਼ਾਰਾ ਵੀ ਅਦਭੁੱਤ ਸੀ। ਬਹੁਤ ਹੀ ਤੇਹ ਤੇ ਗਰਮਜੋਸ਼ੀ ਨਾਲ ਅਸੀਂ ਸਭ ਨੇ ਇਕੱਠਿਆਂ ਬੈਠ ਕੇ ਅਟੁੱਟ ਲੰਗਰ ਦਾ ਆਨੰਦ ਮਾਣਿਆ। ਉਸ ਤੋਂ ਬਾਅਦ ਸ਼ੁਰੂ ਹੋਇਆ ਕਵੀ ਦਰਬਾਰ ਦਾ ਦੌਰ ਜਿਸ ਵਿਚ ਲਹਿੰਦੇ ਤੇ ਚੜਦੇ,

ਬਾਕੀ ਸਫ਼ਾ 31 'ਤੇ

# ਬੇਜ਼ੁਬਾਨ ਨਾਲ ਮੋਹ




ਮੈਂ ਸਿਰਫ ਸੁਣਿਆ ਹੀ ਨਹੀਂ ਸੀ ਕਿ ਜੇ ਕਿਸੇ ਜਨੌਰ ਦੇ ਨਾਲ ਕੁਝ ਸਮਾਂ ਬਤੀਤ ਕਰੀਏ ਤਾਂ ਸਾਨੂੰ ਉਸ ਨਾਲ ਜਾਂ ਉਸਨੂੰ ਵੀ ਤੁਹਾਡੇ ਨਾਲ ਮੋਹ ਪੈ ਜਾਂਦਾ ਹੈ, ਬਲਕਿ ਪਿਛੇ ਜਿਹੇ ਮਹਿਸੂਸ ਵੀ ਕੀਤਾ ਹੈ। ਕੁਝ ਦਿਨ ਪਹਿਲਾਂ ਅਸੀਂ ਮਾਂ ਧੀ ਨੇ ਕਸ਼ਮੀਰ ਗਰੇਟ ਲੇਕ ਟ੍ਰੈਕ ਕੀਤਾ, ਜਿਸਦੇ ਦੌਰਾਨ ਅਸੀਂ ਆਪਣਾ ਸਮਾਨ ਲੱਦਣ ਲਈ ਆਪਣੇ ਨਾਲ ਇਕ ਖੱਚਰ ਵੀ ਲਿਆ ਸੀ ਇਕ ਹਜ਼ਾਰ ਰੁਪਏ ਇਕ ਦਿਨ ਦੇ ਕਿਰਾਏ ਤੇ ਇੱਥੇ ਟ੍ਰੈਕਿੰਗ ਕਰਨ ਵਾਲਿਆਂ ਦਾ ਸਾਰਾ ਸਮਾਨ ਖੱਚਰਾਂ ਦੇ ਛੋਟੇ-ਛੋਟੇ ਝੁੰਡ ਹੀ ਲੈ ਕੇ ਜਾਂਦੇ ਹਨ। ਇਕ ਦੋ ਵਾਰ ਬਹੁਤ ਹੀ ਸਿੱਧੀ ਅਤੇ ਤਿੱਖੀ ਚੜਾਈ ਵਾਸਤੇ ਮੈਨੂੰ ਉਸ ਉੱਪਰ ਬੈਠਣਾ ਪਿਆ। ਕਿਸੇ ਨੂੰ ਬਿਠਾਉਣ ਲੱਗਿਆ ਗਾਈਡ ਖੱਚਰ ਉਪਰੋਂ ਸਾਰਾ ਸਮਾਨ ਲਾਹ ਦਿੰਦਾ ਸੀ। ਮੈਂ ਇੱਕ ਗੱਲ ਮਹਿਸੂਸ ਕੀਤੀ ਕਿ ਟਰੈਕਿੰਗ ਦੇ ਦੌਰਾਨ ਤੁਰਨਾ ਹੀ ਬਿਹਤਰ ਹੈ ਕਿਉਂਕਿ ਖੱਚਰ ਜਾਂ ਘੋੜੇ ਉਪਰ ਸਾਡੇ ਵਰਗੇ ਅਣਜਾਣ ਨੂੰ ਬੈਠ ਕੇ ਡਰ ਹੀ ਲੱਗਿਆ ਰਹਿੰਦਾ ਹੈ ਕਿ ਕਿਧਰੇ ਡਿੱਗ ਹੀ ਨਾ ਜਾਈਏ। ਇਕ ਅੱਧਾ ਝਟਕਾ ਲੱਗ ਵੀ ਜਾਂਦਾ ਹੈ ਅਣਜਾਣ ਪੁਣੇ ਵਿਚ। ਟ੍ਰੈਕ ਦੇ ਅਖ਼ੀਰ ਵਿੱਚ ਜਿਸ ਦਿਨ ਅਸੀਂ ਨਾਰਾਂਨਾਗ ਦੀਆਂ ਪਹਾੜੀਆਂ ਉਤਰ ਰਹੇ ਸਾਂ ਤਾਂ ਉਹ ਵਾਲਾ ਰਸਤਾ ਜੰਗਲ ਦਾ ਬਹੁਤ ਹੀ ਗੰਦਾ ਸੀ, ਛੋਟੀ ਜਿਹੀ ਪਗਡੰਡੀਨੁਮਾ ਅਤੇ ਪੱਥਰਾਂ ਨਾਲ ਭਰਿਆ ਪਿਆ ਰਾਹ, ਰੇਤਲੀ ਮਿੱਟੀ ਜੋ ਕਿ ਪੈਰਾਂ ਵਿੱਚ ਫਿਸਲਦੀ ਸੀ, ਕਿਧਰੇ ਕਿਧਰੇ ਪਹਾੜ ਟੁੱਟਾ ਹੋਣ ਕਰਕੇ ਰਸਤਾ ਬੇਹੱਦ ਮੁਸ਼ਕਲ ਹੋ ਜਾਂਦਾ, ਕਿਧਰੇ ਕਿਧਰੇ ਪਾਣੀ ਦੀਆਂ ਕੂਲਾਂ ਵਗਦੀਆਂ ਹੋਣੀਆਂ, ਪੈਰ ਪੈਰ 'ਤੇ ਡਿੱਗਣ ਦਾ ਡਰ ਹੁੰਦਾ ਸੀ, ਇਕ ਪਾਸੇ ਉੱਚਾ ਪਹਾੜ ਅਤੇ ਦੂਜੇ ਪਾਸੇ ਡੂੰਘੀ ਖਾਈ, ਕਿਧਰੇ ਕਿਧਰੇ ਕਿਰਦੇ ਪਹਾੜ ਜੋ ਕਿ ਰਸਤੇ ਨੂੰ ਹੋਰ ਵੀ ਜ਼ੋਖਮ ਭਰਿਆ ਬਣਾ ਦਿੰਦੇ ਸਨ। ਇੰਨੇ ਸਖ਼ਤ ਟ੍ਰੈਕ ਦੌਰਾਨ ਸ਼ੁਰੁਆਤ ਵਿੱਚ ਹੀ ਮੇਰੀ ਬੇਟੀ ਫਿਸਲ ਗਈ, ਉਸਦੇ ਇਕ ਗੋਡੇ ਤੇ ਸੱਟ ਲੱਗ ਗਈ, ਔਖੇ-ਸੌਖੇ ਹੋ ਕੇ ਚਾਰ ਦਿਨ ਉਹ ਪਹਾੜ ਚੜਦੀ ਉਤਰਦੀ ਰਹੀ, ਪਰ ਪੰਜਵੇਂ ਦਿਨ ਤੁਰਨਾ ਬੇਹਾਲ ਹੋ ਗਿਆ। ਉਮਰ ਹੋਣ ਕਰਕੇ ਅਤੇ ਕੋਈ ਪਹਾੜਾਂ ਤੇ ਚੜਨ ਦਾ ਤਜਰਬਾ, ਨਾ ਹੋਣ ਕਰਕੇ ਮੈਨੂੰ ਵੀ ਬਹੁਤ ਔਖਾ ਲੱਗ ਰਿਹਾ ਸੀ ਪਹਾੜ ਉਤਰਨਾ, ਪਰ ਕੀ ਕਰੀਏ ਵਾਪਸ ਮੁਕਾਮ ਤੇ ਤਾਂ ਪਹੁੰਚਣਾ ਹੀ ਸੀ। ਆਖਰੀ ਕੁਝ ਚੰਦ ਘੰਟੇ ਹੀ ਬਚੇ ਸਨ, ਸ਼ਾਮ ਹੋਣ ਤੋਂ ਪਹਿਲਾਂ-ਪਹਿਲਾਂ ਵਾਪਸ ਸ੍ਰੀਨਗਰ ਪੁੱਜਣਾ ਸੀ, ਆਖ਼ਰੀ ਕੁਝ ਰਸਤੇ ਮੇਰੀ ਬੇਟੀ ਖੱਚਰ ਉੱਤੇ ਬੈਠ ਕੇ ਆਉਣਾ ਮੰਨ ਗਈ। ਧੀ ਦਾ ਦਰਦ ਦੇਖ ਕੇ ਮਾਂ ਨੂੰ ਚੱਲਣ ਦੀ ਹੱਲਾਸ਼ੇਰੀ ਮਿਲ ਰਹੀ ਸੀ। ਪੂਰੇ ਟਰੈਕ ਵਿੱਚ ਸਾਡੀ ਕੋਸ਼ਿਸ਼ ਰਹੀ ਸੀ ਕਿ ਅਸੀਂ ਖੱਚਰ ਦੀ ਸਵਾਰੀ ਨਾ ਹੀ ਕਰੀਏ। ਇਕ ਗੱਲ ਦੱਸਾਂ ਇਹ ਪਹਾੜ ਦੂਰੋਂ ਹੀ ਬਹੁਤ ਸੋਹਣੇ ਲੱਗਦੇ ਹਨ, ਚੀਲਾਂ ਤੇ ਦਿਓਦਾਰਾ ਦੇ ਦਰਖਤਾਂ ਨਾਲ ਸਜੇ ਸੰਵਰੇ, ਜੇਕਰ ਇਨਾਂ ਦੇ ਜੰਗਲਾਂ ਵਿੱਚੋਂ ਲੰਘਣਾ ਪੈ ਜਾਵੇ ਤਾਂ ਬਹੁਤ ਔਖਾ। ਟਰੈਕ ਦੇ ਅਖੀਰ ਵਿਚ ਸਮੇਂ-ਸਮੇਂ ਮੇਰੀ ਬੇਟੀ ਖੱਚਰ ਉਪਰ ਬੈਠ ਜਾਂਦੀ ਸੀ, ਉਤਰਾਈ ਵੇਲੇ ਉਹ ਖ਼ੱਚਰ ਤੋਂ ਉਤਰ ਜਾਂਦੀ ਸੀ। ਮੈਂ ਇੱਕ ਗੱਲ ਨੋਟ ਕੀਤੀ, ਤਿੱਖੀ ਉਤਰਾਈ ਵੇਲੇ ਖਚੱਰ ਉਸ ਦੇ ਬਿਲਕੁਲ ਪਿੱਠ ਨਾਲ ਸਿਰ ਜੋੜ ਲੈਂਦਾ, ਜਾਂ ਇਕ ਕਦਮ ਪਿਛੇ ਰਹਿੰਦਾ, ਉਸ ਦੇ ਪਿਛੇ ਮੈਨੂੰ ਤੁਰੀ ਆਉਂਦੀ ਨੂੰ ਡਰ ਲੱਗਦਾ ਰਹਿੰਦਾ ਕਿ ਕਿਤੇ ਇਹ ਖੱਚਰ ਮੇਰੀ ਬੇਟੀ ਉਪਰ ਹੀ ਨਾ ਡਿੱਗ ਪਵੇ। ਪਰ ਉਸ ਜਾਨਵਰ ਨੇ ਪੂਰਾ ਰਾਹ ਮੇਰੀ ਬੇਟੀ ਦਾ ਪਿੱਛਾ ਨਹੀਂ ਛੱਡਿਆ,ਹੋਲੀ ਹੋਲੀ ਉਸ ਨਾਲ ਤੁਰਦਾ ਰਿਹਾ। ਮੈਂ ਗਾਈਡ ਨੂੰ ਕਿਹਾ ਤੇਰਾ ਖੱਚਰ ਬਹੁਤ ਸਿਆਣਾ ਹੈ। ਅੱਗੋਂ ਗਾਇਡ ਕਹਿੰਦਾ ਕਿ ਜੇਕਰ ਤੁਸੀਂ ਇਸ ਨੂੰ ਚਨੇ ਖੁਆ ਦਿੰਦੇ ਤਾਂ ਇਸ ਨੇ ਬਿਲਕੁਲ ਤੁਹਾਡਾ ਹੋ ਜਾਣਾ ਸੀ। ਮੇਰੀ ਬੇਟੀ ਨੇ ਬਾਅਦ ਵਿਚ ਮੈਨੂੰ ਦੱਸਿਆ ਕਿ ਉਹ ਲੰਘਦੀ ਲੰਘਦੀ ਕਈ ਵਾਰੀ ਖੱਚਰ ਦਾ ਸਿਰ ਪਲੋਸ ਦਿੰਦੀ ਸੀ ਅਤੇ ਗਾਇਡ ਨੂੰ ਉਸ ਉਪਰ ਘੱਟ ਸਮਾਨ ਲੱਦਣ ਨੂੰ ਕਹਿੰਦੀ ਸੀ, ਆਪਣਾ ਸਮਾਨ ਆਪ ਹੀ ਚੁੱਕਦੀ ਸੀ। ਮੈਨੂੰ ਲੱਗਾ ਕਿ ਸ਼ਾਇਦ ਉਸ ਜਾਨਵਰ ਨੂੰ ਵੀ ਉਸਦੀ ਭਾਸ਼ਾ ਸਮਝ ਆ ਜਾਂਦੀ ਹੋਵੇਗੀ, ਤੇ ਜਾਂ ਉਹ ਕੋਈ ਦਿਲ ਦੀਆ ਤਰੰਗਾਂ ਮਹਿਸੂਸ ਕਰ ਲੈਂਦਾ ਹੋਵੇਗਾ।

**ਰਿਪਨਜੋਤ ਕੌਰ ਸੋਨੀ ਬੱਗਾ**

# ਆਰਥਿਕ ਸਥਿਤੀ ਨਾਲ ਲੜ ਰਹੇ ਹਾਲਾਤ

**ਗੁਰਦੀਪ ਸਿੰਘ**

ਕੁਝ ਸਾਲ ਪਹਿਲਾਂ ਇਕ ਮੁੰਡਾ ਮਿਲਿਆ ਸੀ ਅਸੀਂ ਇਕੱਠੇ ਹੀ ਜੌਬ ਕਰਦੇ ਸੀ। ਮੇਰੀ ਉਸ ਨਾਲ ਦੋਸਤੀ ਹੋ ਗਈ। ਉਸਨੇ ਆਪਣੇ ਵਾਰੇ ਦੱਸਿਆ ਮੇਰੀ ਘਰੋਂ ਆਰਥਿਕ ਸਥਿਤੀ ਠੀਕ ਆ ਫਿਰ ਵੀ ਏਥੇ ਜੌਬ ਕਰਦਾ, ਪਤਾ ਕਿਉਂ ? ਕਹਿੰਦਾ ਮੈਂ ਪੜਦਾ ਸੀ ਇਕ ਦਿਨ ਘਰਦਿਆਂ ਨਾਲ਼ ਕਿਸੇ ਗੱਲੋਂ ਬਹਿਸ ਹੋ ਗਈ ਘਰਦਿਆਂ ਨੇ ਕਿਹਾ ਤੂੰ ਵੇਹਲਾ ਲੜਦਾ ਰਹਿਣਾ ਕੋਈ ਕੰਮ ਨਹੀਂ ਕਰਦਾ ਬੇਸ਼ੱਕ ਕਰਦਾ ਸੀ। ਗੁੱਸੇਖੋਰ ਸੀ ਨਜਾਇਜ਼ ਗੱਲ ਨਹੀਂ ਸੀ ਸੁਣਦਾ ਕਿਸੇ ਦੀ, ਬੋਲ ਪੈਂਦਾ ਸੀ। ਉਹ ਘਰਦਿਆਂ ਦੀ ਇਹ ਗੱਲ ਦਿਲ ਤੇ ਲਾ ਗਿਆ। ਉਸਨੇ ਵੀ ਕਿਹਤਾ ਜੋ ਕਰਾਂਗਾ ਖ਼ੁਦ ਹੀ ਕਰਾਂਗਾ ਤੁਹਾਡੇ ਤੋਂ ਕੋਈ ਪੈਸਾ ਨਹੀਂ ਲੈਂਦਾ। ਬਹੁਤ ਆਪਣੇ ਆਪ ਵਿਚ ਰਹਿੰਦਾ ਸੀ। ਪੜਾਈ ਛੱਡ ਜੌਬ ਕਰਨ ਲੱਗ ਗਿਆ। ਘਰ ਛੱਡਿਆ 170 ਰੁਪਏ ਸੀ ਜੇਬ ਵਿਚ, ਸਿਆਲਾਂ ਦਾ ਮਹੀਨਾ ਸੀ, ਰੇਲਵੇ ਸਟੇਸ਼ਨ ਤੇ ਰਾਤਾਂ ਕੱਟੀਆਂ। ਕਦੇ ਫਿਰ ਵਿਸਥਾਰ ਵਿਚ ਲਿਖੂ ਉਸ ਬਾਰੇ। ਮੁਕਦੀ ਗੱਲ ਬਹੁਤ ਸੰਘਰਸ਼ ਕੀਤਾ।

ਉਸਨੂੰ ਕਿਸੇ ਫੈਕਟਰੀ ਵਿਚ ਜੌਬ ਮਿਲਗੀ, ਉਥੇ ਦੇਖਿਆ ਕਿਵੇਂ ਮਜ਼ਬੂਰ ਮੁੰਡੇ-ਕੁੜੀਆਂ ਆਪਣੇ ਸੀਨੀਅਰ ਤੋਂ ਸੁਣਦੇ ਆ। ਉਹ ਵੀ ਨਜਾਇਜ਼। ਉਨਾਂ ਨੂੰ ਦੇਖ ਖ਼ੁਦ ਵੱਲ ਦੇਖਿਆ ਕਿੰਨੇ ਮਜ਼ਬੂਰ ਨੇ, ਇਕ ਤੂੰ ਕਿੰਨਾ ਗਰੂਰ ਵਿਚ ਰਿਹਾ, ਉਸਨੇ ਇਹ ਦੇਖ ਸਿਆਣਪ ਤੇ ਨਿਮਰਤਾ ਨੂੰ ਅਪਣਾਇਆ। ਚਲੋ ਆਪਾਂ ਮੇਨ ਗੱਲ ਤੇ ਆਉਂਦੇ ਹਾਂ। ਉਹ ਮੇਰੇ ਨਾਲ ਟੱਚ ਵਿੱਚ ਰਿਹਾ। ਉਹ ਸਖ਼ਤ ਮਿਹਨਤ ਕਰਕੇ ਆਪਣੀ ਜ਼ਿੰਦਗੀ ਦੀ ਗੱਡੀ ਲੀਹ ਤੇ ਲੈ ਆਇਆ ਮਿਹਨਤੀ ਸੀ। ਫਿਰ ਉਸਦੀ ਜ਼ਿੰਦਗੀ ਵਿੱਚ ਇੱਕ ਮੋੜ ਆਉਂਦਾ ਜਿਥੋਂ ਤਰੱਕੀ ਦੀ ਸ਼ੁਰੂਆਤ ਕਰੀ ਸੀ, ਉਥੇ ਲਿਆ ਕੇ ਫਿਰ ਖੜਾ ਕਰਤਾ ਜ਼ਿੰਦਗੀ ਨੇ। ਕਾਰਨ ਗਲਤ ਲੋਕਾਂ ਤੇ ਵਿਸ਼ਵਾਸ ਦਾ ਨਤੀਜਾ। ਬੜਾ ਔਖਾ ਹੁੰਦਾ ਲੀਹ ਤੋਂ ਗੱਡੀ ਜਦ ਉਤਰਦੀ ਤੇ ਸਮਝ ਨਹੀਂ ਆਉਂਦੀ ਕਿਥੋਂ ਜੋੜਾਂ ਕਿਥੋਂ ਸ਼ੁਰੂ ਕਰਾਂ। ਫਿਰ ਉਹੀਂ ਤਾਅਨੇ ਮਿਹਣੇ ਸ਼ੁਰੂ, ਬਹੁਤ ਸੁਣਿਆ ਹਿੰਮਤ ਨਹੀਂ




ਹਾਰੀ ਘਰਦਿਆਂ ਨੇ ਹੈਲਪ ਕਰਨੀ ਚਾਹੀ, ਸਾਫ਼ ਮਨਾ ਕਰਤਾ। ਇਹ ਉਸਦੀ ਆਕੜ ਸੀ ਪਤਾ ਨਹੀਂ ਖੁਦਦਾਰੀ। ਫਿਰ ਤੋਂ ਉਥੇ ਜਾ ਖੜਾ ਹੋਇਆ ਜਿਥੋਂ ਸ਼ੁਰੂਆਤ ਕੀਤੀ ਸੀ। ਕਿਸੇ ਦੋਸਤ ਨੇ ਕਿਹਾ ਇੰਨੇ ਪੈਸੇ ਇਕ ਹਫ਼ਤੇ ਦੀ ਕਮਾਈ ਸੀ ਜੋ ਹੁਣ ਮਹੀਨੇ ਵਿਚ ਕਮਾਉਨਾ। ਜ਼ਿੰਦਗੀ ਦੇ ਰੰਗ ਆ ਯਾਰਾ, ਇਹ ਕਹਿ ਜਵਾਬ ਦਿੰਦਾ। ਕਿੰਨੇ ਸਾਲ ਜ਼ਿੰਦਗੀ

**ਹਰਫਾਂ ਦੇ ਨੂਰ**

ਪਿੱਛੇ ਚਲੀ ਗਈ, ਕਿਸਮਤ ਵੀ ਕੀ ਚੀਜ਼ ਆ, ਅਕਸਰ ਮੇਰੇ ਕੋਲ ਗੱਲ ਕਰਦਾ ਸੀ, ਹੁਣ ਨੂੰ ਕਿੱਥੇ ਹੋਣਾ ਸੀ, ਤੇ ਨਾਲ ਇੱਕ ਗੱਲ ਹੋਰ ਵੀ ਕਰਦਾ ਹਜੇ ਕੁਝ ਰਹਿ ਗਿਆ ਸੀ ਸਿੱਖਣ ਵਾਲਾ, ਉਹ ਬਾਕੀ ਸੀ। ਉਹ ਇਹ ਕਿ ਕਿਵੇਂ ਉੱਠਣਾ ਡਿੱਗਣ ਤੋਂ ਬਾਅਦ ਕਿਉਂਕਿ ਬਹੁਤ ਉਚਾਈਆਂ ਛੋਹ ਤਾਂ ਬਹੁਤ ਲੈਂਦੇ ਆ ਪਰ ਡਿੱਗਕੇ ਫਿਰ ਕਿਵੇਂ ਉੱਠਣਾ ਇਹ ਨਹੀਂ ਕਰ ਸਕਦੇ। ਬਹੁਤ ਗੁੱਸਾ ਵੀ ਆਉਂਦਾ, ਦਿਮਾਗ ਵੀ ਖ਼ਰਾਬ ਹੁੰਦਾ, ਪਰ ਆਪਾ ਨਹੀਂ ਖੋਹਿਆ, ਸੰਭਾਲਿਆ ਖ਼ੁਦ ਨੂੰ ਸਬਰ ਦਾ ਘੁੱਟ ਭਰਿਆ। ਢਾਈ ਸਾਲ ਲੱਗੇ ਫਿਰ ਤੋਂ ਸਟੈਂਡ ਕਰਨ ਲਈ। ਅੱਜ ਉਹ ਫਿਰ ਤੋਂ ਉਥੇ ਆ ਗਿਆ ਜਿੱਥੋਂ ਡਿੱਗਾ ਸੀ। ਉਸ ਨਾਲੋਂ ਵੀ ਬੇਹਤਰ ਆ ਅੱਜ।ਪੈਸੇ ਦੀ ਅਹਿਮੀਅਤ ਨੂੰ ਸਮਝਿਆ। ਚੰਗੇ ਟਾਇਮ ਜੋ ਆਪਣੇ ਸੀ, ਮਾੜੇ ਟਾਇਮ ਤੇ ਕਿਵੇਂ, ਟੀਚਾ ਵੱਡਾ ਮਿਥਿਆ, ਜੇ ਨਾ ਡਿੱਗਦਾ ਉੱਥੇ ਹੀ ਖੜਾ ਰਹਿੰਦਾ। ਇਸ ਸਾਰ ਵਿੱਚੋਂ ਹੀ ਇਕ ਵਿਚਾਰ ਲਿਖਿਆ ਸੀ ਬਹੁਤ ਅੱਗੇ ਜਾਣ ਲਈ ਪਿੱਛੇ ਵੀ ਜਾਣਾ ਪੈਂਦਾ।

ਇਥੇ ਨੌਕਰੀ ਚਲੀ ਗਈ, ਮਰਨ ਦੇ ਖਿਆਲ ਆਉਣ ਲੱਗ ਜਾਂਦੇ, ਇਹ ਮਰਨ ਵਾਲਾ ਵਰਕਾ ਪਾੜਦੋ ਯਾਰ। ਸਮਝਦਾ ਆਰਥਿਕ ਸਥਿਤੀ ਕਦੇ-ਕਦੇ ਭਾਰੀ ਪੈ ਜਾਂਦੀ ਆ। ਜੀਣਾ ਆਸਾਨ ਨਹੀਂ, ਪਰ ਜੇ ਜ਼ਿੱਦ ਕਰੋਗੇ ਜ਼ਿੰਦਗੀ ਆਸਾਨ ਜ਼ਰੂਰ ਬਣ ਜਾਂਦੀ। ਲਾਚਾਰ ਜੇ ਸ਼ੋਅ ਨਾ ਕਰਿਆ ਕਰੋ, ਖ਼ਾਸਕਰ ਆਰਥਿਕ ਸਥਿਤੀ ਨੂੰ ਲੈ ਕੇ, ਕੋਈ ਨਹੀਂ ਪੁੱਛਦਾ। ਸਭ ਕੁਝ ਠੀਕ ਹੋ ਜਾਂਦਾਠ ਬੰਦਾ ਮਿਹਨਤੀ ਹੋਣਾ ਚਾਹੀਦਾ। ਪਿਓ ਦੇ ਪੈਸੇ ਤੇ ਤਾਂ ਨਿਕੰਮੇ ਐਸ਼ ਕਰਦੇ, ਖ਼ੁਦ ਦੀ ਕਮਾਈ ਕਰੋ, ਐਸ਼ ਕਰੋ। ਉਸ ਵਿੱਚ ਅਲੱਗ ਸਕੂਨ ਏ।

ਇਕ ਪਤਾ ਨਹੀਂ ਕੌਣ ਕਹਿ ਗਿਆ, ਸ਼ੌਂਕ ਬਾਪੂ ਦੇ ਸਿਰ ਤੇ ਹੀ ਪੂਰੇ ਹੁੰਦੇ, ਆਪਦੇ ਪੈਸੇ ਨਾਲ ਤਾਂ ਜ਼ਿੰਮੇਵਾਰੀ ਹੀ ਚਲਦੀ। ਸਖ਼ਤ ਮਿਹਨਤ ਕਰਨੀ ਪੈਂਦੀ, ਸ਼ੌਂਕ ਵੀ ਪੂਰੇ ਹੁੰਦੇ, ਜ਼ਿੰਮੇਵਾਰੀਆਂ ਵੀ। ਜ਼ਿੰਦਗੀ ਵਿਚ ਕਿੰਨੇ ਵੀ ਮਾੜੇ ਦਿਨ ਹੋਣ ਲਾਚਾਰ ਨਹੀਂ ਬਣਨਾ, ਅੱਖਾਂ ਵਿਚ **Positive** ਗਰੂਰ ਹੋਣਾ ਚਾਹੀਦਾ। ਵਿਸ਼ਵਾਸ ਇਕ ਦਿਨ ਸਭ ਠੀਕ ਕਰ ਲਵਾਂਗਾ। ਜਦ ਕੁਝ ਕਰਨ ਲਈ ਜਨੂੰਨ ਦੀ ਅੱਗ ਲਗਦੀ ਫਿਰ ਨਾ ਠੰਢ ਲਗਦੀ ਧੁੱਪ ਦਾ ਸੇਕ ਤਾਂ ਉਸ ਅੱਗ ਅੱਗੇ ਲੱਗਣਾ ਹੀ ਕੀ ਹੈ।

# ਕਵਿਤਾਵਾਂ

## ਜਿੰਨਾ ਚਿਰ ਚੜ੍ਹਤ ਰਹੀ

ਨਾ ਉਹ ਬੇਚੈਨੀ ਦਾ ਆਲਮ
ਨਾ ਪਹਿਲਾਂ ਵਰਗੀ ਤੜਫ ਰਹੀ।
ਨਾ ਸਵੈਮਾਣ ਦਾ ਸ਼ੋਰ ਰਿਹਾ
ਨਾ ਪਹਿਲਾਂ ਵਰਗੀ ਮੜਕ ਰਹੀ।
ਲੋਕੀਂ ਕਹਿੰਦੇ ਰਹੇ ਸਾਡੀ ਇੱਕ
ਛੋਟੀ ਗੱਲ 'ਤੇ ਹੈ ਤਿੜਕ ਰਹੀ।
ਨਾ ਉਹ ਦਾਅਵਿਆਂ ਦੀਆਂ ਗੱਲਾਂ
ਤੇ ਨਾ ਹੀ ਉਹ ਬੜਕ ਰਹੀ।
ਨਾ ਦਿਲ ਨੂੰ ਕੋਈ ਰਾਹ ਰਿਹਾ
ਨਾ ਘਰ ਨੂੰ ਕੋਈ ਸੜਕ ਰਹੀ।
ਥਲਾਂ, ਨਦੀਆਂ, ਖੇੜਿਆਂ 'ਚ
ਕਹਿੰਦੇ ਮੁਹੱਬਤ ਹੈ ਧੜਕ ਰਹੀ।
ਹੁਣ ਮੁਹੱਬਤ ਯਾਦਾਂ ਦੇ ਵਿੱਚ ਹੀ
ਅਸੀਂ ਵੇਖੀ ਹੈ ਭੜਕ ਰਹੀ।
ਟੁੱਟ ਜਾਵੇ ਰਿਸ਼ਤਾ ਜਿੱਥੇ
ਤਲਵਾਰ ਮਤਲਬ ਦੀ ਲੜਕ ਰਹੀ।
ਨਕਸ਼ਦੀਪ ਨਿਹਾਰਿਆ ਗਿਆ
ਜਿੰਨਾ ਚਿਰ ਬਸ ਚੜ੍ਹਤ ਰਹੀ।

**ਨਕਸ਼ਦੀਪ ਪੰਜਕੋਹਾ**

***********

## ਮੁਸ਼ਕਿਲ

ਬੜਾ ਮੁਸ਼ਕਿਲ ਸੀ, ਤੈਨੂੰ ਕਦੇ ਭੁੱਲ ਜਾਣਾ।
ਪਰ ਕੰਬਖਤ ਵਕਤ ਨੇ, ਤੈਨੂੰ ਵੀ ਭੁਲਾ ਦਿੱਤਾ।
ਅੱਜ ਵੀ ਤੇਰੇ ਸ਼ਹਿਰ, ਉਵੇਂ ਸੂਰਜ ਚੜਦਾ ਏ।
ਤੂੰ ਮੇਰੇ ਸ਼ਾਹਿਰ ਦਾ, ਸੂਰਜ ਹੀ ਛਪਾ ਦਿੱਤਾ।
ਤੂੰ ਸੀ ਸ਼ਾਇਦ ਕੀਤੀ, ਜ਼ਿੰਦਗੀ 'ਚ ਸੌਦੇਬਾਜ਼ੀ।
ਅਸੀਂ ਇੱਕੋ ਵਾਰ, ਸਭ ਕੁਝ ਦਾਅ 'ਤੇ ਲਾ ਦਿੱਤਾ।
ਮਿਲਿਆ ਜੇ ਕੋਈ ਹਮਰਾਹੀ, ਰਾਹੇ ਜ਼ਿੰਦਗੀ ਵਿੱਚ।
ਆਖ ਦਿਆਂਗਾ ਹੁਣ, ਤੈਨੂੰ ਅਸੀਂ ਪਾਸੇ ਹਟਾ ਦਿੱਤਾ।
ਜੋ ਵੀ ਦੁੱਖ ਤੂੰ ਦਿੱਤੇ, ਉਹ ਮੈਂ ਸੀਨੇ 'ਚ ਉਗਾ ਲਏ।
ਕਿਸੇ ਨੇ ਜੇ ਪੁੱਛਿਆ, ਬਸ ਹਾਲ-ਏ-ਦਿਲ ਸੁਣਾ ਦਿੱਤਾ।
ਅਜੇ ਤਾਂ ਇਹ ਜ਼ਿੰਦਗੀ, ਲੋਕੋ ਮੁੱਕੀ ਨਹੀਂ ਹੈ।
ਅਸੀਂ ਤਨਹਾ ਹਾਂ, ਇਹ ਹਰ ਥਾਂ ਲਿਖਕੇ ਲਾ ਦਿੱਤਾ।
ਮਰ ਗਏ ਤੇ ਬੇਵਫ਼ਾ ਵਿੱਚ, ਫ਼ਰਕ ਕੋਈ ਨਹੀਂ ਹੁੰਦਾ।
ਤਾਂ ਹੀ ਮੜੀ ਇਸ਼ਕ 'ਤੇ, ਅਸੀਂ ਦੀਵਾ ਜਗਾ ਦਿੱਤਾ।
ਤੂੰ ਇੱਕ ਘਟਨਾ ਸੀ, ਘਟਨਾ ਸੀ ਤੇਰੀ ਬੇਵਫ਼ਾਈ।
ਵਕਤ ਨੇ ਮੈਨੂੰ ਨਕਸ਼ਦੀਪ, ਹੁਣ ਇਹੋ ਸਿੱਖਾ ਦਿੱਤਾ।

***********

## ਇਕੱਲਾ

ਹੋਰਾਂ ਨੂੰ ਮਾਰ ਮਾਰ ਧੱਕੇ
ਉਚਾਈਆਂ ਆਪ ਉਹ ਚੜਦੇ ਗਏ।
ਕੁਕਰਮ ਜੋ ਉਨਾਂ ਆਪ ਕੀਤੇ
ਨਾਂ ਹੋਰਾਂ ਦੇ ਉਹ ਮੜਦੇ ਗਏ।
ਇਸ ਦੌਰ ਨੂੰ ਵੀ ਵੇਖੋ
ਮਤਲਬਪ੍ਰਸਤੀ ਵਿੱਚ ਸਭ ਹੜਦੇ ਗਏ।
ਗਿਰਵੀ ਧਰਕੇ ਸੁਰਤਿ ਨੂੰ
ਐਵੇਂ ਸੱਚ ਨਾਲ ਹੀ ਲੜਦੇ ਗਏ।
ਹੈਰਾਨੀ ਨਹੀਂ ਲੋਕ ਇਹ
ਠੱਗਾਂ ਨਾਲ ਹੀ ਕਿਉਂ ਖੜਦੇ ਗਏ।
ਜ਼ਿੰਦਗੀ ਤਾਂ ਹੈ ਜਿੱਤ ਹਾਰ
ਕਿਉਂ ਲੋਕੀਂ ਹੋਰਾਂ 'ਤੇ ਸੜਦੇ ਗਏ।
ਕਾਹਦੇ ਇਹ ਰਿਸ਼ਤੇ ਜਿਹੜੇ
ਗਰਜ਼ਾਂ ਖਾਤਰ ਹੀ ਅੜਦੇ ਗਏ।
ਇਸ਼ਕ ਕਮਾਉਂਦੇ ਲੋਕ
ਕਿਉਂ ਉੱਚੀ ਹੱਕੇ ਹਕੂਕ ਪੜਦੇ ਗਏ।
ਚੰਗਾ ਨਕਸ਼ਦੀਪ ਇਕੱਲਾ
ਪੱਲਾ ਝੂਠਾ ਹੀ ਯਾਰ ਫੜਦੇ ਗਏ।

***********

## ਜਿੱਤ ਦਾ ਬਿਗਲ

ਅੱਜ ਸਾਡੀ ਜਿੱਤ ਦਾ
ਹਰ ਪਾਸੇ ਹੈ ਬੋਲ ਬਾਲਾ
ਖੇਤਾਂ ਦੀ ਮਿੱਟੀ
ਬਿਰਖਾਂ ਦੀ ਛਾਵੇਂ
ਪਿੰਡਾਂ ਸ਼ਹਿਰਾਂ ਦੀਆਂ ਗਲੀਆਂ
ਦੇਸ ਪਰਦੇਸ ਦੀਆਂ ਸੜਕਾਂ
ਕਿਰਸਾਨੀ ਝੰਡੇ ਝੂਲ ਰਹੇ
ਸਾਨੂੰ ਮਾਨਤਾ ਦੇ ਰਹੇ
ਇਹ ਜਿੱਤ
ਇਕੱਲੇ ਕਿਸਾਨ ਦੀ ਨਹੀਂ
ਇਹ ਜਿੱਤ ਸਾਡੀ ਇਕੱਲਿਆਂ ਦੀ ਨਹੀਂ
ਇਹ ਜਿੱਤ ਹੈ
ਧਰਮ ਤੇ ਵਿਸ਼ਵਾਸ ਦੀ
ਦ੍ਰਿੜਤਾ ਤੇ ਈਮਾਨ ਦੀ
ਇਕਜੁੱਟਤਾ, ਭਾਈਚਾਰੇ
ਖੇਤਾਂ ਮੰਡੀਆਂ ਹਰ ਕਿਰਤੀ ਦੇ
ਖ਼ੂਨ ਪਸੀਨਾ ਦਾਨ ਦੀ

**ਗੁਰਚਰਨ ਸੱਗੂ**

***********

## ਮਹਾਂਭਾਰਤ ਦਾ ਯੁੱਧ

ਕੁਰੁਕਸ਼ੇਤਰ ਮੈਦਾਨ
ਆਪਣਿਆਂ ਦਾ ਦੁਸ਼ਮਣ ਬਣ ਜਾਣਾ
ਰੱਥ ਘੋੜੇ ਤੀਰਾਂ ਦਾ ਚੱਲਣਾ
ਸੈਂਕੜੇ ਯੋਧਿਆਂ ਦਾ ਕਤਲ
ਲਾਸ਼ਾਂ ਦੇ ਢੇਰ
ਲਹੂ ਦਾ ਸੁੱਕ ਜਾਣਾ
ਫਿਰ ਜਿੱਤ ਦਾ ਬਿਗਲ ਵੱਜਣਾ
ਸਿੰਘੂ, ਟਿਕਰੀ ਕੁੰਡਲੀ, ਗਾਜ਼ੀਪੁਰ
ਆਪਣੇ ਦਿਲਾਂ ਦੀ ਦਿੱਲੀ
ਕਰ ਦਿੱਤੀ ਸੀ ਸੀਲ
ਮਿੱਟੀ ਦੇ ਜਾਏ
ਟਰੈਕਟਰ, ਟਰਾਲੀਆਂ, ਕਾਰਾਂ
ਮੋਟਰ ਸਾਈਕਲ, ਟਰੱਕ, ਬੱਸਾਂ
ਵਹੀਰਾਂ ਦਿਸੀਆਂ ਮੀਲੋਂ ਮੀਲ
ਹੱਥਾਂ ਵਿੱਚ ਕਿਰਸਾਨੀ ਝੰਡੇ
ਨਾ ਤੋਪਾਂ ਨਾ ਗੋਲੇ
ਨਾ ਹੀ ਤੀਰ ਕਮਾਨ
ਇਹ ਲੜਾਈ ਸ਼ਾਂਤਮਈ ਸੀ
ਸਿਰੜੀ ਯੋਧੇ ਤੇ ਈਮਾਨ
ਦੁਰਯੋਧਨ ਫ਼ੌਜ
ਰਫਲਾਂ, ਡੰਡੇ, ਲਾਠੀਚਾਰਜ
ਟੈਲੀ ਚੈਨਲ, ਐਂਕਰ, ਅਖ਼ਬਾਰਾਂ
ਸਭ ਤਰਾਂ ਦੇ ਦੂਸ਼ਨ ਲਾਏ
ਉੱਪਰ ਚੜਾਈਆਂ ਜੀਪਾਂ ਕਾਰਾਂ
ਜੀਪਾਂ ਦੇ ਨਾਲ ਸਿਰ ਗਏ ਮਿੱਧੇ
ਕਰ ਦੇਵਾਂਗੇ ਸਭ ਨੂੰ ਸਿੱਧੇ
ਲਹੂ ਸੜਕਾਂ 'ਤੇ ਡੁੱਲ ਰਿਹਾ ਸੀ
ਅਧਿਆਏ ਗੀਤਾ ਦਾ ਭਿੱਜ ਰਿਹਾ ਸੀ
ਸਰਹੱਦਾਂ ਦੀ ਰਾਖੀ ਵਾਲੇ
ਦੇਸ਼ ਧ੍ਰੋਹੀ ਗ਼ੱਦਾਰ ਬਣਾਏ
ਫਿਰ ਵੀ ਲਹੂ ਕੁੱਟ ਖਾਂਦਾ ਰਿਹਾ
ਤੇ ਹੋਰ ਠੰਢਾ ਹੁੰਦਾ ਰਿਹਾ
ਲੰਗਰ ਲੱਗ ਗਏ
ਯੋਧੇ ਵਰਤਾਵੇ ਬਣ ਗਏ
ਦੁੱਧ, ਚਾਹਾਂ, ਗਰਮ ਪਕੌੜੇ
ਮਠਿਆਈਆਂ ਦੀ ਮਿੱਠੀ ਖ਼ੁਸ਼ਬੂ
ਦੁਸ਼ਮਣ ਲਾਠੀਆਂ ਲਾਵਣ
ਫਿਰ ਲੰਗਰ ਖਾਵਣ
ਧਰਮ ਤੇ ਈਮਾਨ
ਦ੍ਰਿੜਤਾ ਵਿਸ਼ਵਾਸ ਗਾਇਣ
ਇਕਜੁੱਟਤਾ ਭਾਈਚਾਰਾ
ਸਭੇ ਸਾਂਝੀਵਾਲ ਸਦਾਇਣ
ਹਸਤਨਾਪੁਰ ਹਿਲਾ ਦਿੱਤਾ
ਜਿੱਤ ਦਾ ਬਿਗਲ ਵਜਾ ਦਿੱਤਾ

ਸੰਪਰਕ : 0044 07887942552

***********

# ਕਹਾਣੀਆਂ

## ਨਵੀਂ ਔਰਤ

**ਗੁਰਸ਼ਰਨ ਸਿੰਘ ਨਰੂਲਾ**
ਮੋ.: 93165-44777

ਸੁਨੈਨਾ ਸਾਧਾਰਨ ਪਰਿਵਾਰ ਦੀ ਸਾਧਾਰਨ ਕੁੜੀ ਸੀ। ਜਵਾਨ ਹੁੰਦਿਆਂ ਸਾਰ ਹੀ ਉਸ ਦੇ ਮਾਪਿਆਂ ਨੇ ਉਸ ਦਾ ਵਿਆਹ ਰੋਹਨ ਨਾਂ ਦੇ ਲੜਕੇ ਨਾਲ ਕਰ ਦਿੱਤਾ। ਅਜੇ ਵਿਆਹ ਨੂੰ ਦੋ ਮਹੀਨੇ ਹੀ ਹੋਏ ਸਨ ਕਿ ਰੋਹਨ ਉਸ ਨੂੰ ਇਕੱਲਿਆਂ ਛੱਡ ਕੇ ਦੁਬਈ ਚਲਾ ਗਿਆ। ਉਸ ਨੂੰ ਡਰਾਈਵਿੰਗ ਆਉਂਦੀ ਸੀ ਤੇ ਉੱਥੇ ਵੀ ਇਹੀ ਕੰਮ ਕਰਨ ਲੱਗ ਪਿਆ। ਪਰਿਵਾਰ ਵਾਲੇ ਸਾਰੇ ਖ਼ੁਸ਼ ਸਨ ਕਿ ਉੱਥੋਂ ਉਹ ਕਮਾਈ ਕਰ ਕੇ ਲਿਆਏਗਾ ਜਿਸ ਨਾਲ ਪਰਿਵਾਰ ਦੀ ਆਰਥਿਕ ਹਾਲਤ ਸੁਧਰ ਜਾਵੇਗੀ। ਪੈਸੇ ਦੀ ਲੋੜ ਤਾਂ ਸਭ ਨੂੰ ਹੁੰਦੀ ਹੈ, ਪਰ ਹੁੰਦਾ ਉਹੀ ਹੈ ਜੋ ਰੱਬ ਨੂੰ ਮਨਜ਼ੂਰ ਹੋਵੇ। ਪਹਿਲੇ ਦੋ-ਤਿੰਨ ਮਹੀਨੇ ਤਾਂ ਉਹ ਪੈਸੇ ਭੇਜਦਾ ਰਿਹਾ, ਪਰ ਫਿਰ ਪੈਸੇ ਆਉਣੇ ਬੰਦ ਹੋ ਗਏ। ਘਰ ਵਿਚ ਚਿੰਤਾ ਹੋਣ ਲੱਗੀ। ਸਿਰਫ਼ ਇਸ ਕਰਕੇ ਨਹੀਂ ਕਿ ਪੈਸੇ ਆਉਣੇ ਬੰਦ ਹੋ ਗਏ ਸਨ ਸਗੋਂ ਇਸ ਕਰਕੇ ਵੀ ਕਿ ਕਿਤੇ ਉੱਥੇ ਉਹ ਕਿਸੇ ਹੋਰ ਕੁੜੀ ਦੇ ਇਸ਼ਕ ਵਿਚ ਨਾ ਫਸ ਗਿਆ ਹੋਵੇ। ਏਧਰੋਂ-ਉਧਰੋਂ ਕਹਾਣੀਆਂ ਸੁਣ ਕੇ ਸੁਨੈਨਾ ਦਾ ਡਰ ਪੱਕਾ ਹੋਣ ਲੱਗਾ। ਹੁਣ ਉਹ ਉਸ ਦਾ ਫੋਨ ਵੀ ਨਹੀਂ ਸੀ ਚੁੱਕਦਾ।

ਲੋਕ ਪੁੱਛਾਂ ਕਰਨ ਲੱਗੇ ਕਿ ਕੀ ਉਹ ਨਵੀਂ ਥਾਂ ਵਿਆਹ ਰਚਾਉਣ ਲਈ ਤਿਆਰ ਹੈ। ਕਈ ਮੁੰਡਿਆਂ ਵੱਲੋਂ ਉਸ ਨੂੰ ਪੇਸ਼ਕਸ਼ਾਂ ਵੀ ਆਈਆਂ, ਪਰ ਉਸ ਨੇ ਕੋਈ ਹੁੰਗਾਰਾ ਨਾ ਭਰਿਆ। 'ਮੈਂ ਅਜੇ ਉਡੀਕਾਂਗੀ।' ਉਹ ਆਪਣੇ ਮਨ ਦੀ ਗੱਲ ਕਹਿ ਦਿੰਦੀ।

ਸੁਨੈਨਾ ਦੇ ਭਰਾ ਮੋਹਨ ਨੇ ਵੀ ਆਪਣੇ ਮਨਪਸੰਦ ਦੀ ਕੁੜੀ ਨਾਲ ਸ਼ਾਦੀ ਰਚਾ ਲਈ ਸੀ। ਉਹ ਇਕ ਪ੍ਰਾਈਵੇਟ ਫਰਮ ਵਿਚ ਨੌਕਰੀ ਕਰਦਾ ਸੀ। ਕਰੋਨਾ ਦੇ ਫੈਲਣ ਨਾਲ ਲੋਕਾਂ ਦੇ ਵਪਾਰ ਵੀ ਖ਼ਤਮ ਹੋ ਗਏ। ਫੈਕਟਰੀ ਬੰਦ ਹੋ ਗਈ। ਮੋਹਨ ਦੀ ਨੌਕਰੀ ਵੀ ਚਲੀ ਗਈ। ਉਸ ਨੂੰ ਆਪਣੀ ਭੈਣ ਦੀ ਮਦਦ ਦਾ ਭਰੋਸਾ ਸੀ, ਪਰ ਉਹ ਤਾਂ ਆਪ ਹੀ ਆਰਥਿਕ ਸੰਕਟ ਦਾ ਸ਼ਿਕਾਰ ਸੀ। ਘਰ ਵਿਚ ਦੋ ਵਕਤ ਦੀ ਰੋਟੀ ਦੇ ਵੀ ਲਾਲੇ ਪੈ ਗਏ। 'ਕਿੱਥੋਂ ਖਾਈਏ?' ਸੋਚ-ਸੋਚ ਕੇ ਸੁਨੈਨਾ ਨੇ ਇਕ ਸੁਨਿਆਰੇ ਦੀ ਦੁਕਾਨ 'ਤੇ ਨੌਕਰੀ ਦਾ ਪਤਾ ਕੀਤਾ। ਉਨਾਂ ਨੂੰ ਇਕ ਸਮਾਰਟ ਕੁੜੀ ਦੀ ਲੋੜ ਸੀ। ਉਹ ਇੰਟਰਵਿਊ ਲਈ ਹਾਜ਼ਰ ਹੋਈ ਤੇ ਉਸ ਨੂੰ ਰੱਖ ਲਿਆ ਗਿਆ। ਵੈਸੇ ਵੀ ਦੁਕਾਨ ਦਾ ਮਾਲਕ ਤੇਜ਼ ਪ੍ਰਤਾਪ ਨੇਕ ਦਿਲ ਦਾ ਇਨਸਾਨ ਸੀ। ਉਸ ਨੇ ਨੌਕਰੀ ਦੇਣ ਪਿੱਛੋਂ ਉਸ ਨੂੰ ਹਦਾਇਤਾਂ ਦਿੱਤੀਆਂ ਕਿ ਉਸ ਨੂੰ ਪੱਛਮੀ ਪਹਿਰਾਵੇ ਵਿਚ ਆਉਣਾ ਪਵੇਗਾ। 'ਤੇਰੀ ਡਰੈੱਸ ਦਾ ਪ੍ਰਬੰਧ ਮੈਂ ਕਰ ਦਿਆਂਗਾ, ਦੂਜਾ ਇਹ ਕਿ ਅੱਜਕੱਲ ਲੋਕ ਅੰਗਰੇਜ਼ੀ ਬੋਲਦੀ ਲੜਕੀ ਕੋਲੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਇਸ ਲਈ ਤੈਨੂੰ ਆਪਣੀ ਸਪੋਕਨ ਇੰਗਲਿਸ਼ ਸੁਧਾਰਨੀ ਹੋਵੇਗੀ।' 'ਠੀਕ ਹੈ,' ਉਸ ਨੇ ਕਿਹਾ। ਉਸ ਨੂੰ ਦੁਕਾਨ 'ਤੇ ਪਾਉਣ ਵਾਲੀ ਵਰਦੀ ਦੇ ਦਿੱਤੀ ਗਈ। ਉਹ ਸਿਰਫ਼ ਤਿੰਨ ਘੰਟੇ ਹੀ ਨੌਕਰੀ 'ਤੇ ਆਉਂਦੀ ਸੀ। ਬਾਕੀ ਸਮਾਂ ਉਹ ਕਿਸੇ ਅਕੈਡਮੀ ਵਿਚ ਜਾ ਕੇ ਸਪੋਕਨ ਇੰਗਲਿਸ਼ ਦਾ ਕੋਰਸ ਕਰਦੀ। ਉਹ ਪਹਿਲਾਂ ਵੀ ਬਾਰਾਂ ਜਮਾਤਾਂ ਪਾਸ ਸੀ। ਉਹ ਜਲਦੀ ਹੀ ਸਪੋਕਨ ਇੰਗਲਿਸ਼ ਵਿਚ ਨਿਪੁੰਨ ਹੋ ਗਈ ਤੇ ਪੂਰਾ ਸਮਾਂ ਨੌਕਰੀ ਕਰਨ ਲੱਗੀ। ਇਸ ਤੋਂ ਇਲਾਵਾ ਉਸ ਨੇ ਧਾਰਿਆ ਹੋਇਆ ਸੀ ਕਿ ਉਹ ਦੁਬਾਰਾ ਪੜ੍ਹਾਈ ਸ਼ੁਰੂ ਕਰੇਗੀ। ਉਸ ਨੇ ਈਵਨਿੰਗ ਕਲਾਸਾਂ ਵਿਚ ਦਾਖ਼ਲਾ ਲੈ ਲਿਆ। ਪਹਿਲਾਂ ਪਹਿਲ ਇਸ ਗੱਲ ਦਾ ਦੁਕਾਨ ਦੇ ਮਾਲਕ ਨੂੰ ਵੀ ਨਹੀਂ ਸੀ ਪਤਾ। ਇਕ ਦਿਨ ਉਸ ਦੇ ਪਤੀ ਨਾਲ ਦੁਬਈ ਵਿਚ ਰਹਿ ਰਹੇ ਉਸ ਦੇ ਦੋਸਤ ਨੇ ਉਸ ਨੂੰ ਦੱਸਿਆ ਕਿ ਰੋਹਨ ਨੇ ਉੱਥੇ ਇਕ ਹੋਰ ਕੁੜੀ ਨਾਲ ਵਿਆਹ ਕਰ ਲਿਆ ਹੈ। ਉਸ ਦੇ ਮਨ ਨੂੰ ਝਟਕਾ ਲੱਗਾ। ਉਹ ਕੁਝ ਦਿਨ ਦੁਕਾਨ 'ਤੇ ਨਾ ਗਈ। ਦੁਕਾਨ ਦੇ ਮਾਲਕ ਨੇ ਉਸ ਨੂੰ ਘਰ ਜਾ ਕੇ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਸਾਫ਼ ਦੱਸ ਦਿੱਤਾ। ਮਾਲਕ ਨੇ ਕਿਹਾ, 'ਤੂੰ ਫ਼ਿਕਰ ਨਾ ਕਰ। ਅਸੀਂ ਉਸ ਉੱਤੇ ਮੁਕੱਦਮਾ ਕਰਾਂਗੇ। ਮੇਰਾ ਇਕ ਦੋਸਤ ਵਕੀਲ ਹੈ ਜੋ ਅਜਿਹੇ ਮੁਕੱਦਮੇ ਹੀ ਲੈਂਦਾ ਹੈ। ਕਈ ਕੇਸ ਜਿੱਤ ਚੁੱਕਾ ਹੈ, ਤੇਰੇ ਪਤੀ ਨੂੰ ਹਰਜਾਨਾ ਭਰਨਾ ਪਵੇਗਾ। ਤੂੰ ਦੁਕਾਨ 'ਤੇ ਆਉਣਾ ਨਾ ਛੱਡ।'

ਉਹ ਦੁਬਾਰਾ ਦੁਕਾਨ ਉੱਤੇ ਜਾਣ ਲੱਗ ਪਈ। ਮਾਲਕ ਨੇ ਆਪਣੇ ਵਕੀਲ ਦੋਸਤ ਨੂੰ ਬੁਲਾ ਕੇ ਮੁਕੱਦਮੇ ਦੇ ਕਾਗਜ਼ਾਂ 'ਤੇ ਸੁਨੈਨਾ ਦੇ ਦਸਤਖ਼ਤ ਕਰਵਾ ਲਏ। ਬਾਕੀ ਦਾ ਕੰਮ ਤੇ ਮੁਕੱਦਮੇ ਦੀ ਪੈਰਵਾਈ ਮਾਲਕ ਦੇ ਜ਼ਿੰਮੇ ਸੀ।

ਇਕ ਪਾਸੇ ਤਾਂ ਦੁਕਾਨ ਦੇ ਮਾਲਕ ਦੀ ਹੱਲਾਸ਼ੇਰੀ ਸੀ ਅਤੇ ਦੂਜਾ ਉਸ ਦੇ ਮਨ ਵਿਚ ਵੀ ਰੀਝ ਉੱਠੀ ਕਿ ਉਹ ਇਕ ਨਵੀਂ ਔਰਤ ਬਣ ਕੇ ਵਿਖਾਏਗੀ। ਇਸ ਲਈ ਉਸ ਨੇ ਜਿਮ ਜਾਣਾ ਸ਼ੁਰੂ ਕਰ ਦਿੱਤਾ ਤੇ ਉਸ ਦੇ ਸਰੀਰ ਵਿਚ ਨਵੀਂ ਊਰਜਾ ਪੈਦਾ ਹੋ ਗਈ। ਮਾਲਕ ਉਸ ਦੇ ਕੰਮ ਤੋਂ ਇੰਨਾ ਸੰਤੁਸ਼ਟ ਸੀ ਕਿ ਉਸ ਨੇ ਵੀ ਮਨ ਵਿਚ ਕੁਝ ਧਾਰ ਰੱਖਿਆ ਸੀ ਜੋ ਉਸ ਨੇ ਇਕ ਦਿਨ ਜ਼ਾਹਿਰ ਕਰ ਦਿੱਤਾ। ਉਸ ਨੇ ਸੁਨੈਨਾ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, 'ਸੁਨੈਨਾ, ਅੱਜ ਤੋਂ ਤੇਰੀ ਨੌਕਰੀ ਖ਼ਤਮ। ਤੂੰ ਕੱਲ ਤੋਂ ਦੁਕਾਨ 'ਤੇ ਨਹੀਂ ਆਉਣਾ।' 'ਕਿਉਂ, ਸਰ ਕੀ ਗ਼ਲਤੀ ਹੋ ਗਈ?' ਸੁਨੈਨਾ ਨੇ ਰੋਣਹਾਕੀ ਹੋ ਕੇ ਪੁੱਛਿਆ।

'ਤੂੰ ਸਾਡੀ ਨੂੰਹ ਬਣੇਗੀ। ਤੇਰੀ ਸ਼ਾਦੀ ਮੇਰੇ ਮੁੰਡੇ ਵਿਜੇ ਨਾਲ ਹੋਵੇਗੀ। ਖ਼ੁਸ਼?'

ਮਿਸਿਜ਼ ਰੋਹਨੀ, ਤੇਜ ਪ੍ਰਤਾਪ ਦੀ ਪਤਨੀ, ਜੋ ਪਿੱਛੇ ਖੜੀ ਮੁਸਕਰਾ ਰਹੀ ਸੀ, ਉਸ ਨੇ ਅੱਗੇ ਵਧ ਕੇ ਸੁਨੈਨਾ ਨੂੰ ਗਲਵੱਕੜੀ ਵਿਚ ਲੈ ਲਿਆ।

'ਇਕ ਹੋਰ ਖ਼ੁਸ਼ਖ਼ਬਰੀ ਸੁਣ, ਅਸੀਂ ਤੇਰੇ ਪਤੀ ਵਾਲਾ ਮੁਕੱਦਮਾ ਜਿੱਤ ਗਏ ਹਾਂ।' ਇੰਜ ਕਹਿੰਦਿਆਂ ਤੇਜ ਪ੍ਰਤਾਪ ਨੇ ਉਸ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰ ਦਿੱਤਾ।

## ਕਿਹੋ ਜਿਹੇ ਫ਼ਿਕਰ

**ਜਸਪਾਲ ਸਿੰਘ ਤੂਰ**
ਮੋ. : 98721-35264

ਨਵੰਬਰ 2020 ਵਿਚ ਮੈਂ ਫਿਰ ਅਮਰੀਕਾ ਆਇਆ। ਕਿਸੇ ਮਜਬੂਰੀ ਕਰਕੇ ਸਰਦੀਆਂ ਵਿਚ ਆਉਣਾ ਪਿਆ। ਪਹਿਲਾਂ ਬੇਟਾ ਤੇ ਬੇਟੀ ਮੈਰੀਲੈਂਡ ਸਟੇਟ ਵਿਚ ਰਹਿੰਦੇ ਸਨ। ਬੇਟੇ ਕੋਲ ਮੈਰੀਲੈਂਡ ਵਿਚ ਉਸ ਦੇ ਕਿਰਾਏ ਦੇ ਅਪਾਰਟਮੈਂਟ ਵਿਚ ਠਹਿਰਦੇ ਸੀ। ਮਗਰੋਂ ਬੇਟੇ ਨੇ ਵਰਜੀਨੀਆ ਸਟੇਟ ਵਿਚ ਆਪਣਾ ਘਰ ਲੈ ਲਿਆ ਸੀ। ਇਸ ਵਾਰ ਅਸੀਂ ਸਿੱਧਾ ਇਸ ਨਵੇਂ ਘਰ ਵਿਚ ਆ ਕੇ ਠਹਿਰੇ। ਇਹ ਇਲਾਕਾ ਵੀ ਬੜਾ ਵਧੀਆ ਲੱਗਾ। ਨਵੰਬਰ ਦੀ ਸ਼ੁਰੂਆਤ ਸੀ। ਜ਼ਿਆਦਾ ਠੰਢ ਪੈਣ ਨਹੀਂ ਲੱਗੀ ਸੀ। ਮੈਂ ਸਵੇਰੇ ਸੈਰ ਕਰਨ ਚਲਾ ਜਾਂਦਾ। ਨਵਾਂ ਇਲਾਕਾ ਹੋਣ ਕਰਕੇ ਮੈਂ ਜ਼ਿਆਦਾ ਦੂਰ ਨਹੀਂ ਜਾਂਦਾ ਸਾਂ। ਕੋਈ 20-25 ਮਿੰਟਾਂ ਦੀ ਸੈਰ ਹੁੰਦੀ ਸੀ। ਇਸ ਇਲਾਕੇ ਵਿਚ ਜ਼ਿਆਦਾਤਰ ਗੋਰਿਆਂ ਦੀ ਹੀ ਰਿਹਾਇਸ਼ ਹੈ, ਕੁਝ ਸਪੇਨੀਆਂ ਅਤੇ ਕਾਲਿਆਂ ਦੇ ਵੀ ਘਰ ਹਨ। ਸੈਰ ਕਰਦੇ ਜੋ ਵੀ ਮਿਲਦਾ ਉਸ ਹੱਸ ਕੇ ਦੁਆ ਸਲਾਮ ਕਰ ਕੇ ਲੰਘਦਾ। ਇਨਾਂ ਵਿਚ ਦਿਨਾਂ ਵਿਚ ਮੈਨੂੰ ਕੋਈ ਭਾਰਤੀ ਜਾਂ ਪਾਕਿਸਤਾਨੀ ਨਹੀਂ ਸੀ ਮਿਲਿਆ।

ਐਤਵਾਰ ਦਾ ਦਿਨ ਸੀ। ਮੈਂ ਰੋਜ਼ਾਨਾ ਅਨੁਸਾਰ ਸਵੇਰੇ ਘਰੋਂ ਸੈਰ ਕਰਨ ਲਈ ਨਿਕਲ ਗਿਆ। ਸਾਡੇ ਘਰ ਦੀ ਪਿਛਲੀ ਸੜਕ 'ਤੇ ਜਾ ਰਿਹਾ ਸੀ। ਇੱਕ ਆਦਮੀ ਜੋ ਸੱਠਾਂ ਦੀ ਉਮਰ ਤੋਂ ਜ਼ਿਆਦਾ ਹੋਵੇਗਾ, 5-6 ਸਾਲ ਦੇ ਬੱਚੇ ਨੂੰ ਲੈ ਕੇ ਆਪਣੇ ਘਰ ਦੇ ਅੱਗੇ ਕਾਰ ਲਈ ਖੜੇ ਕਿਸੇ ਜਵਾਨ ਮੁੰਡੇ ਨੂੰ ਸੀ-ਆਫ ਕਰ ਰਿਹਾ ਸੀ। ਬੱਚਾ ਕਾਰ ਵਾਲੇ ਮੁੰਡੇ ਨਾਲ ਜਾਣ ਦੀ ਜ਼ਿੱਦ ਕਰ ਰਿਹਾ ਸੀ। ਉਨਾਂ ਨੇ ਮੇਰੇ ਵੱਲ ਨਹੀਂ ਵੇਖਿਆ, ਮੈਂ ਸੜਕ ਦੇ ਦੂਜੇ ਪਾਸੇ ਸੀ। ਜਦੋਂ ਮੈਂ ਥੋੜਾ ਕੁ ਅੱਗੇ ਗਿਆ ਤਾਂ ਮੇਰੇ ਕੰਨਾਂ ਵਿਚ ਆਵਾਜ਼ ਪਈ, 'ਓਏ ਛੋਹਰਾ ਕਿਉਂ ਭੱਜਿਆ ਜਾਣਾ ਏਂ, ਮੁੜ ਵੀ ਆ ਹੁਣ, ਥਕਾ ਛੱਡਿਆ ਈ ਮੈਨੂੰ।' ਮੈਂ ਮੁੜ ਕੇ ਵੇਖਿਆ। ਉਹ ਆਦਮੀ ਬੱਚੇ ਮਗਰ ਭੱਜਿਆ ਜਾਂਦਾ ਉਸ ਨੂੰ ਫੜ ਰਿਹਾ ਸੀ ਕਿਉਂਕਿ ਬੱਚਾ ਕਾਰ ਪਿੱਛੇ ਭੱਜ ਰਿਹਾ ਸੀ। ਮੈਂ ਸੋਚਿਆ ਇਹ ਤਾਂ ਆਪਣਾ ਪੰਜਾਬੀ ਹੈ। ਮੈਂ ਥੋੜੀ ਦੂਰ ਜਾ ਕੇ ਵਾਪਸ ਆ ਗਿਆ। ਉਹ ਅਜੇ ਵੀ ਬੱਚੇ ਨਾਲ ਉੱਥੇ ਹੀ ਖੜਾ ਸੀ। ਮੈਂ ਕੋਲ ਜਾ ਕੇ ਉਸ ਨੂੰਸਤਿ ਸ੍ਰੀ ਅਕਾਲ ਬੁਲਾਈ ਤੇ ਕਿਹਾ, 'ਪੰਜਾਬੀ ਲੱਗਦੇ ਹੋ।' ਉਸ ਨੇ ਵੀ ਅਦਬ ਨਾਲ ਜਵਾਬ ਦਿੱਤਾ, 'ਆਹੋ ਭਾਈ ਜਾਨ ਪੰਜਾਬੀ ਹਾਂ, ਸੁਣਾਓ ਕੀ ਹਾਲ ਹੈ? ਨਵੇਂ ਆਏ ਲੱਗਦੇ ਹੋ।' ਮੈਂ ਉਸ ਨੂੰ ਕਿਹਾ, 'ਹਾਂ ਜੀ, ਇਸ ਇਲਾਕੇ ਵਿਚ ਨਵੇਂ ਹੀ ਆਏ ਹਾਂ। ਆਹ ਤੁਹਾਡੀ ਸੜਕ ਦੇ ਪਿਛਲੇ ਪਾਸੇ ਘਰ ਹੈ ਸਾਡਾ। ਬੇਟੇ ਨੇ ਹੁਣੇ ਹੀ ਲਿਆ ਏ ਕੁਝ ਮਹੀਨੇ ਪਹਿਲਾਂ।' ਮੈਂ ਉਸ ਨੂੰ ਪੁੱਛਿਆ, 'ਭਾਜੀ ਕਿੱਥੋਂ ਹੋ, ਪੰਜਾਬ 'ਚ ਕਿਹੜਾ ਜ਼ਿਲਾ ਹੈ ਤੁਹਾਡਾ?' ਉਸ ਨੇ ਹੱਸਦਿਆਂ ਕਿਹਾ, 'ਅਸੀਂ ਤੁਹਾਡੇ ਪੰਜਾਬ ਦੇ ਸਰਗੋਧੇ ਜ਼ਿਲੇ ਤੋਂ ਹਾਂ ਤੇ ਤੁਸੀਂ?' ਉਸ ਦੇ ਦੱਸਣ ਵਿਚ ਬੜਾ ਆਪਣਾਪਣ ਸੀ। ਮੈਂ ਉਸ ਨੂੰ ਆਪਣੇ ਬਾਰੇ ਦੱਸਿਆ ਕਿ ਮੈਂ ਪਟਿਆਲੇ ਤੋਂ ਹਾਂ। ਮੈਂ ਉਸ ਨੂੰ ਦੱਸਿਆ ਕਿ ਮੇਰੇ ਵਡੇਰੇ ਵੀ ਵੰਡ ਸਮੇਂ ਲਾਹੌਰ ਜ਼ਿਲੇ ਤੋਂ ਆਏ ਸਨ। ਉਸ ਨੇ ਵੀ ਦੱਸਿਆ ਕਿ ਉਸ ਦੇ ਵਡੇਰੇ ਵੀ ਅੰਮ੍ਰਿਤਸਰ ਜ਼ਿਲੇ ਤੋਂ ਉੱਠ ਕੇ ਸਰਗੋਧੇ ਜਾ ਵਸੇ ਸਨ। ਉਸ ਨੇ ਕਿਹਾ, 'ਸੈਰ ਕਰ ਰਹੇ ਹੋ? ਇਹ ਮੇਰੇ ਪੋਤੇ ਨੇ ਵੀ ਅਜੇ ਮੈਨੂੰ ਸੈਰ 'ਤੇ ਨਹੀਂ ਜਾਣ ਦਿੱਤਾ। ਆਪਣੇ ਅੱਬਾ ਨਾਲ ਕਾਰ 'ਤੇ ਜਾਣ ਦੀ ਜ਼ਿੱਦ ਕਰ ਰਿਹਾ ਸੀ। ਰੁਕੋ ਜ਼ਰਾ ਮੈਂ ਇਸ ਨੂੰ ਘਰ ਅੰਦਰ ਵਾੜ ਆਵਾਂ। ਚਲਦਾ ਹਾਂ ਮੈਂ ਵੀ ਤੁਹਾਡੇ ਨਾਲ।' ਉਹ ਬੱਚੇ ਨੂੰ ਘਰ ਅੰਦਰ ਕਰ ਕੇ ਝੱਟ ਵਾਪਸ ਆ ਗਿਆ

ਬਾਕੀ ਸਫ਼ਾ 31 'ਤੇ

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫ਼ੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। – ਸੰਪਾਦਕ)*

### ਅਨੁਵਾਦ : ਬੂਟਾ ਸਿੰਘ

ਕੁਝ ਵੀ ਹੋਵੇ, ਅਜੈ ਨਵੰਬਰ 1993 ਵਿਚ ਬਿਨਾਂ ਕਿਸੇ ਨੂੰ ਦੱਸੇ ਰਿਸ਼ੀਕੇਸ਼ ਛੱਡ ਕੇ ਚਲਾ ਗਿਆ ਅਤੇ ਇਕ ਨਿਰਾਸ਼ ਨੌਜਵਾਨ ਗੋਰਖ਼ਪੁਰ ਪਹੁੰਚ ਗਿਆ। ਉਹ 21 ਸਾਲਾਂ ਦਾ ਸੀ, ਜਿਸ 'ਚ ਉਦੋਂ ਤੱਕ ਉਸ ਦੇ ਸਹਿਪਾਠੀਆਂ ਨੂੰ ਕੋਈ ਰੂਹਾਨੀ ਝੁਕਾਅ ਨਹੀਂ ਦਿਸਿਆ ਸੀ ਅਤੇ ਉਹ ਮੰਦਰ ਵਿਚ ਆਪਣੇ ਕਰੀਅਰ ਦੀਆਂ ਅਸਪਸ਼ਟ ਉਮੀਦਾਂ ਪਾਲ ਰਿਹਾ ਸੀ।

ਅਗਲੇ ਸਾਲ 15 ਫਰਵਰੀ ਨੂੰ, ਅਵੈਦਿਆਨਾਥ ਨੇ ਉਸ ਨੂੰ ਬਾਕਾਇਦਾ ਰਸਮ ਕਰਕੇ ਸਾਧੂ ਬਣਾਇਆ, ਉਸ ਦਾ ਨਾਮ ਅਦਿੱਤਿਆਨਾਥ ਰੱਖਿਆ ਅਤੇ ਉਸ ਨੂੰ ਆਪਣਾ ਜਾਨਸ਼ੀਨ ਐਲਾਨਿਆ। 2011 ਦੇ ਸਿਆਲ 'ਚ, ਮੈਂ ਅਯੁੱਧਿਆ ਬਾਰੇ ਇਕ ਕਿਤਾਬ ਲਈ ਖੋਜ ਕਰਨ ਲਈ ਗੋਰਖਨਾਥ ਮੰਦਿਰ ਗਿਆ ਜੋ ਮੈਂ ਆਪਣੇ ਇਕ ਸਾਥੀ ਨਾਲ ਮਿਲ ਕੇ ਲਿਖ ਰਿਹਾ ਸੀ। ਮੈਂ ਅਵੈਦਿਆਨਾਥ ਦੀ ਇੰਟਰਵਿਊ ਦਾ ਇੰਤਜ਼ਾਰ ਕਰ ਰਿਹਾ ਸੀ ਜਦੋਂ ਮੈਂ ਨੇੜੇ ਹੀ ਇਕ ਮਾਮੂਲੀ ਅਤੇ ਗੰਭੀਰ ਦਿੱਖ ਵਾਲਾ ਆਦਮੀ ਦੇਖਿਆ। ਇਹ ਅਦਿੱਤਿਆਨਾਥ ਹੀ ਸੀ, ਜੋ ਮੰਦਰ ਦੇ ਗਲਿਆਰੇ ਵਿਚ ਲੱਕੜ ਦੀ ਕੁਰਸੀ 'ਤੇ ਬੈਠਾ ਸੀ। ਇੰਞ ਜਾਪਦਾ ਸੀ ਕਿ ਉਹ ਮੇਜ 'ਤੇ ਪਏ ਕੁਝ ਕਾਗਜ਼ਾਂ ਨੂੰ ਪੜ੍ਹਨ ਵਿਚ ਰੁੱਝਿਆ ਹੋਇਆ ਸੀ। ਮੈਨੂੰ ਸ਼ਾਇਦ ਹੀ ਉਹ ਐਨਾ ਕੁ ਵੱਡਾ ਜਾਂ ਐਨਾ ਕੁ ਮਜ਼ਬੂਤ ਲੱਗਿਆ ਕਿ ਉਹ ਹਿੰਦੂਤਵ ਦੇ ਭੜਕਾਊ ਅਕਸ 'ਚ ਫਿੱਟ ਹੋ ਸਕਦਾ। ਇਕ ਅੱਧਖੜ ਉਮਰ ਦਾ ਆਦਮੀ, ਜੋ ਉਸ ਤੋਂ ਕੁਝ ਫੁੱਟ ਦੂਰ ਖੜ੍ਹਾ ਸੀ, ਉਸ ਦੇ ਮੁਕਾਬਲੇ ਲੰਬਾ ਅਤੇ ਮਜ਼ਬੂਤ ਦਿਖਾਈ ਦਿੰਦਾ ਸੀ। ਮੈਂ ਅਦਿੱਤਿਆਨਾਥ ਨੂੰ ਅਵਿਦਿਆਨਾਥ



ਨੂੰ ਮਿਲਣ ਦੀ ਗੁਜ਼ਾਰਿਸ਼ ਕੀਤੀ ਅਤੇ ਉਨ੍ਹਾਂ ਦੇ ਸੰਗਠਨ ਹਿੰਦੂ ਯੁਵਾ ਵਾਹਿਨੀ ਬਾਰੇ ਕੁਝ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਨਹੀਂ ਬੋਲਿਆ। ਮੈਂ ਜ਼ੋਰ ਨਹੀਂ ਪਾਇਆ, ਕਿਉਂਕਿ ਮੇਰਾ ਮੁੱਖ ਉਦੇਸ਼ ਉਸ ਦੇ ਗੁਰੂ ਦੀ ਇੰਟਰਵਿਊ ਲੈਣਾ ਸੀ। ਅੱਧਖੜ ਉਮਰ ਦਾ ਆਦਮੀ ਮੈਨੂੰ ਮੰਦਰ ਦੇ ਨਾਲ ਲੱਗਦੀ ਦੋ ਮੰਜ਼ਿਲਾ ਇਮਾਰਤ ਵਿਚ ਅਵੈਦਿਆਨਾਥ ਦੇ ਪਹਿਲੀ ਮੰਜ਼ਿਲ ਦੇ ਅਪਾਰਟਮੈਂਟ ਵਿਚ ਲੈ ਗਿਆ।

ਗੋਰਖਨਾਥ ਮੰਦਿਰ ਦਾ ਨਾਮ ਗਿਆਰ੍ਹਵੀਂ ਸਦੀ ਦੇ ਇਕ ਰਹੱਸਵਾਦੀ ਗੋਰਕਸ਼ਾਨਾਥ ਤੋਂ ਲਿਆ ਗਿਆ ਹੈ, ਜਿਸ ਨੇ ਵਿਆਪਕ ਯਾਤਰਾ ਕੀਤੀ ਸੀ ਅਤੇ ਕਿਹਾ ਜਾਂਦਾ ਹੈ ਕਿ ਉਸ ਨੇ ਬਹੁਤ ਸਾਰੇ ਗ੍ਰੰਥ ਲਿਖੇ ਸਨ ਜੋ ਨਾਥ ਮੱਠ ਪ੍ਰਣਾਲੀ ਦਾ ਆਧਾਰ-ਚੌਖਟਾ ਹਨ। ਗੋਰਖਨਾਥ ਮੱਠ ਨੇ ਬਰਤਾਨਵੀ ਰਾਜ ਤੋਂ ਬਾਦ ਸੱਜੇ-ਪੱਖੀ ਰਾਜਨੀਤੀ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ ਅਤੇ ਅਦਿੱਤਿਆਨਾਥ ਨੂੰ ਇਹ ਵਿਰਾਸਤ 'ਚ ਮਿਲੀ ਹੈ। ਅਵੈਦਿਆਨਾਥ ਅਤੇ ਉਸ ਦਾ ਪੂਰਵਜ ਅਤੇ ਗੁਰੂ ਦਿਗਵਿਜੇ ਨਾਥ ਰਾਮ ਜਨਮ ਭੂਮੀ ਅੰਦੋਲਨ ਦੇ ਮਹੱਤਵਪੂਰਨ ਪੜਾਵਾਂ 'ਚ ਉਸ ਦੀ ਪ੍ਰਧਾਨਗੀ ਕਰਦਾ ਰਿਹਾ, ਜਿਸ ਨੇ ਮੁਲਕ ਵਿਚ ਹਿੰਦੂ ਰਾਸ਼ਟਰਵਾਦ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਦਿੱਤਿਆਨਾਥ ਦੀ ਅਗਵਾਈ 'ਚ ਅਯੁੱਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਦੀ ਸ਼ੁਰੂਆਤ ਲਗਭਗ ਇਕ ਸਦੀ ਤੱਕ ਫੈਲੇ ਇਕ ਹਿੰਸਕ ਅਤੇ ਵਿਨਾਸ਼ਕਾਰੀ ਅੰਦੋਲਨ ਦੀ ਸਮਾਪਤੀ ਨੂੰ ਦਰਸਾਉਂਦੀ ਹੈ ਜੋ ਤਿੰਨ ਮਹੰਤਾਂ ਦੀ ਨਿਗਰਾਨੀ ਹੇਠ ਚੱਲਿਆ।

ਦਿਗਵਿਜੇ ਨਾਥ ਨੇ 1935 ਤੋਂ 1969 ਤੱਕ ਗੋਰਖ਼ਨਾਥ ਮੰਦਰ ਦਾ ਮੁਖੀ ਰਿਹਾ ਅਤੇ ਉਹ 20ਵੀਂ ਸਦੀ ਦੇ ਸਭ ਤੋਂ ਚਤੁਰ ਸਾਧੂਆਂ ਵਿੱਚੋਂ ਇਕ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੁਆਰਾ ਬਰਾਬਰ ਸਤਿਕਾਰੇ ਜਾਂਦੇ ਮੱਠ, ਜਿਸ ਦੇ ਸ਼ਰਧਾਲੂ ਮੁੱਖ ਤੌਰ 'ਤੇ ਨੀਵੀਂਆਂ ਜਾਤਾਂ ਦੇ ਹੁੰਦੇ ਸਨ, ਨੂੰ ਠਾਕੁਰਾਂ ਦੁਆਰਾ ਨਿਯੰਤਰਿਤ ਹਿੰਦੂਤਵ ਰਾਜਨੀਤੀ ਦੇ ਕੇਂਦਰ ਵਿਚ ਬਦਲਣ ਲਈ ਜ਼ਿੰਮੇਵਾਰ ਸੀ। ਦਿਗਵਿਜੇ 1937 'ਚ ਹਿੰਦੂ ਮਹਾਸਭਾ ਵਿਚ ਸ਼ਾਮਿਲ ਹੋਇਆ, ਜਦੋਂ ਇਸ ਦਾ ਪ੍ਰਧਾਨ ਵੀਡੀ ਸਾਵਰਕਰ ਸੀ ਜੋ ਹੁਣ ਸੰਘ ਪਰਿਵਾਰ ਦਾ ਚਿੰਨ੍ਹ ਹੈ। ਦਿਗਵਿਜੇ ਨੇ ਹਿੰਦੂ ਅੱਤਵਾਦੀਆਂ ਨੂੰ ਐੱਮ ਕੇ ਗਾਂਧੀ ਦੀ ਹੱਤਿਆ ਕੀਤੇ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੂੰ ਮਾਰਨ ਦੀ ਅਪੀਲ ਕੀਤੀ ਸੀ ਅਤੇ ਨਤੀਜੇ ਵਜੋਂ ਉਸ ਨੇ ਨੌਂ ਮਹੀਨੇ ਜੇਲ੍ਹ ਵਿਚ ਗੁਜ਼ਾਰੇ। ਹਿੰਦੂ ਮਹਾਸਭਾ ਦੇ ਜਨਰਲ ਸਕੱਤਰ ਵਜੋਂ ਤਰੱਕੀ ਮਿਲਣ ਤੋਂ ਬਾਦ ਉਸ ਨੇ ਵਾਅਦਾ ਕੀਤਾ ਕਿ ਜੇਕਰ ਪਾਰਟੀ ਸੱਤਾ 'ਚ ਆਈ ਤਾਂ ਮੁਸਲਮਾਨਾਂ ਦੀ ਵਫ਼ਾਦਾਰੀ ਦੀ ਪਰਖ਼ ਕੀਤੀ ਜਾਵੇਗੀ। ਜੂਨ 1950 ਵਿੱਚ, ਦ ਸਟੇਟਸਮੈਨ ਨੇ ਉਸ ਦੇ ਬਿਆਨ ਦੀ ਰਿਪੋਰਟ ਇਸ ਤਰ੍ਹਾਂ ਛਾਪੀ, "ਇਹ ਮੁਸਲਮਾਨਾਂ ਨੂੰ ਪੰਜ ਤੋਂ 10 ਸਾਲਾਂ ਤੱਕ ਵੋਟ ਦੇ ਅਧਿਕਾਰ ਤੋਂ ਵਾਂਝੇ ਰੱਖੇਗੀ, ਇਹ ਉਹ ਸਮਾਂ ਹੋਵੇਗਾ ਜੋ ਉਨ੍ਹਾਂ ਨੂੰ ਸਰਕਾਰ ਨੂੰ ਇਹ ਜਚਾਉਣ 'ਚ ਲੱਗੇਗਾ ਕਿ ਉਨ੍ਹਾਂ ਦੇ ਹਿਤ ਅਤੇ ਭਾਵਨਾਵਾਂ ਭਾਰਤ ਪੱਖੀ ਹਨ।"

(ਚਲਦਾ...)

## ਪੰਜਾਬ ਵਿਚ ਪਹਿਲੀ ਵਾਰ...

ਬਾਕੀ ਜ਼ਿਆਦਾ ਸਰਵੇਖਣਾਂ ਵਿਚ ਆਪ ਪਾਰਟੀ ਨੂੰ ਵੱਡੀ ਪਾਰਟੀ ਵਜੋਂ ਉੱਭਰਦੀ ਜ਼ਰੂਰ ਦਿਖਾਇਆ ਗਿਆ ਹੈ। ਇਕ-ਦੋ ਸਰਵੇਖਣਾਂ ਵਿਚ ਆਪ ਪਾਰਟੀ ਅਤੇ ਕਾਂਗਰਸ ਨੂੰ ਲਗਭਗ ਬਰਾਬਰ ਦਿਖਾਇਆ ਗਿਆ ਹੈ। ਅਕਾਲੀ ਦਲ ਨੂੰ ਸਿਰਫ ਇਕ ਸਰਵੇਖਣ ਵਿਚ 32 ਤੋਂ 35 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਹਨ ਅਤੇ ਇਸੇ ਤਰਾਂ ਭਾਜਪਾ ਨੂੰ ਵੀ ਸਿਰਫ ਇਕ ਸਰਵੇਖਣ ਵਿਚ 4 ਤੋਂ 7 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਹਨ ਅਤੇ ਬਾਕੀ ਸਾਰੇ ਸਰਵੇਖਣਾਂ ਵਿਚ ਅਕਾਲੀ ਦਲ ਤੇ ਭਾਜਪਾ ਲਈ ਬਹੁਤ ਹੀ ਘੱਟ ਸੀਟਾਂ ਦੀ ਭਵਿੱਖਬਾਣੀ ਕੀਤੀ ਗਈ ਹੈ। ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੇ ਇਨਾਂ ਦੀ ਪ੍ਰਮਾਣਿਕਤਾ 'ਤੇ ਸਵਾਲ ਖੜੇ ਕੀਤੇ ਹਨ ਅਤੇ ਕਿਹਾ ਹੈ ਕਿ ਜਦੋਂ ਅਜੇ ਸਾਰੀਆਂ ਚੋਣ ਲੜ ਰਹੀਆਂ ਪਾਰਟੀਆਂ ਵਲੋਂ ਆਪਣੇ ਪੂਰੇ ਉਮੀਦਵਾਰਾਂ ਦਾ ਹੀ ਐਲਾਨ ਨਹੀਂ ਕੀਤਾ ਗਿਆ ਤਾਂ ਚੋਣਾਂ ਦੇ ਨਤੀਜਿਆਂ ਸੰਬੰਧੀ ਇਸ ਤਰਾਂ ਦੀ ਕਿਆਸ ਅਰਾਈ ਕਿੱਥੋਂ ਤੱਕ ਸਹੀ ਹੋ ਸਕਦੀ ਹੈ? ਸਿਆਸੀ ਮਾਹਿਰ ਇਹਨਾਂ ਨੂੰ ਝੂਠੇ ਚੋਣ ਸਰਵੇਖਣ ਦਸ ਰਹੇ ਹਨ। ਇਨਾਂ ਸਰਵੇਖਣਾਂ ਵਿਚ ਸੰਯੁਕਤ ਕਿਸਾਨ ਮੋਰਚੇ ਅਤੇ ਸੰਯੁਕਤ ਸੰਘਰਸ਼ ਪਾਰਟੀ ਦੇ ਗੱਠਜੋੜ ਨੂੰ ਕਿਸੇ ਵੀ ਗਿਣਤੀ-ਮਿਣਤੀ ਵਿਚ ਸ਼ਾਮਿਲ ਨਹੀਂ ਕੀਤਾ ਗਿਆ, ਜਦੋਂ ਕਿ ਆਮ ਮੰਨਿਆ ਜਾ ਰਿਹਾ ਹੈ ਕਿ ਕਿਸਾਨ ਸੰਗਠਨਾਂ ਦਾ ਚੋਣ ਲੜਨਾ ਦਿਹਾਤੀ ਖੇਤਰਾਂ ਵਿਚ ਆਪ ਪਾਰਟੀ, ਕਾਂਗਰਸ ਅਤੇ ਅਕਾਲੀ ਦਲ-ਬਸਪਾ ਗੱਠਜੋੜ ਤਿੰਨਾਂ ਨੂੰ ਹੀ ਪ੍ਰਭਾਵਿਤ ਕਰ ਸਕਦਾ ਹੈ। ਉਂਜ ਵੀ ਪਿਛਲੇ ਸਮਿਆਂ ਵਿਚ ਇਹ ਆਮ ਦੇਖਿਆ ਗਿਆ ਹੈ ਕਿ ਚੋਣ ਸਰਵੇਖਣ ਅਤੇ ਇਥੋਂ ਤੱਕ ਕਿ ਵੋਟਾਂ ਪੈਣ ਤੋਂ ਬਾਅਦ ਕੀਤੇ ਜਾਣ ਵਾਲੇ ਐਗਜ਼ਿਟ ਪੋਲ ਵੀ ਬਹੁਤੀ ਵਾਰ ਫੇਲ ਹੋ ਜਾਂਦੇ ਰਹੇ ਹਨ। ਇਨਾਂ ਦੀ ਪ੍ਰਮਾਣਿਕਤਾ ਸੰਬੰਧੀ ਅਕਸਰ ਇਹ ਵੀ ਦੋਸ਼ ਲਗਦੇ ਹਨ ਕਿ ਇਹ ਕਿਸੇ ਪਾਰਟੀ ਨੂੰ ਲਾਭ ਪਹੁੰਚਾਉਣ ਅਤੇ ਕਿਸੇ ਹੋਰ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਲਈ ਮੁੱਲ ਦੀਆਂ ਖ਼ਬਰਾਂ ਦੀ ਤਰਾਂ ਹੀ ਕਰਵਾਏ ਜਾਂਦੇ ਹਨ।

ਇਨਾਂ ਚੋਣਾਂ ਬਾਰੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਅਜੇ ਤੱਕ ਸਪੱਸ਼ਟ ਰੂਪ ਵਿਚ ਕਿਸੇ ਪਾਰਟੀ ਦੇ ਹੱਕ ਵਿਚ ਕੋਈ ਲਹਿਰ ਚਲਦੀ ਨਜ਼ਰ ਨਹੀਂ ਆ ਰਹੀ ।ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਸਥਿਤੀ 2017 ਦੀਆਂ ਚੋਣਾਂ ਵਿਚ ਜਦੋਂ ਅਕਾਲੀ ਦਲ ਦੇ ਖਿਲਾਫ਼ ਤਿੱਖਾ ਸੱਤਾ ਵਿਰੋਧੀ ਰੁਝਾਨ ਸੀ ਅਤੇ ਉਹ ਬੇਅਦਬੀਆਂ ਦੇ ਮੁੱਦੇ 'ਤੇ ਵੀ ਘਿਰਿਆ ਹੋਇਆ ਸੀ ਤਾਂ ਉਸ ਸਮੇਂ ਵੀ ਉਸ ਨੇ 25.2 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ ਅਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਇਸ ਨੇ ਭਾਵੇਂ ਸਿਰਫ ਦੋ ਸੀਟਾਂ ਜਿੱਤੀਆਂ ਸਨ ਪਰ ਫਿਰ ਵੀ ਆਪਣੀ ਵੋਟ ਫ਼ੀਸਦੀ ਵਿਚ ਵਾਧਾ ਕੀਤਾ ਸੀ। 2022 ਦੀਆਂ ਚੋਣਾਂ ਲਈ ਵੀ ਇਨਾਂ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦਿਆਂ ਅਕਾਲੀ ਦਲ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰ ਐਲਾਨੇ ਹਨ ਅਤੇ ਰੈਲੀਆਂ ਅਤੇ ਮੀਟਿੰਗਾਂ ਵੀ ਉਹ ਪਿਛਲੇ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਹੈ। ਇਸ ਕਰਕੇ ਲਾਜ਼ਮੀ ਤੌਰ 'ਤੇ ਉਹ ਆਪਣੀ ਸਥਿਤੀ ਵਿਚ ਚੋਖਾ ਸੁਧਾਰ ਕਰ ਸਕਦਾ ਹੈ।ਬਸਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਕਰਕੇ ਭਾਵੇਂ ਪੰਜਾਬ ਭਰ ਵਿਚ ਸੱਤਾ ਤਬਦੀਲੀ ਦਾ ਹਿੱਸਾ ਬਣਨ ਲਈ ਦਾਅਵਾ ਕੀਤਾ ਜਾ ਰਿਹਾ ਹੈ, ਪਰ ਉਸ ਦੀ ਅਸਲ ਤਾਕਤ ਦੀ ਪਰਖ ਦੋਆਬੇ ਵਿਚ ਹੋਵੇਗੀ। ਇਨਾਂ ਵਿਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਸੂਬਾ ਜਨਰਲ ਸਕੱਤਰ ਨਛੱਤਰ ਪਾਲ ਅਤੇ ਬਲਵਿੰਦਰ ਕੁਮਾਰ ਕ੍ਰਮਵਾਰ ਫ਼ਗਵਾੜਾ, ਨਵਾਂਸ਼ਹਿਰ ਅਤੇ ਕਰਤਾਰਪੁਰ ਤੋਂ ਚੋਣ ਲੜਨਗੇ। ਇਸ ਤੋਂ ਇਲਾਵਾ ਪਾਰਟੀ ਦੇ ਸੂਬਾਈ ਆਗੂ ਐਡਵੋਕੇਟ ਬਲਵਿੰਦਰ ਕੁਮਾਰ ਹਲਕਾ ਕਰਤਾਰਪੁਰ ਤੋਂ ਉਮੀਦਵਾਰ ਬਣਾਏ ਗਏ ਹਨ, ਜਦਕਿ ਹਲਕਾ ਸ਼ਾਮ ਚੁਰਾਸੀ ਤੋਂ ਇੰਜਨੀਅਰ ਮਹਿੰਦਰ ਸਿੰਘ ਨੂੰ ਟਿਕਟ ਦੇਣ ਲਈ ਅਕਾਲੀ ਦਲ ਦੇ ਸਾਬਕਾ ਵਜ਼ੀਰ ਦੀ ਟਿਕਟ ਕੱਟੀ ਗਈ ਹੈ।

ਇਕ ਸਾਲ ਤੋਂ ਵਧੇਰੇ ਸਮੇਂ ਤੱਕ ਚੱਲੇ ਕਿਸਾਨ ਅੰਦੋਲਨ ਕਾਰਨ ਅਜੇ ਵੀ ਦਿਹਾਤੀ ਖੇਤਰਾਂ ਵਿਚ ਭਾਜਪਾ ਦੇ ਵਿਰੁੱਧ ਰੋਸ ਬਰਕਰਾਰ ਹੈ ਤੇ ਇਨਾਂ ਚੋਣਾਂ ਵਿਚ ਇਸ ਪਾਰਟੀ ਨੂੰ ਕੀਮਤ ਚੁਕਾਉਣੀ ਪੈ ਸਕਦੀ ਹੈ। ਇਹ ਪਾਰਟੀ ਸ਼ਹਿਰੀ ਖੇਤਰਾਂ ਤੋਂ ਹੀ ਕੁਝ ਸੀਟਾਂ ਲੈ ਸਕਦੀ ਹੈ।

ਚੋਣ ਮਾਹਿਰਾਂ ਅਨੁਸਾਰ ਆਪ ਪਾਰਟੀ ਦੀ ਕਾਰਗੁਜ਼ਾਰੀ ਏਨੀ ਬਿਹਤਰ ਹੋਣੀ ਮੁਸ਼ਕਿਲ ਜਾਪਦੀ ਹੈ। ਕਿਉਂਕਿ ਇਸ ਦਾ ਦੁਆਬੇ ਤੇ ਮਾਝੇ ਵਿਚ ਜਥੇਬੰਦਕ ਆਧਾਰ ਕਾਫੀ ਕਮਜ਼ੋਰ ਹੈ। ਇਸ ਦੇ ਬਾਵਜੂਦ ਆਪ ਦਾ ਦਾਅਵਾ ਹੈ ਕਿ ਪਾਰਟੀ ਨੂੰ ਦਿੱਲੀ ਵਿਚ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਕੀਤੇ ਗਏ ਚੰਗੇ ਕਾਰਜਾਂ ਤੇ ਘਰਾਂ ਲਈ ਸਸਤੀ ਬਿਜਲੀ ਦੇਣ ਦਾ ਲਾਭ ਪੰਜਾਬ 'ਵਿਚ ਵੀ ਮਿਲ ਸਕਦਾ ਹੈ। ਉਂਜ ਵੀ ਲੋਕ ਕਾਂਗਰਸ ਤੇ ਅਕਾਲੀ ਦਲ ਆਦਿ ਪਾਰਟੀਆਂ ਤੋਂ ਅੱਕੇ ਹੋਏ ਹਨ ਤੇ ਬਦਲ ਚਾਹੁੰਦੇ ਹਨ।

ਕਾਂਗਰਸ ਦੀਆਂ ਚੋਣ ਸੰਭਾਵਨਾਵਾਂ ਸੰਬੰਧੀ ਸਿਆਸੀ ਮਾਹਿਰਾਂ ਦਾ ਵਿਚਾਰ ਇਹ ਹੈ ਕਿ ਕੈਪਟਨ ਨੂੰ ਹਟਾਏ ਜਾਣ ਤੋਂ ਬਾਅਦ ਤੇਜ਼ੀ ਨਾਲ ਚਰਨਜੀਤ ਸਿੰਘ ਚੰਨੀ ਨੇ ਰਾਜਨੀਤਕ ਖਲਾਅ ਨੂੰ ਭਰਿਆ ਸੀ, ਪਰ ਬਾਅਦ ਵਿਚ ਜਿਸ ਤਰਾਂ ਕਾਂਗਰਸ ਦਾ ਅੰਦਰੂਨੀ ਕਾਟੋ-ਕਲੇਸ਼ ਲਗਾਤਾਰ ਬਰਕਰਾਰ ਰਿਹਾ ਅਤੇ ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ ਅਤੇ ਆਪਣੀ ਹੀ ਸਰਕਾਰ ਖਿਲਾਫ਼ ਜਿਵੇਂ ਸਵਾਲ ਖੜ੍ਹੇ ਕਰਦੇ ਰਹੇ ਅਤੇ ਸਮੇਂ-ਸਮੇਂ ਸੁਨੀਲ ਜਾਖੜ ਵੀ ਆਪਣੀ ਸਰਕਾਰ ਸੰਬੰਧੀ ਸਵਾਲ ਉਠਾਉਂਦੇ ਰਹੇ, ਉਸ ਨੇ ਕਾਂਗਰਸ ਦੀਆਂ ਚੋਣ ਸੰਭਾਵਨਾਵਾਂ 'ਤੇ ਗਹਿਰਾ ਅਸਰ ਪਾਇਆ ਹੈ। ਕੁਝ ਸਿਆਸੀ ਮਾਹਿਰਾਂ ਦੀ ਇਹ ਵੀ ਰਾਇ ਹੈ ਕਿ ਕੁਝ ਦਿਨ ਪਹਿਲਾਂ ਹੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਰਿਸ਼ਤੇਦਾਰਾਂ 'ਤੇ ਪਏ ਈ.ਡੀ. ਦੇ ਛਾਪਿਆਂ ਨਾਲ ਚੰਨੀ ਦੇ ਪ੍ਰਭਾਵ ਨੂੰ ਨੁਕਸਾਨ ਪੁੱਜਣ ਦੇ ਨਾਲ-ਨਾਲ ਕਾਂਗਰਸ ਦੀ ਸਾਖ਼ ਨੂੰ ਵੀ ਧੱਕਾ ਲੱਗਾ ਹੈ। ਚੋਣਾਂ ਦੇ ਸੰਬੰਧ ਵਿਚ ਅਜੇ ਇਹ ਵੀ ਦੇਖਿਆ ਜਾਣਾ ਹੈ ਕਿ ਚੋਣ ਮੈਦਾਨ ਵਿਚ ਨਿੱਤਰੇ ਕਿਸਾਨ ਸੰਗਠਨ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਚੋਣ ਮੁਹਿੰਮ ਚਲਾਉਂਦੇ ਹਨ ਅਤੇ ਕਿਸ ਪਾਰਟੀ ਦੀਆਂ ਵੋਟਾਂ ਵਧੇਰੇ ਕੱਟਦੇ ਹਨ? ਇਨਾਂ ਸਾਰੇ ਪਹਿਲੂਆਂ ਨੂੰ ਮੁੱਖ ਰੱਖਦਿਆਂ ਸਪੱਸ਼ਟ ਰੂਪ ਵਿਚ ਇਹ ਕਹਿਣਾ ਅਜੇ ਬੇਹੱਦ ਮੁਸ਼ਕਲ ਹੈ ਕਿ ਅਗਲੀ ਸਰਕਾਰ ਕਿਸ ਪਾਰਟੀ ਦੀ ਬਣੇਗੀ । ਇਨਾਂ ਚੋਣਾਂ ਬਾਰੇ ਇਹ ਗੱਲ ਤਾਂ ਬਿਲਕੁਲ ਸਪੱਸ਼ਟ ਰੂਪ ਵਿਚ ਕਹੀ ਜਾ ਸਕਦੀ ਹੈ ਕਿ ਸ਼ਹਿਰੀ ਵੋਟਾਂ ਦੇ ਮੁਕਾਬਲੇ ਜ਼ਿਆਦਾ ਤਿੱਖਾ ਮੁਕਾਬਲਾ ਦਿਹਾਤੀ ਖੇਤਰਾਂ ਦੀਆਂ ਵੋਟਾਂ ਹਾਸਲ ਕਰਨ ਲਈ ਹੋਵੇਗਾ। ਸ਼ਹਿਰੀ ਹਲਕਿਆਂ ਵਿਚ ਵਧੇਰੇ ਮੁਕਾਬਲਾ ਕਾਂਗਰਸ, ਭਾਜਪਾ ਅਤੇ ਆਪ ਪਾਰਟੀ ਵਿਚਕਾਰ ਹੀ ਰਹੇਗਾ। ਦਿਹਾਤੀ ਖੇਤਰਾਂ ਵਿਚ ਕਾਂਗਰਸ, ਆਪ ਪਾਰਟੀ, ਅਕਾਲੀ ਦਲ-ਬਸਪਾ ਗੱਠਜੋੜ ਤੇ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਤੇ ਕਿਸਾਨ ਗਠਜੋੜ ਸਾਰੇ ਹੀ ਵੋਟਾਂ ਦੇ ਦਾਅਵੇਦਾਰ ਹਨ।

ਪ੍ਰਸਿੱਧ ਰਾਜਨੀਤਕ ਆਗੂ ਡਾਕਟਰ ਧਰਮਵੀਰ ਗਾਂਧੀ ਦਾ ਕਹਿਣਾ ਹੈ ਕਿ ਬਿਨਾਂ ਸ਼ੱਕ ਪੰਜਾਬ ਜੋ ਇਸ ਸਮੇਂ ਕਈ ਪਹਿਲੂਆਂ ਤੋਂ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ, ਉਸ ਨੂੰ ਇਕ ਅਜਿਹੀ ਸਰਕਾਰ ਦੀ ਲੋੜ ਹੈ ਜੋ ਇਥੋਂ ਦੇ ਵਸਨੀਕਾਂ ਨੂੰ ਬਿਹਤਰ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰ ਸਕੇ ਅਤੇ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਸਿਰਜ ਸਕੇ, ਇਸ ਨੂੰ 3 ਲੱਖ ਕਰੋੜ ਦੇ ਕਰਜ਼ੇ ਤੋਂ ਨਿਜਾਤ ਦੁਆ ਸਕੇ ਅਤੇ ਇਸ ਦੀਆਂ ਗੰਭੀਰ ਹੋ ਰਹੀਆਂ ਵਾਤਵਰਨ ਦੀਆਂ ਸਮੱਸਿਆਵਾਂ ਦਾ ਵੀ ਕੋਈ ਹੱਲ ਕੱਢਵਾ ਸਕੇ।

**ਬੇਅਦਬੀ ਕਾਂਡ ਕਾਰਣ ਉਮੀਦਵਾਰਾਂ ਨੂੰ ਝੱਲਣਾ ਪੈ ਸਕਦੈ ਲੋਕ ਰੋਹ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਸਤਾਧਾਰੀ ਪਾਰਟੀਆਂ ਬਾਦਲ ਦਲ ਤੇ ਕਾਂਗਰਸ ਨੂੰ ਪੰਥਕ ਰੋਸ ਝਲਣਾ ਪੈ ਸਕਦਾ ਹੈ। ਮਹੀਨੇ ਤੋਂ ਉਪਰ ਕੋਟਕਪੂਰਾ-ਬਾਜਾਖਾਨਾ ਮਾਰਗ 'ਤੇ ਸਥਿਤ ਪਿੰਡ ਬਹਿਬਲ ਕਲਾਂ ਵਿੱਚ ਧਰਨੇ 'ਤੇ ਬੈਠੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀ ਵਾਲਾ ਅਤੇ ਪ੍ਰਬੰਧਕਾਂ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਵੋਟਾਂ ਮੰਗਣ ਆਉਣ ਵਾਲੇ ਉਮੀਦਵਾਰਾਂ ਨੂੰ ਬੇਅਦਬੀ ਮਾਮਲੇ ਸਬੰਧੀ ਸਵਾਲ ਪੁੱਛੇ ਜਾਣ ।ਸੁਖਰਾਜ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ ਸਾਢੇ ਛੇ ਸਾਲ ਤੋਂ ਬੇਅਦਬੀ ਕਾਂਡ ਮਾਮਲੇ 'ਚ ਇਨਸਾਫ਼ ਲਈ ਉਹ ਸੜਕਾਂ 'ਤੇ ਰੁਲ ਰਹੇ ਹਨ ਪਰ ਕਿਸੇ ਨੇ ਉਨਾਂ ਦਾ ਦਰਦ ਨਹੀਂ ਸਮਝਿਆ।

**ਮਜੀਠੀਆ ਕਾਰਣ ਬਾਦਲ ਦਲ ਧਰਮ ਸੰਕਟ ਵਿਚ**

ਨਸ਼ਾ ਤਸਕਰੀ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਪੰਜਾਬ ਹਰਿਆਣਾ ਹਾਈ ਕੋਰਟ ਨੇ ਅਕਾਲੀ ਆਗੂ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਅਗਾਊਂ ਜ਼ਮਾਨਤ ਰੱਦ ਦਿੱਤੀ ਹੈ। ਵਿਧਾਨ ਸਭਾ ਚੋਣਾਂ ਦੇ ਐਨ ਮੌਕੇ ਹਾਈ ਕੋਰਟ ਦੇ ਇਸ ਫੈਸਲੇ ਨਾਲ ਅਕਾਲੀ ਦਲ ਨੂੰ ਵੱਡਾ ਧੱਕਾ ਲੱਗਾ ਹੈ। ਕਾਨੂੰਨੀ ਤੌਰ 'ਤੇ ਹੁਣ ਪੁਲੀਸ ਮਜੀਠੀਆ ਨੂੰ ਕਿਸੇ ਸਮੇਂ ਵੀ ਗ੍ਰਿਫ਼ਤਾਰ ਕਰ ਸਕਦੀ ਹੈ। ਮਜੀਠੀਆ ਇਕ ਵਾਰ ਫਿਰ ਗ੍ਰਿਫਤਾਰੀ ਤੋਂ ਬਚਣ ਲਈ ਗਾਇਬ ਹੋ ਗਏ ਹਨ।

ਅਕਾਲੀ ਆਗੂ ਹੁਣ ਤੱਕ ਤਿੰਨ ਵਾਰ ਸਿੱਟ ਅੱਗੇ ਪੇਸ਼ ਹੋ ਚੁੱਕੇ ਹਨ ਅਤੇ ਜਾਂਚ ਟੀਮ ਉਨਾਂ ਦੇ ਜੁਆਬ ਉਪਰ ਸੰਤੁਸ਼ਟ ਨਹੀਂ ਹੋਏ। ਸਰਕਾਰ ਦਾ ਕਹਿਣਾ ਹੈ ਕਿ ਮਾਮਲੇ ਦੀ ਤਹਿ ਤੱਕ ਜਾਣ ਲਈ ਮਜੀਠੀਆ ਨੂੰ ਪੁਲੀਸ ਹਿਰਾਸਤ ਵਿੱਚ ਲੈ ਕੇ ਪੁੱਛ-ਪੜਤਾਲ ਕਰਨੀ ਬਹੁਤ ਜ਼ਰੂਰੀ ਹੈ। ਅਦਾਲਤ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮੁੱਢੋਂ ਰੱਦ ਕਰ ਦਿੱਤੀ। ਪੁਲੀਸ ਨੇ ਅਕਾਲੀ ਆਗੂ ਦੀ ਪੈੜ ਨੱਪਣ ਲਈ ਕਾਰਵਾਈ ਤੇਜ਼ ਕਰ ਦਿੱਤੀ ਹੈ। ਕਾਂਗਰਸ ਦੇ ਸੀਨੀਅਰ ਆਗੂ ਅਲਕਾ ਲਾਂਬਾ ਨੇ ਪੰਜਾਬ ਚ ਨਸ਼ਾ ਫੈਲਾਉਣ ਅਤੇ ਨਸ਼ਾ ਮਾਫੀਆਵਾਂ ਨੂੰ ਸ਼ਹਿ ਦੇਣ ਵਾਲੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜ਼ਮਾਨਤ ਰੱਦ ਕਰਨ ਦਾ ਸਵਾਗਤ ਕੀਤਾ ਹੈ ਤੇ ਪੁਲਸ ਤੋਂ ਜਲਦੀ ਤੋਂ ਜਲਦੀ ਮਜੀਠੀਆ ਨੂੰ ਗ੍ਰਿਫ਼ਤਾਰ ਕਰਕੇ ਜੇਲ ਭੇਜਣ ਦੀ ਮੰਗ ਕੀਤੀ ਹੈ।

ਦੂਸਰੇ ਪਾਸੇ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸੂਬੇ ਦੇ ਰਾਜਪਾਲ ਕੋਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਖ਼ਿਲਾਫ਼ ਰੇਤ ਮਾਫ਼ੀਆ ਮੁੱਦੇ 'ਤੇ ਤੁਰੰਤ ਫ਼ੌਜਦਾਰੀ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਹੈ। ਆਪ ਆਗੂ ਰਾਘਵ ਚੱਢਾ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਨੇ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਉਸ ਨੂੰ ਮੰਤਰੀ ਤੋਂ ਮੁੱਖ ਮੰਤਰੀ ਬਣਾ ਦਿੱਤਾ, ਜਿਸ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਪੰਜਾਬ ਵਿਚੋਂ ਰੇਤ ਮਾਫ਼ੀਆ ਦਾ ਪੈਸਾ ਕਾਂਗਰਸ ਦੀ ਹਾਈਕਮਾਂਡ ਤੱਕ ਜਾਂਦਾ ਹੈ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਨਜ਼ਦੀਕੀ ਰਿਸ਼ਤੇਦਾਰ ਭੁਪਿੰਦਰ ਸਿੰਘ ਹਨੀ ਦੇ ਘਰ ਈਡੀ ਵੱਲੋਂ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਉਸ ਕੋਲੋ ਕਰੋੜਾਂ ਰੁਪਏ ਬਰਾਮਦ ਹੋਏ ਹਨ ਜਿਸ ਤੋਂ ਬਾਅਦ ਵਿਰੋਧੀ ਪਾਰਟੀਆਂ ਵੱਲੋਂ ਮੁੱਖ ਮੰਤਰੀ ਚੰਨੀ ਨੂੰ ਲਗਾਤਾਰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ।

ਸੋ ਸਪਸ਼ਟ ਹੈ ਕਿ ਕਾਂਗਰਸ ਤੇ ਬਾਦਲ ਦਲ ਉਪਰ ਘਪਲਿਆਂ ਤੇ ਨਸ਼ਿਆਂ ਦੇ ਦੋਸ਼ ਲਗ ਰਹੇ ਹਨ।

## ਗੁਰਦੁਆਰਾ ਸਾਹਿਬ ਵਿੱਚ...

ਜਿਸ ਤੋਂ ਬਾਅਦ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਮੁਲਜ਼ਮ ਗੁਰਸਾਹਿਬ ਸਿੰਘ ਆਪਣੇ ਕਿਸੇ ਸਾਥੀ ਗਣੇ ਦਾ ਨਾਂ ਲੈ ਕੇ ਦੱਸ ਰਿਹਾ ਹੈ ਕਿ ਗਣੇ ਨੇ ਉਸ ਨੂੰ 1 ਲੱਖ ਰੁਪਏ ਦੇਣ ਦਾ ਲਾਲਚ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਨੂੰ ਕਿਹਾ ਸੀ, ਜਿਸ ਸਬੰਧੀ ਪੁਲਿਸ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਚੋਣਾਂ ਜਾਂ ਜਮਹੂਰੀਅਤ...

ਗੱਲਕਾਰ ਲੀਡਰਾਂ ਤੋਂ ਘਬਰਾ ਗਿਆ। ਵਾਰੋ-ਵਾਰੀ ਸਾਰੇ ਲੀਡਰ ਬਾਹਰ ਕੱਢ ਦਿੱਤੇ। ਸੰਜੇ, ਦੁਰਗੇਸ਼ ਵਰਗੇ ਬਲਾਤਕਾਰੀਆਂ ਵਲੋਂ ਬੀਬੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਦੇ ਇਲਜਾਮ ਵੀ ਲੱਗੇ। ਕੇਜਰੀਵਾਲ ਨੇ ਹੁਣ ਤੱਕ ਪੰਜਾਬ ਪੱਖੀ ਕੋਈ ਵੀ ਸਟੈਂਡ ਨਹੀਂ ਲਿਆ। ਪਾਣੀਆਂ ਦੇ ਮਸਲੇ ਸਮੇਂ ਇਹ ਪੰਜਾਬ ਦੇ ਵਿਰੋਧ ਵਿੱਚ ਸੀ। ਪੰਜਾਬੀ ਭਾਸ਼ਾ ਨੂੰ ਦਿੱਲੀ ਵਿੱਚ ਕੋਈ ਪ੍ਰਮੁੱਖਤਾ ਨਾ ਮਿਲਣੀ ਪੰਜਾਬੀ ਹਤੈਸ਼ੀ ਨਹੀਂ ਹੋ ਸਕਦੀ।

ਕਿਸਾਨ ਅੰਦੋਲਨ ਵਿੱਚ 32 ਜਥੇਬੰਦੀਆਂ ਵਲੋਂ ਤਿੰਲ ਬਿੱਲ ਰੱਦ ਕਰਵਾਉਣ ਤੋਂ ਬਾਅਦ ਪੰਜਾਬ ਵਿੱਚ ਚੋਣਾਂ ਦਾ ਲੜਨਾ ਬਿਲਕੁਲ ਗਲਤ ਫੈਸਲਾ ਹੈ। ਸੰਯੁਕਤ ਸਮਾਜ ਮੋਰਚਾ ਕਦੇ ਵੀ ਚੋਣਾਂ ਜਿੱਤ ਨਹੀਂ ਸਕਦਾ। ਹੁਣ ਕੇਂਦਰ ਸਰਕਾਰਾਂ ਵੀ ਕਿਸਾਨ ਜਥੇਬੰਦੀਆਂ ਦੇ ਤੌਰ 'ਤੇ ਨਹੀਂ ਵੇਖਣਗੀਆਂ, ਸਗੋਂ ਰਾਜਨੀਤਕ ਦਲ ਦੇ ਤੌਰ 'ਤੇ ਪੇਸ਼ ਆਉਣਗੀਆਂ। ਚੋਣਾਂ ਲੜਨ ਨਾਲ ਜਥੇਬੰਦੀਆਂ ਵਿੱਚ ਆਪਸੀ ਸ਼ੰਕੇ ਵਧਣਗੇ। ਏਕਤਾ ਕਮਜੋਰ ਹੋਵੇਗੀ। ਕਿਸਾਨ ਪੱਖੀ ਸੋਚ ਦੀ, ਸਰਕਾਰਾਂ ਅੱਗੇ ਬਦਲ ਦੀ ਤਾਕਤ ਘਟੇਗੀ।

ਯੂ.ਪੀ. ਦੀ ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਵੀ ਆਰ ਐਸ ਐਸ ਦੇ ਮੁਖੀ ਮੋਹਨ ਭਾਗਵੱਤ ਨਾਲ ਚੋਣਾਂ ਤੋਂ ਪਹਿਲਾਂ ਮੁਲਾਕਾਤ ਕੀਤੀ ਹੈ। ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਭਾਵੇਂ ਪਾਰਟੀ ਮੁਸਲਮਾਨ ਵੋਟ-ਅਧਾਰਤ ਹੈ ਪਰ ਆਰ ਐਸ ਐਸ ਦੀ ਸਿਧਾਂਤਿਕ ਸੋਚ ਦੇ ਵੀ ਹਾਮੀ ਹਨ। ਮੁਸਲਮਾਨਾਂ ਦੀ ਚੋਣਾਂ ਸਮੇਂ ਸਿਰਫ ਵੋਟ ਬੈਂਕ ਤੋਂ ਵੱਧ ਦੀ ਪਰਿਭਾਸ਼ਾ ਨਹੀਂ ਉਲੀਕੀ ਜਾਂਦੀ। ਇਸ ਕਰਕੇ ਅਸਾਉਦੀਨ ਉਵੇਸੀ ਮੁਸਲਮਾਨਾਂ ਦਾ ਵੱਡਾ ਲੀਡਰ ਬਣ ਕੇ ਉਭਰਿਆ ਹੈ। ਧਾਰਮਿਕ ਤੌਰ ਤੇ ਪੱਕਾ ਨਿਮਾਜ਼ੀ ਹੋਣ, ਕਈ ਵਿਦਿਅਕ ਅਦਾਰਿਆਂ ਦਾ ਮੁਖੀ ਅਤੇ ਕਿਤੇ ਵਜੋਂ ਵਕੀਲ ਹੋਣਾ ਸਿਆਸਤ ਵਿੱਚ ਮੁਸਲਮਾਨਾਂ ਦਾ ਵੱਡਾ ਵਿਸ਼ਵਾਸੀ ਲੀਡਰ ਦੇ ਤੌਰ 'ਤੇ ਉਭਰਨਾ ਇਕ ਜਾਤੀਵਾਦ ਦੀ ਨਵੀਂ ਪੈ ਰਹੀ ਪਿਰਤ ਦਾ ਹਿੱਸਾ ਬਣਿਆ ਹੈ।

ਬੀਜੇਪੀ ਦੇ ਸ਼ਾਸਨ ਵਿੱਚ ਸੱਭ ਤੋਂ ਵੱਧ ਨਿਡਰਤਾ ਨਾਲ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤ ਕੇ ਹਿੰਦੂਤਵੀ ਦੇ ਰੱਥ ਨੂੰ ਠੱਲ ਪਾਈ ਹੈ। ਜਿਸ ਤੋਂ ਬਾਆਦ ਕਿਸਾਨ ਅੰਦੋਲਨ ਨੇ ਮੋਦੀ ਦੇ ਇੱਕ ਵਾਰ ਲਏ ਫੈਸਲੇ ਨੂੰ ਵਾਪਸ ਨਾ ਲੈਣ ਦੀ ਧਾਰਨਾ ਨੂੰ ਵੱਡੀ ਸੱਟ ਮਾਰੀ ਹੈ।

ਹੁਣ ਭਾਰਤ ਵਿੱਚ ਚੋਣਾਂ ਦੀ ਰੂਪ ਰੇਖਾ ਬਿਲਕੁਲ ਖੌਫਜ਼ਦਾ ਦੌਰ ਵਿੱਚ ਹੈ। ਇਸ ਨੂੰ ਕਾਨੂੰਨੀ ਵਿਧੀ ਰਾਹੀਂ ਨਵੇਂ ਕਾਨੂੰਨਾਂ ਨਾਲ ਸੁਧਾਰਨ ਦੇ ਉਪਰਾਲਿਆਂ ਦੀ ਜ਼ਰੂਰਤ ਹੈ। ਲੋਕਾਂ ਨੂੰ ਚੋਣਾਂ ਪ੍ਰਤੀ ਆਪਸੀ ਸੰਵਾਦ ਦੀ ਪ੍ਰਕਿਆ ਦੇ ਰਾਹ ਪੈਣਾ ਚਾਹੀਦਾ ਹੈ। ਲੜਾਈ ਝਗੜੇ ਨਾ ਕਰਕੇ ਲੀਡਰਾਂ ਦੇ ਕੰਨ ਪੁੱਟਣੇ ਚਾਹੀਦੇ ਹਨ ਤਾਂ ਹੀ ਸ਼ੁੱਧ ਵਾਤਾਵਰਣ ਵਿੱਚ ਸੱਚੀ ਸੁੱਚੀ ਲੀਡਰਸ਼ਿਪ ਦੀ ਸੰਭਾਵਨਾ ਹੋ ਸਕੇਗੀ।

## ਭਾਰਤੀ ਸਿਆਸਤ ਵੱਲੋਂ...

ਭਾਰਤ ਸਰਕਾਰ ਸਿੱਖਾਂ ਨੂੰ ਹਾਸ਼ੀਏ 'ਤੇ ਕਰਨ ਲਈ ਪੰਜਾਬ ਵਿਚ ਅਰਾਜਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ; ਆਪਣੀਆਂ ਹਿੰਦੂਤਵੀ ਨੀਤੀਆਂ ਲਈ ਥਾਂ ਬਣਾ ਰਹੀ ਹੈ। ਸਿੱਖ ਨੌਜਵਾਨਾਂ ਦਾ ਵਿਚਾਰ ਹੈ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨਾ ਚੋਣ ਲਾਭ ਲਈ ਅੱਖ ਧੋਣਾ ਸੀ। ਸਿੱਖ ਮੋਦੀ ਸਰਕਾਰ ਦੀ ਨੀਅਤ ਅਤੇ ਹਿੰਦੂਤਵੀ ਮਾਨਸਿਕਤਾ ਨੂੰ ਸਮਝਦੇ ਹਨ। ਬੀਜੇਪੀ ਪਿਛਲੇ ਇੱਕ ਸਾਲ ਤੋਂ ਖਾਲਿਸਤਾਨ ਦਾ ਢੰਡੋਰਾ ਪਿੱਟਣ ਅਤੇ ਸਿੱਖ ਕੌਮ ਨੂੰ ਬੇਗਾਨਿਆਂ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਸਰਕਾਰ ਨੇ ਵੱਡੇ ਪੱਧਰ 'ਤੇ ਸਿੱਖ ਭਾਈਚਾਰੇ ਨੂੰ ਪੰਜਾਬ ਵਿੱਚ ਮੋਦੀ ਦੀਆਂ ਸੁਰੱਖਿਆ ਕਮੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਕੌਮ ਨੂੰ ਮੋਦੀ ਅਤੇ ਆਰਐਸਐਸ ਦੇ ਭੈੜੇ ਮਨਸੂਬਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਉਹ ਆਪਣੇ ਦੁਆਲੇ ਜਾਲ ਵਿਛਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਪਾਰਟੀਆਂ ਦੀ ਚੋਣ...

ਟਿਕਟਾਂ ਦੀ ਵੰਡ ਕਾਰਨ ਵੀ ਇਸ ਨਵੀਂ ਪਾਰਟੀ ਵਿੱਚ ਕਈ ਤਰੇੜਾਂ ਸਾਹਮਣੇ ਆ ਰਹੀਆਂ ਹਨ।

ਆਮ ਆਦਮੀ ਪਾਰਟੀ ਅਤੇ ਸੰਯੁਕਤ ਕਿਸਾਨ ਮੋਰਚਾ ਪਾਰਟੀ ਨੇ ਪੰਜਾਬ ਦੇ ਮੁੱਦਿਆਂ ਨੂੰ ਸੜਕਾਂ, ਨਾਲ਼ੀਆਂ ਅਤੇ ਗਲ਼ੀਆਂ ਆਦਿ ਤੋਂ ਅੱਗੇ ਤੋਰ ਕੇ ਸਿਹਤ, ਸਿੱਖਿਆ, ਬੇਰੁਜ਼ਗਾਰੀ, ਨਸ਼ੇ ਅਤੇ ਕੁਰੱਪਸ਼ਨ ਤੱਕ ਪਹੁੰਚਾ ਦਿੱਤਾ ਹੈ। ਕਿਸਾਨ ਮੋਰਚੇ ਨੇ ਲੋਕਾਂ ਦੀ ਜਾਗਰੂਕਤਾ ਦਾ ਪੱਧਰ ਵੀ ਬਹੁਤ ਉੱਚਾ ਕਰ ਦਿੱਤਾ ਹੈ ਜਿਸ ਕਾਰਨ ਕੇਵਲ ਚੋਣ ਸਮੇਂ ਉਭਰਨ ਵਾਲੇ ਪੁਰਾਣੇ ਮੁੱਦੇ ਜਿਵੇਂ ਦਰਿਆਈ ਪਾਣੀਆਂ ਦੀ ਵੰਡ, ਪਾਣੀਆਂ ਦੀ ਰੁਏਲਟੀ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਬੰਦੀ ਸਿੰਘਾਂ ਦੀ ਰਿਹਾਈ, 1984 ਦੇ ਸਿੱਖ ਮੁੱਦੇ ਪਿਛੇ ਚਲੇ ਗਏ ਹਨ। ਇਹ ਮੁੱਦੇ ਵੀ ਭਾਵੇਂ ਬਹੁਤ ਮਹੱਤਵਪੂਰਣ ਹਨ, ਪਰ ਹੁਣ ਇਹ ਨਵੀਂ ਸਰਕਾਰ ਦੀ ਸਥਾਪਨਾ ਦਾ ਆਧਾਰ ਬਣਦੇ ਵਿਖਾਈ ਨਹੀਂ ਦੇ ਰਹੇ। ਪੰਜਾਬ ਦੀ ਜਵਾਨੀ ਬਾਹਰਲੇ ਦੇਸ਼ਾਂ ਨੂੰ ਭੱਜ ਰਹੀ ਹੈ, ਬਹੁਤ ਨੌਜਵਾਨ ਨਸ਼ੇ ਦੀ ਆਦਤ ਦਾ ਸਾਹਮਣਾ ਕਰ ਰਹੇ ਹਨ, ਕਿਸਾਨੀ ਲਾਹੇਵੰਦ ਧੰਦਾ ਨਹੀਂ ਰਿਹਾ, ਪ੍ਰਸ਼ਾਸਨਕ ਅਤੇ ਰਾਜਨੀਤਕ ਕੁਰੱਪਸ਼ਨ ਨੇ ਸਭ ਹੱਦਾਂ ਬੰਨੇ ਤੋੜ ਦਿੱਤੇ ਹਨ, ਪੰਜਾਬ ਦੇ ਸਾਰੇ ਸਾਧਨਾ ਤੇ ਮਾਫੀਆ ਕੰਟਰੋਲ ਕਰੀ ਬੈਠਾ ਹੈ ਅਤੇ ਗੈਂਗੈਸਟਰ ਲੋਕਾਂ ਦੀ ਸੁਰੱਖਿਆ ਲਈ ਖਤਰਾ ਬਣ ਰਹੇ ਹਨ। ਇਹ ਮੁੱਦੇ ਲੋਕਾਂ ਦੇ ਜੀਵਨ ਨਾਲ ਸਿੱਧਾ ਸਬੰਧ ਰਖਦੇ ਹਨ ਤੇ ਹੁਣ ਇਹ ਵਧੇਰੇ ਉਭਰ ਰਹੇ ਹਨ। ਇਨਾਂ ਮੁੱਦਿਆਂ ਦੇ ਹੱਲ ਲਈ ਪਰੰਪਰਾਗਤ ਅਤੇ ਨਵੀਆਂ ਪਾਰਟੀਆਂ ਆਪੋ ਆਪਣੇ ਢੰਗ ਨਾਲ ਇਨਾਂ ਹੱਲ ਦੇ ਏਜੰਡੇ ਦੇ ਰਹੀਆਂ ਹਨ ਪਰ ਹੁਣ ਲੋਕਾਂ ਦੀ ਚੇਤਨਾ ਤੇ ਨਿਰਭਰ ਕਰਦਾ ਹੈ ਕਿ ਉਹ ਕਿਸ 'ਤੇ ਵਿਸ਼ਵਾਸ ਕਰਨਗੇ? ਇਸ ਵਾਰ ਚੋਣ ਪ੍ਰਚਾਰ ਬਹੁਤ ਧੀਮੀ ਗਤੀ ਨਾਲ ਵਗੈਰ ਕਿਸੇ ਭਾਵੁਕ ਲਹਿਰ ਤੋਂ ਅੱਗੇ ਵਧ ਰਿਹਾ ਹੈ। ਕਿਸਾਨ ਮੋਰਚੇ ਦੀ ਲਹਿਰ ਦੀਆਂ ਤਰੰਗਾਂ ਵੀ ਹੁਣ ਸਮਾਨਾਂਤਰ ਹੋ ਰਹੀਆਂ ਹਨ। ਆਉਣ ਵਾਲਾ ਮਹੀਨਾ ਦੱਸੇਗਾ ਕਿ ਕੀ ਲੋਕ ਵਾਕਿਆ ਹੀ ਆਪਣੇ ਵੋਟ ਅਧਿਕਾਰ ਪ੍ਰਤੀ ਸੁਚੇਤ ਹੋ ਗਏ ਹਨ ਜਾਂ ਨਹੀਂ। ਆਖਿਰ ਨਵੀਂ ਸਰਕਾਰ ਦਾ ਸਰੂਪ ਲੋਕਾਂ ਦੇ ਰਾਜਨੀਤਕ ਚੇਤਨਾ ਦੇ ਪੱਧਰ ਦੇ ਹਿਸਾਬ ਨਾਲ ਹੀ ਤਹਿ ਹੋਣਾ ਹੈ।

## ਗਿਆਨ ਦਾ ਭੰਡਾਰ...

ਇੱਥੇ ਇਨਾਂ ਦੇ 25 ਕਰੋੜ ਸਾਲਾਂ ਦੇ ਪਿਛੋਕੜ ਬਾਰੇ ਜਾਣਕਾਰੀ ਮਿਲਦੀ ਹੈ। ਸਾਇੰਸ ਸਿਟੀ ਵਿੱਚ ਸ਼ਕਤੀਸ਼ਾਲੀ ਦੂਰਬੀਨਾਂ ਰਾਹੀਂ ਬ੍ਰਹਿਮੰਡੀ ਵਰਤਾਰਿਆਂ ਨੂੰ ਬਹੁਤ ਨੇੜੇ ਤੋਂ ਦੇਖਿਆ ਜਾ ਸਕਦਾ ਹੈ। ਜਦੋਂ ਕਦੇ ਕੁਦਰਤੀ ਬ੍ਰਹਿਮੰਡੀ ਘਟਨਾ ਵਾਪਰਦੀ ਹੈ ਤਾਂ ਉਸ ਨੂੰ ਮੌਕੇ 'ਤੇ ਦੇਖਣ ਦਾ ਸਾਇੰਸ ਸਿਟੀ ਵਿੱਚ ਪੂਰਨ ਪ੍ਰਬੰਧ ਹੈ। ਵਿਗਿਆਨ ਤੇ ਤਕਨਾਲੋਜੀ ਦੀ ਵਿਰਾਸਤ ਗੈਲਰੀ, ਜਲਵਾਯੂ ਬਦਲਾਅ ਸ਼ੋਅ ਅਤੇ ਪੈਨੋਰਮਾ ਲਾਈਫ਼ ਥਰੂ ਦਾ ਏਜਿਜ਼ ਰਾਹੀਂ ਜੀਵਨ ਦੇ ਵਿਕਾਸ ਦੀ ਕਹਾਣੀ ਦਾ ਗਿਆਨ ਪ੍ਰਾਪਤ ਹੁੰਦਾ ਹੈ। ਨਵਿਆਉਣ ਯੋਗ ਊਰਜਾ ਸਰੋਤ ਗੈਲਰੀ ਵਿੱਚ ਹਵਾ, ਪਾਣੀ, ਸੂਰਜੀ ਊਰਜਾ ਦੀ ਵਰਤੋਂ ਬਾਰੇ ਪ੍ਰਾਜੈਕਟਾਂ ਰਾਹੀਂ ਜਾਣਕਾਰੀ ਮਿਲਦੀ ਹੈ। ਵਿਗਿਆਨਕ ਸੋਚਣੀ, ਵਿਗਿਆਨਕ ਕਰਨੀ ਸਾਇੰਸ ਸਿਟੀ ਦਾ ਮੁੱਖ ਉਦੇਸ਼ ਹੈ। ਸਾਇੰਸ ਸਿਟੀ ਅੰਦਰ ਸਵੀਮਿੰਗ ਪੂਲ ਬਣੇ ਹੋਏ ਹਨ ਜਿਨਾਂ ਵਿੱਚ ਬੋਟਿੰਗ ਕਰਕੇ ਆਨੰਦ ਮਾਣਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸੈਰ ਕਰਨ ਲਈ ਪਾਰਕ ਵੀ ਹੈ ਅਤੇ ਝੂਲੇ ਤੇ ਪੀਂਘਾਂ ਆਦਿ ਦਾ ਵੀ ਪ੍ਰਬੰਧ ਹੈ। ਸਾਇੰਸ ਸਿਟੀ ਵਿੱਚ ਵਿਗਿਆਨ ਨਾਲ ਸਬੰਧਤ ਵੱਖ-ਵੱਖ ਦਿਨਾਂ 'ਤੇ ਵਿਦਿਆਰਥੀਆਂ ਦੇ ਭਾਸ਼ਣ, ਪੇਂਟਿੰਗ, ਮਾਡਲ ਮੇਕਿੰਗ ਅਤੇ ਪ੍ਰਾਜੈਕਟ ਬਣਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਜੇਤੂ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਲਈ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਸਾਇੰਸ ਸਿਟੀ ਦੀ ਸੈਰ ਕਰਨ ਸਮੇਂ ਇਹ ਜ਼ਰੂਰੀ ਹੈ ਕਿ 25 ਵਿਦਿਆਰਥੀਆਂ ਦੇ ਗਰੁੱਪ ਦੇ ਨਾਲ ਇੱਕ ਗਾਈਡ ਸਾਇੰਸ ਅਧਿਆਪਕ ਹੋਣਾ ਚਾਹੀਦਾ ਹੈ ਤਾਂ ਜੋ ਉਹ ਵਿਗਿਆਨਕ ਤਕਨੀਕਾਂ ਅਤੇ ਸਿਧਾਂਤਾਂ ਬਾਰੇ ਮੌਕੇ 'ਤੇ ਜਾਣਕਾਰੀ ਦੇ ਸਕੇ। ਪਿਆਰੇ ਬੱਚਿਓ, ਇਹ ਵੀ ਜ਼ਰੂਰੀ ਹੈ ਕਿ ਤੁਸੀਂ ਕਾਪੀ-ਪੈੱਨ ਨਾਲ ਲੈ ਕੇ ਜਾਓ ਅਤੇ ਸਾਰੀ ਜਾਣਕਾਰੀ ਕਾਪੀ 'ਤੇ ਨੋਟ ਕਰੋ। ਹਰ ਵਿਦਿਆਰਥੀ ਨੂੰ ਸਾਇੰਸ ਸਿਟੀ ਦੀ ਸੈਰ ਕਰਨੀ ਚਾਹੀਦੀ ਹੈ ਤਾਂ ਜੋ ਵਿਗਿਆਨ ਦੇ ਗੁੱਝੇ ਭੇਦਾਂ ਨੂੰ ਸਹਿਜੇ ਸਮਝਿਆ ਸਕੇ।

## ਮਾਨਸਿਕ ਤਣਾਅ ਵਿਚ...

ਇਨਾਂ ਨਾਲੇ ਪੰਜਾਬ ਦੀਆਂ ਪੰਜ ਸਰਕਾਰੀ ਯੂਨੀਵਰਸਿਟੀਆਂ ਦੇ ਬਿਜ਼ਨਸ ਮੈਨਜਮੈਂਟ ਵਿਭਾਗਾਂ ਦੇ ਅਧਿਆਪਕਾਂ ਨੂੰ ਵੀ ਜੋੜਿਆ ਜਾਵੇ ਜੋ ਇਨਾਂ ਨੂੰ ਬਿਜ਼ਨਸ ਰਿਪੋਰਟ ਕਿਸ ਤਰਾਂ ਤਿਆਰ ਕਰਨੀ ਹੈ ਅਤੇ ਕਿਸ ਤਰਾਂ ਮਾਰਕੀਟਿੰਗ ਕੀਤੀ ਜਾਵੇ ਉਹ ਦੱਸਣ। ਇਸ ਵਿਚ ਦੋ ਵਿਭਾਗਾਂ ਪਾਮੇਟੀ ਅਤੇ ਪੀ.ਏ.ਯੂ. ਦਾ ਬਿਜ਼ਨਸ ਮੈਨੇਜਮੈਂਟ ਡਿਪਾਰਟਮੈਂਟ ਜੋ ਖੇਤੀਬਾੜੀ ਯੂਨੀਵਰਸਿਟੀ ਵਿਚ ਹਨ, ਵੱਡੀ ਭੂਮਿਕਾ ਨਿਭਾਅ ਸਕਦੇ ਹਨ।

ਲੋੜ ਹੈ ਅੱਜ ਨੌਜਵਾਨੀ ਦੀ ਬਾਂਹ ਫੜਨ ਦੀ, ਇਨਾਂ ਨੂੰ ਮਾਨਸਿਕ ਤਣਾਅ ਵਿਚੋਂ ਬਾਹਰ ਕੱਢਣ ਦੀ, ਜਿਸ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਯਕੀਨ ਦਿਵਾਉਣਾ ਹੋਵੇਗਾ ਕਿ ਮਾਨਸਿਕ ਤਣਾਅ ਕੋਈ ਪਾਗਲਪਨ ਨਹੀਂ ਹੈ, ਇਕ ਸਾਧਾਰਨ ਬਿਮਾਰੀ ਹੈ ਜਿਸ ਦਾ ਹੱਲ ਕੰਮ ਅਤੇ ਰੁਜ਼ਗਾਰ ਵਿਚ ਹੈ ਨਾ ਕਿ ਅੰਦਰ ਵੜ ਕੇ ਜਾਂ ਨਸ਼ੇ ਵਿਚ ਪੈ ਕੇ ਆਪਣੇ-ਆਪ ਨੂੰ ਖ਼ਤਮ ਕਰਨ ਵਿਚ। ਦੂਜਾ ਸਰਕਾਰਾਂ ਇਨਾਂ ਨੌਜਵਾਨਾਂ ਨੂੰ ਇਕ ਵਧੀਆਂ 'ਰੋਡ ਮੈਪ' ਦੇਣ ਕਿ ਇਨਾਂ ਲਈ ਇੱਥੇ ਹੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਪਰ ਅਫ਼ਸੋਸ ਉਹ ਇਸ ਦੇ ਉਲਟ ਇਨਾਂ ਨੂੰ ਆਪਣੀਆਂ ਰੈਲੀਆਂ ਵਿਚ ਵਰਤਣ ਅਤੇ ਬਾਹਰ ਭੇਜਣ 'ਤੇ ਲੱਗੀਆਂ ਹੋਈਆਂ ਹਨ, ਜਿਸ ਸਦਕਾ ਆਉਣ ਵਾਲੇ ਸਮੇਂ ਵਿਚ ਵੋਟਰ ਪੰਜਾਬੀ ਨਹੀਂ ਹੋਣਗੇ, ਪੰਜਾਬ ਵਿਚ ਫਿਰ ਸਿਆਸਤਦਾਨ ਵੀ ਦੂਜੇ ਸੂਬਿਆਂ ਵਿਚੋਂ ਆਉਣਗੇ ਜਿਸ ਦੀ ਸ਼ੁਰੂਆਤ ਹੋ ਚੁੱਕੀ ਹੈ।

## ਮਾਪਿਆਂ ਦੀ ਪਰਵਰਿਸ਼

ਸਾਡੇ ਬਜੁਰਗਾਂ ਤਾਂ ਸਾਨੂੰ ਇਜਾਜ਼ਤ ਨਹੀਂ ਸੀ ਦਿੱਤੀ।ਅਸੀਂ ਪੁੱਛ ਦੱਸਕੇ ਜਾਂਦੇ ਸਾਂ ।ਹੁਣ ਸਮਾਂ ਬਦਲ ਗਿਆ ਹਰ ਗੱਲ ਤੇ ਟੋਕਾ ਟੋਕੀ ਬੱਚੇ ਪਸੰਦ ਨਹੀਂ ਕਰਦੇ।ਖੁਸ਼ੀ ਅਪਣੇ ਆਪ ਵਿੱਚੋਂ ਲੱਭੋ।ਇਹ ਦੁਨੀਆਂਦਾਰੀ ਹੈ ਇਹ ਏਦਾਂ ਹੀ ਚਲਣੀ ਹੈ, ਸਾਨੂੰ ਸਾਡੇ ਮਾਪਿਆਂ ਪਾਲਿਆ ਅਸੀਂ ਅਪਣੇ ਬੱਚਿਆਂ ਨੂੰ ਪਾਲਣਾ ਤੇ ਅੱਗਿਓਂ ਉਨਾਂ ਆਪਣੇ ਬੱਚਿਆਂ ਨੂੰ।ਕਸੂਰ ਸਭ ਦਾ ਹੁੰਦਾ ਹੈ, ਇੱਕ ਧਿਰ ਦਾ ਨਹੀਂ ਹੁੰਦਾ ਹਾਂ। ਕਿਸੇ ਦਾ ਪੰਜਾਹ ਪੈਸੇ ਕਿਸੇ ਦਾ ਸੌ ਪੈਸੇ।ਤਾੜੀ ਵੱਜਣ ਵਿੱਚ ਦੋਹਾਂ ਹੱਥਾਂ ਦੀ ਬਰਾਬਰ ਦੀ ਭਾਈਵਾਲੀ ਹੁੰਦੀ ਹੈ।ਗੁੱਸਾ ਬਹੁਤ ਮਾੜਾ ਹੁੰਦਾ।ਜਦੋਂ ਗੁੱਸਾ ਹੁੰਦਾ ਹੋਸ਼ ਕਿਸ ਨੂੰ ਹੁੰਦੀ ਹੈ।ਦੂਜੇ ਦਾ ਕਿਹਾ ਯਾਦ ਰਹਿੰਦਾ ਤੇ ਆਪਣੇ ਕਹੇ ਸ਼ਬਦ ਭੁੱਲ ਜਾਂਦੇ ਹਨ।ਉਹ ਗੰਢਾਂ ਹੌਲੀ ਹੌਲੀ ਬਹੁਤ ਪਿੰਢੀਆਂ ਹੋ ਜਾਂਦੀਆਂ ਹਨ ਇੰਨੀਆਂ ਕਿ ਮਾਪਿਆਂ ਦੇ ਮਰਨ 'ਤੇ ਵੀ ਬੱਚੇ ਆਉਂਦੇ ਨਹੀਂ। ਜੇ ਜਿਉਂਦੇ ਜੀ ਨਹੀਂ ਗਏ ਹੁਣ ਕੀ ਜਾਣਾ।

ਹੁਣ ਜੀਵਨ ਦੇ ਇਸ ਕਗਾਰ ਤੇ ਆ ਕੇ ਇਨਸਾਨ ਦੁਖੀ ਹੁੰਦਾ ਪਰ ਜੋ ਬੀਤ ਗਿਆ ਉਹ ਨਹੀਂ ਮੁੜਨਾ। ਮਾਫ਼ ਕਰਨਾ ਸਿੱਖੋ ਅਤੇ ਅਪਣੀਆਂ ਗਲਤੀਆਂ ਨੂੰ ਕਮ ਸੇ ਕਮ ਮਨ ਵਿੱਚ ਤੇ ਮੰਨੋ। ਜਦੋਂ ਅਸੀਂ ਮੁਆਫ ਕਰਦੇ ਹਾਂ ਅਸੀਂ ਖੁਦ ਨੂੰ ਸਕੂਨ ਦੇ ਰਹੇ ਹੁੰਦੇ ਹਾਂ, ਮਣਾਮੂੰਹੀ ਭਾਰ ਲਹਿ ਜਾਂਦਾ।ਜੇ ਤੁਸੀਂ ਠੀਕ ਹੋ ਫਿਰ ਨਾਰਾਜ ਕਿਉਂ ਹੋ ਤੇ ਜੇ ਤੁਸੀਂ ਗਲਤ ਸੀ ਫਿਰ ਤੇ ਤੁਹਾਨੂੰ ਨਾਰਾਜ ਹੋਣਾ ਹੀ ਨਹੀਂ ਚਾਹੀਦਾ।ਪਰ ਅਫ਼ਸੋਸ ਛੋਟੀਆਂ ਛੋਟੀਆਂ ਗੱਲਾਂ ਵਿਚ ਦੁਖੀ ਹੋ ਕੇ ਮਨ ਤੇ ਲਾ ਕੇ ਅਸੀਂ ਸਾਰੇ ਘਰ ਦਾ ਮਾਹੌਲ ਨਾਖੁਸ਼ਗਵਾਰ ਕਰ ਲੈਂਦੇ ਹਾਂ। ਰਿਸ਼ਤਿਆਂ ਵਿਚ ਤਰੇੜਾਂ ਆ ਜਾਂਦੀਆਂ ਹਨ ਜੋ ਹੌਲੀ ਹੌਲੀ ਵੱਡੇ ਟੋਇਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਤੇ ਬਸ ਏਦਾਂ ਹੀ ਜਿੰਦਗੀ ਮੁੱਕ ਜਾਂਦੀ ਹੈ। ਥੋੜੀ ਸਮਝ ਰੱਖੀਏ, ਦੂਰ ਦੀ ਸੋਚ ਕੇ ਚੱਲੀਏ ਤਾਂ ਸ਼ਾਇਦ ਮਨ ਮਟਾਓ ਖਤਮ ਹੋ ਜਾਣ।

## 'ਜੱਟੀ ਬਾਟਾ ਵਾਲੇ...

ਮੇਰੇ ਪੈਰ ਦੇਖ ਕੇ ਮੰਮੀ ਦਾ ਤ੍ਰਾਹ ਨਿਕਲ ਗਿਆ। ਮੇਰੇ ਪੈਰਾਂ ਦੀਆਂ ਉਂਗਲਾਂ ਸੁੱਜ ਕੇ ਨੀਲੀਆਂ ਹੋ ਚੁੱਕੀਆਂ ਸੀ । ਮੰਮੀ ਮੇਰੇ ਪੈਰਾਂ ਨੂੰ ਹੱਥ ਲਾਉਣ ਪਰ ਮੇਰੇ ਤੋਂ ਉਨਾਂ ਦੀ ਛੂਹ ਵੀ ਝੱਲੀ ਨਾ ਜਾਵੇ । ਗੱਲ ਕੀ ਜਦੋਂ ਤੱਕ ਬਾਪੂ ਕੋਲ ਗੱਲ ਪਹੁੰਚੀ ਉਦੋਂ ਤੱਕ ਮੇਰੇ ਪੈਰਾਂ ਦਾ ਬੁਰਾ ਹਾਲ ਹੋ ਚੁੱਕਾ ਸੀ। ਬਾਪੂ ਨੂੰ ਸਮਝ ਨਾ ਆਵੇ ਮੈਨੂੰ ਝਿੜਕੇ ਮਾਰਨ ਜਾਂ ਤਰਸ ਕਰਨ । ਬਾਪੂ ਨੇ ਬੁੱਕਲ ਵਿਚ ਲੈ ਕੇ ਨਵੀ ਜੁੱਤੀ ਲੈ ਕੇ ਦੇਣ ਦਾ ਵਾਅਦਾ ਕੀਤਾ ਪਰ ਉਦੋਂ ਤੱਕ ਪੈਰਾਂ ਵਿੱਚ ਕੋਈ ਜੁੱਤੀ ਪੈਣ ਦਾ ਸਵਾਲ ਹੀ ਨਹੀਂ ਸੀ ਉੱਠਦਾ । ਮੰਮੀ ਹਰ ਰਾਤ ਗਰਮ ਪਾਣੀ ਵਿੱਚ ਪੈਰ ਧੋ ਕੇ ਵੈਸਲੀਨ ਲਾ ਦਿੰਦੇ, ਕਦੇ ਗਰਮ ਜੁਰਾਬਾਂ ਪਾਉਂਦੇ ਪਰ ਸਾਰਾ ਸਿਆਲ ਨਾ ਕੋਈ ਦਵਾਈ ਕੰਮ ਕੀਤੀ ਨਾ ਜੁਰਾਬਾਂ । ਅੱਜ ਇਸ ਗੱਲ ਨੂੰ ਵਰੇ ਬੀਤ ਗਏ, ਮੈਂ ਅਮਰੀਕਾ ਆ ਕੇ ਖਬਰੇ ਕਿੰਨੇ ਹਜ਼ਾਰਾਂ ਦੀਆਂ ਜੁੱਤੀਆਂ ਖਰੀਦ ਚੁੱਕੀ ਹਾਂ ।

ਪਰ ਅੱਜ ਤੱਕ ਕਿਸੇ ਬਰੈਂਡਡ ਜੁੱਤੀ ਉੱਪਰ ਇੱਕ ਡਾਲਰ ਨਹੀਂ ਖਰਚਿਆ। ਬਰੈਂਡਡ ਚੀਜ਼ਾਂ ਨਾਲ ਮੈਨੂੰ ਕਦੇ ਮੋਹ ਨਹੀਂ ਆਇਆ ਪਰ ਬਾਟਾ ਦੀ ਜੁੱਤੀ ਵਾਲੀ ਮੋਹਰ ਹਮੇਸ਼ਾ ਲਈ ਮੇਰੇ ਪੈਰਾਂ ਤੇ ਲੱਗ ਚੁੱਕੀ ਹੈ ।

ਅਜੇ ਤੱਕ ਮੇਰੇ ਪੈਰਾਂ ਦੀ ਚੀਚੀ ਤੇ ਉਹਦੇ ਨਾਲ ਦੀ ਉਂਗਲ ਦੂਜੀਆਂ ਉਂਗਲਾਂ ਨਾਲੋਂ ਮੋਟੀਅ ਨੇ ਉਹ ਸੁੱਜੀਆਂ ਹੋਣ ਦਾ ਭੁਲੇਖਾ ਪਾਉਂਦੀਆਂ ਨੇ ਤੇ ਇਸ ਗੱਲ ਨੂੰ ਜੁੱਗ ਬੀਤ ਗਏ ਪਰ ਅੱਜ ਵੀ ਜਦੋਂ ਕਦੇ ਬਹੁਤ ਠੰਡ ਹੁੰਦੀ ਹੈ ਤਾਂ ਉਹ ਉਂਗਲਾਂ ਦੂਜੀਆਂ ਨਾਲੋਂ ਜਿਆਦਾ ਠਰ ਜਾਂਦੀਆਂ ਨੇ ਤੇ ਮੇਰੇ ਪੈਰ ਅੱਜ ਵੀ ਬੰਦ ਜੁੱਤੀ ਵਿੱਚ ਟੱਸ ਟੱਸ ਕਰਦੇ ਹਨ। ਉਸ ਵੇਲੇ ਖਿਆਲ ਆਉਂਦਾ ਹੁੰਦੈ ਕਿ ਬਾਪੂ ਦਾ ਸ਼ੇਰ ਪੁੱਤ ਸ਼ੁਰੂ ਤੋਂ ਹੀ ਬਾਗੀ ਹੈ ਇਸੇ ਲਈ ਸ਼ਾਇਦ ਇਸ ਦੁਨੀਆਂ ਦੀਆਂ ਹੱਦਾਂ ਵਿੱਚ ਫਿੱਟ ਨਹੀਂ ਹੋ ਸਕਿਆ...।

## ਬਿਜਲੀ ਭੂਤ...

ਹੁਣ ਤਾਂ ਇਹ ਯਕੀਨ ਹੀ ਹੋ ਗਿਆ ਕਿ ਜ਼ਰੂਰ ਕੋਈ ਭੂਤ ਹੀ ਹੈ। ਮੈਂ ਤੇ ਸੁਖਦੇਵ ਸਿੰਘ ਹੈਰਾਨ ਹੁੰਦੇ ਗੱਲਬਾਤ ਕਰ ਰਹੇ ਸਾਂ। ਮੀਂਹ ਪੈ ਰਿਹਾ ਸੀ ਅਸਮਾਨੀ ਬਿਜਲੀ ਲਿਸ਼ਕੀ ਘੰਟੀ ਫਿਰ ਤੋਂ ਵੱਜ ਗਈ। ਮੈਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਕੋਈ ਭੂਤ ਨਹੀਂ। ਇਹ ਤਾਂ ਅਸਲ ਵਿਚ 'ਬਿਜਲੀ ਭੂਤ' ਹੈ। ਸਾਰੇ ਡਰ ਵਹਿਮ ਦੂਰ ਹੋ ਗਏ। ਮੈਂ ਵਾਪਸ ਕਮਰੇ ਵਿਚ ਆ ਸੌਂ ਗਿਆ। ਸਵੇਰ ਤੱਕ ਇਹ ਬਿਜਲੀ ਭੂਤ ਪਤਾ ਨਹੀਂ ਕਿੰਨੀ ਕੁ ਵਾਰ ਆਇਆ ਪਰ ਹੁਣ ਕੋਈ ਡਰ ਨਹੀਂ ਸੀ। ਪਾਠਕਾਂ ਲਈ ਜ਼ਰੂਰੀ ਬੇਨਤੀ ਬਚਪਨ ਵਿਚ ਸਾਡੀ ਮਾਨਸਿਕਤਾ ਨੂੰ ਇਸ ਤਰਾਂ ਦੀਆਂ ਕਹਾਣੀਆਂ ਨੇ ਕਿਸ ਤਰਾਂ ਆਪਣੀ ਗ੍ਰਿਫਤ ਵਿਚ ਲੈ ਲਿਆ ਕਿ ਕੁਝ ਵੀ ਸੋਚਣ ਤੋਂ ਪਹਿਲਾਂ ਅਸੀਂ ਇਨਾਂ ਵਹਿਮਾਂ ਵਿਚ ਪੈ ਜਾਂਦੇ ਹਾਂ। ਅਸਮਾਨੀ ਬਿਜਲੀ ਦੇ ਲਿਸ਼ਕਣ ਨਾਲ ਅਰਥ ਹੋਣ ਕਾਰਨ ਇਹ ਘਟਨਾ ਹੋ ਰਹੀ ਸੀ, ਜਿਸ ਨੂੰ ਮੈਂ ਸਮਝ ਗਿਆ ਪਰ ਜੇਕਰ ਕਿਸੇ ਪਰਿਵਾਰ ਦੀ ਬੇਸਮਝੀ ਕਾਰਨ ਇਹ ਸਚਮੁੱਚ ਦੀ ਭੂਤ ਕਹਾਣੀ ਬਣ ਜਾਂਦੀ ਤਾਂ ਅੰਧ ਵਿਸ਼ਵਾਸ ਵਿਚ ਫਸੇ ਲੋਕ ਪਾਖੰਡੀਆਂ ਸਾਧਾਂ ਦੇ ਡੇਰੇ ਦੇ ਗੇੜੇ ਕੱਢ-ਕੱਢ ਕਮਲੇ ਹੋ ਜਾਂਦੇ। ਮਿਲਣਾ ਕੁਝ ਵੀ ਨਹੀਂ ਸੀ।

## ਆਓ ! ਇਸ ਵਾਰ ਆਪਣੀ...

ਪੰਜਾਬ ਦੇ ਵੋਟਰਾਂ ਨੂੰ ਅਪੀਲ ਹੈ ਕਿ ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਹੁਣ ਸਾਡੇ ਕੋਲ ਮੌਕਾ ਹੈ ਕਿ ਅਸੀਂ ਬਿਨਾਂ ਕਿਸੇ ਲਾਲਚ ਦੇ ਆਪਣੇ ਦੇਸ਼ ਦੇ ਸੁਨਹਿਰੇ ਭਵਿੱਖ ਦੇ ਲਈ ਆਪਣੀ ਵੋਟ ਦੀ ਤਾਕਤ ਦਾ ਇਸਤੇਮਾਲ ਕਰਦੇ ਹੋਏ ਅਜਿਹੇ ਨੁਮਾਇੰਦੇ ਚੁਣੀਏ ਜੋ ਭ੍ਰਿਸ਼ਟਾਚਾਰ, ਅਪਰਾਧ, ਬੇਰੁਜ਼ਗਾਰੀ, ਗ਼ਰੀਬੀ, ਅਨਪੜਤਾ ਆਦਿ ਸਮੱਸਿਆਵਾਂ ਦਾ ਅੰਤ ਕਰਨ ਦੇ ਯੋਗ ਹੋਣ ਅਤੇ ਸਿਹਤ, ਸਿੱਖਿਆ ਅਤੇ ਰੁਜ਼ਗਾਰ ਵਰਗੀਆਂ ਲੋੜਾਂ ਦੀ ਪੂਰਨ ਨੁਮਾਇੰਦਗੀ ਕਰਨ। ਸਾਨੂੰ ਵੋਟ ਕਿਸੇ ਲਾਲਚ, ਡਰ, ਪੈਸੇ, ਨਸ਼ੇ, ਦਬਾਅ ਆਦਿ ਤੋਂ ਮੁਕਤ ਹੋ ਕੇ ਪਾਉਣੀ ਚਾਹੀਦੀ ਹੈ। ਲੋਕਤੰਤਰ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਸਾਰਿਆਂ ਨੂੰ ਆਪਣੀ ਵੋਟ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ, ਜੋ ਕਿ ਆਪਣੇ ਮਨਪਸੰਦ ਨੁਮਾਇੰਦਿਆਂ ਨੂੰ ਚੁਣਨ ਦੀ ਤਾਕਤ ਰੱਖਦੀ ਹੈ। ਕਈ ਵੋਟਰ ਸੋਚਦੇ ਹੋਣਗੇ ਕਿ ਮੇਰੀ ਇੱਕ ਵੋਟ ਨਾਲ਼ ਕੀ ਫ਼ਰਕ ਪੈਣ ਲੱਗਾ ਹੈ, ਜਿਵੇਂ ਇੱਕ-ਇੱਕ ਬੂੰਦ ਨਾਲ਼ ਘੜਾ ਭਰ ਜਾਂਦਾ ਉਸੇ ਤਰਾਂ ਇੱਕ-ਇੱਕ ਵੋਟ ਵੀ ਜਿਤਾਉਣ ਦੀ ਤਾਕਤ ਰੱਖਦੀ ਹੈ। ਹਾਂ ਜੇਕਰ ਕਿਸੇ ਹਲਕੇ ਵਿੱਚ ਕਿਸੇ ਨੂੰ ਸਾਰਿਆਂ ਵਿੱਚੋਂ ਕੋਈ ਵੀ ਉਮੀਦਵਾਰ ਪਸੰਦ ਨਹੀਂ ਤਾਂ ਉਹ 'ਨੋਟਾ' ਨੂੰ ਵੋਟ ਪਾਕੇ ਸਾਰੇ ਉਮੀਦਵਾਰਾਂ ਪ੍ਰਤੀ ਆਪਣੀ ਨਾਪਸੰਦਗੀ ਵੀ ਜ਼ਾਹਿਰ ਕਰ ਸਕਦਾ ਹੈ ਪਰ ਵੋਟ ਦੀ ਵਰਤੋਂ ਲਾਜ਼ਮੀ ਤੌਰ 'ਤੇ ਕਰਨੀ ਚਾਹੀਦੀ ਹੈ। ਹਰ ਵੋਟਰ ਦਾ ਇਹ ਕਰਤੱਵ ਵੀ ਬਣਦਾ ਹੈ ਕਿ ਉਹ ਵੋਟਾਂ ਵਿੱਚ ਦੁਬਾਰਾ ਖੜੇ ਹੋਣ ਵਾਲੇ ਉਮੀਦਵਾਰਾਂ ਦਾ ਪਿਛਲਾ ਕੰਮ-ਕਾਰ ਅਤੇ ਚਰਿੱਤਰ ਜ਼ਰੂਰ ਵੇਖੇ। ਜੇਕਰ ਉਹ ਲੋਕਾਂ ਨਾਲ਼ ਕੀਤੇ ਵਾਅਦਿਆਂ ਉੱਤੇ ਖਰਾ ਨਾ ਉੱਤਰਿਆ ਹੋਵੇ, ਤਾਂ ਉਸ ਨੂੰ ਨਕਾਰ ਦੇਵੇ। ਕਦੇ ਵੀ ਕਿਸੇ ਲਾਲਚ ਜਾਂ ਕਿਸੇ ਦੇ ਦਬਾਅ ਹੇਠ ਆ ਕੇ ਵੋਟ ਨਾ ਦੇਵੇ। ਆਪਣੀ ਜ਼ਮੀਰ ਨਾ ਵੇਚੇ ਬਲਕਿ ਸੰਵਿਧਾਨ ਅਤੇ ਲੋਕਤੰਤਰ ਦੀ ਰਾਖੀ ਲਈ ਵੋਟ ਦੀ ਸਹੀ ਵਰਤੋਂ ਕਰੇ। ਵੋਟ ਪਾਉਣ ਵੇਲੇ ਵੋਟਰਾਂ ਨੂੰ ਇਹ ਗੱਲ ਸੋਚਣੀ ਚਾਹੀਦੀ ਹੈ ਕਿ ਉਨਾਂ ਨੇ ਰਾਜਸੀ ਨੇਤਾਵਾਂ ਨੂੰ ਜੁਆਬਦੇਹ ਬਣਾਉਣਾ ਹੈ ਜਾਂ ਪਹਿਲਾਂ ਵਾਂਗ ਹੋਰ ਪੰਜ ਸਾਲ ਲਈ ਉਨਾਂ ਹੱਥੋਂ ਲੁਟੇ ਹੀ ਜਾਣਾ ਹੈ। ਜੇਕਰ ਵੋਟਾਂ ਮੌਕੇ ਅਸੀਂ ਜਾਗਰੂਕ ਹੋ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ਤਾਂ ਸਾਨੂੰ ਪਿੱਛੋਂ ਸਰਕਾਰਾਂ ਨੂੰ ਕੋਸਣ ਦਾ ਕੋਈ ਹੱਕ ਨਹੀਂ ਬਣਦਾ। ਸੋ ਆਓ! ਇਸ ਵਾਰ ਆਪਣੀ ਵੋਟ ਦੀ ਤਾਕਤ ਦਾ ਸਹੀ ਇਸਤੇਮਾਲ ਕਰੀਏ ਅਤੇ ਆਪਣੇ ਅਤੇ ਆਪਣੇ ਦੇਸ਼ ਦੇ ਸੁਨਹਿਰੇ ਭਵਿੱਖ ਲਈ ਰਾਹ ਪੱਧਰਾ ਕਰੀਏ।

## ਲਹਿੰਦੇ ਪੰਜਾਬ ਤੇ...

ਦੋਨੋਂ ਪਾਸਿਆਂ ਦੇ ਕਵੀਆਂ ਨੇ ਆਪੋ-ਆਪਣੇ ਦਿਲੀ ਜਜ਼ਬਾਤ ਸਾਂਝੇ ਕੀਤੇ। ਕਵੀ ਦਰਬਾਰ ਵਿਚ ਬੈਠੀ ਦੀ ਮੇਰੀ ਸੁਰਤੀ ਚੁਹੱਤਰ ਸਾਲ ਪਿੱਛੇ ਭੌਂ ਗਈ। ਹੱਲਿਆਂ ਵੇਲੇ ਆਪਣਾ ਸਭ ਕੁਝ ਲੁਟਾ ਕੇ ਬੇ-ਵਤਨੇ ਹੋਣ ਦੇ ਅਹਿਸਾਸ ਨਾਲ ਗੜੁੱਚ ਦੋਨੋਂ ਤਰਫ਼ ਦੇ ਰਫਿਊਜੀ ਬਣੇ ਨਿਮਾਣੇ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੇ। ਉਹ ਪਨਾਹਗੀਰ ਜਿਨਾਂ ਨੂੰ ਇਲਮ ਵੀ ਨਹੀਂ ਸੀ ਕਿ ਇਕ ਪਲ ਵਿਚ ਘਰੋਂ ਬੇਘਰ ਹੋ ਜਾਣਾ ਹੈ ਅਤੇ ਫਿਰ ਉਸ ਜੰਮਣ ਭੌਂ ਨੂੰ ਦੇਖਣ ਲਈ ਸਹਿਕਦਿਆਂ ਹੀ ਦੁਨੀਆਂ ਤੋਂ ਚਲੇ ਜਾਣਾ ਹੈ। ਮਾਂ-ਭੂਮੀ ਦੇ ਜਬਰੀ ਖੁੱਸ ਜਾਣ ਦੀ ਪੀੜ ਅਕਹਿ ਤੇ ਅਸਹਿ ਸੀ। ਉੱਜੜ ਕੇ ਇੱਧਰੋਂ ਗਏ ਜਾਂ ਉੱਧਰੋਂ ਆਏ ਦਰਦਮੰਦਾਂ ਦੇ ਦਰਦ ਦੀ ਕਸਕ ਦਾ ਹੇਰਵਾ ਇੱਕੋ ਜਿਹਾ ਹੀ ਸੀ।

ਬੁਸ਼ਰਾ ਨਾਜ਼ ਨੇ ਜੜਾਂ ਤੋਂ ਉੱਖੜੇ ਆਪਣਿਆਂ ਪੁਰਖਿਆਂ ਦੀ ਦਰਦ ਭਰੀ ਕਹਾਣੀ ਸੁਣਾਈ। ਆਪਣੀ ਨਾਨੀ ਦੇ ਜੰਮਣ ਭੌਂ ਨੂੰ ਤਰਸਦੇ ਦਰਦ ਵਿੰਨੇ ਅਹਿਸਾਸ ਸਾਂਝੇ ਕੀਤੇ ਤਾਂ ਅਸੀਂ ਦੋਵੇਂ ਭੈਣਾਂ ਹੁਬਕੀਂ ਰੋਈਆਂ। ਮੈਂ ਵੀ ਤਾਂ ਆਪਣੇ ਪੁਰਖਿਆਂ ਦੀ ਜੰਮਣ ਭੋਂ ਦੀ ਜ਼ਿਆਰਤ ਕਰਨ ਲਈ ਸਹਿਕਦੀ-ਸਹਿਕਦੀ ਆਪਣੇ ਮੁੱਢ ਦੀ ਤਲਾਸ਼ 'ਚ ਹੀ ਤਾਂ ਪਾਕਿਸਤਾਨ ਪਹੁੰਚੀ ਸੀ। ਅਫ਼ਜ਼ਲ ਸਾਹਿਰ ਹੋਰਾਂ ਜਦੋਂ ਡਿਜਕੋਟ ਦੇ ਵਸਨੀਕ ਹੋਣ ਦੀ ਗੱਲ ਤੋਰੀ ਤੇ ਉਸੇ ਮਦਰੱਸੇ ਦਾ ਜ਼ਿਕਰ ਕੀਤਾ ਜਿੱਥੇ ਮੇਰਾ ਸੋਹਣਾ ਬਾਬਲ ਪੜਿਆ ਸੀ ਤਾਂ ਸੱਚ ਜਾਣਿਓਂ ਏਦਾਂ ਲੱਗਾ ਜਿਵੇਂ ਮੈਨੂੰ ਭਰੇ ਮੇਲੇ 'ਚ ਗੁਆਚਿਆ ਆਪਣਾ ਵੀਰ ਹੀ ਲੱਭ ਗਿਆ ਹੋਵੇ। ਵਕਤ ਦੇ ਬੇਰਹਿਮ ਪਲ ਜੋ ਸਾਡੇ ਵਡੇਰਿਆਂ ਨੇ ਹੰਢਾਏ ਸਨ, ਸਾਡੀ ਪੀੜੀ ਤਕ ਹਾਵੀ ਹਨ। ਇਸ ਦਰਦ ਨੂੰ ਅਸੀਂ ਜਾਣਿਆ ਹੀ ਨਹੀਂ, ਹਰ ਸਾਹ ਨਾਲ ਜੀਵਿਆ ਵੀ ਹੈ। ਚੇਤਨਾ ਦੀ ਪੰਗਡੰਡੀ 'ਤੇ ਤੁਰਦਿਆਂ ਅਹਿਸਾਸ ਹੋਇਆ ਕਿ ਜਦ ਤਕ ਪੰਜਾਬ ਦੀ ਹੋਂਦ ਹੈ, ਉੱਨੀ ਸੌ ਸੰਤਾਲੀ ਦੇ ਜ਼ਖ਼ਮਾਂ ਤੋਂ ਅਸੀਂ ਮੁਕਤ ਹੋ ਹੀ ਨਹੀਂ ਸਕਦੇ। ਵੰਡ ਦੇ ਦੁਖਾਂਤ ਨੂੰ ਵਾਰ-ਵਾਰ ਦੁਹਰਾਉਣ ਦਾ ਮਕਸਦ ਬਹੁਤ ਅਰਥ ਭਰਪੂਰ ਹੈ ਦੋਸਤੋ ਕਿ ਆਉਣ ਵਾਲੀਆਂ ਪੀੜੀਆਂ ਨੂੰ ਇਸ ਮਨੋਵਿਗਿਆਨਕ ਸੱਚ ਦੇ ਰੂਬਰੂ ਕਰਵਾਉਂਦੇ ਰਹੀਏ ਕਿ ਨਫ਼ਰਤ ਆਪਣੇ-ਆਪ ਵਿਚ ਕਦੀ ਅਹਿਮਕ ਨਹੀਂ ਹੁੰਦੀ।

ਇਸ ਦੇ ਪਿਛੋਕੜ 'ਚ ਕੋਈ ਵਿਅਕਤੀਗਤ ਜਾਂ ਸਮੂਹਿਕ ਵਿਚਾਰਧਾਰਾ ਹੁੰਦੀ ਹੈ ਜਿਸ ਨੂੰ ਹਰ ਯੁੱਗ 'ਚ ਸਮਝਣ ਦੀ ਲੋੜ ਹੈ। ਨਵੀਆਂ ਨਸਲਾਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਇਸ ਧਰਤੀ 'ਤੇ ਸਾਰੇ ਹੀ ਇਨਸਾਨ ਦਿਆਲੂ ਜਾਂ ਕਿਰਪਾਲੂ ਨਹੀਂ ਹੁੰਦੇ। ਦੁਸ਼ਟ ਲੋਕ ਵੀ ਇਸੇ ਭੌਂ 'ਤੇ ਨੇ ਅਤੇ ਉਨਾਂ ਤੋਂ ਕਿਤੇ ਵੱਧ ਮੁਹੱਬਤੀ ਇਨਸਾਨ ਵੀ ਇਸੇ ਧਰਤੀ 'ਤੇ ਹਨ ਤੇ ਮੁਹੱਬਤੀ ਇਨਸਾਨਾਂ ਦੀ ਨਫ਼ਰੀ ਅਮੂਮਨ ਜ਼ਿਆਦਾ ਹੀ ਹੁੰਦੀ ਹੈ। ਮੁੱਕਦੀ ਗੱਲ ਇਹ ਕਿ ਦਹਿਸ਼ਤਗਰਦੀ ਨੂੰ ਕਿਸੇ ਦੇਸ਼, ਕੌਮ ਜਾਂ ਧਰਮ ਨਾਲ ਨੱਥੀ ਨਹੀਂ ਕਰਨਾ ਹੁੰਦਾ। ਲੋੜ ਹੈ ਆਪਣੇ ਸੋਚ ਦੇ ਕਿਸੇ ਹਿੱਸੇ 'ਚ ਉੱਗੇ ਜੰਗਲ ਨੂੰ ਮੁੱਢੋਂ ਸਾਫ਼ ਕਰਨ ਦੀ।

ਆਓ, ਹਿੰਦੂ, ਮੁਸਲਿਮ, ਸਿੱਖ, ਈਸਾਈ ਹੋਣ ਤੋਂ ਪਹਿਲਾਂ ਅਸੀਂ ਚੰਗੇ ਇਨਸਾਨ ਬਣੀਏ। ਬਾਬੇ ਨਾਨਕ ਦੇ ਸਿਧਾਂਤ ਅਨੁਸਾਰ ਇਨਸਾਨੀਅਤ ਸਾਡਾ ਧਰਮ ਹੋਵੇ, ਮਾਨਵਤਾ ਸਾਡਾ ਕਰਮ ਹੋਵੇ। ਸੱਚੇ ਪਾਤਸ਼ਾਹ ਨਾਨਕ ਸ਼ਾਹ ਫਕੀਰ ਦੇ ਦਰ 'ਤੇ ਅਸੀਂ ਸਭ ਅਰਦਾਸ ਕਰ ਕੇ, ਦੁਆ ਮੰਗ ਕੇ ਰੁਖ਼ਸਤ ਹੋਏ ਕਿ ਇਹੋ ਜਿਹੀ ਹੋਣੀ ਫਿਰ ਨਾ ਦਿਖਾਈਂ ਮੇਰੇ ਮਾਲਕਾ। ਜੋ ਦਰਦ ਸਾਡੇ ਪੁਰਖਿਆਂ ਨੇ ਹੰਢਾਏ, ਆਉਣ ਵਾਲੀਆਂ ਨਸਲਾਂ ਉਨਾਂ ਤੋਂ ਸਬਕ ਸਿੱਖਣ। ਇਤਿਹਾਸ ਕਦੇ ਫਿਰ ਨਾ ਦੁਹਰਾਇਆ ਜਾਵੇ। ਮੁਹੱਬਤੀ ਇਨਸਾਨਾਂ ਦੀ ਇਹ ਫਿਤਰਤ ਸਦੀਵੀ ਕਾਇਮ ਰਹੇ, ਸੋਚ ਦੇ ਚਿਰਾਗ ਸਦਾ ਜਗਮਗਾਉਂਦੇ ਰਹਿਣ। ਲਹਿੰਦੇ ਪੰਜਾਬ ਦੇ ਨਿਰਛਲ, ਨਿਰਵੈਰ ਦਿਲ ਵਾਲੇ ਮੁਹੱਬਤ ਨਾਲ ਖਲੂਸ ਦਿਲ ਇਨਸਾਨਾਂ ਵੱਲੋਂ ਦਿੱਤੇ ਸੁਗੰਧੀਆਂ ਭਰੇ ਫੁੱਲ ਤੇ ਮਿੱਠੜੀਆਂ ਯਾਦਾਂ ਰੂਹ ਨੂੰ ਸਦਾ ਮਹਿਕਾਉਂਦੀਆਂ ਰਹਿਣਗੀਆਂ।

## ਕਿਹੋ ਜਿਹੇ ਫ਼ਿਕਰ...

ਤੇ ਅਸੀਂ ਦੋਵੇਂ ਸੈਰ ਲਈ ਚੱਲ ਪਏ। 'ਕਿਧਰ ਕਰਦੇ ਹੋ ਸੈਰ?' ਉਸ ਨੇ ਮੈਨੂੰ ਪੁੱਛਿਆ। 'ਮੈਂ ਤਾਂ ਬੱਸ ਇਸ ਏਰੀਏ ਵਿਚ ਹੀ ਜਾਨਾਂ, ਜ਼ਿਆਦਾ ਏਰੀਏ ਦਾ ਮੈਨੂੰ ਭੇਤ ਨਹੀਂ ਅਜੇ' ਮੈਂ ਜਵਾਬ ਦਿੱਤਾ। ਉਸ ਨੇ ਕਿਹਾ, 'ਚਲੋ ਅੱਜ ਮੈਂ ਤੁਹਾਨੂੰ ਨਵੇਂ ਏਰੀਏ ਵਿਚ ਸੈਰ ਕਰਵਾਉਂਦਾ ਹਾਂ। ਬਹੁਤ ਵਧੀਆ ਏਰੀਆ ਉਹ। ਤੁਸੀਂ ਇਨਜੌਏ ਕਰੋਗੇ।' ਮੈਂ ਜਾਣ ਲਈ ਖ਼ੁਸ਼ੀ ਨਾਲ ਹਾਮੀ ਭਰ ਦਿੱਤੀ। ਉਹ ਮੈਨੂੰ ਮੇਨ ਸੜਕ 'ਤੇ ਲੈ ਗਿਆ। ਉੱਥੇ ਕਾਫ਼ੀ ਟ੍ਰੈਫਿਕ ਸੀ। ਉਸ ਸੜਕ ਦੇ ਨਾਲ ਫੁੱਟਪਾਥ ਨਹੀਂ ਸੀ। ਉਸ ਨੇ ਕਿਹਾ, 'ਭਾਜੀ, ਥੋੜਾ ਜਿਹਾ ਸੜਕ ਤੋਂ ਬਚ ਕੇ ਤੁਰਨਾ ਬੱਸ ਅੱਗੇ ਹੀ ਫੁੱਟਪਾਥ ਹੈ।' ਅਸੀਂ ਫਰਲਾਂਗ ਕੁ ਸੜਕ ਤੋਂ ਹਟ ਕੇ ਘਾਹ ਵਿਚ ਤੁਰਦੇ ਗਏ। ਅੱਗੇ ਬੜੀ ਵਧੀਆ ਸੜਕ ਆ ਗਈ ਸੀ ਜਿਸ 'ਤੇ ਯੂਨੀਵਰਸਿਟੀ ਰੋਡ ਲਿਖਿਆ ਹੋਇਆ ਸੀ। ਸੜਕ ਦੇ ਦੋਵੇਂ ਪਾਸੇ ਤੁਰਨ ਲਈ ਬਹੁਤ ਸੋਹਣੇ ਫੁੱਟਪਾਥ ਬਣੇ ਹੋਏ ਸਨ। ਆਲੇ ਦੁਆਲੇ ਬੜੀ ਹਰਿਆਵਲ ਅਤੇ ਫੁੱਲ ਬੂਟੇ ਸਨ। ਵੇਖ ਕੇ ਮਨ ਬੜਾ ਖ਼ੁਸ਼ ਹੋ ਰਿਹਾ ਸੀ। ਸੜਕ ਸਿੱਧੀ ਦੂਰ ਤੱਕ ਦਿਖਾਈ ਦੇ ਰਹੀ ਸੀ। 'ਤੁਹਾਡਾ ਨਾਂ ਕੀ ਹੈ ਸੱਚ, ਮੈਂ ਤੁਹਾਡਾ ਨਾਂ ਤਾਂ ਪੁੱਛਿਆ ਹੀ ਨਹੀਂ,' ਮੈਂ ਉਸ ਨੂੰ ਕਿਹਾ। ਉਸ ਨੇ ਮੇਰੇ ਤੋਂ ਮੇਰਾ ਨਾਂ ਵੀ ਪੁੱਛਿਆ। ਉਸ ਨੇ ਮੈਨੂੰ ਕਿਹਾ, 'ਭਾਜੀ, ਮੈਨੂੰ ਸਰਦਾਰ ਲੋਕ ਬਹੁਤ ਪਸੰਦ ਨੇ, ਮੈਂ ਸਰਦਾਰਾਂ ਉੱਤੇ ਬਹੁਤ ਵਿਸ਼ਵਾਸ ਕਰਦਾਂ। ਇੱਥੇ ਸਰਦਾਰ ਮੇਰੇ ਬੜੇ ਦੋਸਤ ਨੇ।' ਮੈਂ ਉਸ ਨੂੰ ਪੁੱਛਿਆ, 'ਅਕੀਲ ਸਾਹਿਬ, ਤੁਸੀਂ ਅਮਰੀਕਾ ਕਦੋਂ ਆਏ ਸੀ?' ਉਸ ਨੇ ਕਿਹਾ, 'ਅਮਰੀਕਾ ਮੈਂ 1998 ਵਿਚ ਆਇਆ ਸੀ। ਇਸ ਤੋਂ ਪਹਿਲਾਂ ਮੈਂ ਚਾਰ ਸਾਲ ਦੁਬਈ ਵਿਚ ਵੀ ਰਿਹਾ ਹਾਂ।' ਉਸ ਨੇ ਫਿਰ ਕਿਹਾ, 'ਮੈਂ ਤੁਹਾਨੂੰ ਦੱਸਿਆ ਹੈ ਕਿ ਮੈਂ ਸਰਦਾਰਾਂ ਉੱਤੇ ਬਹੁਤ ਵਿਸ਼ਵਾਸ ਕਰਦਾਂ, ਇਸ ਦੀ ਵੀ ਵਜਾ ਹੈ। ਲਓ ਸੁਣੋ।' ਉਸ ਨੇ ਆਪਣੇ ਗੱਲ ਜਾਰੀ ਰੱਖਦਿਆਂ ਕਿਹਾ, 'ਪਹਿਲੀ ਵਾਰੀ ਮੈਂ ਲਾਹੌਰ ਤੋਂਚੱਲ ਕੇ ਸਿੱਧਾ ਸ਼ਿਕਾਗੋ ਦੇ ਹਵਾਈ ਅੱਡੇ 'ਤੇ ਉਤਰਿਆ ਸਾਂ। ਸ਼ਿਕਾਗੋ ਦੇ ਦੂਰ-ਦੂਰ ਤੱਕ ਦੇ ਏਰੀਏ ਵਿਚ ਵੀ ਮੇਰੀ ਕੋਈ ਜਾਣ ਪਹਿਚਾਣ ਨਹੀਂ ਸੀ। ਮੈਨੂੰ ਨਹੀਂ ਸੀ ਪਤਾ ਮੈਂ ਕਿੱਧਰ ਜਾਣਾ ਹੈ। ਹਵਾਈ ਅੱਡੇ ਉਤਰ ਕੇ ਮੈਂ ਆਪਣਾ ਸਾਮਾਨ ਲੈ ਕੇ ਬਾਹਰ ਖੜਾ ਸੀ। ਮੈਂ ਚਾਹੁੰਦਾ ਸੀ ਕਿ ਕਿਤੇ ਜਾਣ ਤੋਂ ?ਹਿਲਾਂ ਮੈਂ ਆਪਣੇ ਘਰ ਫੋਨ ਕਰਾਂ ਕਿ ਮੈਂ ਅਮਰੀਕਾ ਠੀਕ-ਠਾਕ ਪਹੁੰਚ ਗਿਆ ਹਾਂ। ਮੈਂ ਅਜੇ ਇਹ ਸੋਚ ਹੀ ਰਿਹਾ ਸੀ, ਮੈਂ ਵੇਖਿਆ ਕਿ ਮੇਰੇ ਲਾਗੇ ਹੀ ਇਕ ਸਰਦਾਰ ਜੀ ਖੜੇ ਸਨ, ਸ਼ਾਇਦ ਕਿਸੇ ਆਪਣੇ ਯਾਤਰੀ ਦੀ ਉਡੀਕ ਕਰ ਰਹੇ ਸਨ। ਵੇਖਣ ਤੋਂ ਬੜੇ ਬੀਬੇ ਲੱਗ ਰਹੇ ਸਨ। ਮੈਂ ਵੇਖਿਆ ਉਨਾਂ ਕੋਲ ਮੋਬਾਈਲ ਫੋਨ ਸੀ। ਉਨਾਂ ਦਿਨਾਂ ਵਿਚ ਜ਼ਿਆਦਾਤਰ ਲੋਕਾਂ ਕੋਲ ਮੋਬਾਈਲ ਫੋਨ ਨਹੀਂ ਸਨ ਹੁੰਦੇ। ਮੈਂ ਸੰਗਦਿਆਂ ਸਰਦਾਰ ਜੀ ਨੂੰ ਬੇਨਤੀ ਕੀਤੀ ਕਿ 'ਮੈਂ ਆਪਣੇ ਘਰ ਪਾਕਿਸਤਾਨ ਫੋਨ ਕਰਨਾ ਹੈ ਕਿ ਮੈਂ ਠੀਕ-ਠਾਕ ਪਹੁੰਚ ਗਿਆ ਹਾਂ। ਜੇਕਰ ਤੁਸੀਂ ਮੇਰੀ ਕੋਈ ਮੱਦਦ ਕਰੋ।' ਸਰਦਾਰ ਜੀ ਨੇ ਬਿਨਾਂ ਝਿਜਕ ਖ਼ੁਸ਼ੀ-ਖ਼ੁਸ਼ੀ ਫੋਨ ਫੜਾਉਂਦਿਆਂ ਕਿਹਾ ਕਿ 'ਲਓ ਕਰੋ ਫੋਨ, ਜਿੰਨੇ ਮਰਜ਼ੀ ਕਰੋ।' ਮੈਂ ਆਪਣੇ ਘਰ ਫੋਨ ਕੀਤਾ ਤੇ ਇੱਕ ਫੋਨ ਵਾਸ਼ਿੰਗਟਨ ਡੀ.ਸੀ. ਆਪਣੇ ਕਿਸੇ ਜਾਣਕਾਰ ਨੂੰ ਕੀਤਾ। ਮੈਂ ਫੋਨ ਕਰ ਕੇ ਮੋਬਾਈਲ ਸਰਦਾਰ ਜੀ ਨੂੰ ਧੰਨਵਾਦ ਕਰਦਿਆਂ ਫੜਾ ਦਿੱਤਾ। ਸਰਦਾਰ ਜੀ ਨੇ ਸਰਸਰੀ ਮੈਨੂੰ ਪੁੱਛ ਲਿਆ, 'ਭਾਈ ਸਾਹਿਬ ਕਿੱਥੇ ਜਾਣਾ ਹੈ ਤੁਸੀਂ?' 'ਮੈਨੂੰ ਤਾਂ ਆਪ ਨਹੀਂ ਪਤਾ ਕਿ ਮੈਂ ਕਿੱਥੇ ਜਾਣਾ ਹੈ' ਮੇਰੇ ਮੂੰਹੋਂ ਚਾਣਚੱਕ ਨਿਕਲ ਗਿਆ। ਸਰਦਾਰ ਜੀ ਨੇ ਬੜੀ ਹੈਰਾਨੀ ਨਾਲ ਕਿਹਾ, 'ਕੀ ਮਤਲਬ, ਤੁਹਾਨੂੰ ਨਹੀਂ ਪਤਾ, ਤੁਸੀਂ ਕਿੱਥੇ ਜਾਣਾ ਹੈ?' ਮੈਂ ਕਿਹਾ, 'ਮੈਂ ਇੱਥੇ ਨਵਾਂ ਆਇਆ ਹਾਂ। ਇੱਥੇ ਮੇਰਾ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਨਹੀਂ ਹੈ। ਮੈਂ ਦੇਖਦਾਂ ਕੀ ਕਰਨਾ ਹੈ'। ਸਰਦਾਰ ਜੀ ਨੇ ਹੈਰਾਨੀ ਅਤੇ ਆਪਣਾਪਣ ਵਿਖਾਉਂਦਿਆਂ ਮੈਨੂੰ ਕਿਹਾ, 'ਕੋਈ ਗੱਲ ਨਹੀਂ ਜੇਕਰ ਤੁਹਾਡਾ ਇੱਥੇ ਕੋਈ ਨਹੀਂ, ਸਾਨੂੰ ਸਮਝ ਲਵੋ ਆਪਣਾ। ਮੇਰੇ ਨਾਲ ਮੇਰੇ ਘਰ ਚੱਲੋ, ਵਿਸ਼ਵਾਸ ਹੈ ਤੁਹਾਨੂੰ ਮੇਰੇ ਉੱਤੇ?' ਸਰਦਾਰ ਜੀ ਦੇ ਜਵਾਬ ਉੱਤੇ ਮੈਨੂੰ ਬੜੀ ਹੈਰਾਨੀ ਹੋਈ ਕਿ ਇਹ ਬੰਦਾ ਕਿਸੇ ਵੀ ਜਾਣ ਪਹਿਚਾਣ ਤੋਂ ਬਿਨਾਂ ਮੈਨੂੰ ਆਪਣੇ ਨਾਲ ਲਿਜਾਣ ਲਈ ਤਿਆਰ ਹੈ। ਇਹ ਮੇਰੇ ਪਿਛੋਕੜ ਬਾਰੇ ਵੀ ਕੁਝ ਨਹੀਂ ਜਾਣਦਾ। ਇੰਨਾ ਵਿਸ਼ਵਾਸ, ਪਤਾ ਨਹੀਂ ਮੇਰੇ ਮੂੰਹੋਂ ਕਿਵੇਂ ਨਿਕਲ ਗਿਆ ਕਿ 'ਸਰਦਾਰ ਜੀ, ਜੇ ਤੁਸੀਂ ਮੇਰੇ ਉੱਤੇ ਬਿਨਾਂ ਕਿਸੇ ਜਾਣ ਪਹਿਚਾਣ ਤੋਂ ਇੰਨਾ ਵਿਸ਼ਵਾਸ ਕਰਦੇ ਹੋ ਤਾਂ ਮੈਂ ਕਿਉਂ ਨਾ ਕਰਾਂ। ਮੈਂ ਤੁਹਾਡੇ ਨਾਲ ਜਾਣ ਲਈ ਤਿਆਰ ਹਾਂ'। ਅਕੀਲ ਹੋਰਾਂ ਨੇ ਅੱਗੇ ਗੱਲ ਜਾਰੀ ਰੱਖਦਿਆਂ ਕਿਹਾ, 'ਸਰਦਾਰ ਜੀ ਨੇ ਆਪਣੇ ਆਉਣ ਵਾਲੇ ਰਿਸ਼ਤੇਦਾਰ ਨੂੰ ਰਸੀਵ ਕੀਤਾ, ਮੇਰਾ ਸੂਟਕੇਸ ਕਾਰ ਦੀ ਡਿੱਗੀ ਵਿਚ ਰੱਖਿਆ ਤੇ ਅਸੀਂ ਸ਼ਿਕਾਗੋ ਸ਼ਹਿਰ ਦੀਆਂ ਸੜਕਾਂ ਤੋਂ ਬਾਹਰ ਨਿਕਲ ਗਏ। ਸ਼ਿਕਾਗੋ ਤੋਂ ਕੋਈ ਦੋ ਢਾਈ ਘੰਟੇ ਦੀ ਵਿੱਥ ਉੱਤੇ ਅਸੀਂ ਉਨਾਂ ਦੇ ਘਰ ਪਹੁੰਚੇ। ਸਾਰੇ ਪਰਿਵਾਰ ਵੱਲੋਂ ਆਏ ਹੋਏ ਰਿਸ਼ਤੇਦਾਰ ਦੇ ਨਾਲ ਮੇਰਾ ਵੀ ਨਿੱਘਾ ਸੁਆਗਤ ਕੀਤਾ ਗਿਆ। ਨਹਾਉਣ ਧੋਣ ਅਤੇ ਕੁਝ ਸਮਾਂ ਆਰਾਮ ਕਰਨ ਤੋਂ ਬਾਅਦ ਸਾਰੇ ਪਰਿਵਾਰ ਵਿਚ ਬਿਠਾ ਕੇ ਮੈਨੂੰ ਡਿਨਰ ਕਰਵਾਇਆ ਗਿਆ। ਸਰਦਾਰ ਜੀ ਅਤੇ ਉਨਾਂ ਦੇ ਪਰਿਵਾਰ ਵੱਲੋਂ ਦਿੱਤੇ ਗਏ ਸਨੇਹ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਮੈਂ ਉਨਾਂ ਕੋਲ ਤਿੰਨ ਦਿਨ ਰਿਹਾ। ਸਰਦਾਰ ਜੀ ਦਾ ਆਪਣਾ ਲਿਕਰ (ਸ਼ਰਾਬ) ਸਟੋਰ ਸੀ। ਉਹ ਮੈਨੂੰ ਨਾਲ ਲੈ ਜਾਂਦੇ। ਸ਼ਾਇਦ ਉਨਾਂ ਨੂੰ ਕੰਮ ਲਈ ਬੰਦੇ ਦੀ ਲੋੜ ਸੀ। ਉਨਾਂ ਨੇ ਮੈਨੂੰ 1800 ਡਾਲਰ ਪ੍ਰਤੀ ਮਹੀਨਾ ਤਨਖ਼ਾਹ ਦੇਣ ਦੀ ਆਫ਼ਰ ਦਿੱਤੀ। ਰਿਹਾਇਸ਼ ਤੇ ਖਾਣ ਪੀਣ ਵੀ ਮੁਫ਼ਤ ਦੇਣ ਦਾ ਵਾਅਦਾ ਕੀਤਾ। ਪਰ ਮੈਂ ਤਾਂ ਆਪਣੇ ਦੋਸਤ ਕੋਲ ਜਾਣਾ ਸੀ ਜੋ ਵਾਸ਼ਿੰਗਟਨ ਡੀ.ਸੀ. ਰਹਿੰਦਾ ਸੀ। ਇਸ ਬਾਰੇ ਮੈਂ ਸਰਦਾਰ ਜੀ ਨੂੰ ਦੱਸਿਆ ਕਿ ਮੇਰਾ ਦੋਸਤ ਮੇਰੀ ਉਡੀਕ ਕਰ ਰਿਹਾ ਹੈ। ਇਹ ਸੁਣ ਕੇ ਸਰਦਾਰ ਜੀ ਨੇ ਬਿਨਾਂ ਕਿਸੇ ਰੋਸ ਤੋਂ ਦੂਜੇ ਦਿਨ ਮੇਰਾ ਵਾਸ਼ਿੰਗਟਨ ਜਾਣ ਦਾ ਪ੍ਰਬੰਧ ਕੀਤਾ। ਉਸ ਜਗਾ ਤੋਂ ਵਾਸ਼ਿੰਗਟਨ ਕੋਈ 1200 ਕਿਲੋਮੀਟਰ ਤੋਂ ਜ਼ਿਆਦਾ ਦੂਰ ਸੀ, ਪਰ ਬੱਸਾਂ ਉੱਤੇ ਜਾਣ ਦਾ ਪ੍ਰਬੰਧ ਸੀ। ਸਰਦਾਰ ਜੀ ਨੇ ਮੇਰੀ ਬੱਸ ਦੀ ਟਿਕਟ ਆਪ ਬੁੱਕ ਕਰਵਾਈ। ਭਾਵੇਂ ਮੇਰੇ ਕੋਲ ਡਾਲਰ ਸਨ, ਪਰ ਉਹ ਨਹੀਂ ਮੰਨੇ। ਉਨਾਂ ਨੇ ਮੈਨੂੰ ਕਿਹਾ ਕਿ ਤੂੰ ਮੇਰਾ ਮਹਿਮਾਨ ਹੈ। ਮੈਨੂੰ ਘਰ ਦਾ ਖਾਣਾ ਪੈਕ ਕਰ ਕੇ ਨਾਲ ਦਿੱਤਾ ਕਿ ਰਸਤੇ ਵਿਚ ਕੋਈ ਦਿੱਕਤ ਨਾ ਆਵੇ।' ਅਕੀਲ ਨੇ ਇਹ ਸਾਰਾ ਕੁਝ ਇਕੋ ਸਾਰੇ ਕਹਿ ਦਿੱਤਾ ਸੀ। ਮੈਂ ਵੇਖਿਆ ਆਪਣੀ ਗੱਲ ਕਰਦੇ ਅਕੀਲ ਦਾ ਚਿਹਰਾ ਲਾਲ ਹੋਇਆ ਪਿਆ ਸੀ। ਅਜੇ ਵੀ ਸਰਦਾਰ ਜੀ ਪ੍ਰਤੀ ਅਕੀਲ ਦਾ ਸਤਿਕਾਰ ਅਤੇ ਪਿਆਰ ਕਾਇਮ ਲੱਗਦਾ ਸੀ। ਮੈਂ ਅਕੀਲ ਨੂੰ ਉਸ ਦੇ ਪਰਿਵਾਰ ਬਾਰੇ ਪੁੱਛਿਆ। ਉਸ ਨੇ ਦੱਸਿਆ, 'ਮੈਂ ਇੱਥੇ ਸੈੱਟ ਹੋ ਕੇ 2007 ਵਿਚ ਪਰਿਵਾਰ ਨੂੰ ਵੀ ਲੈ ਆਇਆ। ਮੇਰੇ ਦੋ ਬੇਟੇ ਤੇ ਦੋ ਬੇਟੀਆਂ ਹਨ। ਉਨਾਂ ਦੇ ਆਉਣ ਤੋਂ ਪਹਿਲਾਂ ਮੈਂ ਬਹੁਤ ਕੰਮ ਕੀਤਾ, ਦਿਨ-ਰਾਤ ਨਹੀਂ ਵੇਖਿਆ। ਜਿਹੜਾ ਵੀ ਇਮਾਨਦਾਰੀ ਨਾਲ ਮਿਹਨਤ ਕਰਦਾ ਇਹ ਮੁਲਕ (ਅਮਰੀਕਾ) ਉਸ ਦੀ ਕਦਰ ਕਰਦਾ ਹੈ, ਉਸ ਨੂੰ ਤਰੱਕੀ ਦੇ ਮੌਕੇ ਦਿੰਦਾ ਹੈ। ਇਹ ਮੌਕੇ ਮੈਨੂੰ ਵੀ ਮਿਲੇ। ਕੁਝ ਪੜਾਈ ਤੋਂ ਬਾਅਦ ਮੁੰਡਿਆਂ ਨੇ ਕੰਮ ਸਿੱਖੇ, ਹੁਣ ਦੋਵਾਂ ਕੋਲ ਆਪਣੀ ਆਪਣੀ ਕੰਪਨੀ ਹੈ ਜਿਨਾਂ ਵਿਚ ਕਾਫ਼ੀ ਕਾਮੇ ਕੰਮ ਕਰਦੇ ਹਨ। ਬੜਾ ਕੰਮ ਹੈ ਉਨਾਂ ਕੋਲ। ਵਿਹਲ ਹੀ ਨਹੀਂ ਮਿਲਦੀ। ਦੋਵਾਂ ਦੇ ਆਪੋ ਆਪਣੇ ਮਕਾਨ ਹਨ।' ਅਕੀਲ ਬੜੇ ਮਾਣ ਨਾਲ ਦੱਸ ਰਿਹਾ ਸੀ। ਉਸ ਨੇ ਅੱਗੇ ਕਿਹਾ, 'ਹੁਣ ਮੈਂ ਕੰਮ ਆਪਣੀ ਮਰਜ਼ੀ ਨਾਲ ਹੀ ਕਰਦਾ ਹਾਂ। ਪੰਜ ਸਾਲ ਪਹਿਲਾਂ ਮੇਰੀ ਬਾਈਪਾਸ ਹਾਰਟ ਸਰਜਰੀ ਹੋਈ ਹੈ, ਇਸ ਲਈ ਮੁੰਡੇ ਮੈਨੂੰ ਕੰਮ ਨਹੀਂ ਕਰਨ ਦਿੰਦੇ। ਦੋਵੇਂ ਧੀਆਂ ਆਪਣੀ ਜਗਾ ਠੀਕ ਹਨ। ਹੁਣ ਮੈਂ ਤੇ ਮੇਰੀ ਬੇਗ਼ਮ ਕਦੇ ਕਿਸੇ ਬੇਟੇ ਕੋਲ ਕਦੇ ਕਿਸੇ ਕੋਲ। ਬਸ ਅੱਲਾ ਦਾ ਫ਼ਜ਼ਲ ਹੈ।'

ਅਸੀਂ ਗੱਲਾਂ ਕਰਦੇ ਕਰਦੇ ਤੁਰੇ ਜਾ ਰਹੇ ਸੀ। ਯਕਦਮ ਮੈਨੂੰ ਯਾਦ ਆਇਆ ਕਿ ਮੈਂ ਤਾਂ ਬਹੁਤ ਚਿਰ ਦਾ ਘਰੋਂ ਨਿਕਲਿਆ ਹੋਇਆ ਹਾਂ। ਪਹਿਲਾਂ ਤਾਂ ਮੈਂ ਸੈਰ ਕਰ ਕੇ 20 ਮਿੰਟਾਂ ਵਿਚ ਵਾਪਸ ਘਰ ਪਹੁੰਚ ਜਾਂਦਾ ਸੀ। ਉਸ ਦਿਨ ਮੈਂ ਆਪਣਾ ਮੋਬਾਈਲ ਘਰ ਭੁੱਲ ਆਇਆ ਸੀ। ਮੈਂ ਅਕੀਲ ਤੋਂ ਟਾਈਮ ਪੁੱਛਿਆ। ਉਸ ਮੁਤਾਬਿਕ ਮੈਨੂੰ ਘਰੋਂ ਨਿਕਲੇ ਨੂੰ ਡੇਢ ਘੰਟੇ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਸੀ। ਜੇਕਰ ਉਸੇ ਵੇਲੇ ਉੱਥੋਂ ਮੁੜਦੇ ਤਾਂ ਘਰ ਪਹੁੰਚਣ ਨੂੰ ਇਕ ਘੰਟਾ ਹੋਰ ਲੱਗ ਜਾਣਾ ਸੀ। ਮੈਨੂੰ ਫ਼ਿਕਰ ਹੋਇਆ ਕਿ ਮੇਰੇ ਘਰ ਦੇ ਤਾਂ ਮੈਨੂੰ ਉਡੀਕਦੇ ਹੋਣਗੇ ਕਿ ਕਿੱਥੇ ਗਿਆ, ਇੰਨਾ ਚਿਰ ਹੋ ਗਿਆ ਵਾਪਸ ਕਿਉਂ ਨਹੀਂ ਆਇਆ ਅਜੇ। ਮੈਂ ਅਕੀਲ ਨੂੰ ਆਪਣਾ ਫ਼ਿਕਰ ਦੱਸਿਆ। ਉਸ ਕੋਲ ਮੋਬਾਈਲ ਸੀ। ਉਸ ਨੇ ਕਿਹਾ, 'ਕੋਈ ਗੱਲ ਨਹੀਂ ਭਾਜੀ, ਆਪਾਂ ਤੁਹਾਡੇ ਘਰ ਫੋਨ ਕਰ ਦਿੰਦੇ ਹਾਂ। ਬੋਲੋ ਆਪਣੇ ਬੇਟੇ ਦਾ ਮੋਬਾਈਲ ਨੰਬਰ।' ਮੈਂ ਦਿਮਾਗ਼ ਉੱਤੇ ਵਜ਼ਨ ਪਾਇਆ। ਮੈਨੂੰ ਬੇਟੇ ਦਾ ਮੋਬਾਈਲ ਨੰਬਰ ਯਾਦ ਨਹੀਂ ਸੀ ਆ ਰਿਹਾ ਕਿਉਂਕਿ ਕਦੇ ਲੋੜ ਹੀ ਨਹੀਂ ਸੀ ਪਈ ਯਾਦ ਕਰਨ ਦੀ। ਸਾਰਾ ਕੁਝ ਮੇਰੇ ਮੋਬਾਈਲ ਵਿਚ ਹੀ ਫੀਡ ਸੀ। ਮੈਂ ਆਪਣੇ ਵੱਟਸਐਪ ਨੰਬਰ ਉੱਤੇ ਫੋਨ ਕਰਨ ਲਈ ਕਿਹਾ, ਪਰ ਕਿਸੇ ਵਜਾ ਕਰਕੇ ਇਹ ਨਹੀਂ ਹੋਇਆ। ਪਤਨੀ ਦਾ ਮੋਬਾਈਲ ਨੰਬਰ, ਜੋ ਮੈਨੂੰ ਯਾਦ ਸੀ, ਦੇ ਵਟਸਐਪ 'ਤੇ ਫੋਨ ਮਿਲਾਇਆ, ਕੋਸ਼ਿਸ਼ ਕੀਤੀ ਪਰ ਇਹ ਨੰਬਰ ਵੀ ਨਹੀਂ ਲੱਗਿਆ, ਭਾਵੇਂ ਮੇਰੀ ਬੇਟੀ ਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਵੀ ਇੱਥੇ ਨੇੜੇ ਰਹਿੰਦੇ ਸਨ, ਪਰ ਕਿਸੇ ਦਾ ਨੰਬਰ ਮੈਨੂੰ ਯਾਦ ਨਹੀਂ ਸੀ ਆ ਰਿਹਾ ਤਾਂ ਕਿ ਉਹ ਮੇਰੇ ਘਰ ਮੇਰੀ ਸਲਾਮਤੀ ਦੀ ਸੂਚਨਾ ਦੇ ਦੇਣ।

ਹੁਣ ਮੇਰਾ ਧਿਆਨ ਅਕੀਲ ਦੀਆਂ ਗੱਲਾਂ ਵੱਲ ਬਿਲਕੁਲ ਨਹੀਂ ਸੀ। ਮੈਂ ਸੋਚਦਾ ਸੀ ਕਿ ਘਰ ਮੁੜਦਿਆਂ ਨੂੰ ਢਾਈ ਘੰਟੇ ਤੋਂ ਵੀ ਜ਼ਿਆਦਾ ਸਮਾਂ ਹੋ ਜਾਣਾ ਹੈ। ਬੇਟਾ ਤੇ ਪਤਨੀ ਤਾਂ ਘਬਰਾਏ ਬੈਠੇ ਹੋਣਗੇ ਕਿ ਅਜੇ ਤਕ ਮੈਂ ਘਰ ਕਿਉਂ ਨਹੀਂ ਆਇਆ। ਮੈਂ ਸੋਚ ਰਿਹਾ ਸੀ ਕਿ ਮੇਰੇ ਘਰ ਦੇ ਇਸ ਫ਼ਿਕਰ ਵਿਚ ਨਾ ਹੋਣ ਕਿ ਮੈਂ ਕਿਤੇ ਰਸਤਾ ਹੀ ਨਾ ਭੁੱਲ ਗਿਆ ਹੋਵਾਂ, ਮੇਰਾ ਕੋਈ ਐਕਸੀਡੈਂਟ ਹੀ ਨਾ ਹੋ ਗਿਆ ਹੋਵੇ ਜਾਂ ਕਿਤੇ ਹਾਰਟ ਅਟੈਕ ਹੀ ਨਾ ਹੋ ਗਿਆ ਹੋਵੇ, ਕਿਧਰੇ ਡਿੱਗਿਆ ਪਿਆ ਹੋਵਾਂ। ਮੇਰੇ ਦਿਮਾਗ਼ ਵਿਚ ਤਰਾਂ-ਤਰਾਂ ਦੇ ਖ਼ਿਆਲ ਆ ਰਹੇ ਸਨ। ਮੇਰੇ ਦਿਮਾਗ਼ ਵਿਚ ਇਹ ਫ਼ਿਕਰ ਹਾਵੀ ਹੋ ਗਿਆ ਸੀ ਕਿ ਘਰ ਦੇ ਮੈਨੂੰ ਸੜਕਾਂ 'ਤੇ ਲੱਭਦੇ ਫਿਰਦੇ ਹੋਣਗੇ ਜਾਂ ਫਿਰ ਪੁਲੀਸ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਕਿ ਸਾਡਾ ਬੰਦਾ ਲੱਭ ਨਹੀਂ ਰਿਹਾ। ਮੇਰੀਆਂ ਸੋਚਾਂ ਵਿਚ ਸੀ ਕਿ ਪੁਲੀਸ ਵੀ ਮੈਨੂੰ ਲੱਭ ਰਹੀ ਹੋਵੇਗੀ ਕਿਉਂਕਿ ਇਨਾਂ ਮੁਲਕਾਂ ਵਿਚ ਪੁਲੀਸ ਨੂੰ ਲੋਕਾਂ ਦੀਆਂ ਜਾਨਾਂ ਦੀ ਬੜੀ ਪਰਵਾਹ ਹੁੰਦੀ ਹੈ। ਮੈਂ ਆਪਣੇ ਘਰਦਿਆਂ ਵੱਲੋਂ ਮੈਨੂੰ ਲੱਭਣ ਦਾ ਫ਼ਿਕਰ ਅਕੀਲ ਨਾਲ ਸਾਂਝਾ ਕੀਤਾ। ਉਸ ਨੇ ਰੁਕ ਕੇ ਸਾਡੇ ਵਾਲੇ ਫੋਨ ਨੰਬਰਾਂ 'ਤੇ ਦੁਬਾਰਾ ਕਾਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਫੋਨ ਫਿਰ ਵੀ ਨਹੀਂ ਲੱਗਿਆ। ਹੁਣ ਅਕੀਲ ਨੂੰ ਵੀ ਫ਼ਿਕਰ ਹੋ ਗਿਆ ਸੀ। ਉਸ ਨੇ ਕਿਹਾ, 'ਤੁਸੀਂ ਆਪਣੀ ਕਾਰ ਦੀ ਪਹਿਚਾਣ ਰੱਖਿਓ, ਉਹ ਤੁਹਾਨੂੰ ਇਧਰ ਹੀ ਲੱਭਦੇ ਹੋਣਗੇ ਕਿਉਂਕਿ ਜ਼ਿਆਦਾਤਰ ਲੋਕ ਇਧਰ ਹੀ ਸੈਰ ਕਰਨ ਆਉਂਦੇ ਹਨ।' ਹੁਣ ਮੈਂ ਆਉਂਦੀਆਂ ਜਾਂਦੀਆਂ ਕਾਰਾਂ ਵਿਚੋਂ ਆਪਣੀ ਕਾਰ ਦੀ ਪਹਿਚਾਣ ਕਰ ਰਿਹਾ ਸੀ। ਜੇਕਰ ਕੋਈ ਪੁਲਿਸ ਦੀ ਗੱਡੀ ਲੰਘਦੀ, ਮੈਂ ਤੇ ਅਕੀਲ ਉਧਰ ਵੀ ਧਿਆਨ ਰੱਖਦੇ।

ਹੁਣ ਮੈਨੂੰ ਘਰ ਮੁੜਨ ਦੀ ਬਹੁਤ ਕਾਹਲ ਹੋ ਗਈ ਸੀ। ਮੈਂ ਆਪਣੇ ਘਰਦਿਆਂ ਦੀ ਪ੍ਰੇਸ਼ਾਨੀ ਵਿਚ ਹੋਰ ਵਾਧਾ ਨਹੀਂ ਸੀ ਕਰਨਾ ਚਾਹੁੰਦਾ। ਮੈਂ ਛੇਤੀ-ਛੇਤੀ ਘਰ ਪਹੁੰਚਣਾ ਚਾਹੁੰਦਾ ਸੀ। ਮੇਰੀ ਚਾਲ ਤੇਜ਼ ਹੋ ਗਈ ਸੀ। ਅਕੀਲ ਮੇਰੇ ਤੋਂ ਕਾਫ਼ੀ ਪਿੱਛੇ ਰਹਿ ਜਾਂਦਾ ਸੀ। ਉਹ ਤੇਜ਼ ਨਹੀਂ ਸੀ ਚੱਲ ਸਕਦਾ ਕਿਉਂਕਿ ਉਸ ਦੀ ਹਾਰਟ ਸਰਜਰੀ ਹੋਈ ਹੋਈ ਸੀ। ਪਿੱਛੇ ਵੇਖ ਕੇ ਮੈਂ ਰੁਕ ਜਾਂਦਾ ਕਿਉਂਕਿ ਮੈਨੂੰ ਚੰਗਾ ਨਾ ਲੱਗਦਾ ਕਿ ਮੈਂ ਉਸ ਤੋਂ ਇੰਨਾ ਅੱਗੇ ਹੋ ਕੇ ਤੁਰਾਂ, ਭਾਵੇਂ ਕਿ ਉਹ ਮੇਰੀ ਪ੍ਰੇਸ਼ਾਨੀ ਸਮਝ ਰਿਹਾ ਸੀ। ਮੇਰੇ ਮਨ ਵਿਚ ਆਇਆ ਕਿ ਇਹ ਅਕੀਲ ਚੰਗਾ ਬੰਦਾ ਹੈ, ਪਹਿਲੇ ਦਿਨ ਮੈਨੂੰ ਮਿਲਿਆ ਤੇ ਪਹਿਲੇ ਦਿਨ ਹੀ ਮੈਨੂੰ ਤੇ ਮੇਰੇ ਘਰਦਿਆਂ ਨੂੰ ਪ੍ਰੇਸ਼ਾਨੀ ਵਿਚ ਪਾ ਦਿੱਤਾ। ਮੈਂ ਕਿਉਂ ਇਸ ਨਾਲ ਸੈਰ ਕਰਨ ਲਈ ਤੁਰ ਪਿਆ। ਮੈਨੂੰ ਆਪਣੇ ਆਪ 'ਤੇ ਵੀ ਗੁੱਸਾ ਆ ਰਿਹਾ ਸੀ ਕਿ ਮੈਂ ਆਪਣਾ ਮੋਬਾਈਲ ਫੋਨ ਘਰ ਭੁੱਲ ਆਇਆ ਹਾਂ। ਮੈਨੂੰ ਗੁੱਸਾ ਆ ਰਿਹਾ ਸੀ ਕਿ ਮੈਨੂੰ ਮੇਰੇ ਬੇਟੇ ਦਾ ਮੋਬਾਈਲ ਫੋਨ ਨੰਬਰ ਵੀ ਯਾਦ ਨਹੀਂ ਹੈ। ਪਰ ਹੁਣ ਕੀ ਕੀਤਾ ਜਾ ਸਕਦਾ ਸੀ।

ਮੈਂ ਅਤੇ ਅਕੀਲ ਉਸ ਦੇ ਘਰ ਦੀ ਸੜਕ ਤਕ ਪਹੁੰਚ ਗਏ ਸਾਂ। ਮੈਨੂੰ ਅਕੀਲ ਨੇ ਇਸ਼ਾਰੇ ਨਾਲ ਕਿਹਾ ਕਿ ਉਹ ਸੜਕ ਮੁੜ ਕੇ ਤੁਹਾਡਾ ਘਰ ਹੈ। ਮੈਂ ਕਿਹਾ, 'ਹੁਣ ਮੈਨੂੰ ਪਤਾ ਹੈ।' ਮੈਂ ਅਕੀਲ ਨੂੰ ਖ਼ੁਦਾ ਹਾਫ਼ਿਜ਼ ਕਹਿ ਕੇ ਆਪਣੀ ਚਾਲ ਤੇਜ਼ ਕਰ ਲਈ। ਮੈਂ ਛੇਤੀ ਘਰ ਪਹੁੰਚ ਜਾਣਾ ਚਾਹੁੰਦਾ ਸੀ। ਮੈਂ ਆਪਣੇ ਘਰਦਿਆਂ ਨੂੰ ਹੋਰ ਪ੍ਰੇਸ਼ਾਨ ਨਹੀਂ ਸੀ ਕਰਨਾ ਚਾਹੁੰਦਾ।

ਹੁਣ ਮੈਂ ਆਪਣੇ ਘਰ ਕੋਲ ਪਹੁੰਚ ਗਿਆ ਸੀ। ਮੈਂ ਵੇਖਿਆ ਕਿ ਗਰਾਜ ਅੱਗੇ ਸਾਡੀ ਕਾਰ ਖੜੀ ਸੀ। ਮੈਂ ਸੋਚਿਆ ਕਿ ਮੈਨੂੰ ਲੱਭਦੇ-ਲੱਭਦੇ ਥੱਕ-ਹਾਰ ਕੇ ਘਰ ਵਾਪਸ ਆ ਗਏ ਹੋਣਗੇ। ਛੇਤੀ ਨਾਲ ਮੈਂ ਘਰ ਦਾ ਮੇਨ ਦਰਵਾਜ਼ਾ ਖੋਲਿਆ। ਇਹ ਉਸੇ ਤਰਾਂ ਖੁੱਲਾ ਪਿਆ ਸੀ ਜਿਵੇਂ ਮੈਂ ਛੱਡ ਕੇ ਗਿਆ ਸੀ। ਮੈਂ ਉਤਾਵਲਾ ਹੋ ਕੇ ਅੰਦਰ ਗਿਆ। ਅੱਗੇ ਵੇਖਿਆ ਤਾਂ ਬੇਟਾ ਤੇ ਪਤਨੀ ਸੋਫੇ ਉੱਤੇ ਬੈਠੇ ਟੀ.ਵੀ. ਵੇਖ ਰਹੇ ਸਨ। ਬੇਟੇ ਨੇ ਸਰਸਰੀ ਜਹੀ ਨਿਗਾ ਚੁੱਕ ਕੇ ਮੇਰੇ ਵੱਲ ਵੇਖ ਕੇ ਕਿਹਾ, 'ਪਾਪਾ ਕਿੱਥੇ ਗਏ ਸੀ? ਅੱਛਾ ਸੈਰ ਕਰਨ, ਅਸੀਂ ਤਾਂ ਸਮਝਿਆ ਸੀ ਕਿ ਉਪਰ ਆਪਣੇ ਕਮਰੇ ਵਿਚ ਬੈਠੇ ਕੋਈ ਕਿਤਾਬ ਪੜ ਰਹੇ ਹੋ ਜਾਂ ਆਰਾਮ ਕਰ ਰਹੇ ਹੋਵੋਗੇ। ਆ ਜੋ ਵੇਖ ਲਵੋ ਬੜੀ ਵਧੀਆ ਪੰਜਾਬੀ ਪਿਕਚਰ ਆ ਰਹੀ ਹੈ, ਪਰ ਹੁਣ ਤਾਂ ਮੁੱਕਣ ਵਾਲੀ ਹੈ।' ਪਤਨੀ ਤਾਂ ਕੁਝ ਬੋਲੀ ਹੀ ਨਹੀਂ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਪਿਕਚਰ ਤਾਂ ਮੈਂ ਕੀ ਵੇਖਣੀ ਸੀ ਕਿਉਂਕਿ ਮੇਰਾ ਦਿਮਾਗ਼ ਅਜੇ ਵੀ ਸੰਤੁਲਨ ਵਿਚ ਨਹੀਂ ਆਇਆ ਸੀ। ਮੈਂ ਸਨਰੂਮ ਵਿਚ ਇਕੱਲਾ ਆਪਣਾ ਸਿਰ ਫੜ ਕੇ ਬੈਠ ਗਿਆ ਤੇ ਸੋਚਣ ਲੱਗਾ ਕਿ ਕਿਵੇਂ ਮੈਂ ਬੇ-ਤਰਤੀਬ ਅਤੇ ਫਜ਼ੂਲ ਜਿਹੇ ਫ਼ਿਕਰਾਂ ਦੀ ਘੁੰਮਣਘੇਰੀ ਵਿਚ ਫਸ ਕੇ ਆਪਣਾ ਦਿਮਾਗ਼ ਖਰਾਬ ਕੀਤਾ ਸੀ। ਆਪਣੀ ਸੈਰ ਖਰਾਬ ਕੀਤੀ। ਪਹਿਲੇ ਦਿਨ ਬਣੇ ਦੋਸਤ ਦੀ ਸੈਰ ਦਾ ਸੱਤਿਆਨਾਸ ਕੀਤਾ ਅਤੇ ਉਸ ਨੂੰ ਵੀ ਆਪਣੇ ਨਾਲ ਹੀ ਬੇਲੋੜੇ ਫ਼ਿਕਰਾਂ ਵਿਚ ਪਾਈ ਰੱਖਿਆ। ਇਕ ਗੱਲੋਂ ਮੈਂ ਸ਼ੁਕਰ ਕੀਤਾ ਕਿ ਮੇਰੇ ਘਰਦਿਆਂ ਨੂੰ ਇਨਾਂ ਫਜ਼ੂਲ ਦੇ ਫ਼ਿਕਰਾਂ ਨੇ ਆਪਣੀ ਜਕੜ ਵਿਚ ਨਹੀਂ ਲਿਆ ਅਤੇ ਉਨਾਂ ਨੇ ਆਪਣਾ ਦਿਨ ਖਰਾਬ ਨਹੀਂ ਕੀਤਾ।

# ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ
# ਜਾਣੋ ਪਲ ਪਲ ਦੀ ਖਬਰ




## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com